੧ ਓ ਵਾਹਿਗੁਰੂ ਜੀ ਕੀ ਫਤਹ ॥

ਅੰਮ੍ਰਿਤ ਤੇ ਆਤਮਾ

ਪ੍ਰਿੰ: ਹਰਿਭਜਨ ਸਿੰਘ

ਪ੍ਰਕਾਸ਼ਕ :
ਸਤਿਨਾਮ ਪ੍ਰਕਾਸ਼ਨ, 1186/18 ਸੀ. ਚੰਡੀਗੜ੍ਹ

ਏਸੇ ਕਲਮ ਤੋਂ–

ਗੁਰਮਤਿ ਵਿਆਖਿਆ
ਦਸ ਗੁਰ ਰਤਨਾਵਲੀ
ਵਿਸ਼ੇਸ ਗੁਰਮਤਿ ਲੇਖ
ਸਾਚੀ ਪ੍ਰੀਤ–ਵਿਆਖਿਆ ਗਜ਼ਲਾਂ ਭਾਈ ਨੰਦ ਲਾਲ 'ਗੋਇਆ'
Gems of thoughts from Guru Nanak,
ਟੈਗੋਰ ਡਰਾਮੇ (ਅਨੁਵਾਦ)
ਗੁਰਬਾਣੀ ਸੰਪਾਦਨ ਨਿਰਣੈ (ਖਰੜਾ)
ਅਨਦੁ ਸੁਣਹੁ ਵਡਭਾਗੀ ਹੋ
ਗੁਰਬਾਣੀ ਦੀ ਲੋਅ ਵਿਚ
ਜਵਾਬ-ਉਲ-ਜਵਾਬ (ਪ੍ਰੈਸ ਵਿਚ)
ਗੁਰੂ ਨਾਨਕ ਨਿਰਮਲ ਪੰਥ ਨਾਲ ਅਨਿਆਇ ਆਦਿ, ਆਦਿ

ਸੋਧੀ ਐਡੀਸ਼ਨ–੧੦੦੦
ਕੀਮਤ–**25** ਰੁਪਏ ਕੇਵਲ

ਪ੍ਰਿੰਟਰਜ਼–
ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ ਅੰਮ੍ਰਿਤਸਰ ।
ਫੋਨ : **31166**

ਮੁਖ-ਸ਼ਬਦ

ਕਿਸੇ ਪੁਸਤਕ ਬਾਰੇ ਮੁੱਖ ਸ਼ਬਦ ਵਜੋਂ ਕੁਝ ਲਿਖਣਾ ਸ਼ਾਇਦ ਪਾਠਕਾਂ ਦੀ ਅਗਵਾਈ ਲਈ ਜਾਂ ਪੁਸਤਕ ਦੀ ਮਹੱਤਾ ਪ੍ਰਗਟ ਕਰਨ ਲਈ ਜ਼ਰੂਰੀ ਮੰਨਿਆ ਜਾਂਦਾ ਹੋਵੇ, ਪਰ ਮੈਨੂੰ ਅਸਲ ਵਿਚ ਇਹ ਕੰਮ ਵਾਧੂ ਜਾਪਦਾ ਹੈ। ਹਰ ਸਿਆਣਾ ਪਾਠਕ, ਪੁਸਤਕ ਪੜ੍ਹ ਕੇ ਆਪ ਹੀ ਇਸ ਦਾ ਸਮੁੱਚਾ ਪ੍ਰਭਾਵ ਜਾਂ ਮਹੱਤਵ ਗ੍ਰਹਿਣ ਕਰ ਲੈਂਦਾ ਹੈ। ਜੇ ਸਿਖਾਂਦਰੂ ਪਾਠਕ ਹੋਵੇ ਤਾਂ ਉਸ ਲਈ ਇਹ ਇਕ ਵਾਧੂ ਆਰੋਪ ਤੋਂ ਸਿਵਾ ਕੁਝ ਅਰਥ ਨਹੀਂ ਰੱਖੇਗਾ। ਸੋ, ਇਸ ਕਿਸਮ ਦੀ ਦੁਬਿਧਾ ਜੇਹੀ ਵਿਚ ਮੈਂ ਇਹ 'ਆਮੁੱਖ' ਸ਼ਬਦ ਲਿਖ ਰਿਹਾ ਹਾਂ।

ਕਈ ਵਾਰੀ ਪੁਸਤਕ ਦੇ ਸ਼ੁਰੂ ਵਿਚ ਲੇਖਕ ਬਾਰੇ ਪਰਿਚਯ ਵਜੋਂ ਕੁਝ ਜਾਣਕਾਰੀ ਦੇਣ ਦਾ ਰਿਵਾਜ ਵੀ ਵੇਖਣ ਵਿਚ ਆਉਂਦਾ ਹੈ, ਕਿਸੇ ਅਜਿਹੇ ਵਿਅਕਤੀ ਵਲੋਂ ਜੋ ਲੇਖਕ ਨੂੰ ਨੇੜੇ ਤੋਂ ਜਾਣਦਾ ਹੋਵੇ, ਪਰ ਇਥੇ ਇਸ ਗੱਲ ਦੀ ਵੀ ਲੋੜ ਨਹੀਂ, ਕਿਉਂਕਿ, ਸਿਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸ: ਹਰਿਭਜਨ ਸਿੰਘ, ਜੋ ਲੇਖਕ ਤੋਂ ਇਲਾਵਾ, ਇਕ ਪ੍ਰਸਿੱਧ ਵਕਤਾ ਤੇ ਧਾਰਮਿਕ ਵਿਦਵਾਨ ਵਜੋਂ 'ਵਿਖਿਆਤ' ਹਨ, ਬਾਰੇ ਕੁਝ ਲਿਖਣਾ ਉੱਕਾ ਹੀ ਬੇਲੋੜਾ ਹੈ। ਸੋ, ਮੈਂ ਆਪਣੀ ਸੋਚ ਦਾ ਘੋੜਾ ਹੋਰ ਪਾਸੇ ਦੌੜਾਂਦਾ ਹਾਂ, ਤਾਂ ਜੋ ਕੋਈ ਸਾਰਥਕ ਗੱਲ ਲੱਭ ਕੇ ਪੇਸ਼ ਕਰਾਂ।

—੨—

ਸ: ਹਰਿਭਜਨ ਸਿੰਘ ਦਾ ਇਹ ਲੇਖ ਸੰਗ੍ਰਹਿ, ਜੇ ਮੈਂ ਭੁੱਲਦਾ ਨਹੀਂ, ਤਾਂ ਤੀਜਾ ਜਾਂ ਚੌਥਾ ਹੈ। ਉਹ ਕਾਫੀ ਕੁਝ ਗੁਰਮਤਿ ਵਿਸ਼ਿਆਂ ਦੀ

ਵਿਆਖਿਆ ਵਿਚ ਲਿਖ ਚੁੱਕੇ ਹਨ । ਇਸ ਹੱਥਲੇ ਸੰਗ੍ਰਹਿ "ਅੰਮ੍ਰਿਤ ਤੇ ਆਤਮਾ" ਵਿਚ ਲੇਖਕ ਦੇ ਅਸਲੋਂ ਨਵੇਂ ਲੇਖ ਸ਼ਾਮਲ ਹਨ। (ਅਰਥਾਤ ਪਿਛਲੇ ਦੋ ਤਿੰਨ ਸਾਲਾਂ ਵਿਚ ਲਿਖੇ ਹੋਏ) ਜੋ ਉਸ ਦੀ ਪ੍ਰੌੜ੍ਹਤਮ ਤੇ ਗੰਭੀਰਤਮ ਵਿਚਾਰਧਾਰਾ ਦਾ ਨਿਚੋੜ ਹਨ।

ਧਾਰਮਿਕ ਖੇਤਰ ਵਿਚ ਵੀ, ਹੋਰ ਕਈ ਖੇਤਰਾਂ ਵਾਂਗ, ਜੀਵਨ ਤਜਰਬੇ ਦੀ ਅਧਿਕਤਾ ਦਾ ਬਹੁਤ ਲਾਭ ਹੁੰਦਾ ਹੈ। ਜੀਵਨ ਦੇ ਜਟਿਲ ਤੇ ਦੀਰਘ ਮਸਲੇ (ਸਿਧਾਂਤ) ਮਨੁੱਖ ਦੀ ਪਕੜ ਵਿਚ ਹੌਲੀ ਹੌਲੀ ਅਤੇ ਲੰਮੇ ਜੀਵਨ ਅਨੁਭਵ ਉਪਰੰਤ ਹੀ ਆਉਂਦੇ ਹਨ। ਸੋ, ਲੇਖਕ ਇਨ੍ਹਾਂ ਲੇਖਾਂ ਵਿਚ ਆਪਣੀ ਭਰਪੂਰ ਗੁਰਮਤਿ-ਸੂਝ ਅਤੇ ਗੁਰਮਤਿ-ਗਿਆਨ ਦਾ ਪ੍ਰਮਾਣ ਪੇਸ਼ ਕਰਦਾ ਹੈ।

ਕਈ ਲੇਖਾਂ ਦੇ ਸਿਰਲੇਖਾਂ ਤੋਂ ਹੀ ਮੇਰੇ ਉੱਪਰ ਲਿਖੇ ਵਿਚਾਰ ਦੀ ਪੁਸ਼ਟੀ ਹੋ ਜਾਂਦੀ ਹੈ, ਜਿਵੇਂ : "ਸਾਂਝਾ ਗੁਰੂ ਨਾਨਕ", "ਆਤਮਾ", "ਇਕਾ ਬਾਣੀ ਇਕੁ ਗੁਰੂ", ਸੁਵੇਦ ਗੁਰੂ ਬਾਬਾ", ਗੁਰੂ ਤੇ ਭਗਤ ਦਾ ਸੰਕਲਪ", "ਅਮਲੀ ਜੀਵਨ", "ਕੀਰਤਨ ਦਾ ਸਰੂਪ ਤੇ ਸਥਾਨ" ਆਦਿ, ਆਦਿ।

—੩—

ਗੁਰਮਤਿ ਦੇ ਨਿਰੋਲ ਵਿਸ਼ਿਆਂ ਤੋਂ ਇਲਾਵਾ ਇਸ ਪੁਸਤਕ ਵਿਚ, ਸ਼ਾਇਦ, ਪਹਿਲੀ ਵਾਰ ਲੇਖਕ ਨੇ ਵਧੇਰੇ ਮਾਤਰਾ ਵਿਚ ਦੋ ਹੋਰ ਸ੍ਰੇਣੀਆਂ ਦੇ ਵਿਸ਼ੇ ਵੀ ਪ੍ਰਗਟ ਕੀਤੇ ਹਨ, ਅਰਥਾਤ (੧) ਗੁਰਬਾਣੀ ਬਾਰੇ ਤਕਨੀਕੀ ਵਿਸ਼ੇ ਅਤੇ (੨) ਰਹਿਤ ਮਰਯਾਦਾ ਜਾਂ ਸਮਾਜ-ਸੁਧਾਰ ਵਾਲੇ ਵਿਸ਼ੇ। ਇਨ੍ਹਾਂ ਦੋਹਾਂ ਵਿਚ ਪਹਿਲੀ ਸ਼੍ਰੇਣੀ ਵਿਚ ਕੁਝ ਅਤਿ ਜ਼ਰੂਰੀ ਤਕਨੀਕੀ ਜਾਣਕਾਰੀ ਦੇਣ ਦਾ ਸਾਮਾਨ ਪੈਦਾ ਕੀਤਾ ਹੈ, ਜਿਵੇਂ—"ਭੱਟਾਂ ਦੀ ਬਾਣੀ", "ਗੁਰਬਾਣੀ ਉਚਾਰਣ", ਗੁਰਬਾਣੀ ਦਾ ਕਾਵਿਕ ਅਨੁਵਾਦ ਦੀ ਲਿਖਣ ਵਿਧੀ" ਆਦਿ। ਇਹ ਲੇਖ ਅਵੱਸ਼ ਪ੍ਰਿੰਸੀਪਲ ਸਾਹਿਬ ਦੇ ਗੁਰਮਤਿ-ਵਿਦਿਆਰਥੀਆਂ ਦੇ ਅਧਿਆਪਕ ਦੀ ਜ਼ਰੂਰਤ ਵਿਚੋਂ ਉੱਠੇ ਪ੍ਰਸ਼ਨਾਂ ਦਾ

ਹੱਲ ਲੱਭਣ ਲਈ ਲਿਖੇ ਗਏ ਹਨ। ਤਕਨੀਕੀ ਪੱਧਰ ਦੇ ਹੋਣ ਕਰਕੇ ਇਨ੍ਹਾਂ ਦੀ ਅਦੁੱਤੀ ਮਹੱਤਾ ਜ਼ਾਹਰ ਹੈ।

ਦੂਜੀ ਸ਼੍ਰੇਣੀ (ਜਿਸ ਦਾ ਜ਼ਿਕਰ ਹੋਇਆ ਹੈ) ਦੇ ਲੇਖ, ਲੇਖਕ ਤੇ ਹੋਰ ਲੇਖਕਾਂ ਦੇ ਨਿੱਜੀ ਜੀਵਨ ਤਜਰਬੇ ਦਾ ਸਿੱਟਾ ਹਨ। ਪਰ, ਗੁਰਮਤਿ ਜੀਵਨ ਦੀ ਅਗਵਾਈ ਨਾਲ ਇਨ੍ਹਾਂ ਦਾ ਨੇੜੇ ਦਾ ਸੰਦਰਭ ਹੋਣ ਕਾਰਨ ਇਨ੍ਹਾਂ ਦੀ ਕੀਮਤ ਵੀ ਪ੍ਰਮਾਣਿਤ ਹੈ। ਕੌਣ ਹੈ ਜੋ ਅਜਿਹੇ ਰੋਚਕ ਵਿਸ਼ਿਆਂ ਦੇ ਲੇਖ, ਜਿਵੇਂ "ਮੈਂ ਸ਼ਰਾਬ ਕਿਵੇਂ ਛੱਡੀ ?", "ਮੈਂ ਹਾਂ", "ਤੰਬਾਕੂ", "ਸਿਰੋਪਾ ਭੇਂਟ ਜਾਂ ਬਖਸ਼ਿਸ਼ ?" ਸਿੱਖ ਨੌਜਵਾਨ ਨੂੰ" ਨਹੀਂ ਪੜ੍ਹੇਗਾ ? ਇਨ੍ਹਾਂ ਦੀ ਪ੍ਰਸੰਗਕ ਮਹੱਤਾ ਅਤੇ ਸਮਕਾਲੀ ਸੰਦਰਭ, ਕੌਣ ਹੈ ਜੋ ਅੱਖੋਂ ਓਹਲੇ ਕਰੇਗਾ ? ਸੋ, ਪੁਸਤਕ ਗੁਰਮਤਿ ਗਿਆਨ ਦਾ ਇਕ ਵੱਡਾ ਭੰਡਾਰ ਹੈ ਅਤੇ ਗੁਰਮਤਿ ਅਗਵਾਈ ਦਾ ਬੇਮਿਸਾਲ ਖ਼ਜ਼ਾਨਾ।

ਮੈਂ ਲੇਖਕ ਦੀ ਇਸ ਧਾਰਮਿਕ ਸੇਵਾ, ਸਾਹਿੱਤਕ ਪ੍ਰਾਪਤੀ ਤੇ ਗੁਰਮਤਿ-ਵਿਆਖਿਆ ਦੇ ਕੀਮਤੀ ਪ੍ਰਕਾਰਜ ਲਈ ਸਨਿਮਰ ਵਧਾਈ ਭੇਟ ਕਰਦਾ ਹਾਂ ਅਤੇ ਪ੍ਰਾਰਥਕ ਹਾਂ ਕਿ ਸਤਿਗੁਰੂ ਦਾਤਾ ਉਨ੍ਹਾਂ ਨੂੰ ਗੁਰਮਤਿ-ਸਾਹਿਤ ਰਚਦੇ ਰਹਿਣ ਦਾ ਬੱਲ ਤੇ ਉਤਸ਼ਾਹ ਬਖਸ਼ੀ ਰੱਖਣ। "ਆਮੀਨ"!

ਡਾ: ਦੀਵਾਨ ਸਿੰਘ
ਮੁਖੀ, ਪੰਜਾਬੀ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਸ੍ਰੀ ਅੰਮ੍ਰਿਤਸਰ।

੨੪-੯-੭੯

ਦੋ ਸ਼ਬਦ

ਜਿਵੇਂ ਅਕਾਲ ਪੁਰਖ ਵਾਹਿਗੁਰੂ ਅਗਾਧ, ਬੋਧ, ਅਕੱਥਨੀ ਤੇ "ਨੇਤ* ਨੇਤ" ਹੈ; ਕੁਝ ਤਿਵੇਂ ਹੀ 'ਹਰੀ† ਹੀਰੇ' ਨੂੰ ਹਿਰਦੇ ਵਿਚ ਟਿਕਾਅ ਸਕਣ, ਤੇ "ਅਲਪ ਬੁਧ" ਇਨਸਾਨ ਨੂੰ "ਕਰਤੇ ਪੁਰਖ" ਦਾ ਥਹੁ ਪਤਾ ਦੇਣ ਵਾਲੇ ਗੁਰੂ, "ਬਾਣੀ" ਅਤੇ "ਗੁਰੂ-ਮਤ", ਦਾ ਬਿਆਨ ਵੀ ਡਾਢਾ ਬਿਖਮ ਹੈ। ਫਿਰ ਵੀ, ਹੱਕ ਦੇ ਮੁਤਲਾਸ਼ੀ, "ਜੋਤਿ ਸਰੂਪ ਆਪੇ" ਦੇ ਖੋਜੀ ਤੇ ਜੀਵਨ-ਮੰਤਰ ਦੇ ਢੂੰਢਾਊ, ਗਿਆਨ-ਪ੍ਰਾਪਤੀ ਦੀ ਖੋਹ ਅਧੀਨ, ਧੁਰੂ ਬਖਸ਼ੇ ਬਲ-ਬੁੱਧ ਮੁਜਬ, ਕਰਤੇ ਦੀ ਨ ਜਾਣੀ ਜਾਣ ਵਾਲੀ ਖੇਡ ਨੂੰ ਜਾਨਣ ਲਈ ਸਦਾ ਤਰਲਾ ਮਾਰਦੇ ਆਏ ਹਨ। ਕੁਲ ਮਖ਼ਲੂਕ ਦੀ ਪਰਸਪਰ ਸਾਂਝ ਤੇ ਸਮਾਨਤਾ ਦੇ ਦਾਅਵੇਦਾਰ ਅਤੇ ਪ੍ਰਭੂ-ਬੇਅੰਤਤਾ ਦੇ ਦੀਵਾਨੇ ਗੁਰੂ ਨਾਨਕ, ਅੰਤਾਂ ਵਾਲੇ ਆਦਮ ਦੀ, "ਅਨੰਤ ਓਅੰਕਾਰ" ਨੂੰ ਬੁਝ ਨਾ ਸਕਣ ਦੀ ਬੇਬਸੀ ਤੇ ਅਲਪੱਗਤਾ ਦਾ ਪਤਾ, ਬੈਖਰੀ ਬਾਣੀ ਵਿਚ ਬੋਲੇ ਜਾ ਸਕਣ ਵਾਲੇ ਬੋਲ ਦੀ ਮਜਬੂਰੀ ਵਸ, ਇਉਂ ਦੇਂਦੇ ਹਨ :—

ਤੂ ਦਰੀਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤੁ ਲਹਾਂ ॥
ਜਹ ਜਹ ਦੇਖਾ ਤਹ ਤਹ ਤੂ ਹੈ; ਤੁਝ ਤੇ ਨਿਕਸੀ ਫੂਟਿ ਮਰਾਂ ॥੧॥

ਬੱਸ, ਕੁਝ ਇਵੇਂ ਹੀ, ਮੇਹਰਬਾਨ ਸਤਿਗੁਰੂ ਨੇ, ਮੱਛੀ ਸਮਾਨ ਤਾਂ ਨਹੀਂ; ਇਕ ਪੂੰਗਰੇ ਜਾਂ ਬੁਲਬੁਲੇ ਵਾਂਗ, ਗੁਰਮਤਿ-ਗਿਆਨ ਦੇ ਅਸੀਮ ਸਾਗਰ ਨੂੰ, ਇਕ ਅੱਖ ਝਾਕਣ ਤੇ ਫੇਰ ਕਿਣਕਾ ਮਾਤਰ ਕਹਿਣ ਦੀ ਅਮੁੱਲ ਕਾਰੇ, ਇਸ ਕੀਟ ਨੂੰ ਲਾਉਣ ਦੀ ਵੱਡੀ ਮਹਿਰੰਮਤ ਕੀਤੀ ਹੈ। ਲੇਖਕ, ਕਰਤੇ ਤੇ ਕਰਤਾਰ-ਸਰੂਪ ਸਤਿਗੁਰੂ ਦੀ ਅਕਥ ਕਥਾ ਨੂੰ ਕਥਨ ਵਿਚ ਪਾਠਕਾਂ ਨਾਲ ਕਿੰਨੀ ਕੁ ਸਾਂਝ ਪਾ ਸਕਿਆ ਹੈ, ਇਸਦੇ ਕੁਲੀ ਤੌਰ ਤੇ ਨਿਰਣਾਇਕ ਹਨ ਗੁਰਮਤਿ ਦੇ ਮਤਵਾਲੇ ਤੇ ਖੋਜੀ, ਮੇਰੇ ਸੁਹਿਰਦ ਪਾਠਕ ਜੀ।

ਗੁਰਮਤਿ ਅਥਵਾ ਗੁਰੂ ਸਾਹਿਬਾਨ ਦੇ ਜੀਵਨ-ਸੰਦੇਸ਼ ਸੰਬੰਧੀ ਲੇਖਕ ਇਸ ਤੋਂ ਪਹਿਲਾਂ ਤਿੰਨ ਪੁਸਤਕਾਂ—"ਗੁਰਮਤਿ ਵਿਆਖਿਆਨ", "ਦਸ-ਗੁਰ

---

* ਤ੍ਰਿਭਵਣ ਮਹੀਪ, ਸੁਰ ਨਰ ਅਸੁਰ, ਨੇਤ ਨੇਤ, ਵਣ ਤ੍ਰਿਣ ਕਹਿਤ ॥
† ਭਾਈ ਰੇ, ਹਰਿ ਹੀਰਾ ਗੁਰ ਮਾਹਿ ॥

ਰਤਨਾਵਲੀ'' ਅਤੇ ''ਵਿਸ਼ੇਸ਼ ਗੁਰਮਤਿ ਲੇਖ'' ਸੰਗਤਾਂ ਦੀ ਭੇਟ ਕਰ ਚੁੱਕਿਆ ਹੈ; ਅਤੇ ਜੋ ਪਿਆਰ ਤੇ ਉਤਸ਼ਾਹ ਮੈਨੂੰ ਇਸ ਸੰਦਰਭ ਵਿਚ ਹਰ ਪਾਸਿਓਂ ਪ੍ਰਾਪਤ ਹੋਇਆ ਹੈ, ਇਹ ਹੱਥਲੀ ਪੁਸਤਕ, ਵਾਸਤਵ ਵਿਚ, ਓਸੇ ਪਿਆਰ-ਸਿੰਘ ਤੇ ਕਦਰਦਾਨੀ ਦੀ ਉਪਜ ਹੈ।

ਇਸ ਪੁਸਤਕ ਵਿਚ ਕੁਲ ੨੯ ਲੇਖ ਹਨ ਤੇ ੩ ਕਵਿਤਾਵਾਂ। ਜਿਹਾ ਕਿ ਲੇਖ-ਸੂਚੀ ਤੋਂ ਸਪੱਸ਼ਟ ਹੈ, ਲੇਖ ਵੰਨ-ਸੁਵੰਨੇ ਹਨ; ਪ੍ਰੰਤੂ, ਹਨ ਸਾਰੇ ਧਾਰਮਿਕ ਅਤੇ ਗੁਰਮਤਿ-ਸਮੱਸਿਆਵਾਂ ਦੀ ਪਰਖ ਪੜਚੋਲ ਬਾਰੇ। ਪੁਸਤਕ ਵਿਚ ਜਿਥੇ ''ਅੰਮ੍ਰਿਤ'' ਤੇ ''ਆਤਮਾ'' ਜਿਹੇ ਗੋਹੜ ਵਿਸ਼ੇ ਸ਼ਾਮਿਲ ਹਨ, ਉਥੇ ਕੌਮ ਨੂੰ ਆਪਣੇ ਵਿਰਸੇ ਤੇ ਫਰਜ਼ ਤੋਂ ਸਾਵਧਾਨ ਕਰਨ ਲਈ 'ਹਲੂਣਾ'', ''ਨੌਜਵਾਨ ਗੁਰਸਿੱਖ ਨੂੰ'' ਅਤੇ ''ਸਿੰਘ ਜੀ, ਲੱਗੀਆਂ ਦੀ ਲਾਜ ਰੱਖੀਂ'' ਵਰਗੇ ਲੇਖ ਵੀ। ਪੁਸਤਕ ਦੇ ਆਖਰੀ ਭਾਗ ਵਿਚ ਭਾਰੂ ਨੱਸ਼ਿਆਂ ਤੋਂ ਹੋੜਨ ਅਤੇ ਸਿੱਖੀ ਪ੍ਰਚਾਰ ਦੀ ਸਮੱਸਿਆ ਨੂੰ ਗੰਭੀਰਤਾ ਤੇ ਦੂਰ-ਦ੍ਰਿਸ਼ਟਤਾ ਨਾਲ ਘੋਖਣ ਵਾਲੇ ਲੇਖ ਅੰਕਿਤ ਕੀਤੇ ਗਏ ਹਨ।

ਉਰਦੂ ਵਿਚ ਲਿਖੀਆਂ ਤਿੰਨਾਂ ਕਵਿਤਾਵਾਂ ਵਿਚ ਨਿਮਰ ਤੇ ਸਿੱਘ ਜਜ਼ਬੇ ਦਾ ਪ੍ਰਗਟਾਵਾ ਹੈ, ਨਾ ਕਿ ਕਵਿਤਾ ਦਾ ਕਮਾਲ।

ਪੁਸਤਕ ਦੀ ਤਿਆਰੀ ਵਿਚ ਜਿਥੇ ਹੋਰ ਵਿਦਵਾਨ ਤੇ ਹਿਤੂ ਦੋਸਤਾਂ ਮਿੱਤਰਾਂ ਨੇ ਸਮੇਂ ਸਮੇਂ, ਬਹੁਮੁੱਲੇ ਸੁਝਾਓ ਦਿਤੇ, ਉਥੇ ਮੇਰੇ ਸਪੁੱਤਰ-ਸਤਿਨਾਮ ਸਿੰਘ ਐਮ.ਏ., ਔਫੀਸਰ, ਪੰਜਾਬ ਐਂਡ ਸਿੰਧ ਬੈਂਕ ਨੇ ਵੀ ਪਰੂਫ ਪੜ੍ਹਨ ਆਦਿ ਵਿਚ ਮੇਰਾ ਪੁੱਜ ਕੇ ਹੱਥ ਵਟਾਇਆ। ਇਹਨਾਂ ਸਭਨਾਂ ਨੂੰ ਦਾਤੇ ਦੇ ਦਰੋਂ ਸਿੱਖੀ ਸਿਦਕ ਦੀ ਭਰਪੂਰ ਬਖਸ਼ਿਸ਼ ਲਈ ਮੇਰੀ ਹਾਰਦਿਕ ਅਰਜੋਈ ਹੈ।

ਅੰਤ ਵਿਚ, ਮੈਂ ਪਰਮ ਸਤਿਕਾਰ ਯੋਗ ਪਾਠਕਾਂ ਪਾਸੋਂ, ਪੁਸਤਕ ਵਿਚ ਸੰਬੰਧਤਾਂ ਦੀ ਅਨਗਹਿਲੀ ਕਾਰਨ ਛਪਾਈ ਆਦਿ ਵਿਚ ਰਹਿ ਗਈਆਂ ਅਸ਼ੁੱਧੀਆਂ ਤੇ ਊਣਤਾਈਆਂ ਬਾਰੇ ਖ਼ਿਮਾ ਦਾ ਜਾਚਕ ਹਾਂ, ਅਤੇ ਪੂਰਨ ਭਰੋਸਾ ਦਿਵਾਉਂਦਾ ਹਾਂ ਕਿ ਅਗਲੇ ਐਡੀਸ਼ਨ ਵਿਚ ਇਹਨਾਂ ਨੂੰ ਅਵੱਸ਼ ਦੂਰ ਕਰ ਦਿੱਤਾ ਜਾਵੇਗਾ।

ਹਰਿਭਜਨ ਸਿੰਘ, ਪ੍ਰਿੰਸੀਪਲ

੧੯-੧੦-੯੭ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ

ਲੇਖ ਸੂਚੀ

ਸਾਂਝਾ ਗੁਰੂ ਨਾਨਕ

ਸਵਰਗੀ ਸਾਧੂ ਟੀ. ਐਲ. ਵਸਵਾਨੀ, ਇਕ ਮਹਾਨ ਵਿਦਵਾਨ ਤੇ ਪਵਿੱਤਰ ਆਤਮਾ, ਸਿੰਧੀ ਬਜ਼ੁਰਗ ਹੋਏ ਹਨ। ਉਹਨਾਂ ਨੇ ਜੀਵਨ-ਭਰ,ਸੰਸਾਰ ਦੇ ਪ੍ਰਸਿੱਧ ਮੱਤਾ ਦੇ ਸੰਚਾਲਕਾਂ, ਉਹਨਾ ਦੇ ਮਾਨਵੀ ਸਿਧਾਂਤਾਂ, ਪੂਜ ਹਸਤੀਆਂ ਤੇ ਸਰੇਸ਼ਟ ਵਿਚਾਰਾਂ ਬਾਰੇ ਮਣਾ ਮੂੰਹੀ ਲਿਟਰੇਚਰ ਲਿਖਿਆ। ਲਿਖੇ ਗਏ ਇਸ ਧਾਰਮਿਕ ਸਾਹਿੱਤ ਵਿਚ ਇਕ ਸੱਤਰ ਕੁ ਸਫੇ ਦੀ ਪੁਸਤਕ ਹੈ—; Prophet of the People* (ਮਖ਼ਲੂਕ ਦਾ ਰਹਬਰ)। ਜਿਸ ਸਾਫ-ਗੋਈ ਤੇ ਵਿਦਵਤਾ ਨਾਲ ਵਸਵਾਨੀ ਜੀ ਨੇ ਇਸ ਛੋਟੀ ਜਿਹੀ ਪੁਸਤਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯਥਾਰਥ ਚਿੱਤਰ ਖਿੱਚਿਆ ਹੈ, ਉਹ ਸਤਿਗੁਰਾਂ ਸਬੰਧੀ ਲਿਖੇ ਵੱਡੇ ਵੱਡੇ ਗ੍ਰੰਥਾਂ ਨਾਲੋਂ ਕਿਤੇ ਵਧ ਬਹੁਮੁੱਲਾ, ਪ੍ਰਭਾਵਸ਼ਾਲੀ ਅਤੇ ਗੁਰਦੇਵ ਜੀ ਨੂੰ 'ਸਭ ਤੋਂ ਵਡਾ ਸਤਿਗੁਰੁ ਨਾਨਕੁ' ਸਿੱਧ ਕਰਨ ਯੋਗ ਹੈ।

ਸਾਰੇ ਧਰਮ (ਮੱਤ) ਹੀ ਆਪਣੀ ਆਪਣੀ ਥਾਂ ਸਤਿਕਾਰ ਯੋਗ ਹਨ ਅਤੇ ਉਹਨਾਂ ਦੇ ਚਲਾਉਣ ਵਾਲੇ ਆਗੂ ਵੀ ਆਦਰ ਤੇ ਪ੍ਰਸੰਸਾ ਯੋਗ ਹਨ। ਪ੍ਰੰਤੂ ਉਹਨਾਂ ਵਲੋਂ ਆਪਣੇ ਸਮੇਂ ਦਰਸਾਏ ਸਿਧਾਂਤ ਕੁਲ ਮਖ਼ਲੂਕ ਦੀ ਇਕ ਮਹਾਨ ਸਦੀਵੀ ਅਗਵਾਈ ਕਰਦੇ ਤੇ ਸਾਂਝੇ ਹਨ, ਵੇਖਣ ਵਿਚਾਰਨ ਵਾਲੀ ਗੱਲ ਹੈ। ਗਹੁ ਨਾਲ ਕੀਤਾ ਮੁਤਾਲਿਆ ਦੱਸੇਗਾ ਕਿ ਕਿਤੇ ਨਸਲ ਦੀ ਬਿਨਾ

---

*ਵਸਵਾਨੀ ਜੀ ਪਾਸੋਂ ਇਹ ਪੁਸਤਕ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਪਾਉਣ ਦਾ ਹੱਕ ਹਾਸਿਲ ਕਰਨ ਲਈ ਲੇਖਕ, ਚਿਰ ਹੋਇਆ, ਉਹਨਾਂ ਨੂੰ ਸੇਂਟ ਮੀਰਾਂ ਕਾਲਜ, ਪੂਨਾ ਵਿਖੇ ਮਿਲਿਆ ਸੀ, ਪਰੰਤੂ ਕਾਰਜ ਸਿੱਧੀ ਨਾ ਹੋ ਸਕੀ।

ਉਤੇ ਆਪਣੇ ਮੱਤ ਦੇ ਅਨੁਯਾਈਆਂ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ,ਕਿਤੇ ਜ਼ਾਤ, ਕੁਲ ਤੇ ਨਸਲ ਦੇ ਅਧਾਰ ਉਤੇ, ਅਤੇ ਕਿਤੇ ਕੇਵਲ ਆਪਣੇ ਮੱਤ ਦੇ ਧਾਰਨੀ ਹੋਣ ਦੇ ਨਾਤੇ ਹੀ। ਜੇ ਹਜ਼ਰਤ ਮੂਸਾ ਦੇ ਪੈਰੋਕਾਰ—ਯਹੂਦੀ–ਬਨੀ–ਇਸਰਾਈਲ ਹੋਣ ਕਰ ਕੇ ਆਪਣੇ ਆਪ ਨੂੰ ਬਾਕੀ ਲੋਕਾਈ ਨਾਲੋਂ ਅਫ਼ਜ਼ਲ ਗਿਣਦੇ ਹਨ, ਤਾਂ ਈਸਾਈਆਂ ਨੂੰ, ਬੇਗੁਨਾਹ ਹਜ਼ਰਤ ਈਸਾ (ਯਸੂਹ ਮਸੀਹ) ਉਤੇ ਈਮਾਨ ਲੈ ਆਉਣ ਦਾ ਸਦਕਾ ਹੀ ਵਡਿਆਈ ਤੇ ਨਿਜਾਤ ਪ੍ਰਾਪਤ ਹੋਣ ਦਾ ਗੁਮਾਨ ਹੈ। ਬਸ, ਹਜ਼ਰਤ ਮਸੀਹ ਦੇ ਵਾੜੇ ਦੀਆਂ ਭੇਡਾਂ ਬਣ ਜਾਣ ਨਾਲ, ਉਹਨਾਂ ਦੇ ਸਾਰੇ ਗੁਨਾਹ ਉਹ ਆਪਣੇ ਸਿਰ ਲੈ ਲੈਣਗੇ। ਇਸਲਾਮ ਵਿਚ, ਤੂਬਾ ਰੁੱਖ (ਕਲਪ ਬ੍ਰਿਛ) ਦੀ ਟਹਿਣੀ ਦੀ ਬਰਕਤ ਨਾਲ ਪ੍ਰਾਪਤ ਹੋਣ ਵਾਲੇ ਜੰਨਤ ਦੇ ਸਾਰੇ ਪਦਾਰਥ ਤੇ ਸੁੱਖ ਆਦਿ, ਕੇਵਲ ਉਹਨਾਂ ਮੋਮਨਾਂ ਦੇ ਹੀ ਹਿੱਸੇ ਆਉਣਗੇ, ਜੋ ਅੱਲਾ ਤੇ ਉਸ ਦੇ ਰਸੂਲ–ਹਜ਼ਰਤ ਮੁਹੰਮਦ ਸਾਹਿਬ ਉਤੇ ਈਮਾਨ ਰੱਖਦੇ ਹੋਏ, ਕਲਮਾ, ਨਮਾਜ਼ ਆਦਿ ਪੜ੍ਹਨਗੇ, ਰੋਜ਼ਾ ਰੱਖਣਗੇ, ਜ਼ਕਾਤ ਦੇਣਗੇ ਅਤੇ ਕਾਫ਼ਰਾਂ ਵਿਰੁਧ ਜ਼ਹਾਦ ਕਰਨਗੇ। ਮੋਮਨ ਨੂੰ ਦਿੱਤੇ ਗਏ ਇਹਨਾਂ ਲਾਰਿਆਂ ਸਬੰਧੀ ਇਸਲਾਮ ਦੇ ਮਹਾਨ ਫ਼ਿਲਾਸਫ਼ਰ, ਅੱਲਾਮਾ ਇਕਬਾਲ ਦਾ, ਇਹਨਾਂ ਨੇਅਮਤਾਂ ਤੇ ਦਾਅਵਿਆਂ ਦੀ ਅਸਲੀਅਤ-ਪ੍ਰਗਟਾਊ ਇਹ ਇਕ ਸ਼ੇਅਰ ਹੀ ਵਾਚ ਲੈਣਾ ਕਾਫ਼ੀ ਹੈ :

ਬਹਿਸ਼ਤੋਂ, ਹੂਰੋਂ, ਗਿਲਿਮਾਂ, ਇਵਜ਼ਿ ਤਾਇਤ, ਮੈਂ ਨ ਮਾਨੂੰਗਾ।
ਇਨਹੀ ਬਾਤੋਂ ਸੇ ਐ ਜ਼ਾਹਿਦ, ਜ਼ਈਫ਼ ਈਮਾਨ ਹੋਤਾ ਹੈ।

(ਭਾਵ—ਐ ਸ਼ਰਾ ਦੇ ਪਾਬੰਦ ਮੁਸਲਮਾਨ ! ਮੈਂ ਹਜ਼ਰਤਾਂ ਦੀ ਤਾਬੇਦਾਰੀ ਦੇ ਬਦਲੇ ਬਹਿਸ਼ਤ ਵਿਚ ਲੌਂਡੇ ਤੇ ਹੂਰਾਂ ਮਿਲਣ ਦੀ ਗੱਲ ਨਹੀਂ ਮੰਨਦਾ। ਕਿਉਂਕਿ ਇਹ ਈਮਾਨ ਨੂੰ ਕਮਜ਼ੋਰ ਕਰਨ ਵਾਲੀਆਂ ਗੱਲਾਂ ਹਨ)।

ਔਰਤ ਜ਼ਾਤ ਤਾਂ ਏਥੇ ਹਰਮਾਂ ਦੀ ਜ਼ੀਨਤ ਬਣ ਕੇ ਰਹਿ ਗਈ ਹੈ। ਸਮਾਜ ਵਿਚ ਉਸ ਨੂੰ ਆਦਮੀ ਨਾਲ ਸਮਾਨ ਦਰਜਾ ਦੇਣਾ ਤਾਂ ਦੂਰ ਦੀ ਗੱਲ ਹੈ।

ਇਹ ਤਾਂ ਸੀ ਕਤੇਬੀ (**Semetic**) ਮੱਤ ਵਾਲਿਆਂ ਦੀ ਗੱਲ। ਹੁਣ

ਲਵੋ ਵੈਦਕ ਮੱਤ ਦੇ ਮੁਢੱਈ ਤੇ ਪ੍ਰਚਾਰਕ, ਬ੍ਰਹਮਣ ਨੂੰ। ਏਸ ਨੇ ਤਾਂ ਮਨੁੱਖੀ ਸਮਾਨਤਾ ਤੇ ਸਾਂਝ ਦੀ ਲੁਟੀਆ ਹੀ ਡੋਬ ਛੱਡੀ ਹੈ। ਏਥੇ,ਚਉਂਕੇ ਚੁਲੇ ਵੱਖਰੇ, ਧਰਮ ਮੰਦਰ ਵੱਖਰੇ ਅਤੇ ਤੱਗ ਵੀ ਜਾਤੀ ਅਨੁਸਾਰ ਵੱਖ ਵੱਖ ਕਿਸਮ ਦੇ ਧਾਗਿਆਂ ਤੇ ਘੱਟ ਵੱਧ ਤੰਦਾਂ ਦੇ। ਮਨੁੱਖ ਜਾਤੀ ਨਾਲ ਇਹ ਕਿਤਨਾ ਅਨਰਥ ਹੈ ਕਿ ਕੋਈ ਬ੍ਰਹਮਾਂ ਦੇ ਮੂੰਹ 'ਚੋਂ ਨਿਕਲਿਆ ਮਿਥ ਕੇ ਬ੍ਰਹਮਣ ਮੰਨ ਲਿਆ ਗਿਆ, ਕੋਈ ਬਾਹਾਂ ਵਿਚੋਂ ਪੈਦਾ ਹੋਇਆ ਮੰਨ ਕੇ ਕਸ਼ੱਤਰੀ ਅਤੇ ਬਾਕੀ ਦੋਹਾਂ ਨੂੰ ਪੱਟਾਂ ਤੇ ਪੈਰਾਂ ਵਿਚੋਂ ਨਿਕਲੇ ਦੱਸ ਕੇ ਵੈਸ਼ ਤੇ ਸ਼ੂਦਰ ਦਾ ਦਰਜਾ ਦੇ ਦਿੱਤਾ ਗਿਆ। ਵੇਦ ਮੰਤਰ ਹੈ :

ਬ੍ਰਾਹਮਣੋ ਅਸਯ ਮੁਖਮਾਸੀਦ ਬਾਹੂ ਰਾਜਨਯ: ਕ੍ਰਿਤ:।
ਉਰੂ ਤਦਸਯ ਯਦਵੈ-ਸ਼ਯ: ਪਦਭਯਾਗੁੰ ਸ਼ੂਦਰੋ ਅਜਾਯਤ।
(ਯਜੁਰ ਵੇਦ, ਅਧਯਾਯ ੩੧, ਮੰਤ੍ਰ ੧੧)

ਮਨੁੱਖ ਤੇ ਮਨੁੱਖਤਾ ਦੀ ਜੋ ਤੌਹੀਨ ਇਸ ਵੰਡ ਦੁਆਰਾ ਕੀਤੀ ਗਈ ਹੈ, ਉਹ ਸ਼ਰਮ ਦਾ ਬਾਇਸ ਹੈ,ਇਨਸਾਨੀਅਤ ਦੇ ਮੱਥੇ ਉਤੇ ਘਿਨਾਉਣਾ ਕਲੰਕ, ਘੋਰ ਅਨਿਆਇ ਤੇ ਪਾਪ।

ਜੇ ਕਿਤੇ ਬੁੱਧ ਆਦਿ ਕਿਸੇ ਮੱਤ ਨੇ ਇਸ ਗੈਰ-ਕੁਦਰਤੀ ਵੰਡ ਦੇ ਵਿਰੁੱਧ ਹੱਕ ਦਾ ਨਾਅਰਾ ਮਾਰਿਆ ਵੀ, ਤਾਂ ਉਹ 'ਏਕਤਾ ਤੇ ਸਮਾਨਤਾ ਦੇ ਪ੍ਰਤੀਕ', ਅਕਾਲ ਪੁਰਖ ਬਾਰੇ, ਖਾਮੋਸ਼ ਰਿਹਾ। ਮਾਨਵ-ਸਾਂਝ, ਏਕਤਾ ਤੇ ਸਮਾਨਤਾ ਦੀ ਗੱਲ ਸੰਪੂਰਨ ਰੂਪ ਵਿਚ ਸਿਰੇ ਨਾ ਚੜ੍ਹ ਸਕੀ। ਜੀਵਨ-ਰੱਥ ਪਾਸ ਪੈ ਗਿਆ, ਸੰਤੁਲਿਤ ਜੀਵਨ ਤੋਰ ਰੁਕ ਗਈ।

ਗੱਲ ਕੀ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਆਮਦ ਤੋਂ ਪਹਿਲਾਂ ਸੰਸਾਰ ਵਿਚ ਹਰ ਪਾਸੇ, ਕਿਸੇ ਨਾ ਕਿਸੇ ਸ਼ਕਲ ਵਿਚ ਇਕ, ਦੋ, ਤਿੰਨ ਦੀ ਤਕਸੀਮ ਤੇ ਵਖਰੇਵੇਂ ਦੇ ਆਈਨ ਲਾਗੂ ਹਨ, ਇਨਸਾਨੀਅਤ ਲੀਰੋ ਲੀਰ ਸੀ ਤੇ ਮਨੁੱਖ, ਖ਼ੁਦੀ, ਬਖੀਲੀ, ਤਕੱਬਰੀ ਤੇ ਲੁੱਟ-ਖਸੁੱਟ ਦੇ ਮਾਇਆ-ਜਾਲ ਵਿਚ ਬੁਰੀ ਤਰ੍ਹਾਂ ਗ੍ਰਸਿਆ ਬੇ-ਬੱਸ ਤੜਫੜਾ ਰਿਹਾ ਸੀ।

ਸਤਿਗੁਰਾਂ ਨੇ ਸੰਸਾਰ ਵਿਚ ਸੱਚ ਦੇ ਅਭਾਵ ਕਾਰਨ, ਵਰਤੇ ਇਸ

ਅੰਧਕਾਰ ਤੇ ਆਪਾ-ਧਾਪੀ ਨੂੰ ਧੁਰੋਂ ਆਈ ਬਾਣੀ ਵਿਚ ਬਾਰ ਬਾਰ ਦਰਸਾਇਆ ਹੈ। ਪ੍ਰੰਤੂ, ਏਥੇ ਇਸ਼ਾਰੇ ਮਾਤਰ, ਕੇਵਲ ਤਿੰਨ ਪ੍ਰਮਾਣ ਦੇਣੇ ਹੀ ਕਾਫੀ ਸਮਝੇ ਗਏ ਹਨ :

(੧) ਸਚਿ ਕਾਲੁ ਕੂੜੁ ਵਰਤਿਆ, ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ, ਅਬ ਕਿਉ ਉਗਵੈ ਦਾਲਿ ॥
(ਆਸਾ ਦੀ ਵਾਰ)

(੨) ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ, ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ, ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥(ਮਾਝ ਮ: ੧,ਪੰ:੧੪੫)

(੩) ਨਾਨਕ ਦੁਨੀਆਂ ਕੈਸੀ ਹੋਈ ॥
ਸਾਲਕੁ ਮਿਤੁ ਨ ਰਹਿਓ ਕੋਈ ॥
ਭਾਈ ਬੰਧੀ ਹੇਤੁ ਚੁਕਾਇਆ ॥
ਦੁਨੀਆਂ ਕਾਰਣਿ ਦੀਨੁ ਗਵਾਇਆ ॥੫॥
(ਸਲੋਕ ਵਾਰਾਂ ਤੇ ਵਧੀਕ ਮ: ੧)

ਉਪ੍ਰੋਕਤ ਵਿਚਾਰਾਂ ਦੀ ਪੁਸ਼ਟੀ ਵਿਚ ਭਾਈ ਗੁਰਦਾਸ ਜੀ ਨੇ ਸੰਸਾਰ ਵਿਚ ਵਾਪਰੀ ਇਸ ਅਸਮਾਨਤਾ ਤੇ ਪਾਟੋ-ਧਾੜ ਨੂੰ ਇਉਂ ਬਿਆਨ ਕੀਤਾ ਹੈ:

ਚਾਰਿ ਵਰਨ ਚਾਰਿ ਮਜਹਬਾ, ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ, ਖਿੰਚੋਤਾਨ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ, ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ, ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ, ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।

ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ ॥੨੧॥

ਹਾਂ,ਕੁਝ ਇਹੋ ਜਿਹਾ ਸੀ ਸੰਸਾਰ ਦਾ ਧਾਰਮਿਕ ਇਤਿਹਾਸ ਅਤੇ ਸੰਸਾਰ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਖੇਤਰਾਂ ਵਿਚ ਵਰਤ ਰਹੀ ਅਸਮਾਨਤਾ ਤੇ ਖਿੱਚ ਧੂਹ। ਐਸੀ ਸਥਿਤੀ ਵਿਚ ਤੌਹੀਦ, ਸਾਂਝੀਵਾਲਤਾ ਤੇ ਸਮਾਨਤਾ ਦਾ ਨਾਹਰਾ-ਇ-ਹੱਕ ਬੁਲੰਦ ਕਰਨਾ ਕਿਸੇ ੧ਓ ਦੇ ਉਪਾਸ਼ਕ ਰੱਬ-ਰੱਤੇ, ਗੋਬਿੰਦ-ਰੂਪ ਤੇ ਧੁਰੋਂ ਵਰੋਸਾਈ ਹਸਤੀ ਦਾ ਕੰਮ ਹੀ ਹੋ ਸਕਦਾ ਸੀ, ਅਤੇ ਉਹ ਅਦੁੱਤੀ ਸ਼ਖਸੀਅਤ ਸੀ—ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।

ਸਾਂਝੀਵਾਲਤਾ ਤੇ ਸਮਾਨਤਾ ਦੇ ਮੋਢੀ, ਸਾਝੇ ਬਾਬੇ ਨੇ, ਨਾ ਕੇਵਲ ਮਨੁੱਖ ਨਾਲ ਮਨੁੱਖ ਦੀ ਅਜ਼ਲੀ ਸਾਂਝ ਤੇ ਸਮਾਨਤਾ ਦਾ ਨਾਹਰਾ ਹੀ ਲਾਇਆ, ਸਗੋਂ ਉਹ ਜੀਵਨ-ਭਰ ਇਸ ਨੂੰ, ਹਰ ਥਾਂ, ਅਮਲੀ ਜਾਮਾ ਪਹਿਨਾਉਣ ਲਈ ਸਦਾ ਤੱਤਪਰ ਤੇ ਬੇਕਰਾਰ ਵੀ ਰਹੇ। ਇਸ ਆਦਰਸ਼ ਦੀ ਸੰਪੂਰਨਤਾ ਲਈ ਹਰ ਖਤਰਾ ਮੁੱਲ ਲਿਆ। ਮਨੁੱਖ ਦੀ ਸ਼ਾਹ-ਰਗ ਜਿੰਨੇ ਜ਼ਰੂਰੀ ਮਨੁੱਖੀ ਸਾਂਝ ਤੇ ਸਮਾਨਤਾ ਦਾਅਵੇ ਦੀ ਪੂਰਨਤਾ ਲਈ ਆਪ ਜੀ ਨੇ ਅਹਿ ਵਿਚ ਜੋ ਸੇਧ ਦਿੱਤੀ ਅਤੇ ਬਰ-ਮਿਲਾਅ ਜੋ ਐਲਾਨ ਕੀਤੇ ਤੇ ਕਮਾਏ, ਉਨ੍ਹਾਂ ਦਾ ਸੰਖੇਪ ਜਿਹਾ ਵਰਨਣ, ਕੁਝ ਇਉਂ ਕੀਤਾ ਜਾ ਸਕਦਾ ਹੈ:

(੧) ਆਪ ਦੀ ਸਾਂਝੀਵਾਲਤਾ ਤੇ ਸਮ-ਦ੍ਰਿਸ਼ਟੀ ਦਾ ਮੂਲ ਸੋਮਾ ਸੀ, ਇਕ ਓਅੰਕਾਰ। ਵਾਸਤਵ ਵਿਚ ਅਗਿਆਨਤਾ ਦੇ ਹਨੇਰੇ ਵਿਚ ਮੰਜ਼ਲੋਂ ਘੁੱਥੇ ਤੇ ਅਨੇਕਤਾ ਵਿਚ ਪ੍ਰੇਸ਼ਾਨ ਇਨਸਾਨ ਨੂੰ ਸਭ ਸੁੱਖ-ਦਾਤੀ 'ਏਕਤਾ' ਦਰਸਾਉਣ ਤੇ ਦ੍ਰਿੜ੍ਹ ਕਰਾਉਣ ਹਿਤ ਅਥਵਾ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, ਦੁਖੀ ਲੁਕਾਈ ਦੀ ਪੁਕਾਰ ਸੁਣ ਕੇ ਤੇ ਤਰੁੱਠ ਕੇ, ਅਕਾਲ ਪੁਰਖ ਨੇ 'ਗੁਰੂ ਨਾਨਕ' ਨੂੰ ਜਗ ਵਿਚ 'ਪਠਾਇਆ' † ਸੀ। ਸੁਵੇਦ ਸਤਿਗੁਰੂ ਨੇ ਧਾਰਮਿਕ, ਰਾਜਨੀਤਕ ਤੇ ਆਰਥਿਕ ਖੇਤਰਾਂ ਵਿਚ ਲੀਰੋ ਲੀਰ ਹੋ, ਕੁਰਲਾ

†ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ ॥

ਰਹੀ ਮਨੁੱਖ ਆਤਮਾ ਦਾ ਰੋਗ ਲੱਭਿਆ ਅਤੇ ਉਸ ਨੂੰ ਪਿਆਰਾਂ-ਭਰੀ ਢਾਰਸ ਦਿੰਦਿਆਂ ਹੋਇਆਂ 'ਅਨੇਕਤਾ' ਵਿਚ 'ਏਕਤਾ' ਦੀ ਸ਼ਮ੍ਹਾਂ ਜਗਾਉਣ ਦੀ ਜੁਗਤੀ ਦੱਸੀ। ਸਮਝਾਇਆ ਕਿ ਉਸ ਦੇ ਸਾਰੇ ਦੁੱਖਾਂ ਦਾ ਕਾਰਨ ਏਕਤਾ ਦਾ ਅਭਾਵ ਅਥਵਾ ਹਉਮੈਂ ਭਰਪੂਰ ਬਾਹਰ-ਮੁਖੀ ਰੁਚੀ ਹੈ। ਹਰ ਥਾਂ, ਤੇ ਜੀਵਨ ਦੇ ਹਰ ਖੇਤਰ ਵਿਚ ਮਰਜ਼ ਇਕੋ ਸੀ—ਮਨੁੱਖ ਦੀ ਖਿੰਡਾਅ ਤੇ ਸਵਾਰਥ ਭਰਪੂਰ ਮਾਇਕ ਰੁਚੀ। ਇਸ ਦੇ ਇਸ਼ਟ ਵੱਖਰੇ, ਦੇਵ ਵੱਖਰੇ, ਦੇਹੁਰੇ ਵੱਖਰੇ, ਮਸੀਤਾਂ ਵੱਖਰੀਆਂ, ਰਹੁ-ਰੀਤਾਂ ਵੱਖਰੀਆਂ, ਰੋਟੀ-ਪਾਣੀ ਵੱਖਰੇ, ਏਥੋਂ ਤਕ ਕਿ ਤੁਰਨ-ਫਿਰਨ ਵਾਲੇ ਰਾਹ ਤੇ ਸੜਕਾਂ ਵੀ ਵੱਖ ਵੱਖ ਸਨ। ਫੇਰ, ਐਸੀਆਂ ਬਨਾਉਟੀ ਵੰਡਾਂ ਤੇ ਨਫ਼ਰਤਾਂ ਦੇ ਅੰਧਕਾਰ ਵਿਚ ਸਾਂਝੀਵਾਲਤਾ ਸੁਖ ਤੇ ਸ਼ਾਂਤੀ ਕਿੱਥੇ? ਕੀ ਵੱਡਾ ਤੇ ਕੀ ਛੋਟਾ, ਸਭ ਦੁਖੀ ਹੋ ਵਿਲਕ ਰਹੇ ਸਨ:

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕ ਦੋਊ ਮਿਲਿ ਰੋਈ ਹੈ ॥

ਗੋਵਿੰਦ ਸਰੂਪ, ਨਿਰੰਕਾਰੀ ਸਤਿਗੁਰੂ ਨੇ ਪਵਿੱਤਰ ਨਿਗਾਹ ਅਤੇ ਸੱਚ ਤੇ ਸੂਝ-ਭਰੇ ਦਿਲ ਨਾਲ ਕੁਲ ਮਖਲੂਕ ਨੂੰ ੧ ੳ ਅੰਕਾਰ ਅਥਵਾ 'ਏਕਾਈ' ਉਤੇ ਕੇਂਦ੍ਰਿਤ* ਹੋਣ ਦੀ ਰਮਜ਼ ਸਮਝਾਈ। ਅਰਸ਼ੀ ਬਾਣੀ ਰਾਹੀਂ ਇਹ ਘਰੇਲੂ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਕਿ ਸੁਖ ਧ੍ਰੁਵ-ਕੇਂਦਰ ਨਾਲ ਜੁੜੇ ਰਹਿਣ ਵਿਚ ਹੈ:

ਦੁਇ ਪੁੜਿ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ, ਨਾਨਕ ਅਜਬੁ ਡਿਠੁ ॥੧॥ (ਮ: ੧, ੧੪੨)

ਸਾਡੇ ਸਤਿਗੁਰੂ ਨੇ ਬੇਹੱਦ ਬੇਬਾਕੀ ਨਾਲ ਇਸ ਪ੍ਰਗਟ ਦਿਸਦੀ 'ਅਨੇਕਤਾ' ਵਿਚ ਸਮਾਨਤਾ ਤੇ ਸਾਂਝੀਵਾਲਤਾ ਦੀ ਜ਼ਾਮਨ 'ਏਕਤਾ' ਦਾ ਦਰਸ ਪੜ੍ਹਾਇਆ, ਜਿਸ ਦੀ ਸੰਖੇਪ ਤੌਰ ਉਤੇ ਰੂਪ-ਰੇਖਾ ਸੀ—ਵਾਹਿਗੁਰੂ ਇਕ ਤੇ ਕੇਵਲ ਇਕ ਹੈ, ਉਹ ਸਤਿ ਸੀ, ਸਤਿ ਹੈ ਅਤੇ ਸਤਿ ਰਹੇਗਾ, ਉਹ

---

*ਕੌਮ ਕੇ ਲੀਏ ਮੌਤ ਹੈ, ਮਰਕਜ਼ ਸੇ ਜੁਦਾਈ।
ਹੋ ਸਾਹਿਬਿ ਮਰਕਜ਼, ਤੋ ਖ਼ੁਦੀ ਕਿਆ? ਹੈ ਖ਼ੁਦਾਈ। (ਇਕਬਾਲ)

ਦਿਸਦੇ ਤੇ ਅਣਦਿਸਦੇ ਸੰਸਾਰ ਦਾ ਕਰਤਾ ਹੈ ਤੇ ਸਭ ਵਿਚ ਸਭ ਥਾਈਂ ਫੁਲ ਦੀ ਸੁਗੰਧੀ ਵਾਂਗ ਰਵ ਤੇ ਸਮਾ ਰਿਹਾ ਹੈ, ਉਹ ਨਿਰਭਉ ਤੇ ਨਿਰਵੈਰ ਹੈ, ਅਕਾਲ, ਅਜੂਨੀ ਤੇ ਸ੍ਵੈ ਪ੍ਰਕਾਸ਼ ਹੈ। ਉਹ ਲਾਜ਼ਵਾਲ ਹੈ, ਲਾਮਹਦੂਦ ਹੈ, ਆਪਣੀ ਏਕਤਵ ਵਿਚ ਵੀ ਇਕ ਹੈ ਅਤੇ ਅਨੇਕਤਾ ਵਿਚ ਵੀ ਇਕ। ਸਰਗੁਣ ਤੇ ਨਿਰਗੁਣ ਦੋਵੇਂ ਸਰੂਪ ਉਸ ਦੇ ਆਪਣੇ ਹਨ।

ਸੋ, ਮਨੁੱਖੀ ਸਾਂਝ ਦੇ ਸ਼ੈਦਾਈ ਸਤਿਗੁਰੂ ਨੇ ਮਨੁੱਖ ਨੂੰ ਉਸ ਏਕੇ ਉਤੇ ਕੇਂਦਰਤ ਕੀਤਾ ਜੋ ਸਭ ਦਾ ਮੁੱਢ ਹੈ, ਸਭ ਦੀ ਸੱਤਾ ਹੈ ਅਤੇ ਸਤਿ, ਚਿਤ, ਅਨੰਦ ਹੈ; ਜੋ ਸਤਯੰ, ਸ਼ਿਵਮ ਤੇ ਸੁੰਦਰਮ ਹੈ। ਉਸ ਨੂੰ ੧ਓ ਅੰਕਾਰ ਕਰਕੇ ਬਿਆਨਿਆ, ਅਤੇ ਸਾਰੇ ਬਲ ਨਾਲ ਕੁਲ ਮੁਖ਼ਲੂਕ ਨੂੰ, ਇਕ ਸਮਾਨ, ਇਉਂ ਸੰਬੋਧਨ ਕੀਤਾ :

(ੳ) ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ† ॥ (ਮ: ੧, ਪੰਨਾ ੯੩੪)

(ਅ) ਇਸੁ ਏਕੇ ਕਾ ਜਾਣੈ ਭੇਉ ॥
ਆਪੇ ਕਰਤਾ ਆਪੇ ਦੇਉ ॥ (ਮ: ੧, ਪੰਨਾ ੯੩੦)

(ੲ) ਏਕੰਕਾਰੁ ਅਵਰੁ ਨਹੀ ਦੂਜਾ
ਨਾਨਕ ਏਕੁ ਸਮਾਈ ॥ (ਰਾਮਕਲੀ)

ਇਸ ਏਕੇ (੧ਓ ਅੰਕਾਰ) ਉਤੇ ਕੇਂਦਰਤ ਹੋਇਆ ਮਨੁੱਖ-ਮਨ ਹੀ ਹਉਮੈ, ਜੋ ਅਨੇਕਤਾ, ਇਕੱਲ ਤੇ ਇੰਤਸ਼ਾਰ ਦੀ ਮੂਜਬ ਹੈ, ਦੀ ਮਾਰ ਤੋਂ ਬਚ ਸਕਦਾ ਹੈ। ਇਸ ਸਚਾਈ ਨੂੰ ਗੁਰਦੇਵ ਇਉਂ ਸਪੱਸ਼ਟ ਕਰਦੇ ਹਨ :

(ੳ) ਏਕੋ ਏਕੁ ਕਹੈ ਸਭੁ ਕੋਈ
(ਪ੍ਰੰਤੂ) ਹਉਮੈ ਗਰਬੁ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ
ਇਉ ਘਰੁ ਮਹਲੁ ਸਿਞਾਪੈ ॥

---

†ਖੁੱਢਾ ਬਿਰਧ।

(ੳ) ਏਕੋ ਕਉ ਸਚੁ ਏਕਾ ਜਾਣੈ
ਹਉਮੈ ਦੂਜਾ ਦੂਰਿ ਕੀਆ ॥* (ਪੰਨਾ ੬੪੦)

(ੲ) ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੋਇ ਨ ਵਸਹਿ ਇਕ ਠਾਇ ॥ (ਮ: ੩, ਪੰਨਾ ੫੬੦)

ਨਿਰੰਕਾਰੀ ਬਾਬੇ ਦਾ ਹੱਕੀ ਈਮਾਨ, ਤੇ ਫੁਰਮਾਨ ਹੈ ਕਿ ਜੋ ਮਨੁੱਖ, '੧ਓ ਅੰਕਾਰ' (ਵਾਹਿਗੁਰੂ) ਦੀ ਏਕਾਈ ਤੋਂ ਉਪਜੀ ਸਰਬ-ਸਾਂਝ ਨੂੰ ਅਪਣਾਉਂਦਾ ਤੇ ਇਸ ਤਰ੍ਹਾਂ ਹਉਮੈਂ ਦੇ ਦੀਰਘ ਰੋਗ ਨੂੰ ਦੂਰ ਕਰਦਾ ਹੋਇਆ, ਦੁਨੀਆਂ ਦਾ ਦਰਦ ਵੰਡਾਉਂਦਾ ਹੈ, ਉਹੀ ਦਾਤੇ ਦੇ ਦਰ ਪ੍ਰਵਾਨ ਥੀਂਦਾ ਤੇ ਸੁਰਖਰੂ ਹੁੰਦਾ ਹੈ। ਉਸ ਦਾ ਜੱਗ ਉਤੇ ਆਇਆ ਤੇ ਗਿਆ ਸਫਲ ਹੈ, ਪ੍ਰਵਾਨ ਹੈ,

ਜਿਵੇਂ ਗੋਵਿੰਦ ਰੂਪ, ਸਭ ਦੇ ਸਾਂਝੇ ਤੇ ਸਭ ਲਈ ਦਰਦ-ਮੰਦ ਦਿਲ ਰੱਖਣ ਵਾਲੇ ਆਦਿ ਗੁਰੂ ਦੇਵ ਨੇ ਮਨੁੱਖ ਨੂੰ ਅੰਤਰ ਆਤਮੇ 'ਏਕੰਕਾਰ' ਨਾਲ ਜੁੜ ਕੇ ਸਦਾ-ਸੁਖੀ ਰਹਿਣ ਦੀ ਜੁਗਤੀ ਦਸੀ ਹੈ, ਤਿਵੇਂ ਹੀ ਆਪ ਨੇ ਸਫਲ ਸਮਾਜਕ ਜੀਵਨ ਲਈ ਵੀ ਏਕੇ ਅਥਵਾ ਏਕਤਾ ਉਤੇ ਆਧਾਰਤ ਸਾਂਝ ਨੂੰ ਹੀ ਆਧਾਰ ਮੰਨਿਆ ਹੈ। 'ਏਕੇ' ਦਾ ਅਭਾਵ ਅਸਮਾਨਤਾ ਦਾ ਲਖਾਇਕ ਹੈ। ਜਿਥੇ ਅਸਮਾਨਤਾ ਹੈ, ਵਿਤਕਰਾ ਹੈ, ਨਸਲ ਕੁਲ, ਰੂਪ ਰੰਗ, ਵਰਣ, ਜ਼ਾਤ, ਗੋਤ, ਅਤੇ ਕੌਮੀਅਤ ਦੀ ਬਿਨਾਅ ਉਤੇ ਕੁਤੱਤਣ ਤੇ ਗਿਲਾਨੀ ਦਾ ਪਹਿਰਾ ਹੈ, ਓਥੇ ਏਕੇ, ਏਕੰਕਾਰ ਅਥਵਾ ਅਕਾਲ ਪੁਰਖ ਵਾਹਿਗੁਰੂ ਦਾ ਅਭਾਵ ਹੈ।

ਸਾਂਝੀਵਾਲਤਾ ਤੇ ਸਮਾਨਤਾ ਦੇ ਮਿਥੇ ਨਿਸ਼ਾਨੇ ਵਲ ਵਧਣ ਲਈ ਆਪ ਨੇ ਸਮਾਜਕ ਵਿਤਕਰਿਆਂ ਤੇ ਛੂਤ ਛਾਤ ਆਦਿ ਬੁਰਾਈਆਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਸਮਾਜ ਦੀ ਆਤਮਾ ਨੂੰ ਪੂਰੀ ਬੇਬਾਕੀ ਨਾਲ ਇਉਂ ਹਲੂਣਿਆ :

---

*ਜਦ ਕੋਈ ਹਉਮੈ ਰੂਪੀ ਦਵੈਤ ਭਾਵ ਨੂੰ ਦੂਰ ਕਰ ਲਵੇਗਾ, ਤਾਂ 'ਇੱਕ ਇਕ' ਨੂੰ ਸੱਚਮੁੱਚ ਇਕ ਜਾਣ ਲਵੇਗਾ।

(ੳ) ਫਕੜ ਜਾਤੀ, ਫਕੜੁ ਨਾਉ ॥
ਸਭਨਾ ਜੀਆ, ਇਕਾ ਛਾਉ ॥ (ਸਿਰੀ, ਪੰਨਾ ੮੩)

(ਅ) ਜਾਤੀ ਦੈ ਕਿਆ ਹਥਿ, ਸਚੁ ਪਰਖੀਐ ॥ (ਮਾਝ, ਪੰਨਾ ੧੪੨)

(ੲ) ਜਾਤਿ ਜਨਮੁ ਨਹ ਪੂਛੀਐ,
ਸਕੁ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ,
ਜੇਹੇ ਕਰਮ ਕਮਾਇ ॥ (ਪ੍ਰਭਾਤੀ, ਪੰਨਾ ੧੩੩੦)

(ਸ) ਨੀਚਾ ਅੰਦਰਿ ਨੀਚ ਜਾਤਿ,
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ,
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ,
ਤਿਥੈ ਨਦਰਿ ਤੇਰੀ ਬਖਸੀਸ ॥ (ਪੰਨਾ ੧੫)

ਵਾਹ, ਕਿਤਨੇ ਇਨਕਲਾਬੀ ਤੇ ਦਰਦ-ਭਰੇ ਸਨ ਇਹ ਅਰਸ਼ੀ ਬੋਲ, ਅਰਸ਼ੀ ਬਾਬੇ ਦੇ, ਅੱਜ ਤੋਂ ਪੰਜ ਸਦੀਆਂ ਪਹਿਲੇ ਦੇ, ਆਪ-ਹੁਦਰੇ, ਮੁਤਅੱਸਬ ਤੇ ਖ਼ੂਨੀ ਸਮਾਜ ਵਿਰੁਧ ।

ਜਗਤ-ਗੁਰੂ-ਬਾਬੇ ਦੀ ਮਨੁੱਖ ਮਾਤਰ ਨਾਲ ਸਰਬ-ਵਿਆਪੀ-ਸਾਂਝ ਤੇ ਸਮ-ਦ੍ਰਿਸ਼ਟੀ ਦਾ ਇਹ ਆਲਮ ਹੈ ਕਿ ਜਦ ਆਪ ਨੇ ਸਗਲੀ ਧਰਤੀ ਸੋਧਣ ਲਈ ਤਿਆਰਾ ਕੀਤਾ ਤਾਂ ਆਪਣਾ ਪਹਿਲਾ ਸਾਥੀ ਭਾਈ ਮਰਦਾਨੇ (ਮੁਸਲਮਾਨ ਡੂਮ) ਨੂੰ ਬਣਾਇਆ ਅਤੇ ਪਹਿਲੀ ਉਦਾਸੀ ਦਾ ਪਹਿਲਾ ਪੜਾਅ ਸੈਦਪੁਰ (ਐਮਨਾਬਾਦ) ਭਾਈ ਲਾਲੋ, ਇਕ ਕਿਰਤੀ ਬੇਢੀ, ਅਖੌਤੀ ਸ਼ੂਦਰ ਦੇ ਘਰ ਕੀਤਾ ।

ਜਗਤ ਗੁਰੂ ਬਾਬੇ ਨੇ ਆਪਣੇ ਕਹੇ ਇਹਨਾਂ ਅੰਮ੍ਰਿਤ ਬਚਨਾਂ—

ਨਾਨਕ, ਸਤਿਗੁਰੁ ਐਸਾ ਜਾਣੀਐ, ਜੋ ਸਭਸੈ ਲਏ ਮਿਲਾਇ ਜੀਉ ॥
(ਸ੍ਰੀ ਰਾਗ, ਪੰਨਾ ੭੨)

ਦੀ ਪੂਰਤੀ ਲਈ ਵੱਡੇ ਚਾਰ ਪ੍ਰਚਾਰ ਦੌਰੇ ਕੀਤੇ, ਜਿਨ੍ਹਾਂ ਵਿਚ ਉਹ ਆਪਣੇ ਮਿਸ਼ਨ ਦੀ ਪ੍ਰਪੱਕਤਾ ਹਿਤ ਜੇ ਹਿੰਦੂ ਤੀਰਥਾਂ ਉਤੇ ਗਏ ਤਾਂ ਮੁਸਲਮਾਨਾਂ ਦੇ ਮੁਕੱਦਸ ਅਸਥਾਨਾਂ ਉਤੇ ਵੀ ਪੁੱਜੇ; ਜੇ ਸਿੱਧਾਂ ਨੂੰ ਸਿੱਧੇ ਰਾਹ ਪਾਇਆ ਤਾਂ ਜੋਗੀਆਂ ਨੂੰ ਭੀ ਜੀਵਨ-ਜੁਗਤੀ ਦੱਸੀ। ਜਦ ਧਰਮ ਦੇ ਇਹਨਾਂ ਠੇਕੇਦਾਰਾਂ ਦੀ ਕੁਚਾਲ ਤੇ ਨਿੱਘਰੇਪਨ ਨੂੰ ਤੱਕਿਆ ਤਾਂ ਬੇਬਾਕ ਬਾਬੇ ਨੇ ਤਾੜਨਾ-ਭਰਪੂਰ ਇਹ ਸ਼ਬਦ ਕਹਿਣੋਂ ਸੰਕੋਚ ਨਾ ਕੀਤਾ :

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥ (ਮ: ੧, ਪੰਨਾ ੬੬੨)

ਜੇ ਬਾਬਰ ਵਰਗੇ ਜਾਬਰਾਂ ਨੂੰ ਮਿਲੇ ਤਾਂ ਹੱਕ ਤੇ ਏਕਤਾ ਦਾ ਉਪਦੇਸ਼ ਦਿੱਤਾ ਅਤੇ ਜੇ ਪੀਰਾਂ, ਫ਼ਕੀਰਾਂ ਤੇ ਔਲੀਆਂ ਨਾਲ ਚਰਚਾ ਹੋਈ ਤਾਂ ਵੀ ਇਹੀ ਪੈਗ਼ਾਮ ਦਿੱਤਾ ਕਿ '੧ ਓ ਅੰਕਾਰ' ਸਭ ਦਾ ਪਿਤਾ ਹੈ ਤੇ ਉਹੀ ਸਭ ਦਾ ਕਰਤਾ ਹੈ। ਦੂਈ ਦੀ ਮੈਲ ਧੋਤਿਆਂ ਹੀ, ਦਿਲਾਂ ਵਿਚ, ਉਸ ਖਾਲਕ ਤੇ ਉਸ ਦੀ ਕੁਲ ਮਖ਼ਲੂਕ ਨਾਲ ਪਿਆਰ ਵਾਲਾ ਪੀਡਾ ਰਿਸ਼ਤਾ ਪੈ ਸਕਦਾ ਹੈ।

ਬਾਬੇ ਦੇ ਪੈਗ਼ਾਮ ਦਾ ਖੇਤਰ ਸਮਸਤ ਸੰਸਾਰ ਹੋਣ ਕਰਕੇ, ਮੰਜ਼ਲ ਦੂਰ ਤੇ ਪੈਂਡਾ ਬਿਖੜਾ ਸੀ। ਉਸ ਦਾ ਮੱਤ ਕਰਨੀ-ਪ੍ਰਧਾਨ ਸੀ, ਅਤੇ ਮਨੁੱਖਤਾ ਨੂੰ ਉਚਿਆਉਣ ਦਾ ਸਾਧਨ ਸੱਚੇ ਆਚਾਰ ਦੀ ਘਾੜਤ। ਇਸ ਲਈ ਉਹਨਾਂ ਨੇ ਐਸੇ ਗੁਣਾਂ ਵਾਲੇ ਆਦਰਸ਼ਕ-ਮਨੁੱਖ ਦੀ ਸਿਰਜਨਾ ਦਾ ਇਹ ਕੰਮ, ਜੋਤ ਤੇ ਜੁਗਤੀ ਇਕ ਸਮਾਨ ਓਹੀ ਰੱਖਦਿਆਂ ਤੇ ਵਰਤਾਉਂਦਿਆਂ, ਦਸਾਂ ਸਰੂਪਾਂ ਵਿਚ ੧੬੯੯ ਦੀ ਵਿਸਾਖੀ ਵਾਲੇ ਦਿਨ, ਓਦੋਂ ਸੰਪੂਰਨ ਕੀਤਾ ਜਦ ਕਰੜੀ ਪ੍ਰੀਖਿਆ ਉਪਰੰਤ ਖਾਲਸੇ ਦੀ ਸਿਰਜਨਾ ਹੋਈ, ਅਤੇ ਉਸ ਸਿਰਜਣਾ ਵਿਚ ਸਭ ਤੋਂ ਪ੍ਰਗਟ ਤੇ ਪ੍ਰਤੱਖ ਦ੍ਰਿਸ਼ ਸੀ : ਨਿੱਘਾ ਭਰੀ

ਮਨੁੱਖੀ ਸਾਂਝ ਤੇ ਸਮਾਨਤਾ ਅਤੇ 'ਆਪੇ ਗੁਰ ਚੇਲਾ' ਹੋਣ ਦੀ ਅਲੌਕਿਕ ਝਾਕੀ।

ਕੀ ਗੁਰੂ-ਰੂਪ ਹੋਣ ਦਾ ਦਾਅਵਾ ਕਰਨ ਤੇ ਮਾਣ ਪ੍ਰਾਪਤ ਕਰਨ ਵਾਲਾ ਅਜੋਕਾ ਖਾਲਸਾ, ਹਉਮੈ, ਸੁਆਰਥ ਤੇ ਜਾਤ-ਅਭਿਮਾਨ ਤੋਂ ਉਚੇਰਾ ਉੱਠ ਤੇ ਅੰਤਰ-ਮੁਖੀ ਹੋ ਕੇ, ਕਦੀ ਸੋਚੇ ਤੇ ਪ੍ਰਤੱਗਿਆ ਕਰੇਗਾ ਕਿ ਉਸ ਨੇ ਜਗਤ-ਗੁਰੂ ਦੇ ਵਾਰਿਸ ਹੋਣ ਦੇ ਨਾਤੇ, ਲੋਕਾਈ ਵਿਚ ਸੱਚੇ ਆਚਾਰ ਤੇ ਸਰਬ ਸ੍ਰਿਸ਼ਟ ਸਾਂਝੀਵਾਲਤਾ ਦੇ ਸੰਚਾਰਨ ਦੀ ਉਹੀ ਏਵੀ-ਕਾਰ ਕਮਾਉਣੀ ਹੈ, ਜੋ ਕਦੇ ਸਭ ਦੇ ਸਾਂਝੇ ਮੋਢੀ ਬਾਬੇ ਨੇ ਦਸਾਂ ਜਾਮਿਆਂ ਵਿਚ ਵਿਚਰਦਿਆਂ, ਕਮਾਉਣ ਦਾ ਵੱਲ ਦੱਸਿਆ ਸੀ, ਅਤੇ ਜੋ ਉਹਨਾਂ ਦੀ ਜੋਤਿ-ਗੁਰ ਸ਼ਬਦ-ਜੁਗੋ ਜੁਗ ਦੱਸਦੀ ਰਹੇਗੀ ?

ਪ੍ਰੰਤੂ ; ਪੂਰਨ ਗਿਆਨ ਪ੍ਰਗਟੇਗਾ ਓਥੇ ਹੀ ਜਿਥੇ ਅਮਲ ਕਰਨੀ ਹੈ :

ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥ (ਗੁਰੂ ਨਾਨਕ)

ਸੁਵੈਦ ਗੁਰੂ ਬਾਬਾ

ਮਾਇਆ ਦੇ ਭੁਚਲਾਏ ਤੇ ਭਟਕਾਏ ਮਨੁੱਖ ਨੂੰ ਇਹ ਨਿਸਚਾ ਕਰਾਉਣ ਲਈ ਕਿ ਉਹ ਕੇਵਲ ਸਰੀਰ ਨਹੀਂ, ਆਤਮਾ ਹੈ; ਫਰਸ਼ੀ ਨਹੀਂ, ਅਰਸ਼ੀ ਹੈ; ਨਾਰੀ ਨਹੀਂ, ਨੂਰੀ ਹੈ; ਚਾਕਰ ਨਹੀਂ, ਸਾਹਿਬ ਹੈ; ਉਸ ਦਾ ਮੂਲ ਮਾਇਆ ਨਹੀਂ; ਪਰਮਾਤਮਾ ਹੈ, ਸਮੇਂ ਸਮੇਂ ਧੁਰੋਂ ਪਠਾਏ ਤੇ ਵਰਸਾਏ ਗੁਰੂ ਅਵਤਾਰ ਤੇ ਪੈਗੰਬਰ ਸੰਸਾਰ ਵਿਚ ਆਉਂਦੇ ਰਹੇ ਹਨ* ।

ਜੁਗੋ ਜੁਗ ਪ੍ਰਗਟੇ ਅਜੇਹੇ ਸਮੂਹ ਮਹਾਂਪੁਰਸ਼ਾਂ ਨੇ ਹੀ ਮਨੁੱਖ ਨੂੰ ਗਫਲਤ ਤੇ ਅਗਿਆਨਤਾ ਦੀ ਨਿੰਦਰਾ ਤੋਂ ਜਗਾਉਣ, ਆਪੇ ਦੀ ਸੋਝੀ ਕਰਾਉਣ ਅਤੇ ਇਸ ਦੇ ਦਿਲ ਦਿਮਾਗ ਅੰਦਰ, ਵਿੱਤ ਅਨੁਸਾਰ, ਪ੍ਰਭੂ-ਪ੍ਰੇਮ ਦੀ ਚੰਗਿਆੜੀ ਪ੍ਰਜਵੱਲਤ ਕਰਨ ਦਾ ਉਪਰਾਲਾ ਕੀਤਾ ਹੈ। ਸਭ ਦੇ ਜਤਨ ਦੇਸ਼, ਕਾਲ ਅਤੇ ਲੋਕਾਂ ਦੀ ਅਵਸਥਾ-ਵਸ, ਪਰਸੰਸਾ ਯੋਗ ਹਨ ; ਪ੍ਰੰਤੂ ਆਤਮਕ, ਮਾਨਸਕ, ਆਰਥਕ ਤੇ ਰਾਜਨੀਤਕ ਪੀੜਾ ਵਿਚ ਗ੍ਰਸੀ, ਪੀੜੀਂਦੀ ਤੇ ਹਾਹਾਕਾਰ ਕਰਦੀ ਲੋਕਾਈ ਨੂੰ ਅੱਜ ਤੋਂ ਪੰਜ ਸਦੀਆਂ ਪਹਿਲਾਂ ਜੋ ਪ੍ਰੇਮ-ਭਿੰਨਾ ਤੇ ਸਰਬ-ਸੁਖਦਾਤਾ, ਭਰਪੂਰ-ਦਿਲਾਸਾ ਤੇ ਬਿਬੇਕ-ਬੁੱਧ-ਗੁੰਧਾ-ਪ੍ਰਚੰਡ-ਗਿਆਨ, ਧੁਰੋਂ ਪਠਾਏ 'ਗੁਰੂ ਨਾਨਕ ਨਿਰੰਕਾਰੀ' ਨੇ ਬਖਸ਼ਿਆ, ਉਹ ਮਹਾਨ ਹੈ, ਉੱਚਤਮ ਹੈ, ਅਦੁੱਤੀ ਹੈ। ਬਾਬੇ ਦੇ ਨਗਮਾਇ ਤੌਹੀਦ ਤੇ

---

*ਦਰ ਦਹਰ, ਕਿ ਮਰਦਾਨਿ ਖ਼ੁਦਾ ਆਮਦਾ-ਅੰਦ ।
ਬਰ ਗੁੰਮ-ਸ਼ੁਦਗਾਂ, ਰਾਹਨੁਮਾ ਆਮਦਾ-ਅੰਦ ।
ਗੋਯਾ, ਗਰ ਈਂ ਚਸ਼ਮਿ ਤੋ ਮੁਸ਼ਤਾਕਿ ਖ਼ੁਦਾਸਤ,
ਮਰਦਾਨਿ ਖ਼ੁਦਾ, ਖ਼ੁਦਾ-ਨੁਮਾ ਆਮਦਾ-ਅੰਦ । (ਭਾ: ਨੰਦ ਲਾਲ ਜੀ)

ਹਕ ਦੇ ਪੈਗ਼ਾਮ ਦੀ ਮਹਿਮਾ ਅਗਾਧਿ ਬੋਧ ਤੇ ਅਕਥਨੀਜ ਹੈ। ਮਾਨਵਤਾ ਐਸੇ ਸਾਂਝੇ, ਸੁਵੇਦ ਤੇ ਸਦੀਵੀ ਰਹਬਰ ਉੱਤੇ ਜਿਨਾ ਵੀ ਮਾਨ ਕਰੇ, ਥੋੜ੍ਹਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿਚ ਬਹੁਤ ਕੁਝ ਸੀ : ਵੇਦ ਸਨ, ਸ਼ਾਸਤਰ ਸਨ, ਸਿਮਰਿਤੀਆਂ ਤੇ ਪੁਰਾਣ ਸਨ, ਰਿਸ਼ੀਆਂ ਤੇ ਮੁਨੀਆਂ ਦਾ ਜੁਗਾਂ ਦਾ ਗਿਆਨ ਪ੍ਰਾਪਤ ਸੀ। ਜੋਗੀਆਂ, ਜੰਗਮਾਂ, ਸੰਨਿਆਸੀਆਂ, ਸਿੱਧਾਂ, ਮੰਦਰਾਂ ਤੇ ਮੱਠਾਂ ਦੀ ਵੀ ਘਾਟ ਨਹੀਂ ਸੀ। ਈਸ਼ਵਰੀ ਗਿਆਨ ਦੇ ਇਸ ਭੰਡਾਰੇ ਨਾਲ, ਮੋਮਨਾਂ ਦੇ ਕਥਨ ਅਨੁਸਾਰ, 'ਕੁਰਾਨ ਦੀ ਪਾਕ ਤਾਲੀਮ' ਵੀ ਆ ਸ਼ਾਮਿਲ ਹੋਈ। ਚਾਹੀਦਾ ਤਾਂ ਇਹ ਸੀ ਕਿ ਪੂਰਬ ਤੇ ਪੱਛਮ ਦੇ ਗਿਆਨ ਦੇ ਇਸ ਮੇਲ ਨਾਲ ਭਾਰਤੀਆਂ ਦੀ ਕਿਸਮਤ ਜਾਗ ਉੱਠਦੀ; ਉਹਨਾਂ ਦੇ ਦਿਲ ਦਿਮਾਗ ਦੋਹਾਂ ਤਾਲੀਮਾਂ ਦੇ ਸੁਗਿਆਨ ਨਾਲ ਰੌਸ਼ਨ ਹੋ ਜਾਂਦੇ, ਅੰਧਕਾਰ ਦੂਰ ਹੁੰਦਾ ਤੇ ਇਸ ਦੇ ਫਲ ਸਰੂਪ ਚੌਹੀਂ ਪਾਸੀਂ ਸੁੱਖ ਤੇ ਸ਼ਾਂਤੀ ਵਰਤਦੀ ; ਪ੍ਰੰਤੂ, ਇਨਸਾਨੀਅਤ ਦੇ ਮੰਦੇ ਭਾਗਾਂ ਨੂੰ ਇਹਨਾਂ ਦੋਹਾਂ ਸਭਯਤਾਵਾਂ ਦੇ ਮੁਦੱਈਆਂ ਨੇ ਆਪਣੀ ਤਹਿਜ਼ੀਬ ਦੇ ਚਰਾਗ ਗੁਲ ਕਰਕੇ ਇਸ ਗੱਲ ਉੱਤੇ ਗੁੱਥਮ ਗੁੱਥਾ ਹੋਣਾ ਆਰੰਭ ਦਿੱਤਾ ਕਿ ਉਸ ਦੇ ਮਜ਼ਹਬੀ-ਦੀਪ ਦੀ ਰੌਸ਼ਨੀ, ਦੂਜੇ ਨਾਲੋਂ ਵੱਧ ਤੇ ਸਰੇਸ਼ਟ ਹੈ।

ਇਸ ਦੇ ਫਲ ਸਰੂਪ ਏਥੇ ਕਰਮ ਕਾਂਡ, ਪਾਖੰਡ, ਤੁਅੱਸਬ, ਤਅੱਦੀ, ਜਬਰ, ਈਰਖਾ, ਦਵੈਖ ਤੇ ਘਿਰਣਾ ਦੇ ਅੰਧੇਰੇ ਦੀ ਬੀਮਾਰੀ ਹੋਰ ਵੀ ਮਾਰੂ ਤੇ ਡੂੰਘੀ ਹੁੰਦੀ ਗਈ।

ਭਾਈ ਗੁਰਦਾਸ ਜੀ ਨੇ ਸਮਾਜ ਦੀ ਇਸ ਦੁੱਖ-ਭਰੀ ਤੇ ਬਿਹਬਲ ਅਵੱਸਥਾ ਨੂੰ ਇਉਂ ਨਿਰਪੂਨ ਕਰਕੇ, ਮਾਨੋ, ਬਿਆਨ ਦੇ ਸਾਗਰ ਨੂੰ ਸੰਖੇਪਤਾ ਦੇ ਕੂੰਜੇ ਵਿਚ ਬੰਦ ਕਰਨ ਦਾ ਸਫਲ ਜਤਨ ਕੀਤਾ ਹੈ :

ਚਾਰਿ ਵਰਨ ਚਾਰਿ ਮਜਹਬਾ ਜੱਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕੱਬਰੀ ਖਿੱਚੋਤਾਣ ਕਰੇਨਿ ਧਿਙਾਣੇ।

ਗੰਗ ਬਨਾਰਸਿ ਹਿੰਦੂਆ, ਮੱਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ, ਤਿਲਕ ਜੰਞੂ ਹਿੰਦੂ ਲੁਭਾਣੇ।
ਰਾਮ ਰਹੀਮ ਕਹਾਇਦੇ, ਇਕ ਨਾਮ ਦੁਇ ਰਾਹ ਭੁਲਾਣੇ।
ਸਚੁ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ। (ਵਾਰ ੧, ਪਉੜੀ ੨੧)

ਅੱਗੇ ਚੱਲ ਕੇ ਫੇਰ ਪ੍ਰਤੀਨ ਭਾਈ ਸਾਹਿਬ ਜੀ ਵਾਪਰੇ ਇਸ ਕਲਜੁਗ ਨੂੰ ਕੁੱਤੇ ਦੇ ਮੂੰਹ ਨਾਲ ਉਪਮਾ ਦੇ ਕੇ ਤੇ ਉਸ ਦਾ ਖਾਣਾ ਮੁਰਦਾਰ ਦੱਸ ਕੇ, ਵਧੇ ਲੋਭ, ਲਾਲਚ ਤੇ ਦੂਜੇ ਦਾ ਹੱਕ ਮਾਰਨ ਦੀ ਰੁਚੀ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ :

ਕਲ ਆਈ, ਕੁਤੇ ਮੁਹੀ, ਖਾਜੁ ਹੋਇਆ ਮੁਰਦਾਰ ਗੁਸਾਈ ॥
ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨੁ, ਕੂੜੁ ਕੁਸਤਿ ਮੁਖਹੁ ਆਲਾਈ ॥
ਚੇਲੇ ਸਾਜ ਵਜਾਇੰਦੇ, ਨਚਨਿ ਗੁਰੂ ਬਹੁਤ ਬਿਧਿ ਭਾਈ ॥
ਸੇਵਕ ਬੈਠਨਿ ਘਰਾਂ ਵਿਚਿ, ਗੁਰ ਉਠਿ ਘਰੀਂ ਤਿਨਾੜੇ ਜਾਈ ॥
ਕਾਜੀ ਹੋਏ ਰਿਸ਼ਵਤੀ, ਵੱਢੀ ਲੈ ਕੇ ਹੱਕ ਗਵਾਈ ॥
ਇਸਤ੍ਰੀ ਪੁਰਖੈ ਦਾਮ ਹਿਤੁ, ਭਾਵੈ ਆਇ ਕਿਥਾਉਂ ਜਾਈ ॥
ਵਰਤਿਆ ਪਾਪ ਸਭਸ ਜਗ ਮਾਹੀਂ ॥ (ਵਾਰ ੧, ਪਉੜੀ ੩੦)

ਜ਼ਾਹਰ ਪੀਰ ਤੇ ਜਗਤ-ਗੁਰ-ਬਾਬੇ ਨੇ ਇਕ ਸੁਜਾਨ ਵੈਦ ਸਮਾਨ ਮਨੁੱਖ ਦੇ ਮਰਜ਼ ਦੀ ਤਸ਼ਖੀਸ ਕੀਤੀ ਤੇ ਬੀਮਾਰੀ ਲੱਭੀ। ਬੀਮਾਰੀ ਸੀ, ਜੀਵਨ ਵਿਚੋਂ ਸੱਚ ਤੇ ਸੱਚੇ ਆਚਾਰ ਦੇ ਦੀਪ ਦਾ ਅਭਾਵ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਉਪਰੋਕਤ ਪਹਿਲੀ ਪਉੜੀ ਦੀ ਛੇਵੀਂ ਤੁਕ ਵਿਚ 'ਸਚੁ ਕਿਨਾਰੇ ਰਹਿ ਗਿਆ...।' ਆਖ ਕੇ ਕੀਤਾ ਹੈ। ਦੂਜੇ ਸ਼ਬਦਾਂ ਵਿਚ ਸੱਚ ਦੇ ਅਲੋਪ ਹੋ ਜਾਣ ਨਾਲ ਕੂੜ ਦੀ ਪ੍ਰਧਾਨਤਾ ਸੀ—ਜਿਵੇਂ ਪ੍ਰਕਾਸ਼ ਦੀ ਅਣਹੋਂਦ ਕਾਰਨ ਡੂੰਘੇ ਅਨ੍ਹੇਰੇ ਦਾ ਪਸਰ ਜਾਣਾ ਕੁਦਰਤੀ ਹੈ। ਕੂੜ ਦੇ ਇਸ ਪਹਿਰੇ ਵਿਚ ਜੇ ਰਾਜੇ ਪਾਪੀ ਸਨ, ਤਾਂ ਪਰਜਾ ਅਗਿਆਨੀ

ਤੇ ਕੂੜ ਕੁਸੱਤ ਗ੍ਰਸਤ ਸੀ, ਹੱਕੀ ਨਿਆਂ ਦੇਣ ਵਾਲੇ ਕਾਜ਼ੀ ਵੱਢੀ-ਖੋਰ ਸਨ। ਉਹ ਰਿਸ਼ਵਤ ਲੈ ਕੇ ਇਨਸਾਫ ਵੇਚਦੇ ਤੇ ਹੱਕ ਮਾਰਦੇ ਸਨ। ਇਸਤ੍ਰੀ ਤੇ ਪੁਰਖ ਦਾ ਹਿਤ ਕੇਵਲ ਪੈਸੇ ਉਤੇ ਆਧਾਰਤ ਸੀ। ਸਹਿਨਸ਼ੀਲਤਾ ਤੇ ਸਹ-ਵਾਸ (co-existence) ਦੇ ਅਭਾਵ ਦਾ ਇਹ ਆਲਮ ਸੀ ਕਿ ਦੂਜੇ ਧਰਮ ਦੇ ਨਿਤਾਣੇ, ਮਹਕੂਮ ਤੇ ਬੇ-ਬਸ ਲੋਕਾਂ ਦੇ ਧਰਮ ਮੰਦਰਾਂ ਨੂੰ ਢਾਹ ਕੇ ਉਹਨਾਂ ਦੀ ਥਾਂ ਮਸੀਤਾਂ ਉਸਾਰੀਆਂ ਜਾਂਦੀਆਂ ਸਨ*, ਅਤੇ ਅਜੇਹਾ ਕਰਕੇ ਉਹਨਾਂ ਦੇ ਪੀੜਤ ਮਨ-ਮੰਦਰਾਂ ਅਤੇ ਢੱਠੇ ਦਿਲ-ਕਾਬਿਆਂ ਉਤੇ ਲੂਣ ਛਿੜਕਣ ਵਾਲੀ ਗੱਲ ਕੀਤੀ ਜਾਂਦੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ, ਉਸ ਸਮੇਂ ਦੇ ਧਾਰਮਕ ਆਗੂਆਂ ਦੀ ਕੂੜ-ਕੁਸੱਤ ਨਾਲ ਨਿਘਰੀ ਦੀਨ-ਦਸ਼ਾ ਦਾ ਨਕਸ਼ਾ ਇਉਂ ਖਿਚਦੇ ਹਨ :

ਮਾਣਸ ਖਾਣੇ, ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨਿ ਘਰਿ ਬ੍ਰਹਮਣ, ਪੂਰਹਿ ਨਾਦ ॥
ਉਨਾ ਭਿ ਆਵਹਿ ਓਈ ਸਾਦੁ ॥
ਕੂੜੀ ਰਾਸਿ, ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ, ਕੂੜੁ ਰਹਿਆ ਭਰਪੂਰਿ ॥ (ਆਸਾ ਦੀ ਵਾਰ)

ਆਪ ਜੀ, ਰਾਜਿਆਂ ਦੇ ਕਸਾਈਪੁਣ, ਸੱਚ ਦੇ ਅਭਾਵ, ਕੂੜ ਦੀ ਵਰਤੀ ਮੱਸਿਆ ਦਾ ਕਥਨ ਅਤੇ ਇਸ ਅੰਧੇਰੇ ਵਿਚ ਸੱਚ ਦੀ ਭਾਲ ਵਿਚ ਕਮਲੇ ਹੋ ਜਾਣ ਦੀ ਗੱਲ ਇਉਂ ਕਰਦੇ ਹਨ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥

---

*ਠਾਕੁਰ ਦੁਆਰੇ ਢਾਹਿ ਕੇ ਤਿਹ ਠਉੜੀਂ ਮਸੀਤ ਉਸਾਰਾ।

ਹਉ ਭਾਲਿ ਵਿਕੁੰਨੀ ਹੋਈ ਆਧੇਰੈ ਰਾਹੁ ਨ ਕੋਈ ॥

ਕਹੁ ਨਾਨਕ, ਕਿਨਿ ਬਿਧਿ ਗਤਿ ਹੋਈ ॥ (ਮਾਝ ਮ: ੧, ਪੰ: ੧੫)

ਸੁਵੈਦ ਬਾਬੇ ਨੇ ਸੰਸਾਰ ਨੂੰ ਕੂੜ ਦਾ ਰੋਗੀ ਤੇ ਮੈਲਾ ਦੱਸ ਕੇ ਇਹ ਰੋਗ ਦੂਰ ਕਰਨ ਤੇ ਮੈਲ-ਹਰਨ ਦਾ ਜੋ ਵਾਹਿਦ (ਇੱਕੋ ਇੱਕ) ਨੁਸਖਾ ਤਜਵੀਜ਼ ਕੀਤਾ, ਉਹ ਹੈ ਪ੍ਰਭੂ ਦੇ ਨਾਮ ਅਥਵਾ ਸੱਚ ਦਾ ਸਿਮਰਨ। 'ਨਾਮ ਅਤੇ ਸੱਚ' ਆਪਸ ਵਿਚ ਕਿਵੇਂ ਸਮਾਨ-ਅਰਥਕ, ਓਤ-ਪੋਤ ਤੇ ਅਭੇਦ ਹਨ, ਇਸ ਲਈ ਵਾਚੋ, ਹਜ਼ੂਰ ਦਾ ਇਹ ਫ਼ੁਰਮਾਨ :

ਸੰਸਾਰੁ ਰੋਗੀ, ਨਾਮੁ ਦਾਰੂ, ਮੈਲ ਲਾਗੈ, ਸਚ ਬਿਨਾ ॥

(ਪੰ: ੬੮੭)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਫਿਲਾਸਫੀ '੧ ਓ ਅੰਕਾਰ' ਵਾਹਿਗੁਰੂ ਤੇ 'ਸਚੁ' ਅਥਵਾ 'ਸੱਚੇ ਆਚਾਰ' ਦੀ ਔਖਧੀ ਦੇ ਧੁਰੇ ਗਿਰਦ ਘੁੰਮਦੀ ਹੈ। ਜਪੁਜੀ ਦੇ ਆਰੰਭ ਵਿਚ ਹੀ ਅੰਕਿਤ ਹੋਇ ਮੰਗਲ ਦਾ ਆਰੰਭ ਹੀ '੧ ਓ ਸਤਿ ਨਾਮੁ' ਤੋਂ ਕੀਤਾ ਗਿਆ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਚਾਰੇ ਪਦ ਏਥੇ ਸਮਾਨ-ਅਰਥਕ ਅਥਵਾ ਪਰਯਾਯ (ਵਾਹਿਗੁਰੂ) ਵਾਚਕ ਸ਼ਬਦ ਹਨ।

ਫੇਰ ੧ ਓ ਅੰਕਾਰ ਦੇ ਸੰਪੂਰਨ ਮੰਗਲ ਤੇ 'ਜਪੁ' ਬਾਣੀ ਤੋਂ ਬਾਅਦ ਜੋ ਸਲੋਕ ਅੰਕਿਤ ਹੋਇਆ, ਉਹ ਹੈ :

ਆਦਿ ਸਚੁ, ਜੁਗਾਦਿ ਸਚੁ ॥
ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ ॥੧॥

ਸੱਚ ਤੇ ਸੱਚੇ ਆਚਾਰ ਬਾਰੇ ਹਜ਼ੂਰ ਵਲੋਂ ਫੇਰ ਫ਼ੁਰਮਾਨ ਹੋਇਆ :

ਮਨ ਹਠ ਬੁੱਧੀਂ ਕੇਤੀਆਂ, ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ, ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥ (ਪੰ: ੬੨)

ਤਥਾ—ਹਿਰਦੈ ਸਚੁ, ਇਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡ, ਪੂਜ ਖੁਆਰੁ ॥ (ਪ੍ਰਭਾਤੀ ਮ: ੧)

ਏਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰਦੇਵ, 'ਸੱਚ' ਨੂੰ ਕੇਵਲ ਦਿਮਾਗੀ ਮਨੌਤ ਹੀ ਨਹੀਂ, ਸਗੋਂ ਰਿਦਿਓਂ ਅਥਵਾ ਮਨ, ਬਚਨ, ਕਰਮ ਕਰਕੇ ਸਤਿਵਾਦੀ ਹੋਣ ਵਾਲੇ ਨੂੰ ਹੀ ਸੱਚਾ ਮੰਨਦੇ ਹਨ। ਇਸ ਦੀ ਹੋਰ ਸਪਸ਼ਟਤਾ ਲਈ ਵਾਚੋ, ਆਸਾ ਜੀ ਦੀ ਵਾਰ ਵਿਚ ਆਪ ਜੀ ਦਾ ਇਹ ਅਮੋਲਕ ਅਰਸ਼ਾਦ :

ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ, ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰ ॥
ਸਚੁ ਤਾ ਪਰੁ ਜਾਣੀਐ ਜਾਂ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿਕੈ, ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾ ਪਰੁ ਜਾਣੀਐ, ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿਕੈ, ਬਹਿ ਰਹੈ ਕਰੇ ਨਿਵਾਸ ॥
ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ ॥

(ਆਸਾ ਦੀ ਵਾਰ)

ਸੋ, ਇਸ ਸੰਖੇਪ ਜਿਹੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਸ 'ਸਚੁ' ਦੇ ਪੁਜਾਰੀ ਤੇ ਆਸ਼ਕ ਸਾਦਕ ਸਨ, ਜੋ ਵਾਹਿਗੁਰੂ ਅਕਾਲ ਪੁਰਖ ਦਾ ਹੀ ਦੂਜਾ ਨਾਮ ਹੈ। ਇਹੀ ਕਾਰਨ ਹੈ ਕਿ ਆਪ ਜੀ ਨੇ ਜਦ ਸਿਰੀ ਰਾਗ ਦੇ ਪਹਿਲੇ ਹੀ ਸ਼ਬਦ—''ਮੋਤੀ ਤ ਮੰਦਰ ਉਸਰਹਿ......॥'' ਵਿਚ ਮਨੁੱਖ ਨੂੰ ਵਾਹਿਗੁਰੂ ਵਲੋਂ ਮੁਨਕਰ ਕਰਨ ਵਾਲੀਆਂ ਮਾਇਆ ਦੀਆਂ ਚਾਰ ਵੱਡੀਆਂ ਸ਼ਕਤੀਆਂ ਅਥਵਾ ਰੋਗਾਂ—ਧਨ, ਜੋਬਨ, ਸਿੱਧੀ ਤੇ ਪ੍ਰਭਤਾ ਦਾ ਜ਼ਿਕਰ ਕੀਤਾ ਤਾਂ ਰਹਾਉ ਦੀਆਂ ਤੁਕਾਂ

ਅਥਵਾ ਅਸਥਾਈ, ਜੋ ਜੀਵਨ ਭਰ, ਦੇਸ਼ ਪ੍ਰਦੇਸ, ਗਾਈ ਤੇ ਦੁਹਰਾਈ ਗਈ, ਦੀ ਧੁਨ ਨੂੰ ਇਉਂ ਬੁਲੰਦ ਕੀਤਾ :

ਹਰਿ ਬਿਨ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥

(ਸਿਰੀ, ਮ: ੧, ਪੰਨਾ ੧੪)

ਆਓ, ਅੱਜ ਅਸੀਂ ਵੀ ਪਹਿਲਾਂ ਆਪ ਆਪਣੇ ਸਾਰਿਆਂ ਦੁਖ ਦਰਦਾਂ ਦਾ ਇਲਾਜ ਸਤਿਗੁਰਾਂ ਵਲੋਂ ਦੱਸੇ ਨੁਸਖੇ, 'ਨਾਮ, ਸੱਚ ਤੇ ਸੱਚੇ-ਆਚਾਰ', ਵਿਚੋਂ ਲੱਭੀਏ ਅਤੇ ਫੇਰ ਏਸ ਮਾਰਗ ਤੋਂ ਭਟਕੇ ਸਮਸਤ ਸੰਸਾਰ ਦੇ ਲੋਕਾਂ ਨੂੰ ਦਾਅਵਤ ਦੇਈਏ ਕਿ ਉਹ ਵੀ ਸੁਵੈਦ ਸਤਿਗੁਰੂ ਦੇ 'ਸੱਚ' ਦੇ ਆਜ਼ਮੂਦਾ* ਨੁਸਖੇ ਨੂੰ ਵਰਤ ਕੇ ਲੋਕ ਸੁਖੀਏ ਤੇ ਪਰਲੋਕ ਸੁਹੇਲੇ ਥੀਵਣ। ਸੁਵੈਦ ਬਾਬੇ ਦੀ ਖ਼ੂਬੀ ਇਹ ਹੈ ਕਿ ਉਹ ਹਰ ਪ੍ਰਕਾਰ ਦੇ ਅਧਿਆਤਮਕ ਰੋਗ ਨੂੰ ਜਾਨਣ ਤੇ ਉਸ ਨੂੰ ਦੂਰ ਕਰਨ ਲਈ ਦਵਾਈ ਤਜਵੀਜ਼ ਕਰਨ ਦੀ ਮੁਹਾਰਤ ਆਪਣੇ ਤੱਕ ਹੀ ਸੀਮਤ ਨਹੀਂ ਰਖਦੇ, ਸਗੋਂ ਸੰਸਾਰ ਦੇ ਸਮੂਹ 'ਵੈਦਾਂ' ਨੂੰ ਨੀਮ-ਹਕੀਮੀ ਦੇ ਦੰਭ, ਪਾਖੰਡ ਤੋਂ ਮੁਕਤ ਹੋ ਕੇ ਪਹਿਲਾਂ ਮਨੁਖ ਦੇ ਰੋਗ ਦਾ ਕਾਰਨ ਲੱਭਣ ਤੇ ਫੇਰ ਅਜ਼ਮੂਦਾ ਨੁਸਖਾ ਤਜਵੀਜ਼ ਕਰਨ ਦਾ ਐਲਾਨੀਆਂ ਮਸ਼ਵਰਾ ਵੀ ਦੇਂਦੇ ਹਨ :

ਵੈਦਾ, ਵੈਦੁ ਸੁਵੈਦੁ ਤੂ, ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ, ਜਿਤੁ ਵੰਞੈ ਰੋਗਾ ਘਾਣਿ ॥

(ਮ: ੧, ਪੰਨਾ ੧੨੭੯)

*ਅਜ਼ਮਾਏ ਹੋਏ, ਪਰਖੇ ਪੜਚੋਲੇ ਹੋਏ।

ਬਾਬਰ ਵਾਣੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਆਗਮਨ ਸੰਨ ੧੪੬੯ ਵਿਚ ਹੋਇਆ, ਜਦ ਕਿ ਜ਼ਹੀਰੁੱਦੀਨ ਮੁਹੰਮਦ ਬਾਬਰ ਦਾ ਜਨਮ, ਜੋ ਤੈਮੂਰ ਦੀ ਛੇਵੀਂ ਪੀੜੀ ਵਿਚ ਮਿਰਜ਼ਾ ਉਮਰਸ਼ੇਖ ਦਾ ਪੁੱਤਰ ਸੀ, ਸੰਨ ੧੪੮੩ ਵਿਚ ਹੋਇਆ ਅਤੇ ਆਗਰੇ ਵਿਖੇ ਦੇਹਾਂਤ ਸੰਨ ੧੫੩੦ ਨੂੰ। ਇਸ ਤਰ੍ਹਾਂ ਨਿਰੰਕਾਰੀ ਬਾਬਾ ਤੇ ਬਾਬਰ ਕੋਈ ੪੭ ਕੁ ਸਾਲ ਸਮਕਾਲੀ ਹੋ ਵਿਚਰੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੋ ਵੇਰ ਸੈਦਪੁਰ (ਐਮਨਾਬਾਦ, ਪਾਕਿਸਤਾਨ) ਪਧਾਰੇ। ਇਕ ਵੇਰ ਇਤਿਹਾਸਕ ਉਦਾਸੀਆਂ ਆਰੰਭ ਕਰਨ ਤੋਂ ਪਹਿਲਾਂ ਪੰਜਾਬ ਵਿਚ ਪ੍ਰਚਾਰ ਦੌਰਾ ਕਰਨ ਸਮੇਂ ਅਤੇ ਦੂਜੀ ਵੇਰ ਪੱਛਮ ਵੱਲ ਦੀ ਚੌਥੀ ਉਦਾਸੀ ਤੋਂ ਪਰਤਦੇ ਹੋਏ। ਉਦੋਂ ਬਾਬਰ ਹਿੰਦੁਸਤਾਨ ਉਤੇ ਚੜ੍ਹਾਈ ਕਰ ਚੁੱਕਾ ਤੇ ਮਾਰੋ ਮਾਰ, ਧਾਈ ਕਰਦਾ ਏਧਰ ਆ ਰਿਹਾ ਸੀ। ਇਹ ਉਸ ਦਾ ਤੀਜਾ ਹਮਲਾ ਸੀ। ਸੈਦਪੁਰ ਦੀ ਲੁੱਟ ਤੇ ਬਰਬਾਦੀ ਦਾ ਹਾਲ ਸਤਿਗੁਰੂ ਜੀ ਨੇ ਅੱਖੀਂ ਡਿੱਠਾ, ਕੈਦੀ ਬਣੇ ਅਤੇ ਬਾਬਰ ਨੂੰ ਨਿਆਂ ਵਾਲਾ ਰਾਜ ਚਲਾਉਣ ਦੀ ਸਿੱਖਿਆ ਦਿਤੀ। ਬਾਬਰ ਦੇ ਇਸ ਹਮਲੇ ਸਮੇਂ ਮੁਗ਼ਲਾਂ, ਪਠਾਣਾਂ ਵਿਚ ਹੋਈ ਜੰਗ, ਲੁੱਟਮਾਰ ਅਤੇ ਅਤਿਆਚਾਰਾਂ ਸੰਬੰਧੀ, ਸਤਿਗੁਰੂ ਜੀ ਨੇ ਵਿਸ਼ੇਸ਼ ਕਰਕੇ, ਕੁਝ ਬਾਣੀ ਰਚੀ, ਜੋ ਨਾ ਕੇਵਲ ਇਤਿਹਾਸਕ, ਸਮਾਜਿਕ ਤੇ ਆਰਥਕ ਦਸ਼ਾ ਦਰਸਾਉਣ ਦੇ ਪੱਖੋਂ ਹੀ ਬਹੁ-ਮੁੱਲੀ ਹੈ, ਸਗੋਂ ਅਧਿਆਤਮਕ ਮਹੱਤਤਾ ਕਰਕੇ ਵੀ। ਆਸਾ ਤੇ ਤਿਲੰਗ ਰਾਗਾਂ ਵਿਚ ਉਚਾਰੇ ਇਹ ਚਾਰ ਸ਼ਬਦ 'ਬਾਬਰ ਵਾਣੀ' ਭਾਵ 'ਬਾਬਰ ਦੀ ਦੁਹਾਈ' ਕਰਕੇ ਪ੍ਰਸਿੱਧ ਹਨ। ਇਹ ਚਾਰੇ ਸ਼ਬਦ ਤੇ ਇਹਨਾਂ ਦਾ ਸਾਰ ਇਸ ਪ੍ਰਕਾਰ ਹੈ :

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਅਨੁਸਾਰ ਪੰਨਾ ੩੬੦ ਉਤੇ ਆਸਾ ਰਾਗ ਵਿਚ ਉਚਾਰਿਆ ਪਹਿਲਾ ਸ਼ਬਦ ਹੈ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ ॥
ਕਰਤਾ, ਤੂੰ ਸਭਨਾ ਕਾ ਸੋਈ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ ॥੧॥ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀਂ, ਮੁਇਆ ਸਾਰ ਨ ਕਾਈ ॥
ਆਪੇ ਜੋੜਿ ਵਿਛੋੜੇ ਆਪੇ, ਵੇਖੁ ਤੇਰੀ ਵਡਿਆਈ ॥੨॥
ਜੇ ਕੋ ਨਾਉ ਧਰਾਏ ਵਡਾ, ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ, ਜੇਤੇ ਚੁਗੈ ਦਾਣੇ ॥
ਮਰਿ ਮਰਿ ਜੀਵੈ ਤਾ ਕਿਛੁ ਪਾਏ, ਨਾਨਕ ਨਾਮੁ ਵਖਾਣੇ ॥੩॥

ਇਸ ਸ਼ਬਦ ਵਿਚ ਦਰਦ-ਮੰਦ ਗੁਰਦੇਵ ਪ੍ਰਮਾਤਮਾ ਨਾਲ ਗੰਭੀਰ ਤੇ ਮਿੱਠਾ ਜਿਹਾ ਗਿਲਾ ਕਰਦੇ ਹਨ ਕਿ, "ਹੇ ਕਰਤਾਰ, ਤੂੰ ਤਾਂ ਸਭ ਦਾ ਸਾਈਂ ਹੈਂ, ਤੂੰ ਖੁਰਾਸਾਨ* ਨੂੰ ਤਾਂ ਅਪਣਾ ਕੇ ਬਚਾ ਲਿਆ ਹੈ; ਪ੍ਰੰਤੂ, ਹਿੰਦੁਸਤਾਨ ਉਤੇ ਮੁਗਲ ਨੂੰ ਜਮ ਦਾ ਰੂਪ ਬਣਾ ਕੇ ਚੜ੍ਹਾ ਲਿਆਇਆ ਹੈਂ। ਜੇ ਬਲਵਾਨ ਦਾ, ਬਲ ਵਾਲੇ ਨਾਲ ਭੇੜ ਹੋ ਜਾਵੇ, ਤਾਂ ਇਹ ਗਿਲੇ ਵਾਲੀ ਗੱਲ ਨਹੀਂ, ਪਰ ਜੇ ਸ਼ੇਰ ਗਊਆਂ ਦੇ ਵੱਗ ਉਤੇ ਆ ਪਵੇ ਤਾਂ ਮਾਲਿਕ ਪਾਸੋਂ ਅਵੱਸ਼ ਪੁਛ ਹੋਵੇਗੀ ਕਿ ਉਹਨਾਂ ਦੀ ਰਖਿਆ ਵਿਚ ਅਵੇਸਲਾ ਕਿਉਂ ਰਿਹਾ।" ਏਥੇ ਬਾਬਰ ਨੂੰ ਸ਼ੇਰ ਨਾਲ, ਲੋਧੀਆਂ ਨੂੰ ਰਾਖੇ ਨਾਲ ਅਤੇ ਰਿਆਇਆਂ ਨੂੰ ਗਊਆਂ ਨਾਲ ਉਪਮਾ ਦਿਤੀ ਗਈ ਹੈ।

"ਏਥੇ ਇਸ ਹਕੀਕਤ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ ਕਿ

---

*ਈਰਾਨ ਦਾ ਇਕ ਸੂਬਾ।

ਇਹਨਾਂ ਲੋਧੀ ਕੁੱਤਿਆਂ ਨੇ ਆਪਣੇ ਫਿਰਕੂ ਤੇ ਅਤਿਆਚਾਰੀ ਰਾਜ ਨਾਲ ਹਿੰਦ ਵਰਗੇ ਰਤਨ-ਦੇਸ਼ ਨੂੰ ਬਰਬਾਦ ਕਰ ਛੱਡਿਆ ਹੈ। ਵਾਸਤਵ ਵਿਚ, ਇਹ ਲੋਕਾਂ ਦੇ ਕੁਕਰਮਾਂ ਨੇ ਹੀ ਬਾਬਰ ਨੂੰ ਜਮ ਰੂਪ ਬਣਾ ਕੇ ਸਜ਼ਾ ਦਿਵਾਈ ਹੈ। ਕਰਤਾਰ ਤਾਂ ਕਰਮਾਂ ਅਨੁਸਾਰ ਫਲ ਪਰਦਾਤਾ ਹੈ। ਅਜੇਹੇ ਐਸ਼-ਪ੍ਰਸਤਾਂ ਤੇ ਅਨਿਆਈਂ ਲੋਕਾਂ ਨਾਲੋਂ ਤਾਂ ਇਕ ਕੀੜਾ (ਨਿਮਾਣਾ ਮਨੁੱਖ) ਚੰਗਾ ਹੈ, ਜੋ ਦਾਣੇ ਚੁਗ ਕੇ (ਮਿਹਨਤ, ਮੁਸ਼ੱਕਤ ਨਾਲ ਧਰਮ ਦੀ ਕਿਰਤ ਕਰਕੇ) ਆਪਣਾ ਪੇਟ ਪਾਲਦਾ ਤੇ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਦਾ ਪਾਤਰ ਬਣਦਾ ਹੈ, ਅਥਵਾ ਅਜੇਹਾ ਹੰਕਾਰੀ ਤੇ ਐਸ਼ ਪ੍ਰਸਤ ਮਨੁਖ ਹਰੀ ਦੀ ਨਜ਼ਰ ਵਿਚ ਇਕ ਕੀੜੇ ਸਮਾਨ ਜੋ ਦਾਣੇ ਚੁਗਦਾ ਫਿਰਦਾ ਹੈ। ਅਸਲ ਜੀਵਨ ਉਹੀ ਜੀਉਂਦਾ ਹੈ ਜੀਵਨ-ਭਾਵ ਤੋਂ ਮਰਕੇ ਜੀਉਂਦਾ ਤੇ ਨਾਮ ਜਪਦਾ ਹੈ।

(ਅ) ਅੱਗੇ ਚੱਲ ਕੇ ਆਸਾ ਰਾਗ ਵਿਚ ਹੀ ਪੰਨਾ ੪੧੭ ਉਤੇ ਗੁਰੂ ਜੀ, ਦੀਆਂ ਦੋ ਹੋਰ ਅਸਟਪਦੀਆਂ ਅੰਕਿਤ ਹਨ, ਜਿਨ੍ਹਾਂ ਵਿਚ ਬੜੇ ਵਿਸਥਾਰ ਨਾਲ ਸੈਦਪੁਰ (ਐਮਨਾਬਾਦ) ਵਿਚ ਵੱਡਿਆਂ ਛੋਟਿਆਂ ਦੀ ਹੋਈ ਦੁਰਦਸ਼ਾ, ਚੰਗਿਆਈ ਖੁਸ ਜਾਣ ਕਰਕੇ ਹੋਈ ਖੁਆਰੀ, ਧਨ ਤੇ ਜੋਬਨ ਨਾਲ ਪਏ ਪਿਆਰ ਦਾ ਅੰਤ ਨੂੰ ਵੈਰੀ ਬਣਨਾ ਅਤੇ ਮੁਗਲਾਂ, ਪਠਾਣਾਂ ਵਿਚ ਹੋਈ ਜੰਗ ਦਾ ਮਹੱਤਵ ਪੂਰਣ ਇਤਿਹਾਸਕ ਬਿਉਰਾ ਦਿਤਾ ਗਿਆ ਹੈ। ਅੰਤ ਵਿਚ ਇਹ ਸਭ ਕੁਝ ਕਰਤਾਰ ਦੇ ਹੁਕਮ ਵਿਚ ਵਰਤਦਾ ਦੱਸ ਕੇ ਆਪਣੇ ਪ੍ਰਭੂ-ਵਿਸ਼ਵਾਸ ਅਤੇ ਉਸਦੀ ਅਪਾਰ ਸੱਤਾ ਤੇ ਬੇਅੰਤਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਵਿਸਥਾਰ ਦੇ ਡਰ ਤੋਂ ਇਸ ਸ਼ਬਦ ਦੀਆਂ ਕੁਝ ਕੁ ਤੁਕਾਂ ਹੀ ਸੰਕੇਤ ਵਜੋਂ ਹੇਠਾਂ ਦਿਤੀਆਂ ਜਾਂਦੀਆਂ ਹਨ:

(ੳ) ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ, ਗਲ ਵਿਚਿ ਆਵੈ ਧੂੜਿ ॥
(ਅ) ਧਨੁ ਜੋਬਨੁ ਦੋਇ ਵੈਰੀ ਹੋਏ, ਜਿਨੀ ਰਖੇ ਰੰਗੁ ਲਾਇ ॥

(ਇਨਸਾਨ ਧਨ ਤੇ ਜੋਬਨ ਲਈ ਆਪਣਾ ਧਰਮ ਈਮਾਨ ਵੇਚਦਾ

ਤੇ ਕਈ ਪ੍ਰਕਾਰ ਦੇ ਪਾਪੜ ਵੇਲਦਾ ਹੈ; ਪ੍ਰੰਤੂ ਇਹ ਅੰਤ ਨੂੰ ਇਸਦੀ ਖੁਆਰੀ ਤੇ ਬਰਬਾਦੀ ਦਾ ਕਾਰਨ ਬਣਦੇ ਹਨ।)

(ਏ) ਬਾਬਰ ਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ ॥
(ਦਸਤਰਖਾਨ ਉਤੇ ਸੁਵਾਦਿਸ਼ਟ ਭੋਜਨ ਖਾਣ ਵਾਲੇ ਸਹਿਜ਼ਾਦੇ ਰੋਟੀ ਦੇ ਟੁਕੜੇ ਨੂੰ ਤਰਸਦੇ ਹਨ)।

(ਸ) ਕਹਾਂ ਸੁ ਘਰ ਦਰ ਮੰਡਪ ਮਹਲਾ, ਕਹਾਂ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ, ਜਿਸੁ ਵੇਖਿ ਨੀਦ ਨ ਪਾਈ ॥
ਕਹਾਂ ਸੁ ਪਾਨ ਤੰਬੋਲੀ ਹਰਮਾ, ਹੋਈਆ ਛਾਈ ਮਾਈ ॥
ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥
(ਵੇਖੋ, ਮਾਇਆ ਦੇ ਐਸ਼ਵਰਜ ਦੀ ਹਕੀਕਤ ਤੇ ਖੁਆਰ ਕਰਨ ਦੀ ਸ਼ਕਤੀ ਨੂੰ ਏਥੇ ਕਿਤਨੀ ਸੁੰਦਰਤਾ ਤੇ ਸੰਖੇਪਤਾ ਨਾਲ ਦਰਸਾਇਆ ਗਿਆ ਹੈ।)

(ਹ) ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ, ਓਨ੍ਹੀ ਹਸਤਿ ਚਿੜਾਈ ॥
ਨੋਟ—ਮੁਗਲਾਂ ਪਾਸ ਛੋਟੀਆਂ ਤੋਪਾਂ ਸਨ ਅਤੇ ਪਠਾਣ ਲੋਧੀਆਂ ਪਾਸ ਹਾਥੀ ਸੈਨਾ।

(ਕ) ਗੁਰਦੇਵ, ਦੁੱਖ ਸੁੱਖ ਦੀ ਇਸ ਖੇਡ ਨੂੰ ਹੁਕਮ ਵਿਚ ਵਰਤਦੀ ਦੱਸਦੇ ਅਤੇ ਜੀਵਾਂ ਦੀ ਕਿਰਤ ਕਰਮ ਦੇ ਧੁਰੋਂ ਲਿਖੇ ਲੇਖਾਂ ਅਨੁਸਾਰ ਫਲ ਭੋਗਣ ਦਾ ਸਿਧਾਂਤ ਇਉਂ ਨਿਰੂਪਣ ਕਰਦੇ ਹਨ :

ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ, ਨਾਨਕ ਲਿਖਿਆ ਪਾਈਐ ॥

ਅੰਤ ਵਿਚ ਅਸੀਂ ਸਤਿਗੁਰੂ ਜੀ ਦੇ ਰਾਗ ਤਿਲੰਗ, ਪੰਨਾ ੭੨੨ ਉਤੇ ਅੰਕਿਤ ਉਸ ਸ਼ਬਦ ਦਾ ਹਵਾਲਾ ਦਿੰਦੇ ਹਾਂ ਜੋ ਸਤਿਗੁਰਾਂ ਨੇ ਭਾਈ ਲਾਲੋ ਨੂੰ ਸੰਬੋਧਨ ਕਰਕੇ ਉਚਾਰਿਆ ਅਤੇ ਜਿਸ ਵਿਚ ਬਾਬਰ ਦੇ ਹੋਣ ਵਾਲੇ

[illegible]
ਦਾ ਵਰਨਣ ਵੀ। ਇਸ ਸ਼ਬਦ ਵਿਚ ਬਾਬਰ ਦੇ ਰੂਬਰੂ ਬਾਬੇ ਵਲੋਂ ਵਿਖਾਈ ਬੇਬਾਕੀ (ਨਿਰਭੈਤਾ) ਉਹਨਾਂ ਦੇ ਹੀ ਹਿੱਸੇ ਆ ਸਕਦੀ ਹੈ। ਇਹ ਸਾਰਾ ਸ਼ਬਦ ਹੀ ਵਾਚਣ ਯੋਗ ਹੈ :

ਤਿਲੰਗ ਮਹਲਾ ੧

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ, ਵੇ ਲਾਲੋ ॥
ਸਰਮ ਧਰਮ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ(ਵਿਆਹ)ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ, ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ, ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ ॥
ਸਾਹਿਬ ਕੇ ਗੁਣ ਨਾਨਕੁ ਗਾਵੈ, ਮਾਸ ਪੁਰੀ ਵਿਚ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ, ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੁ ਸਾਹਿਬੁ ਸਚੁ ਤਪਾਵਸੁ, ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ, ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ, ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ ॥

ਉਪ੍ਰੋਕਤ ਸ਼ਬਦ ਵਿਚ ਇਹ ਤੱਤ ਉਘੜ ਕੇ ਸਾਹਮਣੇ ਆਉਂਦੇ ਹਨ :

੧. ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਲਾਲੋ ਨੂੰ ਸੰਬੋਧਨ ਕਰਦੇ ਹੋਏ ਦਸਦੇ ਹਨ ਕਿ ਉਹ ਵਾਹਿਗੁਰੂ ਖਸਮ ਦੀ ਪ੍ਰੇਰਨਾ ਅਨੁਸਾਰ ਹੀ ਬੁਲਾਏ ਬੋਲਦੇ ਹਨ।

੨. ਬਾਬਰ ਦੀ ਫੌਜ ਪਾਪ ਦੀ ਜੰਞ ਸਮਾਨ ਸੀ, ਜਿਸ ਦੁਆਰਾ ਉਹ ਧੱਕੇ ਨਾਲ ਹਿੰਦ ਰੂਪੀ ਕੰਨਿਆ ਨੂੰ ਵਿਆਹੁਣਾ (ਖੋਹਣਾ) ਚਾਹੁੰਦਾ ਸੀ।

੩. ਸੈਦਪੁਰ ਅਥਵਾ ਹੋਰ ਹਰ ਥਾਂ ਕੂੜ ਦੀ ਪ੍ਰਧਾਨਤਾ ਸੀ ਅਤੇ ਹਾਜਾ ਤੇ

ਧਰਮ ਲੋਪ ਹੋ ਚੁਕੇ ਸਨ।

੪. ਬਾਬਰ ਦੇ ਸਿਪਾਹੀਆਂ ਨੇ ਪਠਾਣੀਆਂ ਤੇ ਹੋਰ ਵੱਡੀਆਂ ਛੋਟੀਆਂ ਹਿੰਦੂ ਇਸਤ੍ਰੀਆਂ ਉੱਤੇ ਇਤਨੇ ਅਤਿਆਚਾਰ ਕੀਤੇ, ਕਿ ਜਿਵੇਂ ਕਾਜ਼ੀਆਂ ਬ੍ਰਾਹਮਣਾਂ ਦੀ ਥਾਂ ਸ਼ੈਤਾਨ ਵਿਆਹ ਪੜ੍ਹਾ ਰਿਹਾ ਹੋਵੇ ; ਭਾਵ, ਵਿਆਹ, ਨਿਕਾਹ ਤੋਂ ਬਿਨਾਂ ਹੀ ਉਹ ਔਰਤਾਂ ਨੂੰ ਘਰੀਂ ਪਾ ਲੈਂਦੇ ਸਨ। ਇਸ ਕਤਲਾਮ ਵਿਚ ਕੇਸਰ ਦੀ ਥਾਂ ਹਰ ਪਾਸੇ ਲਹੂ ਛਿੜਕਿਆ ਦਿੱਸ ਆਉਂਦਾ ਸੀ ਤੇ ਸ਼ਹਿਰ ਲੋਥਾਂ ਨਾਲ ਭਰਿਆ ਪਿਆ ਸੀ।

੫. ਪ੍ਰਭੂ ਦੇ ਅਟੱਲ ਨੇਮ ਵਿਚ ਹੀ ਸੈਦਪੁਰ ਦੀ ਇਹ ਭਿਆਨਕ ਘਟਨਾ ਵਾਪਰੀ, ਜਿਸ ਨੂੰ ਹਿੰਦੁਸਤਾਨ ਭੁਲਾ ਨਹੀਂ ਸਕੇਗਾ। ਇਹ ਨੇਮ ਹੈ ਕਿ ਜਿਥੇ ਚਲਣ-ਹੀਣਤਾ ਤੇ ਫੁੱਟ ਦਾ ਪਹਿਰਾ ਹੋਵੇਗਾ, ਓਥੋਂ ਐਸ਼ਵਰਜ ਚਲਦਾ ਬਣੇਗਾ।

੬. ਇਹ ਪਾਪ ਦੀ ਜੰਞ ਵਾਲੇ ਮੁਗਲ ਜੋ ਸੰਮਤ ੧੫੭੮ ਵਿਚ ਆਏ ਹਨ ੧੫੯੭ ਵਿਚ ਇਕ ਸੂਰਮੇ (ਸ਼ੇਰ ਸ਼ਾਹ ਸੂਰੀ) ਹੱਥੋਂ ਇਥੋਂ ਕੱਢ ਦਿਤੇ ਜਾਣਗੇ।
(ਹੋਰੁ ਭੀ ਉਠਸੀ ਮਰਦ ਕਾ ਚੇਲਾ)

੭. ਹੇ ਭਾਈ ਲਾਲੋ, ਜਦ ਤਕ ਮਨੁੱਖ ਧਨ, ਜੋਬਨ ਤੇ ਹਉਮੈ ਅਥਵਾ ਮਾਇਆ ਵਿਚ ਪ੍ਰਵਿਰਤ ਹੈ, ਐਸੇ ਘਲੂਘਾਰੇ ਵਰਤਦੇ ਹੀ ਰਹਿਣਗੇ। ਇਸ ਲਈ ਨਾਨਕ ਸਦਾ ਪ੍ਰਭੂ ਦੀ ਕਲਿਆਣਕਾਰੀ ਸਿਫਤ ਸਾਲਾਹ ਕਰਦਾ ਰਹੇਗਾ।

ਸੋ, ਅਜੇਹੇ ਹਾਲਾਤ ਵਿਚ ਬਾਬੇ ਤੇ ਬਾਬਰ ਦਾ ਮੇਲ ਹੋਇਆ ਸੀ। ਜੋ ਇਕ ਦੁਨੀਆਂ ਦਾ ਪਾਤਸ਼ਾਹ ਸੀ ਤੇ ਦੂਜਾ ਦੀਨ ਦਾ। ਜਦ ਤਕ ਇਹ ਤਰੈਗੁਣੀ (ਰਜੋ, ਸਤੋ, ਤਮੋ) ਵਾਲਾ ਸੰਸਾਰ ਕਾਇਮ ਹੈ, ਏਥੇ ਨਿਰੰਕਾਰੀ ਬਾਬੇ ਦੇ ਧਰਮ ਭਾਵਾਂ ਤੇ ਬਾਬਰ ਆਦਿਕਾਂ ਦੀਆਂ ਹਉਮੈ ਆਸਰਤ ਰੁਚੀਆਂ ਦੀ ਟੱਕਰ ਹੁੰਦੀ ਰਹੇਗੀ। ਪ੍ਰਭੂ ਦੀ ਰਚਨਾ ਦੇ ਨੇਮ ਹੀ ਕੁਝ ਐਸੇ ਵਚਿੱਤਰ

ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਬਚਿੱਤਰ ਨਾਟਕ ਵਿਚ ਇਸ ਹਕੀਕਤ ਨੂੰ ਇਉਂ ਬਿਆਨ ਕਰਦੇ ਹਨ :

ਬਾਬੇ ਕੇ ਬਾਬਰ ਕੇ ਦੋਊ ॥ ਆਪ ਕਰੇ ਪਰਮੇਸ਼ਰ ਸੋਊ ॥
ਦੀਨ ਸ਼ਾਹ ਇਨਕੋ ਪਹਿਚਾਨੋ ॥ ਦੁਨੀ ਪੱਤਿ ਉਨ ਕੋ ਅਨਮਾਨੋ ॥
ਜੋ ਬਾਬੇ ਕੇ ਦਾਮ ਨ ਦੇ ਹੈ ॥ ਤਿਨ ਤੇ ਗਹਿ ਬਾਬਰ ਕੇ ਲੇ ਹੈ ॥
ਦੇ ਦੈ ਤਿਨ ਕੋ ਬਡੀ ਸਜਾਇ ॥ ਪੁਨਿ ਲੈ ਹੈ ਗ੍ਰਿਹਿ ਲੂਟ ਬਨਾਇ ॥

(ਬਚਿਤ੍ਰ ਨਾਟਕ)

ਅੰਤ ਵਿਚ, ਅਸੀਂ ਇਕ ਕਵੀ ਵਲੋਂ ਅੰਕਿਤ ਉਸ ਘਟਨਾ ਦਾ ਜ਼ਿਕਰ ਕਰਦੇ ਹਾਂ, ਜਿਸ ਦੁਆਰਾ ਬਾਬਰ ਵਲੋਂ ਬਾਬੇ ਨੂੰ ਦਾਤੇ ਦਾ ਦਰਵੇਸ਼ ਜਾਣ ਕੇ ਸੁਰਤ ਦੇ ਟਿਕਾਅ ਲਈ, ਸ਼ਰਾਬ[1] ਦਾ ਪਿਆਲਾ ਪੇਸ਼ ਕੀਤਾ ਗਿਆ ਸੀ :

ਬਾਬਰ—ਹਮਾਰੀ ਬਜ਼ਮਿ[2] ਇਸ਼ਰਤ ਮੇਂ ਜੋ ਲੇ ਆਇਆ ਖ਼ੁਦਾ ਬਾਬਾ।
ਤੂੰ ਬਿਸਮਿੱਲਾ ਜਾਮਿ ਬਾਦਾਇ ਅਹਮਰ[3] ਉਠਾ ਬਾਬਾ।
ਕਹਾਂ ਸੇ ਆਬਿ[4] ਰਜ਼ ਸੇ ਕੌਨਸਾ ਹੈ ਪਾਕਤਰ ਪਾਨੀ,
ਕਿ ਮਿਟ ਜਾਤੇ ਹੈਂ ਜਿਸ ਸੇ ਦਫਤਰਿ[5] ਮਾ ਓ ਸ਼ੁਮਾ ਬਾਬਾ।
ਗ਼ਨੀਮਤ ਜਾਨ ਕਰ ਮਹਿਫਲ ਕੋ, ਇਕ ਦੋ ਜਾਮ ਪੀਤਾ ਜਾ।
ਮਿਆਨੇ ਮਹਿਫਲਿ ਰਿੰਦਾਨੇ ਦੁਰਦਾਸ਼ਾਮ ਪੀਤਾ ਜਾ।

---

[1] "ਭੰਗੂ ਜੀ ਨੇ 'ਪੰਥ ਪ੍ਰਕਾਸ਼' ਵਿਚ ਸਤ ਮੁੱਠਾਂ ਭੰਗ ਦੇਣ ਦੀ ਗੱਲ ਲਿਖੀ ਹੈ। ਇਹ ਦੋਵੇਂ ਨਜ਼ਰਾਨੇ ਹੀ ਗੁਰੂ ਜੀ ਦੇ ਵਿਚਾਰ-ਸਿੱਧਾਂਤ ਦੇ ਵਿਰੁੱਧ ਹਨ।" (ਲੇਖਕ) [2]ਐਸ਼ ਆਰਾਮ ਦਾ ਇਕੱਠ। [3]ਲਾਲ ਸ਼ਰਾਬ। [4]ਅੰਗੂਰ ਦਾ ਪਾਣੀ (ਸ਼ਰਾਬ)। [5]ਮੈਂ ਤੂੰ ਦੇ ਲੇਖੇ।

ਬਾਬਾ ਜੀ—ਵੁਹ[1] ਮੈ ਆਪਨੀ ਹੈ ਜਿਸ ਸੇ ਬਿਨ ਪੀਏ ਮਖ਼ਮੂਰ[2] ਰਹਿਤੇ ਹੈਂ।
ਖ਼ਿਆਲਿ[3] ਚਸ਼ਮਿ ਸਾਕੀ ਕੇ ਨਸ਼ਾ ਮੇਂ ਚੂਰ ਰਹਤੇ ਹੈਂ।
ਲੰਢਾਏ ਹੈਂ ਜਿਨਹੋਂ ਨੇ, ਖ਼ੁਮ[4] ਕੇ ਖ਼ੁਮ ਸਹਿਬਾਏ ਇਰਫਾਂ[5]।
ਕਹਾਂ ਵੁਹ ਤਾਲਿਬ ਅਫ਼ਸੁਰਦਾਇ[6] ਅੰਗੂਰ ਰਹਤੇ ਹੈਂ।
ਮੁਨਾਸਬ ਹੈ ਕਿ ਅਬ ਤਰਕਿ[7] ਮਏ ਅੰਗੂਰ ਕਰ ਸ਼ਾਹਾ।
ਹਮਾਰੇ ਜਾਮ ਸੇ ਥੋੜੀ ਸੀ ਅਬ ਮਨਜ਼ੂਰ ਕਰ ਸ਼ਾਹਾ।

ਬਾਬਾ ਆਪ ਸਾਕੀ ਬਣ ਕੇ ਨਾਮ ਖ਼ੁਮਾਰੀ ਵਾਲੀ ਨਾਮ-ਰੂਪੀ ਸ਼ਰਾਬ ਪਿਲਾਉਂਦਾ ਹੈ, ਪਰ ਜੋ ਉਸ ਅਗੇ ਕੋਈ ਇਵੇਂ ਜੋਦੜੀ ਕਰੇ, ਇਉਂ ਤਰਲਾ ਮਾਰੇ :

ਉਠ ਸਾਕੀਆ ਨਾਨਕ ਤੂੰ ਉਠ, ਰਹਿਮਤ ਦਾ ਭਰ ਕੇ ਜਾਮ ਦੇਹ।
ਹਰ ਘੜੀ ਦੇਹ, ਹਰ ਪਹਿਰ ਦੇਹ, ਹਰ ਸੁਬਾ ਦੇਹ, ਹਰ ਸ਼ਾਮ ਦੇਹ।
ਜ਼ੱਰਾ ਹੂੰ ਮੈਂ, ਸੂਰਜ ਬਣਾ, ਕਤਰਾ ਹੂੰ ਮੈਂ ਸਾਗਰ ਬਣਾ,
ਖ਼ੁਦੀਆਂ ਦੇ ਸੰਗਲ ਤੋੜ ਦੇ, ਬੇਖ਼ੁਦ ਬਣਾ, ਨਿਜ ਧਾਮ ਦੇਹ।
ਦਾਤਾ ਮਿਰੇ, ਤੇਰੇ ਬਿਨਾ, ਬਾਲਾਈਆਂ ਵੀ ਮਸਤੀਆਂ।
ਮੱਟਾਂ ਦੇ ਮੱਟ ਦੇਹ ਰੋੜ੍ਹ, ਕਰ ਦੇ ਮਸਤੀਆਂ ਹੀ ਮਸਤੀਆਂ।

---

[1]ਸ਼ਰਾਬ। [2]ਨਸ਼ੇ ਨਾਲ ਗੁੱਟ। [3]ਸਾਕੀ (ਸ਼ਰਾਬ ਪਿਲਾਉਣ ਵਾਲਾ) ਦੀ ਅੱਖ ਦੇ ਖ਼ਿਆਲ ਦੇ ਨਸ਼ੇ ਨਾਲ। [4]ਸੁਰਾਹੀਆਂ ਹੀ ਸੁਰਾਹੀਆਂ। [5]ਮਾਰਫਤ ਦੀ ਸ਼ਰਾਬ। [6]ਅੰਗੂਰ ਦਾ ਨੁਚੜਿਆ ਰਸ। [7]ਅੰਗੂਰ ਦੀ ਸ਼ਰਾਬ ਛੱਡ ਦੇ।

ਸ਼ਾਂਤੀ ਦੇ ਪੁੰਜ—ਸ੍ਰੀ ਗੁਰੂ ਅਰਜਨ ਦੇਵ ਜੀ

ਪੰਜਵੇਂ ਨਾਨਕ—ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵਿਸ਼ੇਸ਼ ਕਰਕੇ 'ਸ਼ਾਂਤੀ ਦੇ ਪੁੰਜ' (ਪੁਤਲੇ) ਕਰਕੇ ਪੁਕਾਰਿਆ ਤੇ ਸਤਿਕਾਰਿਆ ਜਾਂਦਾ ਹੈ। ਭੱਟਾਂ ਨੇ ਵੀ, ਆਪ ਜੀ ਦੇ, ਅਨੇਕ ਗੁਣ ਵਰਨਣ ਕਰਦਿਆਂ, ਜਿਥੇ ਉਨ੍ਹਾਂ ਨੂੰ 'ਭਗਤੀ ਤੇ ਜੋਗ' ਨੂੰ ਜਿੱਤਣ ਵਾਲੇ ਜਨਕ, ਪੁਰਖੁ ਪ੍ਰਮਾਣੂ, 'ਭੈ ਭੰਜਨ', ਹਰੀ ਸਮਾਨ ਉਦਾਰ, ਅਜੂਨੀ ਸੈਭੰ, ਪ੍ਰਤੱਖਹਰੀ, 'ਭਰਮ ਤੇ ਭ੍ਰਾਂਤੀ' ਨੂੰ ਨਿਵਾਰਨ ਅਤੇ ਹਉਮੈ ਦਾ ਅਭਾਵ ਕਰਨ ਵਾਲੇ ਕਰਕੇ ਦਰਸਾਇਆ ਹੈ; ਉਥੇ ਆਪ ਜੀ ਨੂੰ ਅਮਨ, ਸ਼ਾਂਤੀ ਤੇ ਸੀਤਲਤਾ ਦਾ ਭੰਡਾਰ ਕਰਕੇ ਵੀ ਉਪਮਾਇਆ ਹੈ। ਭੱਟ ਕਲਸਹਾਰ ਦਾ ਕਥਨ ਹੈ:

ਅਗਹ ਗਹਣੁ, ਭ੍ਰਮ ਭ੍ਰਾਂਤਿ ਦਹਣੁ, ਸੀਤਲ, ਸੁਖ ਦਾਤਉ ॥

ਭਾਵ—ਸ੍ਰੀ ਗੁਰੂ ਜੀ ਅਪਹੁੰਚ ਪ੍ਰਭੂ ਨੂੰ ਪਹੁੰਚਣ ਵਾਲੇ, ਭਰਮ ਤੇ ਭਟਕਣਾ ਨੂੰ ਸਾੜਨ ਵਾਲੇ ਅਤੇ ਸੁੱਖ ਸ਼ਾਂਤੀ ਤੇ ਸੀਤਲਤਾ ਦੇ ਦਾਤੇ ਹਨ।

ਸਦੀਵੀ 'ਸ਼ਾਂਤੀ' ਮਨੁੱਖੀ ਮਨ ਦੀ ਉਸ ਅਵਸਥਾ ਦੀ ਉਪਜ ਹੈ, ਜਦ ਉਹ ਪੂਰਨ ਤੌਰ ਉਤੇ ਸੰਤੋਖੀ, ਸਾਬਰ, ਸੀਤਲ ਅਤੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਜਿਹੇ ਪੰਜਾਂ ਵਿਕਾਰਾਂ ਭਰਮ ਤੋਂ ਰਹਿਤ ਹੋਵੇ।

ਵਾਸਤਵ ਵਿਚ ਆਤਮਕ ਸ਼ਾਂਤੀ ਮਨੁੱਖ ਨੂੰ ਆਪਣੇ ਅੰਦਰਲੇ ਆਪੇ ਤੋਂ ਉਸ ਵੇਲੇ ਨਸੀਬ ਹੁੰਦੀ ਹੈ, ਜਦ ਉਹਦਾ, ਸੱਚਾ ਸੁੱਚਾ ਆਚਾਰ; ਪੰਜਾਂ ਵਿਕਾਰਾਂ ਅਤੇ ਜਬਰ, ਜ਼ੋਰ ਜ਼ੁਲਮ, ਈਰਖਾ, ਦਵੈਖ ਤੇ ਤਅੱਦੀ ਉਤੇ ਜੇਤੂ ਹੁੰਦਾ ਹੈ। ਦੂਜੇ, ਅਧਿਆਤਮਕ ਮਨੋਵਿਗਿਆਨੀਆਂ ਦਾ ਇਹ ਵੀ ਨਿਰਣਾ ਹੈ ਕਿ ਅਮਨ, ਸ਼ਾਂਤੀ ਤੇ ਚਿੱਤ ਬਿਰਤੀ ਦੇ ਹਕੀਕੀ ਠਹਿਰਾਉ ਦਾ ਸੰਬੰਧ

ਬਾਹਰਲੇ ਹਾਲਾਤ ਨਹੀਂ ; ਸਗੋਂ ਅੰਤਰ-ਆਤਮਾ ਨਾਲ ਹੈ। ਸੰਸਾਰ ਦੀ ਕੋਈ ਬਾਹਰਲੀ ਪੀੜਾ, ਦੁੱਖ-ਦਰਦ ਅਤੇ ਤਸੀਹਾ ਐਸਾ ਨਹੀਂ, ਜੋ ਆਤਮਕ ਮੰਡਲਾਂ ਵਿਚ ਪ੍ਰਭੂ ਨਾਲ ਇਕ ਸੁਰ ਵਿਚਰਨ ਵਾਲੇ ਵਿਅਕਤੀ ਦੇ ਸੁਖ, ਚੈਨ ਅਥਵਾ ਸ਼ਾਂਤੀ ਨੂੰ ਖੋਹ ਸਕੇ। ਐਸੀ ਉੱਚ, ਅਡੋਲ ਤੇ ਅਜਿੱਤ ਅਵਸਥਾ ਸਮੇਂ ਹੀ 'ਪ੍ਰਭੂ-ਭਾਣੇ' ਨੂੰ ਮਿੱਠਾ ਕਰਕੇ ਮੰਨਣ ਦਾ ਰਹੱਸ ਲੋਕਾਈ ਉਤੇ ਪ੍ਰਤੱਖ ਪ੍ਰਗਟ ਹੁੰਦਾ ਹੈ।

ਸਤਿਵਾਦੀ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸਦਾ-ਸੁਖ, ਆਤਮਕ-ਸ਼ਾਂਤੀ ਤੇ ਸੁਖ-ਦੁਖ ਦੇ ਭੇਤ ਨੂੰ ਸਮਝਣ ਤੇ ਇਸ ਅਵਸਥਾ ਦੀ ਪ੍ਰਾਪਤੀ ਲਈ ਆਪ ਜੀ ਵਲੋਂ ਉਚਾਰੇ ਇਹ ਗੁਰਵਾਕ, ਵਿਸ਼ੇਸ਼ ਤੌਰ ਉਤੇ ਵਾਚਣ, ਵਿਚਾਰਨ ਯੋਗ ਹਨ :

(ੳ) ਤੇਰਾ ਕੀਆ ਮੀਠਾ ਲਾਗੈ ॥ (ਪੰਨਾ ੩੯੪)

(ਅ) ਦੂਖ ਨਾਹੀ, ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥
ਬੁਰਾ ਨਹੀ, ਸਭੁ ਭਲਾ ਹੀ ਹੈ ਰੇ, ਹਾਰ ਨਹੀ, ਸਭ ਜੇਤੈ ॥੧॥
ਸੋਗੁ ਨਾਹੀ, ਸਦਾ ਹਰਖੀ ਹੈ, ਰੇ ਛੋਡਿ ਨਾਹੀ ਕਿਛੁ ਲੇਤੈ ॥
(ਪੰਨਾ ੧੩੦੨)

(ੲ) ਦੁਖਿ ਸੁਖਿ ਪਿਆਰੇ, ਤੁਧੁ ਧਿਆਈ ॥
ਏਹ ਸੁਮਤਿ ਗੁਰੂ ਤੇ ਪਾਈ ॥ (ਪੰਨਾ ੯੯)

(ਸ) ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ ॥
ਹਰਿ ਸਿਮਰਤ ਸਗਲ ਬਿਨਾਸੇ ਦੂਖਾ ॥ (ਪੰਨਾ ੩੯੫)

(ਹ) ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥
ਸੁਖ ਉਪਜੇ ਬਾਜੇ ਅਨਹਦ ਤੂਰੇ ॥ (ਪੰਨਾ ੮੦੬)

ਆਓ, ਕਥਨੀ ਤੇ ਕਰਨੀ ਦੇ ਸੂਰੇ ਸਤਿਗੁਰਾਂ ਦੇ ਉਪ੍ਰੋਕਤ ਹਕੀਕਤ ਅਫਰੋਜ਼ ਫੁਰਮਾਨਾਂ ਅਥਵਾ ਦਾਅਵਿਆਂ ਨੂੰ ਉਹਨਾਂ ਦੇ ਆਪਣੇ ਜੀਵਨ ਕਰਤੱਵਾਂ ਵਿਚੋਂ ਸਾਕਾਰ ਹੁੰਦੇ ਵੇਖੀਏ :

ਸ੍ਰੀ ਗੁਰੂ ਰਾਮਦਾਸ ਜੀ ਨੇ ਜਦ ਆਪਣੇ ਛੋਟੇ ਸਪੁੱਤਰ ਨੂੰ ਸਭ ਤੋਂ ਯੋਗ ਜਾਣ ਕੇ, ਗੁਰ-ਗੱਦੀ ਦੀ ਮਹਾਨ ਜ਼ੁੰਮੇਵਾਰੀ ਉਨ੍ਹਾਂ ਦੇ ਬਲਵਾਨ ਮੋਢਿਆਂ ਉਤੇ ਰੱਖੀ ਤਾਂ ਵੱਡੇ ਭਰਾ, ਪ੍ਰਿਥੀ ਚੰਦ ਨੇ ਕਾਰ-ਭੇਟ ਲਈ ਝਗੜਾ ਪਾਇਆ। ਆਪ ਨੇ ਸਭ ਸੰਪਤੀ ਉਸ ਨੂੰ ਸੌਂਪ ਕੇ ਬਾਹਰ ਜਾ ਆਸਣ ਲਾਇਆ ; ਪ੍ਰੰਤੂ ਸੰਗਤਾਂ ਦੀ ਸੇਵਾ ਵਿਚ ਪਹਿਲਾਂ ਵਾਂਗ ਹੀ ਤੱਤਪਰ ਰਹੇ ਅਤੇ ਆਪਣਾ ਇਹ ਫੁਰਮਾਨ ਸਤਿ ਕਰ ਵਿਖਾਇਆ :

ਰੂਖੋ ਭੋਜਨੁ, ਭੂਮਿ ਸੈਨ, ਸਖੀ, ਪ੍ਰਿਅ ਸੰਗਿ ਸੂਖਿ ਬਿਹਾਤ ॥

(ਪੰਨਾ ੧੩੦੬)

ਆਪ ਨੇ ਸਹੀ ਅਰਥਾਂ ਵਿਚ ਨਾ ਕੇਵਲ ਪਿਤਾ-ਗੁਰੂ ਜੀ ਵਲੋਂ ਤਜਵੀਜ਼ੇ ਤੇ ਆਰੰਭੇ ਸੰਸਾਰ ਦੇ ਸਰਬ-ਸਾਂਝੇ ਧਰਮ-ਮੰਦਰ ਦੀ ਸੰਪੂਰਨਤਾ ਹੀ ਕੀਤੀ ; ਸਗੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਭਾਰਤ ਵਿਖੇ, ਪੰਜਾਂ ਸਦੀਆਂ ਵਿਚ ਵਿਚਰੇ ਭਗਤਾਂ, ਭੱਟਾਂ, ਸੂਫੀਆਂ ਤੇ ਸੰਤਾਂ ਦੇ ਪਾਕ ਕਲਾਮ ਨੂੰ ਸਤਿਗੁਰੂਆਂ ਦੀ ਆਪਣੀ ਅਲਾਹੀ ਬਾਣੀ ਨਾਲ ਸਮਾਨ ਅਸਥਾਨ ਦੇ ਕੇ, ਇਕ ਸਰਬ ਸਾਂਝੇ ਮਾਨਵ ਧਰਮ ਤੇ ਧਰਮ ਗ੍ਰੰਥ ਦੀ ਬੁਨਿਆਦ ਵੀ ਰੱਖੀ। ਇਹ ਜਗਤ-ਜੀਵਾਂ ਨੂੰ ਸਦਾ ਸਦਾ ਲਈ ਅਮਨ ਤੇ ਸ਼ਾਂਤੀ ਨਾਲ ਮਿਲ ਬੈਠਣ ਲਈ, 'ਭਾਵਕ ਏਕਤਾ' ਤੇ 'ਸਹਿਵਾਸ' ਦਾ ਬੇਹਤਰੀਨ ਨਮੂਨਾ ਤੇ ਨੁਸਖਾ ਸੀ।

ਆਖਰ ਰਾਜ-ਮਦ-ਮਤੇ ਤੇ ਮਜ਼ਹਬੀ ਤੁਅੱਸਬ ਵਿਚ ਅੰਨ੍ਹੇ ਹੋਏ ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ 'ਸੱਚ ਦੇ ਹੱਟ' ਨੂੰ, 'ਝੂਠ ਦੀ ਦੁਕਾਨ' ਆਖਣ ਦੀ ਨ ਕੇਵਲ ਨਾਦਾਨੀ ਹੀ ਕੀਤੀ, ਸਗੋਂ ਖਤਮ ਕਰਨ ਦੇ ਮਨਸੂਬੇ ਵੀ ਬਣਾਏ। ਉਸ ਵਲੋਂ ਅਸਹਿ, ਅਕਹਿ ਤੇ ਭਿਆਨਕ ਸਰੀਰਕ ਕਸ਼ਟਾਂ ਨੂੰ ਖਿੜੇ ਮੱਥੇ ਸਹਿੰਦਿਆਂ ਉਹਨਾਂ ਦਾ ਵਿਜੈਈਨਾਦ ਸੀ :

ਸੇਵਕ ਕੀ ਓੜਕ ਨਿਬਹੀ ਪ੍ਰੀਤਿ ॥
ਜੀਵਤ ਸਾਹਿਬ ਸੇਵਿਓ ॥

ਗੁਰੂ ਜੀ ਨੂੰ ਗ੍ਰਿਫ਼ਤਾਰ ਕਰਵਾ ਕੇ, ਹਰ ਪ੍ਰਕਾਰ ਦੇ ਕਸ਼ਟਾਂ ਤੇ ਤਸੀਹਾਂ ਨਾਲ, 'ਸ਼ਹੀਦ' ਕੀਤੇ ਜਾਣ ਦੀ ਹਦਾਇਤ ਕੀਤੀ ਗਈ। ਮੁਰਤਜ਼ਾ ਖਾਂ ਨੇ ਬਾਦਸ਼ਾਹ ਦੇ ਇਸ ਹੁਕਮ ਦੀ ਵੱਧ ਚੜ੍ਹ ਕੇ ਪਾਲਣਾ ਕੀਤੀ ਅਤੇ ਸ਼ਾਂਤੀ ਦੇ ਪੁੰਜ, ਸੁਖਮਨੀ ਕਰਤਾ ਤੇ ਸਭ ਨੂੰ ਆਪਣਾ ਮਿੱਤਰ ਜਾਣਨ ਵਾਲੇ ਦੈਵੀ ਸਤਿਗੁਰੂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦਾ ਅਤੇ ਜੁੱਗਾਂ ਜਿਡੇ ਤਸੀਹਾਂ ਭਰੇ ਚੌਂਹ ਦਿਨਾਂ ਵਿਚ ਸ਼ਹੀਦ ਕਰ ਦਿੱਤਾ।

ਸਬਰ ਅਤੇ ਜਬਰ ਦੇ ਇਸ ਅਦੁੱਤੀ ਸੰਗਰਾਮ ਵਿਚ ਜਾਬਰਾਂ ਵਲੋਂ ਭਰਪੂਰ ਜਤਨ ਸੀ ਕਿ ਅੱਗ ਪਾਣੀ ਦੇ ਅਸਹਿ ਤੇ ਅਕਹਿ ਕਸ਼ਟਾਂ ਨਾਲ ਸਤਿਗੁਰੂ ਜੀ ਦੇ ਧੁਰ ਅੰਦਰ ਵਸਦੀ ਸ਼ਾਂਤੀ, ਅਮਨ ਤੇ ਸੁਖ ਨੂੰ ਖੋਹ ਲਿਆ ਜਾਵੇ; ਪ੍ਰੰਤੂ, ਜ਼ਮਾਨਾ ਸ਼ਾਹਿਦ ਹੈ ਤੇ ਸਦਾ ਰਹੇਗਾ ਕਿ ਸ੍ਰੀ ਗੁਰਦੇਵ ਨੇ ਕਿਵੇਂ, ਆਪਣੀ ਪਵਿੱਤਰ ਬਾਣੀ ਵਿਚ ਬ੍ਰਹਮ ਗਿਆਨੀ ਦੇ ਕੀਤੇ ਲੱਛਣਾਂ ਨੂੰ, ਅਤੇ ਬਾਣੀ ਵਿਚ ਦਰਸਾਏ ਇਸ ਅਮਰ ਸਿੱਧਾਂਤ ਨੂੰ ਸਤਿ ਕਰ ਵਿਖਾਇਆ:

ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥੧॥

ਧਰਮ ਤੇ ਅਧਰਮ ਦੇ ਇਸ ਅਲੌਕਿਕ ਦੰਗਲ ਵਿਚ ਨੋਟ ਕਰਨ ਵਾਲੀ ਵਿਸ਼ੇਸ਼ ਗੱਲ ਇਹ ਸੀ ਕਿ ਗੁਰਦੇਵ ਦੇ ਮੂੰਹੋਂ ਨਾ ਦੁਖ ਦੀ ਚੀਸ ਫੁੱਟੀ ਅਤੇ ਨਾ ਹੀ ਕਿਸੇ ਜਰਵਾਣੇ ਲਈ ਕੋਈ ਸਰਾਪ ਦਾ ਕਲਮਾ ਨਿਕਲਿਆ। ਡਾਕਟਰ ਮੁਹੰਮਦ ਇਕਬਾਲ ਨੇ ਰੱਬੀ-ਦਰਵੇਸ਼ ਦੀ, ਕਿਸੇ ਸਮੇਂ, ਜੋ ਪਰਿਭਾਸ਼ਾ ਕੀਤੀ ਸੀ, ਉਹ ਜੇ ਕਿਸੇ ਉਤੇ ਐਨ ਘੱਟਦੀ ਹੈ ਤਾਂ ਉਹ ਹਨ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ। ਇਕਬਾਲ ਲਿਖਦਾ ਹੈ:

ਤ੍ਰੀਕੇ ਅਹਿਲੇ ਦੁਨੀਆਂ ਹੈ, ਗਿਲਾ ਸ਼ਿਕਵਾ ਜ਼ਮਾਨੇ ਕਾ।
ਨਹੀਂ ਹੈ ਜ਼ਖ਼ਮ ਖਾ ਕਰ, ਆਹ ਕਰਨਾ, ਸ਼ਾਨਿ ਦਰਵੇਸ਼ੀ।
ਯੇ ਨੁਕਤਾ ਪੀਰੇ ਦਾਨਾ ਨੇ, ਮੁਝੇ ਖਿਲਵਤ ਮੇਂ ਸਮਝਾਇਆ।
ਕਿ ਹੈ ਜ਼ਬਤਿ ਫ਼ੁਗਾਂ, ਸ਼ੇਰੀ, ਫ਼ੁਗਾਂ, ਰੂਬਾਹੀਓ ਮੋਜ਼ੀ।

(ਭਾਵ—ਦੁਨਿਆਵੀ ਲੋਕਾਂ ਦਾ ਦਸਤੂਰ ਹੈ ਕਿ ਉਹ ਨਾ-ਮੁਆਫਕ ਹਾਲਾਤ ਵਿਚ ਕਈ ਪ੍ਰਕਾਰ ਦੀ ਗਿਲਾ ਗੁਜ਼ਾਰੀ ਕਰਦੇ ਹਨ ; ਪ੍ਰੰਤੂ, ਰੱਬੀ ਦਰਵੇਸ਼ ਅਥਵਾ ਪ੍ਰਭੂ-ਸੇਵਕ ਦੀ ਨਿਸ਼ਾਨੀ ਇਹ ਹੈ ਕਿ ਉਹ ਅਨਿਆਈਂ ਤੇ ਜਾਬਰ ਲੋਕਾਂ ਦੀਆਂ ਵਧੀਕੀਆਂ ਸਹਾਰਦਾ ਹੋਇਆ ਵੀ, ਉਨ੍ਹਾਂ ਅਥਵਾ ਪ੍ਰਮਾਤਮਾ ਵਿਰੁੱਧ ਕਿਸੇ ਪ੍ਰਕਾਰ ਦਾ ਸ਼ਿਕਵਾ ਸ਼ਿਕਾਇਤ ਨਹੀਂ ਕਰਦਾ। ਭੇਤ ਅਥਵਾ ਨੁਕਤੇ ਦੀ ਇਹ ਗੱਲ ਮੈਨੂੰ, ਮੇਰੇ ਦਾਨੇ ਮੁਰਸ਼ਿਦ ਨੇ ਪਰਦੇ ਵਿਚ ਸਮਝਾਈ ਹੈ ਕਿ ਦੁੱਖ ਨੂੰ ਖਿੜੇ ਮੱਥੇ ਸਹਾਰਨਾ ਸ਼ੇਰਾਂ ਵਾਲੀ ਗੱਲ ਹੈ ਅਤੇ ਦੁੱਖ ਤੇ ਕਸ਼ਟ ਸਮੇਂ ਰੌਲਾ ਰੱਪਾ ਪਾਉਣਾ ਲੂੰਬੜੀਆਂ ਤੇ ਭੇਡਾਂ ਵਾਂਗ ਬਾਂ ਬਾਂ ਕਰਨਾ ਹੈ।)

ਹੋਰ ਕਿਹਾ ਹੈ :

ਜੋ ਫਕਰ ਹੂਆ ਤਲਖੀਏ ਦੌਰਾਂ ਕਾ ਗਿਲਾਮੰਦ,
ਉਸ ਫਕਰ ਮੇਂ ਹੈ, ਅਭੀ ਬੂਏ ਗਦਾਈ ॥

(ਜਿਹੜਾ ਪ੍ਰਭੂ-ਪਿਆਰਾ ਅਥਵਾ ਗੁਰਮੁਖ ਜ਼ਮਾਨੇ ਦੇ ਨਾ-ਮੁਆਫਕ ਹਾਲਾਤ ਦੀ ਸ਼ਿਕਾਇਤ ਕਰਦਾ ਹੈ ਅਤੇ ਭਾਣੇ ਨੂੰ ਮਿੱਠਾ ਕਰਕੇ ਨਹੀਂ ਮੰਨਦਾ, ਉਸ ਗੁਰਸਿਖ, ਸੰਤ ਅਥਵਾ ਭਗਤ ਵਿਚ ਅਜੇ ਮੰਗਤਿਆਂ ਵਾਲੀ ਆਦਤ ਬਾਕੀ ਹੈ।)

ਸੋ ਆਓ, ਸੰਸਾਰ ਦੇ ਹੱਕ-ਪ੍ਰਸਤ ਲੋਕੋ, ਆਓ ! ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰਤਾਜ ਤੇ ਸਹੀ ਅਰਥਾਂ ਵਿਚ ਸੂਰਮੇ, ਦਰਵੇਸ਼ ਤੇ ਕਾਮਲ ਸਤਿਗੁਰੂ ਨੂੰ ਕੋਟਾਨ ਕੋਟ ਵੇਰ ਸਜਦਾ ਕਰੀਏ ਅਤੇ ਉਹਨਾਂ ਵਲੋਂ ਦੱਸੇ ਤੇ ਸਫਲਤਾ-ਪੂਰਬਕ ਕਮਾਏ ਰਾਹ ਉਤੇ ਤੁਰ ਕੇ ਸੰਸਾਰ ਨੂੰ ਸਵਰਗ ਬਣਾਈਏ। ਵਰਨਾ ? ਵਰਨਾ ਉਹਨਾਂ ਵਲੋਂ ਹੋਵਾਂਗੇ ਬੇਮੁਖ ਤੇ ਅਕ੍ਰਿਤਘਣ ਅਤੇ ਅਕ੍ਰਿਤਘਣ ਤੋਂ ਵੱਧ ਨਾ ਕੋਈ ਪਾਪੀ ਹੈ ਤੇ ਨ ਹੀ ਧਰਤੀ ਉਤੇ ਭਾਰਾ।

''ਇਕਾ ਬਾਣੀ ਇਕੁ ਗੁਰੁ''

ਹਰੇਕ ਸੰਸਥਾ, ਸਭਾ, ਸੁਸਾਇਟੀ ਤਥਾ ਮੱਤ ਦੇ ਕੁਝ ਨੇਮ ਅਥਵਾ ਸਿੱਧਾਂਤ ਹੁੰਦੇ ਹਨ, ਜਿਨ੍ਹਾਂ ਦੀ ਪਾਬੰਦੀ ਸੰਬੰਧਤਾਂ ਲਈ ਨਾ ਕੇਵਲ ਲਾਜ਼ਮੀ ਹੀ ਹੁੰਦੀ ਹੈ ; ਸਗੋਂ, ਮਿਥੇ ਟੀਚੇ ਵਲ ਵਧਣ ਫੁੱਲਣ ਦੀ ਜ਼ਾਮਨ ਵੀ। ਜਦ ਕਦੀ ਵੀ, ਦੁਰ-ਭਾਗ ਵੱਸ, ਕਿਸੇ ਸੁਸਾਇਟੀ ਜਾਂ ਮੱਤ ਦੇ ਅਵਲੰਬੀਆਂ ਦੀ ਸੋਚਣੀ ਅਥਵਾ ਵਰਤੋਂ ਵਿਹਾਰ ਵਿਚ ਇੰਤਸ਼ਾਰ (ਖਿੰਡਾਉ) ਆਇਆ, ਮਾਨੋਂ ਸਾਂਝੇ ਵਿਚਾਰਾਂ ਤੇ ਇਕ ਨੁਕਤੇ ਉਤੇ ਕੇਂਦਰਤ ਹੋਣ ਦਾ ਭੰਗ ਪੈ ਗਿਆ ਹੈ। ਫੇਰ ਸਮਝੋ ਕਿ ਉਸ ਸੰਸਥਾ ਦਾ ਨਾ ਕੇਵਲ ਵਿਕਾਸ ਹੀ ਰੁਕ ਗਿਆ ; ਸਗੋਂ, ਪੱਤਨ ਅਥਵਾ ਬਰਬਾਦੀ ਵੀ ਆਰੰਭ ਹੋ ਗਈ।

ਦੂਜੇ ਸ਼ਬਦਾਂ ਵਿਚ, ਹਰੇਕ ਕੌਮ ਦੇ ਮੂਲ ਸਿੱਧਾਂਤਾਂ ਦਾ ਇਕ ਕੇਂਦਰੀ ਬਿੰਦੂ ਅਥਵਾ ਕਿੱਲੀ ਹੁੰਦੀ ਹੈ ; ਜਿਸ ਦੇ ਨੇੜੇ ਰਹਿਣ ਨਾਲ ਕਿਸੇ ਤਰ੍ਹਾਂ ਦੀ ਮਾਰ ਅਥਵਾ ਤਬਾਹੀ ਤੋਂ ਬਚਿਆ ਜਾ ਸਕਦਾ ਹੈ। ਉਹ 'ਰਾਮ ਕਾਰ' ਵਾਂਗੂ ਸਾਡੀ ਰੱਖਿਆ ਦੀ ਜ਼ਾਮਨ ਹੁੰਦੀ ਹੈ। ਮਹਾਨ ਪ੍ਰਬੀਨ ਤੇ ਲੋਕ-ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਅਹਿਮ ਨੁਕਤੇ ਨੂੰ, ਆਟਾ ਪੀਹਣ ਵਾਲੀ ਚੱਕੀ ਦੀ, ਸੌਖੀ ਜਿਹੀ ਮਿਸਾਲ ਦੇ ਕੇ, ਸਮਝਾਉਣ ਦਾ ਉਪਕਾਰ ਕੀਤਾ ਹੈ। ਆਪ ਵੇਖਦੇ ਹਨ ਕਿ ਇਕ ਮਾਈ ਆ ਚੱਕੀ ਝੋਂਦੀ ਹੈ। ਦਾਣਿਆਂ ਦਾ ਆਟਾ ਬਣ ਬਣ ਬਾਹਰ ਗੰਡ ਵਿਚ ਆਈ ਜਾਂਦਾ ਹੈ ; ਪ੍ਰੰਤੂ, ਆਪ ਜੀ ਨੇ ਵੇਖਿਆ ਕਿ ਆਟਾ ਪਿਸ ਜਾਣ ਉਪਰੰਤ ਉਹ ਦਾਣੇ ਜੋ ਚੱਕੀ ਦੀ ਕਿੱਲੀ ਦੇ ਆਸ ਪਾਸ ਰਹੇ, ਪਿਸਣੋ ਬੱਚ ਗਏ। ਚਿੰਤਕ ਤੇ ਮੇਹਰਬਾਨ ਸਤਿਗੁਰੂ ਨੇ ਨਿੱਤ-ਜੀਵਨ ਵਿਚ ਵਾਪਰਨ ਵਾਲੀ ਇਸ ਵਚਿੱਤਰ ; ਪ੍ਰੰਤੂ, ਹਕੀਕਤ-ਭਰਪੂਰ ਲੀਲ੍ਹਾ ਨੂੰ ਅਧਿਆਤਮਕ ਸਿਖਿਆ ਦਾ ਸਦੀਵੀ ਸੋਮਾ ਬਣਾਉਣ ਹਿੱਤ

ਬਾਣੀ ਰਚੀ ਤੇ ਅਰਸ਼ਾਦ ਹੋਇਆ :

ਦੋਇ ਪੁੜ ਚਕੀ ਜੋੜਿ ਕੇ, ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ, ਨਾਨਕ ਅਜਬ ਡਿਠੁ ॥ (ਪੰਨਾ ੧੪੨)

ਇਸੇ ਸਚਾਈ ਨੂੰ ਅੱਲਾਮਾ ਇਕਬਾਲ ਨੇ ਇਉਂ ਕਲਮਬੰਦ ਕੀਤਾ ਹੈ :

ਕੌਮੋਂ ਕੇ ਲੀਏ ਮੌਤ ਹੈ, ਮਰਕਜ਼ ਸੇ ਜੁਦਾਈ।
ਹੋ ਸਾਹਿਬਿ ਮਰਕਜ਼, ਤੋ ਖ਼ੁਦੀ ਕਿਆ ਹੈ ? ਖ਼ੁਦਾਈ।

ਵਿਅਕਤੀ-ਗਤ ਸੋਚੋਂ ਜਾਂ ਜਥੇਬੰਦੀ ਦੇ ਦ੍ਰਿਸ਼ਟੀ-ਕੋਨ ਤੋਂ, ਇਕ ਨੁਕਤੇ ਉਤੇ ਕੇਂਦਰਤ ਹੋਏ ਤੋਂ ਬਿਨਾਂ ਸਫਲ ਜੀਵਨ ਸੰਘਰਸ਼ ਸੰਭਵ ਨਹੀਂ। ਇਤਿਹਾਸ ਗਵਾਹ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੀ ਆਮਦ ਤੋਂ ਪਹਿਲਾਂ ਅਰਬਾਂ ਦੀ ਹਾਲਤ, ਆਸ਼ਾ, ਇਸ਼ਟ, ਉਪਾਸ਼ਨਾ ਵੱਖ ਵੱਖ ਹੋਣ ਦੇ ਕਾਰਨ, ਕਿਤਨੀ ਅਧੋਗਤੀ ਵਾਲੀ ਸੀ। 'ਕਬੀਲਾ ਪਰਵਰੀ', 'ਕੀਨਾ ਪਰਵਰੀ' ਤੇ ਭਰਾ-ਮਾਰੂ ਰੁਚੀਆਂ ਨੇ ਉਹਨਾਂ ਨੂੰ ਕਿਵੇਂ ਲੀਰੋ ਲੀਰ ਤੇ ਨਿਤਾਣੇ ਬਣਾ ਛੱਡਿਆ ਸੀ। ਜਦ ਹਜ਼ਰਤਾਂ ਦੇ ਉਪਦੇਸ਼ਾਂ ਨੇ ਉਹਨਾਂ ਨੂੰ ਇਕ ਅੱਲਾ ਅਤੇ ਇਕੋ ਸ਼ਰ੍ਹਾ ਦੇ ਪਾਬੰਦ ਤੇ ਸ਼ਰਧਾਲੂ ਬਣਾ ਕੇ ਇਕ ਮੁੱਠ ਕਰ ਦਿੱਤਾ ਤਾਂ ਉਹ ਸੰਸਾਰ ਉਤੇ ਛਾ ਗਏ। ਉਹਨਾਂ ਦੀ ਤਾਕਤ ਦਾ ਭੇਦ ਸੀ—ਉਹਨਾਂ ਦੇ ਇਕ ਅੱਲਾਹ ਤੇ ਇਕ ਸ਼ਰ੍ਹਾ ਉਤੇ ਕੇਂਦਰਤ ਹੋ ਜਾਣ ਵਿਚ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਾਸੀਆਂ ਦੀ ਹਰ ਖੇਤਰ ਵਿਚ ਪਸਰੀ ਪਾਟੋਧਾੜ ਜਗਤ ਪ੍ਰਸਿੱਧ ਹੈ। ਨ ਇਸ਼ਟ ਇਕ, ਨ ਉਪਾਸਨਾ ਇਕ, ਨਾ ਪੂਜਾ ਇਕ, ਨਾ ਜ਼ਾਤ ਇਕ, ਨਾ ਪਾਤ ਇਕ, ਨਾ ਰੀਤ ਇਕ, ਨ ਰਸਮ ਇਕ। 'ਵੀਹ ਪੂਰਬੀਏ ਤੇ ਇੱਕੀ ਚੁਲ੍ਹੇ' ਵਾਲੀ ਗੱਲ ਸੀ।

ਨਿਰੰਕਾਰੀ ਬਾਬੇ ਨੇ ਸਭ ਨੂੰ '੧ ਓ' ਦੀ ਅਜ਼ਲੀ ਇਕਾਈ ਉਤੇ ਕੇਂਦਰਤ ਕਰਨਾ ਚਾਹਿਆ। ਜੇ ਗੁਰੂ ਦਸ ਹੋਏ ਤਾਂ ਉਹ ਵੀ 'ਇਕ ਜੋਤਿ'। ਖੰਡੇ ਦੀ ਪਾਹੁਲ ਤੇ ਸਰੂਪ ਇਕੋ, ਜੁਗੋ ਜੁੱਗ ਅਟੱਲ, ਸਦਾ ਇਕ-ਰਸ-ਰਹਿਣ ਤੇ ਨਿਭਣ ਵਾਲਾ ਸ਼ਬਦ-ਗੁਰੂ ਵੀ ਇਕੋ। ਇਕੋ ਵਰਣ ਤੇ ਇਕੋ ਆਸ਼ਰਮ।

'ਖੰਡੇ ਦੀ ਪਾਹੁਲ' ਛੱਕ ਕੇ ਸਭ 'ਖੰਡਾ ਕੁਲ ਛੱਤਰੀ' ਹੋ ਗਏ। ਫਿਰ ਊਚ-ਨੀਚ ਕਿਵੇਂ ਰਹੀ ? ਸਾਰੇ ਸਿੰਘ, 'ਸਿਪਾਹੀ' ਵੀ ਤੇ ਸਾਰੇ 'ਸੰਤ' ਵੀ। ਗੱਲ ਕੀ ਗੁਰੂ ਸਾਹਿਬਾਨ ਨੇ ਸਿੰਘਾਂ ਨੂੰ ਧਰਮ, ਕਰਮ, ਰੀਤ ਰਸਮ ਵਿਚ ਇਕੋ ਜਿਹੇ ਕਰ ਦਿੱਤਾ ਗਿਆ। ਇਕ, ਦੋ ਤਿੰਨ ਦੀ ਤਕਸੀਮ ਦੇ ਸਭ ਕਾਨੂੰਨ ਕਾਇਦੇ ਤੇ ਆਈਨ ਮਨਸੂਖ ਕਰ ਦਿਤੇ। ਇਹੀ ਸੀ 'ਸਾਹਿਬਿ ਮਰਕਜ਼' ਹੋਣਾ ਅਤੇ ਇਸੇ ਕਾਰਨ ਹੀ ਸਿੰਘਾਂ ਵਿਚ ਨਾ ਕੇਵਲ ਬੀਰਤਾ ਤੇ ਸਵੈ-ਮਾਨ (ਖ਼ੁਦੀ) ਜਾਗਿਆ ; ਸਗੋਂ ਹਰ ਖੇਤਰ ਵਿਚ 'ਸਾਹਿਬੀ' ਤੇ ਸਰਦਾਰੀ ਨੇ ਉਹਨਾਂ ਦੇ ਚਰਨ ਚੁੰਮੇ।

ਪਰੰਤੂ, ਕਿਤਨੇ ਦੁੱਖ ਦੀ ਗੱਲ ਹੈ ਕਿ ਹੁਣ ਅਸੀਂ 'ਏਕੇ' ਦੀ, ਕੇਂਦਰ ਦੀ ਪਕੜ ਛੱਡਦੇ ਜਾ ਰਹੇ ਹਾਂ, ਜਿਸ ਦੇ ਸਿੱਟੇ ਵਜੋਂ ਸਾਡੇ ਵਿਚ ਕਈ ਪੱਖਾਂ ਤੋਂ ਕਮਜ਼ੋਰੀ ਦਾ ਆ ਜਾਣਾ ਕੁਦਰਤੀ ਹੈ। ਹੋਰ ਤਾਂ ਹੋਰ, ਸਾਡੀ ਅਰਦਾਸ, ਸਾਡਾ ਨਿਤਨੇਮ, ਸਾਡੇ ਅੰਮ੍ਰਿਤ ਛਕਾਉਣ ਦੀ ਵਿਧੀ, ਸਾਡੀਆਂ ਰੀਤਾਂ ਰਸਮਾਂ ਤੇ ਸੰਸਕਾਰ ਅਤੇ ਅਖੰਡ ਪਾਠ ਆਦਿ ਦੀ ਮਰਯਾਦਾ—ਸਭ ਵੱਖ ਵੱਖ ਹੁੰਦੇ ਜਾ ਰਹੇ ਹਨ। ਗੋਸਾਈਂ ਤੁਲਸੀ ਦਾਸ ਜੀ ਵਲੋਂ ਦੱਸੀਆਂ ਏਕੇ ਦੀਆਂ ਜ਼ਾਮਨ ਛੇ ਗੱਲਾਂ—'ਆਸਾ, ਇਸ਼ਟ, ਉਪਾਸ਼ਨਾ, ਖਾਣ, ਪੀਣ ਪਹਿਰਾਣ' ਵਿਚ ਵੀ ਅਸਾਂ ਭਿੰਨਤਾ ਪੈਦਾ ਕਰ ਲਈ ਹੈ। ਨਵੇਂ ਨਵੇਂ ਦੰਭੀ ਵਿਕਾਰੀ ਚਾਰ-ਵਾਕੀਏ ਤੇ ਪਖੰਡੀ ਗੁਰੂਆਂ ਵਲੋਂ ਮਨ-ਮੱਤ ਤੇ ਹਉਮੈ ਦੇ ਆਧਾਰ ਉਤੇ ਪੈਦਾ ਕੀਤੀਆਂ ਜਾ ਰਹੀਆਂ ਵਿਲੱਖਣਤਾਵਾਂ, ਸਿੱਖ ਪੰਥ ਦੇ ਸ਼ੀਰਾਜ਼ੇ ਨੂੰ ਬੁਰੀ ਤਰ੍ਹਾਂ ਬਖੇਰ ਅਤੇ 'ਏਕੇ' ਤੋਂ ਉਖੇੜ ਕੇ ਫਿਰ 'ਪ੍ਰਾਚੀਨ ਭਿੰਨਤਾ' ਦੀ ਦਲ ਦਲ ਵਿਚ ਧਸਾਈ ਜਾ ਰਹੀਆਂ ਹਨ। ਗੁਰੂ ਅਸਥਾਨਾਂ ਵਿਚ ਹੀ ਕਿਤੇ ਗੁਰੂ ਜੀ ਨੂੰ ਭੰਗ ਦੇ ਭੋਗ ਲਾਏ ਜਾ ਰਹੇ ਹਨ, ਕਿਤੇ ਕਿਰਪਾਨ ਨਾਲ ਅੰਮ੍ਰਿਤ ਛਕਾਇਆ ਜਾ ਰਿਹਾ ਹੈ, ਕਿਤੇ ਪੰਜਾਂ ਕਕਾਰਾਂ ਦੇ ਵੇਰਵੇ ਉਤੇ ਬਹਿਸ ਹੈ ਤੇ ਕਿਤੇ 'ਮਹਾਂ ਪ੍ਰਸ਼ਾਦ' (meat) ਛਕਣ, ਨਾ ਛਕਣ ਬਾਰੇ ਡੂੰਘੇ ਮਤ-ਭੇਦ ਹਨ। ਅਜੀਬ ਆਪਾ ਧਾਪੀ ਹੈ ਪੰਥ ਵਿਚ ਸਿੱਖ ਰਹਿਤ ਮਰਯਾਦਾ ਤੇ ਸਿਖੀ ਅਥਵਾ ਗੁਰਮਤ ਸਿਧਾਂਤਾਂ ਬਾਰੇ।

ਅਜਿਹੇ ਵਾਤਾਵਰਣ ਵਿਚ ਸਿਖੀ ਦੇ ਦੋਖੀਆਂ ਦਾ ਖੂਬ ਦਾਅ ਲੱਗ ਰਿਹਾ ਹੈ, ਸਿਖੀ ਦੇ ਮਹੱਲ ਨੂੰ ਢਾਹ ਲਾਉਣ ਦਾ। ਇਹਨਾਂ ਨਕਲੀ ਨਿਰੰਕਾਰੀਆਂ, ਬਨਾਉਟੀ, 'ਸੱਚੇ ਪਾਤਸ਼ਾਹਾਂ', ਦੰਭੀ ਗੁਰੂਆਂ ਅਤੇ ਪਾਖੰਡੀ, ਲੋਭੀ ਤੇ ਜ਼ਾਤੀ ਮਾਨ ਪ੍ਰਤਿਸ਼ਟਾ ਦੇ ਭੁੱਖੇ ਵਿਕਾਰੀ ਤੇ ਭੇਖੀ ਧਾਰਮਕ ਆਗੂਆਂ ਦੇ ਵਧਣ ਫੂਲਣ ਦਾ ਭੇਦ ਹੀ ਸਾਡੇ ਆਪਣੇ ਵਿਰਸੇ ਤੇ ਅਸਲੇ ਵਲੋਂ ਅਵੇਸਲੇ ਹੋਣ ਅਤੇ ਵਕਤੀ ਲਾਭਾਂ ਦੀ ਖਾਤਰ ਇਹਨਾਂ ਪੰਥ-ਦੋਖੀਆਂ ਦੀ ਅਸਲੀਅਤ ਨੂੰ ਰਾਜ-ਨੀਤੀ ਲਾਭਾਂ ਹਿੱਤ ਮਸਲਹਤਨ ਨਾ ਉਘੇੜਨ ਵਿਚ ਹੈ। ਸਾਡੇ ਸਿਖੀ ਵਿਸ਼ਵਾਸ ਦੀ ਗਠੜੀ ਨੂੰ ਬੇਅੰਤ ਚੋਰ—ਬਹੁਰੂਪੀਆਂ ਦੇ ਭੇਸ ਵਿਚ—ਲੁੱਟਣ ਦੇ ਆਹਰ ਵਿਚ ਹਨ। ਉਪਰੋਂ ਉਪਰੋਂ ਸਭ ਅੱਛਾ ਹੈ; ਪ੍ਰੰਤੂ ਵਿਚੋਂ ਕਬੀਰ ਸਾਹਿਬ ਦੇ ਕਥਨ:

ਜਾਗਤ ਮੁਸੀਅਤ ਹਉਂ ਰੇ ਭਾਈ ॥ (ਰਾਮਕਲੀ, ਪੰਨਾ ੯੭੧)

ਵਾਲੀ ਹੋਣੀ ਵਰਤਣ ਕਰਕੇ, ਡਾਢੀ ਚਿੰਤਾ-ਭਰਪੂਰ ਦਸ਼ਾ ਹੈ ਅਸਾਡੀ, ਇਸ ਵੇਲੇ।

ਵੱਡੇ ਖੇਦ ਤੇ ਚਿੰਤਾ ਦੀ ਗੱਲ ਇਹ ਹੈ ਕਿ ਜਦ ਕੋਈ ਇਕ ਵਿਅਕਤੀ, ਸਵਾਰਥ-ਵੱਸ ਅਪਨਾਏ ਤੇ ਖਿਲਾਰੇ ਦੰਭ, ਵਲ ਛਲ ਤੇ ਏਜੰਟਾਂ ਦੀ ਸਹਾਇਤਾ ਨਾਲ ਮੌਜ ਮੇਲੇ ਲਈ ਰਚੇ ਮਨਸੂਬੇ ਤੇ ਪਰਪੰਚ ਵਿਚ ਸਫਲ ਹੋ ਜਾਂਦਾ ਹੈ, ਮੱਥੇ ਟਿਕਾਉਂਦਾ, ਮਾਲ ਦੌਲਤਾਂ ਵਿਚ ਖੇਡਦਾ ਤੇ ਐਸ਼-ਵਰਜ ਮਾਣਦਾ ਹੈ, ਤਾਂ ਉਸ ਨੂੰ ਵੇਖ ਕੇ ਹੋਰਨਾਂ ਦਾ ਜੀਅ ਲਲਚਾ ਆਉਂਦਾ ਹੈ, ਕਿ ਉਹਨਾਂ ਵਲੋਂ ਵੀ, ਠੱਗੀ ਠੋਰੀ ਮਾਰ ਕੇ, ਲੋਕ ਪ੍ਰਲੋਕ ਦੇ ਸਬਜ਼ ਬਾਗ ਵਿਖਾ ਕੇ, ਭੋਲੀ ਭਾਲੀ ਜਨਤਾ ਤੇ ਭੋਲੇ ਭਗਤਾਂ ਨੂੰ ਫਸਾਉਣ ਵਾਲਾ ਸਭ ਤੋਂ ਸੌਖਾ ਤੇ ਨਫੇ ਵਾਲਾ, ਉਹ ਧੰਦਾ ਕਿਉਂ ਨਾ ਅਪਨਾਇਆ ਜਾਵੇ, ਜਿਸ ਨਾਲ ਨਾ ਹਿੰਙ ਲਗੇ ਨਾ ਫਟਕੜੀ ਤੇ ਰੰਗ ਆਵੇ ਰੱਜ ਕੇ ਗੂੜ੍ਹਾ। ਅਜਿਹੀ ਹਾਲਤ ਵਿਚ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਸ ਆਪਾ ਧਾਪੀ ਵਾਲੀ ਹਾਲਤ ਵਿਚ, ਆਪਣੇ ਆਪ ਨੂੰ 'ਨਾਨਕ ਨਿਰੰਕਾਰੀ' ਜਾਂ 'ਕਲਗੀਆਂ ਵਾਲੇ' ਦਾ ਅਵਤਾਰ ਸਿੱਧ ਕਰਨ ਲਈ ਥਾਂ ਥਾਂ ਹੱਥ ਪੈਰ ਮਾਰੇ ਜਾ ਰਹੇ ਹਨ।

ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੇ ਪਾਠ ਦੇ ਪੜਦੇ ਹੇਠ ਆਪਣੀ ਕੱਚੀ ਲੱਸੀ ਨੂੰ ਅੰਮ੍ਰਿਤ ਕਰਕੇ ਭੂਤ ਪ੍ਰੇਤ ਕੱਢਣ ਲਈ ਵੰਡ ਸਕਦੇ ਹਨ। ਕੋਈ ਨਹੀਂ ਰੋਕਦਾ ਇਨ੍ਹਾਂ ਨੂੰ, ਕਿ ਤੁਸੀਂ ਕੌਣ ਹੋ ਸਤਿਗੁਰੂਆਂ ਅਤੇ ਗੁਰਬਾਣੀ ਦਾ ਗਲਤ ਪ੍ਰਯੋਗ ਕਰਕੇ ਲੋਕਾਂ ਨੂੰ ਟਪਲਾ ਲਾਉਣ, ਇਹ ਆਪਣਾ ਬਾਬਾ ਬੁੱਢਾ ਘੜ ਸਕਦੇ ਹਨ, ਆਪਣੀ ਬੇਬੇ ਨਾਨਕੀ ਬਣਾ ਸਕਦੇ ਤੇ ਆਪਣੇ ਭਾਈ ਗੁਰਦਾਸ ਤੇ ਸੱਤ ਪਿਆਰੇ ਰਚ ਸਕਦੇ ਹਨ ਕੋਈ ਵੀ ਪੁਛਦਾ ਗੁਰਸਿਖੀ ਨੂੰ ਬਦਨਾਮ ਕਰਨ ਵਾਲੇ ਨੂੰ ? ਵੇਖੋ,ਐਸੀ ਵੇਹਲ ਹੀ ਕਿਸ ਨੂੰ ਹੈ !

ਕਿਸੇ ਨੂੰ ਈਮਾਨਦਾਰੀ ਨਾਲ ਆਪਣੇ ਵੀਚਾਰ, ਸਿਧਾਂਤ, ਪ੍ਰਚਾਰਨ ਦੀ ਤਾਂ ਖੁਲ੍ਹ ਹੋ ਸਕਦੀ ਹੈ ; ਪ੍ਰੰਤੂ, ਇਹ ਆਗਿਆ ਨਹੀਂ ਦਿਤੀ ਜਾ ਸਕਦੀ ਕਿ ਕੋਈ ਵਿਅਕਤੀ, ਸਵਾਰਥ-ਸਿਧੀ ਲਈ ਸਿੱਖ ਸਤਿਗੁਰੂਆਂ ਜਾਂ ਬਾਣੀ ਨੂੰ ਕੇਵਲ ਆਪਣੇ ਸੁਆਰਥ ਤੇ ਪੂਜਾ ਪ੍ਰਤਿਸ਼ਟਾ ਲਈ ਤਾਂ ਵਰਤੇ, ਪ੍ਰੰਤੂ ਉਹਨਾਂ ਨੂੰ ਰੰਚਕ ਮਾਤਰ ਵੀ ਆਦਰ ਸਤਿਕਾਰ ਨਾ ਦੇਵੇ । ਨਕਲੀ 'ਨਿਰੰਕਾਰੀਏ' ਵਾਂਗ ਪੰਜਵੇਂ ਗੁਰਦੇਵ ਦੇ ਪਵਿੱਤਰ ਸ਼ਬਦ ਦੀ ਕਥਾ ਤਾਂ ਕਰੇ ; ਪ੍ਰੰਤੂ, ਜਦ ਉਨ੍ਹਾਂ ਦਾ ਪਾਵਨ ਨਾਮ ਦਾ ਜ਼ਿਕਰ ਆਵੇ, ਤਾਂ ਕਹੇ, "ਇਹ ਆਖਦਾ ਹੈ।" ਇਤਨਾ ਸਤਿਕਾਰ ਵੀ ਨਾ ਕਰੇ ਤੇ ਕਹੇ, "ਕਿ ਗੁਰੂ ਅਰਜਨ ਦੇਵ ਜੀ ਆਖਦੇ ਹਨ ਜਾਂ ਗੁਰੂ ਜੀ ਆਖਦੇ ਹਨ।" ਜਦ ਸ਼ਬਦ ਦੇ ਅੰਤ ਵਿਚ 'ਨਾਨਕ' ਪਦ ਆਵੇ ਤਾਂ ਉਸ ਦਾ ਕਦੀ ਵੀ ਜ਼ਿਕਰ ਨਾ ਕਰੇ। ਕਿਤਨੀ ਅਵੱਗਿਆ ਤੇ ਅਕ੍ਰਿਤਘਣਤਾ ਹੈ ਅਜੇਹੇ ਲੋਕਾਂ ਦੀ, ਅਤੇ ਕਿਤਨੇ ਬੇਮੁਖ ਹਾਂ ਅਸੀਂ ਗੁਰਾਂ ਵਲੋਂ ਜੋ ਇਸ ਦਾ ਨੋਟਿਸ ਨਹੀਂ ਲੈਂਦੇ।

ਮੰਨਿਆ, ਕਿ ਅਸੀਂ ਸਿਖੀ ਤੇ ਸਿਖਾਂ ਦੀ ਹਰ ਪਹਿਲੂ ਤੋਂ ਉੱਨਤੀ ਦੇ ਚਾਹਵਾਨ ਹਾਂ। ਸਾਡੇ ਦਿਲਾਂ ਵਿਚ ਬੜਾ ਪੰਥਕ ਦਰਦ ਹੈ ; ਪ੍ਰੰਤੂ, ਉਸ ਦਰਦ ਦੇ ਪ੍ਰਗਟਾਅ ਦੀ ਲੋੜ ਹੈ, ਸਿਖੀ ਦੀ ਬੇਹਤਰੀ ਲਈ, ਸ਼ਾਨ ਲਈ, ਬਿਰਧੀ ਲਈ। ਸਿਖੀ ਬ੍ਰਿਛ ਸਮਾਨ ਹੈ ਤੇ ਸਿੱਖ ਉਸ ਨੂੰ ਲਗੇ ਫਲਾਂ ਫੁੱਲਾਂ ਤੇ ਟਹਿਣੀਆਂ ਸਮਾਨ। ਇਸ ਦੀ ਬਿਰਧੀ ਵਿਚ ਹੀ ਸਿੱਖ ਦੀ ਮਾਨ ਤੇ ਵਡਿਆਈ ਹੈ, ਪ੍ਰਫੁਲਤਾ ਤੇ ਜੀਵਨ ਹੈ।

ਹਰੇਕ ਸਿੱਖ ਮਿਸ਼ਨਰੀ ਹੈ, ਪ੍ਰਚਾਰਕ ਹੈ। ਉਹ "ਆਪਿ ਮੁਕਤੁ, ਮੁਕਤੁ ਕਰੈ ਸੰਸਾਰੁ" ਦੇ ਗੁਰਵਾਕ ਅਨੁਸਾਰ, ਦੇਸ਼ ਪ੍ਰਦੇਸ਼ ਵਿਚ ਜਿਥੇ ਵੀ ਵਿਚਰੇ, ਆਪਣੇ ਬੋਲ ਬਾਣੀ, ਵਿਹਾਰ ਤੇ ਆਚਾਰ ਨਾਲ ਸੁਗੰਧੀ ਖਿਲਾਰੇ, ਅਤੇ ਭਰਮ, ਭੇਖ ਦੇ ਗੜ੍ਹ ਤੋੜੇ। ਫੇਰ, ਸੰਸਾਰ ਸਿਖੀ ਦਾ ਆਸ਼ਕ ਹੋ, ਤਰਲੇ ਮਾਰ ਉਠੇਗਾ ਕਿ ਉਸ ਨੂੰ ਸਿਖੀ ਦੇ ਪਰਮ-ਸਰਚਸ਼ਮੇ ਦੀ ਦਸ ਪਾਵੇ, ਜਿਥੇ ਉੱਚੇ, ਸੁਚੇ ਤੇ ਸੱਚੇ ਆਚਾਰ ਦਾ ਜਾਮ ਮਿਲਦਾ ਹੈ। ਜਿਥੋਂ ਸੇਵਾ, ਸਿਮਰਨ ਤੇ 'ਸਰਬਤ ਦੇ ਭਲੇ' ਦੀ ਜਾਗ ਲੱਗਦੀ ਹੈ।

ਅਜੇਹਾ ਹੋ ਸਕਣਾ ਤਦ ਹੀ ਸੰਭਵ ਹੈ, ਅਸੀਂ ਕ੍ਰਿਤੱਗਯ ਤੇ ਸਪੂਤ ਤਾਂ ਹੀ ਥੀਵਾਂਗੇ, ਜਦ ਅਸੀਂ ਆਪ ੴ ਤੇ ਏਕੇ ਦੀ ਫਿਲਾਸਫੀ ਨੂੰ ਸਮਝਾਂਗੇ। ਸਾਡਾ ਵਿਸ਼ਵਾਸ ਗੁਰੂ ਤੇ ਗੁਰਬਾਣੀ ਉਤੇ ਪੁਖਤਾ ਹੋਵੇਗਾ, ਅਤੇ ਚੜ੍ਹਦੀ ਕਲਾ ਲਈ ਸਾਨੂੰ ਤੀਜੇ ਗੁਰਦੇਵ ਦਾ ਇਹ ਪਵਿੱਤਰ ਵਾਕ ਹਰ ਦਮ ਟੁੰਬਦਾ ਰਹੇਗਾ :

ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ ॥

(ਵਾਰ ਸੋਰਠਿ ਮ: ੩, ਪੰਨਾ ੬੪੬)

ਸ਼ੁੱਧ ਗੁਰਬਾਣੀ-ਉਚਾਰਨ-ਮਹੱਤਵ

(੧)

[ਨੋਟ : ਇਹ ਲੇਖ ਸੰਪੂਰਨ ਰੂਪ ਵਿਚ ਮੇਰੀ ਪੁਸਤਕ 'ਗੁਰਮਤਿ ਵਿਆਖਿਆਨ' ਵਿਚ ਛਪ ਚੁੱਕਾ ਹੈ, ਪ੍ਰੰਤੂ ਇਸ ਵਿਸ਼ੇ ਦੀ ਅਹਿਮੀਅਤ ਅਤੇ ਪਾਠਕਾਂ ਦੇ ਲਾਭ ਨੂੰ ਮੁਖ ਰਖਦਿਆਂ ਹੋਇਆਂ ਇਸ ਨੂੰ ਫੇਰ, ਵਿਸਤ੍ਰਿਤ ਰੂਪ ਵਿਚ, ਏਥੇ ਵੀ ਛਾਪਿਆ ਜਾ ਰਿਹਾ ਹੈ।]

ਅਸੀਂ ਰੋਜ਼ ਅਰਦਾਸ ਵਿਚ ਜਿੱਥੇ ਵਾਹਿਗੁਰੂ ਜੀ ਅੱਗੇ ਸਿੱਖੀ ਸਿਦਕ, ਭਰੋਸਾ-ਦਾਨ, ਨਾਮ-ਦਾਨ ਆਦਿ ਲਈ, ਦਾਤਾਰ ਪ੍ਰਭੂ ਅੱਗੇ ਝੋਲੀ ਅੱਡਦੇ ਹਾਂ, ਓਥੇ ਇਸ ਬਖਸ਼ਿਸ਼ ਦੇ ਵੀ ਜਾਚਕ ਹੁੰਦੇ ਹਾਂ ਕਿ ਉਹ ਆਪਣੇ ਸਿੱਖਾਂ, ਸੇਵਕਾਂ ਨੂੰ ਸ਼ੁੱਧ-ਗੁਰਬਾਣੀ ਪੜ੍ਹਨ ਦੀ ਬੁੱਧੀ ਤੇ ਬਲ ਬਖਸ਼ਣ। ਇਸ ਦੇ ਨਾਲ ਹੀ ਇਹ ਤਰਲਾ ਵੀ ਮਾਰਦੇ ਹਾਂ ਕਿ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ, ਗੁਰਬਾਣੀ ਦਾ ਭਾਵ ਅਥਵਾ ਆਸ਼ਾ ਸਾਡੇ ਹਿਰਦਿਆਂ ਵਿਚ ਵਸਾਉਣ ਦੀ ਮਿਹਰੰਮਤ ਕਰਨ। ਇਹ ਇਸ ਲਈ ਕਿ ਗੁਰਬਾਣੀ ਦਾ ਭਾਵ ਧੁਰ ਅੰਦਰ ਵੱਸੇ ਬਗੈਰ ਸੱਤ, ਸੰਤੋਖ, ਸਿਦਕ ਤੇ ਨਾਮ ਦੇ ਅਮਲੀ ਪੱਖ ਦੀ ਪ੍ਰਾਪਤੀ ਅਸੰਭਵ ਹੈ।

ਉਪ੍ਰੋਕਤ ਸੰਪੇਖ ਜਿਹੀ ਵਿਚਾਰ ਤੋਂ ਇਹ ਤੱਥ ਉੱਘੜ ਕੇ ਸਾਹਮਣੇ ਆ ਜਾਂਦਾ ਹੈ ਕਿ ਭਾਵੇਂ ਸਿੱਖੀ ਦੀ ਅੰਤਮ ਮੰਜ਼ਲ ਤਾਂ, ਗੁਰੂ-ਮਤ ਅਨੁਸਾਰ ਸੱਚੇ ਆਚਾਰ ਵਾਲਾ ਜੀਵਨ ਢਾਲਣਾ ਅਥਵਾ ਸਿੱਖੀ-ਜੀਵਨ ਜੀਉਣਾ ਹੀ ਮੰਨੀ ਗਈ ਹੈ; ਪ੍ਰੰਤੂ ਇਸ ਟੀਚੇ ਵਲ ਵਧਣ ਲਈ ਮੁਖ ਸਾਧਨ, ਗੁਰੂ ਦਾ

ਸ਼ਬਦ ਅਥਵਾ ਗੁਰਬਾਣੀ ਦੀ ਵੀਚਾਰ ਹੈ। ਏਸੇ ਲਈ ਕਥਨ ਹੈ ਕਿ ਗੁਰਬਾਣੀ ਦੀ ਵਿਚਾਰ ਕੋਈ ਵਿਰਲਾ ਗੁਰਮੁਖ ਹੀ ਕਰ ਸਕੇਗਾ :

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥ (ਮ: ੪,ਪੰ:੯੩੨)

ਗੁਰਬਾਣੀ ਦੀ ਸਹੀ ਵੀਚਾਰ ਲਈ ਜ਼ਰੂਰੀ ਹੈ ਕਿ ਗੁਰਬਾਣੀ ਦੀ ਲਿਖਤ ਤੇ ਸ਼ੁੱਧ ਉਚਾਰਣ ਦੇ ਨੇਮਾਂ ਤੋਂ, ਭਲੀ ਭਾਂਤ ਜਾਣੂ ਹੋਇਆ ਜਾਵੇ। ਜਿਵੇਂ, ਜਗਿਆਸੂ ਲਈ ਸੁਣਨ, ਮੰਨਣ ਤੇ ਨਿੱਧਿਆਸਨ ਦੇ ਤਿੰਨੇ ਪੱਖ, ਆਪਣੇ ਆਪਣੇ ਥਾਂ, ਵਿਸ਼ੇਸ਼ ਅਹਿਮੀਅਤ ਰੱਖਦੇ ਹੋਏ, ਪ੍ਰਸਪਰ ਸਹਾਇਕ ਹਨ, ਉਸੇ ਤਰ੍ਹਾਂ ਬੋਲੀ ਦਾ ਸ਼ੁੱਧ ਉਚਾਰਣ, ਬੋਲੀ ਅੰਦਰ ਪ੍ਰਗਟਾਏ ਭਾਵਾਂ ਨੂੰ ਸਮਝਣ ਅਤੇ ਸਮਝ ਕੇ ਅਮਲਾਉਣ ਲਈ, ਅਹਿਮ ਅਸਥਾਨ ਰੱਖਦਾ ਹੈ। ਇਹੀ ਕਾਰਣ ਹੈ ਕਿ ਅਰਦਾਸ ਵਿਚ ਇਸ ਦੀ ਵਿਸ਼ੇਸ਼ ਤੌਰ ਉਤੇ ਨਿੱਤ ਜਾਚਨਾ ਕੀਤੀ ਜਾਂਦੀ ਹੈ।

ਲੇਖਕ ਦਾ ਇਸ ਲੇਖ ਵਿਚ, ਸ਼ੁੱਧ-ਗੁਰਬਾਣੀ ਉਚਾਰਣ ਦੇ ਬਿਖਮ ਵਿਸ਼ੇ ਉੱਤੇ, ਜੋ ਗੁਰਬਾਣੀ-ਵੀਚਾਰ ਦਾ ਹੀ ਇਕ ਅਨਿੱਖੜਵਾਂ ਅੰਗ ਹੈ, ਕੁਝ ਬਿਨੈ ਕਰਨ ਦਾ ਇਹ ਇਕ ਨਿਮਾਣਾ ਜਿਹਾ ਜਤਨ ਹੈ। ਇਹ ਵਿਸ਼ਾ, ਕੁਝ ਇਕ ਅਕਾਰਨ ਕਾਰਨਾਂ ਨੇ, ਗੁਰਬਾਣੀ-ਵੀਚਾਰ ਨਾਲੋਂ ਵੀ, ਬਿਖਮ ਤੇ ਭਾਵਕ ਬਣਾ ਛੱਡਿਆ ਹੈ। ਇਸ ਲਈ, ਪੂਰਨ ਆਸ ਹੈ ਕਿ ਪਾਠਕ ਜਨ ਭਾਵਕਤਾ, ਹੱਠ, ਹਉਮੈ ਅਤੇ ਫੋਕੇ ਵਕਾਰ ਤੋਂ ਉਚੇਰੇ ਉੱਠ ਕੇ, ਪੂਰੇ ਗਹੁ ਤੇ ਠਰ੍ਹੰਮੇ ਨਾਲ, ਇਸ ਅਤਿ ਅਹਿਮ ਸਮੱਸਿਆ ਨੂੰ ਵਿਚਾਰਨ ਦੀ ਕ੍ਰਿਪਾਲਤਾ ਕਰਨਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਆਦਿ ਬੀੜ ਗੁਰਮੁਖੀ ਲਿਪੀ ਵਿਚ ਲਿਖੀ ਜਾ ਕੇ, ਸੰਮਤ ੧੬੬੧, ਭਾਦੋਂ ਵਦੀ ਇੱਕ ਨੂੰ ਤਿਆਰ ਹੋਈ। ਪਵਿੱਤਰ ਬੀੜ ਵਿਚ ਪੰਜਾਬੀ ਤੋਂ ਛੁੱਟ, ਫ਼ਾਰਸੀ, ਅਰਬੀ, ਹਿੰਦੀ, ਸੰਸਕ੍ਰਿਤ ਆਦਿ ਘੱਟ ਤੋਂ ਘੱਟ ਬਾਰ੍ਹਾਂ ਬੋਲੀਆਂ ਦੇ ਸ਼ਬਦਾਂ ਦੀ ਭੀ ਭਰਮਾਰ ਹੈ। ਗੁਰਬਾਣੀ ਦੇ ਭਾਵਾਂ ਨੂੰ ਨਿਖੇੜਨ ਅਤੇ ਸਮਝਣ ਲਈ ਇਸ ਦੇ ਆਪਣੇ ਲਿਖਣ-ਨੇਮ ਹਨ, ਅਤੇ ਆਪਣਾ ਵਿਆਕਰਣ। ਵਿਆਕਰਣ ਦਾ ਸੰਬੰਧ

ਇਸ ਦੇ 'ਵਰਣਾਤਮਕ ਰੂਪ' (ਉਚਾਰਣਕ ਰੂਪ) ਨਾਲ ਹੈ ; ਪ੍ਰੰਤੂ, ਬਾਣੀ ਦੇ 'ਭਾਵਾਤਮਕ' ਪੱਖ ਦਾ ਸੰਬੰਧ ਇਸ ਦੀ ਅਧਿਆਤਮਿਕ ਡੂੰਘਾਈ, ਅਗਾਧਤਾ', ਅਰਸ਼ੀ ਵਲਵਲੇ, ਪ੍ਰਭੂ ਗਿਆਨ ਤੇ ਰੱਬੀ ਇਕ-ਸੁਰਤਾ ਨਾਲ। ਸੋ, ਗੁਰਬਾਣੀ ਦੀ ਸਹੀ ਵੀਚਾਰ ਹੀ, ਜਿਸ ਦਾ ਆਧਾਰ ਬੋਲੀ ਦੀ ਸੂਝ ਤੇ ਸਹੀ ਉਚਾਰਣ ਹਨ, ਜਗਿਆਸੂ ਨੂੰ ਪ੍ਰਭੂ-ਲੀਨਤਾ ਦੀ ਉਨਮਨ ਅਵਸਥਾ ਤਕ ਪਹੁੰਚਾ ਸਕਣ ਦੀ ਜ਼ਾਮਨ ਹੈ।

ਗੁਰਬਾਣੀ ਦੀਆਂ ਤੁਕਾਂ ਦੇ ਪੰਜ ਪੰਜ, ਸੱਤ ਸੱਤ, ਅਰਥ ਕਰਨ ਵਾਲੇ ਗਿਆਨੀ ਸੱਜਣ ਹੁਣ ਪਹਿਲੇ ਨਾਲੋਂ ਬਹੁਤ ਘੱਟ ਮਿਲਣਗੇ ; ਪ੍ਰੰਤੂ, ਲਗਾ-ਮਾਤਰਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਮਨ-ਮਰਜ਼ੀ ਦੇ ਅਰਥ ਕਰਨ ਵਾਲੇ ਬਹੁਤ, ਅਤੇ ਬੋਲੀ ਦੇ ਵਿਆਕਰਣਕ ਨੇਮਾਂ ਦੀ ਪ੍ਰਵਾਹ ਕੀਤੇ ਬਿਨਾਂ, ਅਸ਼ੁੱਧ ਉਚਾਰਣ ਕਰਨ ਵਾਲੇ ਬੇਅੰਤ। ਅਨਜਾਣ-ਪੁਣੇ ਵਿਚ ਅਸ਼ੁੱਧ ਉਚਾਰਨ ਕਰਨ ਵਾਲੇ ਪਾਠੀ ਆਪਣੇ ਵਲੋਂ ਸ਼ੁੱਧਤਾ ਦੇ ਖਿਆਲ ਨਾਲ ਸ਼ਬਦਾਂ ਦਾ ਅਜਿਹਾ ਬੇ-ਢੱਬਾ ਤੇ ਅਸ਼ੁੱਧ ਉਚਾਰਣ ਵੀ ਕਰਦੇ ਤੇ ਨਿਰਾਰਥਕ ਸ਼ਬਦ ਘੜਦੇ ਹਨ, ਜੋ ਕਿਸੇ ਬੋਲੀ ਦੇ ਸ਼ਬਦ ਅਥਵਾ ਉਚਾਰਣ ਨਾਲ ਦੂਰ ਦਾ ਵੀ ਸੰਬੰਧ ਨਹੀਂ ਰਖਦੇ। ਵੰਨਗੀ ਵਜੋਂ, ਉਦਾਹਰਣ ਹਾਜ਼ਰ ਹੈ :

ਸ੍ਰੀ ਜਪੁ ਸਾਹਿਬ ਦੇ ਅੰਤ ਵਿਚ "ਪਵਣ ਗੁਰੂ ਪਾਣੀ ਪਿਤਾ" ਸਲੋਕ ਆਇਆ ਹੈ। ਇਸ ਵਿਚ ਪੰਜਵੀਂ ਤੁਕ ਹੈ :

ਜਿਨੀ ਨਾਮ ਧਿਆਇਆ, ਗਏ ਮਸਕਤਿ ਘਾਲਿ ॥

ਇਸ ਤੁਕ ਵਿਚ ਆਇਆ ਪੱਦ 'ਮਸਕਤਿ' ਵਾਸਤਵ ਵਿਚ ਫ਼ਾਰਸੀ ਦਾ ਸ਼ਬਦ 'ਮਸ਼ੱਕਤ' ਹੈ, ਅਤੇ ਇਸ ਦਾ ਸਹੀ ਉਚਾਰਣ 'ਸ' ਹੇਠ ਬਿੰਦੀ ਤੇ ਉਪਰ ਅੱਧਕ ਲਾ ਕੇ ਹੀ ਕੀਤਾ ਜਾ ਸਕਦਾ ਹੈ। ਹਾਂ, 'ਮਸ਼ਕਤ' ਸ਼ਬਦ ਅਰਬੀ ਜ਼ਬਾਨ ਵਿਚ ਜ਼ਰੂਰ ਆਉਂਦਾ ਹੈ, ਜਿਥੇ ਇਸ ਦੇ ਅਰਥ ਹਨ : 'ਗਿਰਨੇ ਕੀ ਜਗਹ', (ਹੇਠਾਂ ਡਿੱਗਣ ਦੀ ਥਾਂ)। ਇਸ ਤੋਂ ਅਰਬੀ ਦਾ ਸ਼ਬਦ 'ਮਸਕਤ-ਅਲਰਾਸ' ਬਣਿਆ ਹੈ, ਜਿਸ ਦੇ ਅਰਥ ਹਨ : ਜ਼ਾਇ ਪੈਦਾਇਸ਼,

ਜਨਮ-ਭੂਮੀ, ਸਿਰ ਦੇ ਡਿੱਗਣ ਦੀ ਥਾਂ। ਕਿਉਂਕਿ, ਬੱਚੇ ਦੇ ਪੈਦਾ ਹੋਣ ਸਮੇਂ ਉਸ ਦਾ ਸਿਰ ਪਹਿਲਾਂ ਹੇਠਾਂ ਧਰਤੀ ਉਤੇ ਆਉਂਦਾ ਹੈ, ਇਸ ਲਈ ਇਹ ਸ਼ਬਦ ਵਿਸ਼ੇਸ਼ ਕਰ ਕੇ ਜਨਮ-ਭੂਮੀ ਜਾਂ ਆਪਣੇ ਵਤਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ।

ਗੁਰਬਾਣੀ ਵਿਚ ਆਇਆ 'ਮਸਤਕ' ਪਦ ਕਿਸੇ ਤਰ੍ਹਾਂ ਵੀ ਅਰਬੀ ਸ਼ਬਦ 'ਮਸਕ੍ਰਤ' ਨਾਲ ਸੰਬੰਧਤ ਨਹੀਂ, ਨ ਹੀ ਇਹ ਉਸ ਦਾ ਵਿਗੜਿਆ ਰੂਪ ਹੈ, ਅਤੇ ਨਾ ਹੀ ਉਪਰੋਕਤ ਅਰਥ ਏਥੇ, ਕਿਸੇ ਤਰ੍ਹਾਂ ਵੀ, ਢੁੱਕ ਸਕਦੇ ਹਨ। ਜਪੁਜੀ ਦੇ ਇਸ ਸਲੋਕ ਵਿਚ ਆਏ 'ਮਸਕਤਿ' ਪਦ ਦਾ ਸਹੀ ਤੇ ਇਕੋ ਇਕ ਉਚਾਰਣ ਹੈ—ਮਸ਼ੱਕਤ; ਅਤੇ ਇਸ ਦੇ ਅਰਥ ਹਨ—ਘਾਲਿ, ਕਮਾਈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਰ ਸੂਹੀ, ਪੰਨਾ ੭੯੧ ਵਿਚ ਆਈ ਇਸ ਤੁਕ ਤੋਂ ਇਸ ਪਦ ਦੀ ਵਰਤੋਂ ਤੇ ਅਰਥ, ਹੋਰ ਵੀ, ਸਪੱਸ਼ਟ ਹੋ ਜਾਂਦੇ ਹਨ:

ਮਸਕਤਿ ਲਹੁ ਮਜੂਰੀਆ, ਮੰਗਿ ਮੰਗਿ ਖਸਮ ਦਰਾਹੁ ॥ (ਮ: ੧)

ਇਸ ਤੁਕ ਦਾ ਸ਼ੁੱਧ ਉਚਾਰਣ ਹੋਵੇਗਾ:

ਮਸਕਤਿ ਲਹੁ ਮਜੂਰੀਆਂ, ਮੰਗਿ ਮੰਗਿ ਖਸਮ ਦਰਾਹੁ ॥

ਇਥੇ 'ਮਸ਼ੱਕਤ' ਨਾਂਵ ਹੈ। ਇਸ ਦੇ 'ਤ' ਨਾਲ ਸਿਹਾਰੀ ਹੈ। ਇਸ ਲਈ, ਇਹ 'ਕਰਣ ਕਾਰਕ' ਵਿਚ ਹੋਣ ਕਰਕੇ ਅਰਥ ਹੋਏ: "ਹੇ ਨਾਨਕ, ਖਸਮ (ਵਾਹਿਗੁਰੂ) ਦੇ ਦਰ ਤੋਂ ਮਿਹਨਤ ਵਾਲੀ ਕਮਾਈ ਦੁਆਰਾ, ਮੰਗ ਮੰਗ ਕੇ, ਮਜੂਰੀਆਂ (ਮਿਹਨਤਾਨਾ) ਲਈਦੀਆਂ ਹਨ।"

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਸ ਪੱਦ ਦੀ ਵਰਤੋਂ ਉਪਰੋਕਤ ਅਰਥਾਂ ਵਿਚ ਹੀ ਕੀਤੀ ਹੈ:

ਸਾਧੂ ਸੰਗ ਮਸਕਤੇ (ਮਸ਼ੱਕਤੇ), ਤੂੰਠੇ ਪਾਵਾ, ਦੇਵ ॥

(ਸ੍ਰੀ ਰਾਗ ਮ: ੫, ਪੰਨਾ ੪੪)

(ਅਰਥ: ਮੈਂ, ਸਾਧ ਸੰਗਤ ਅਤੇ ਉਸ ਵਿਚ ਸੇਵਾ ਘਾਲਣ ਦੀ ਦਾਤ,

ਹੇ ਪ੍ਰਕਾਸ਼ਮਾਨ ਵਾਹਿਗੁਰੂ ! ਤੇਰੀ ਮਿਹਰ ਨਾਲ ਹੀ ਪਾ ਸਕਦਾ ਹਾਂ)

ਡਾਕਟਰ ਇਕਬਾਲ ਨੇ ਵੀ ਇਸ ਪਦ ਦੀ ਵਰਤੋਂ, ਇਹਨਾਂ ਅਰਥਾਂ ਵਿਚ ਹੀ ਇਉਂ ਕੀਤੀ ਹੈ :

ਨਾਮੀ ਕੋਈ ਬ਼ਗੈਰ ਮਸ਼ੱਕਤ ਨਹੀਂ ਹੂਆ।

ਸੌ ਬਾਰ ਜਬ ਅਕੀਕ (ਹੀਰਾ) ਕਟਾ,ਤੋ ਨਗੀਂ ਹੂਆ।

ਉਪ੍ਰੋਕਤ ਸੰਖੇਪ ਜਿਹੀ ਵਿਆਖਿਆ ਉਪਰੰਤ ਕਿਸੇ ਪ੍ਰਕਾਰ ਦਾ ਸੰਸਾ ਨਹੀਂ ਰਹਿ ਜਾਂਦਾ ਕਿ 'ਮਸਕਤ' ਦਾ ਸ਼ੁੱਧ-ਉੱਚਾਰਨ ਕੇਵਲ 'ਮਸ਼ੱਕਤ' ਹੈ ਅਤੇ ਇਸ ਦੇ ਅਰਥ ਹਨ :

ਘਾਲ ਘਾਲਣਾ, ਕਰੜੀ ਕਮਾਈ, ਮਿਹਨਤ,

ਇਸ ਨੁਕਤੇ ਨੇ ਵਧੇਰੇ ਸਪੱਸ਼ਟ ਕਰਨ ਲਈ ਅਸੀਂ ਕੁਝ ਹੋਰ ਉਦਾਹਰਣ ਲੈਂਦੇ ਹਨ :

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਿਲੰਗ ਰਾਗ ਵਿਚ ਇਕ ਸ਼ਬਦ ਹੈ :

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ (ਪੰ:੭੨੧)

ਏਥੇ ਵਰਤੇ ਪਦਾਂ—ਅਰਜ, ਪੇਸ਼, ਗੋਸ ਦਾ ਸਹੀ ਉਚਾਰਣ ਹੋਵੇਗਾ : ਅਰਜ਼, ਪੇਸ਼, ਗੋਸ਼। ਇਉਂ ਸ਼ੁੱਧ ਵਾਚਿਆਂ ਹੀ ਇਹਨਾਂ ਤਿੰਨਾਂ ਪਦਾਂ ਦੇ ਸਹੀ ਅਰਥ ਬਣਦੇ ਹਨ :

'ਪੇਸ਼' ਦਾ ਅਰਥ ਹੈ—ਸਾਹਮਣੇ, 'ਅਰਜ਼' ਦਾ ਬੇਨਤੀ ਤੇ 'ਗੋਸ਼' ਦਾ ਕੰਨ।

'ਅਰਜ ਤਾਂ ਭਲਾ, 'ਅਰਜ਼' (ਫ਼ਾਰਸੀ) ਦਾ ਬਦਲਿਆ ਪੰਜਾਬੀ ਰੂਪ ਮੰਨਿਆ ਤੇ ਸਮਝਿਆ ਜਾ ਸਕਦਾ ਹੈ; ਪ੍ਰੰਤੂ, ਪੇਸ, ਗੋਸ ਬਿਲਕੁਲ ਮੁਹਮਲ (ਨਿਰਾਰਥਕ) ਸ਼ਬਦ ਹਨ। ਏਹੋ ਗੱਲ ਇਸ ਸ਼ਬਦ ਵਿਚ ਆਏ ਪਦ, †'ਜ਼ਨ' (ਔਰਤ) ਦੀ ਹੈ। 'ਜ਼ਨ' (ਫ਼ਾਰਸੀ) ਦੇ ਅਰਥ ਹਨ : ਔਰਤ,

---

‡ਜਨ (ਜ਼ਨ=ਔਰਤ, ਇਸਤ੍ਰੀ) ਪਿਸਰ, ਪਦਰ, ਬਿਰਾਦਰਾਂ, ਕਸ ਨੇਸਤ ਦਸਤੰਗੀਰ ॥ (ਮ: ੧, ਪੰ: ੭੨੧)

ਇਸਤ੍ਰੀ; ਪਰੰਤੂ 'ਜਨ' (ਪੰਜਾਬੀ) ਦੇ, ਸੇਵਕ ਜਾਂ ਦਾਸ। ਏਸੇ ਸ਼ਬਦ ਦੀ ਅੰਤਲੀ ਤੁਕ : 'ਨਾਨਕੁ ਬ ਗੋਯਦ ਜਨ ਤੁਰਾ' ਵਿਚ ਹੀ ਆਏ 'ਜਨ' ਦੇ ਅਰਥ ਹਨ : ਦਾਸ, ਸੇਵਕ।

ਸੋ, ਜੋ, ਜਿਵੇਂ ਲਿਖਿਆ ਮਿਲਦਾ ਹੈ ਉਸ ਨੂੰ 'ਸ਼ੁੱਧਤਾਈ' ਦੇ ਖਿਆਲ ਨਾਲ ਉਵੇਂ ਹੀ ਪੜ੍ਹਨਾ, ਭਾਵੇਂ ਅਰਥ ਦਾ ਅਨਰਥ ਹੋ ਜਾਵੇ, ਬਾਣੀ ਦਾ ਆਦਰ, ਸਨਮਾਨ ਨਹੀਂ ਅਖਵਾ ਸਕਦਾ। ਅਸ਼ੁੱਧ ਉਚਾਰਣ ਕਾਰਣ ਜਦ 'ਬਾਣੀ' ਦਾ ਠੀਕ ਭਾਵ ਹੀ ਸਮਝ ਵਿਚ ਨਾ ਆਇਆ ਤਾਂ ਹਿਰਦੇ ਵਿਚ ਦਰੁਸਤ ਭਾਵ ਕਿਵੇਂ ਵੱਸੇਗਾ ਅਤੇ ਗੁਰਬਾਣੀ ਦਾ 'ਸੱਚਾ ਆਚਾਰ' ਘੜਨ ਦਾ ਆਦਰਸ਼ ਤੇ ਅਮਲੀ ਜੀਵਨ ਪ੍ਰਦਾਨ ਕਰਨ ਦਾ ਆਸ਼ਾ ਕਿਵੇਂ ਪੂਰਾ ਹੋਵੇਗਾ?

ਨੋਟ : ਉਪਰੋਕਤ ਵਿਚਾਰ ਤੋਂ ਕਦਾਚਿਤ ਇਹ ਭਾਵ ਨਾ ਲਿਆ ਜਾਵੇ ਕਿ ਮਸਕਤਿ, ਪੇਸ, ਗੋਸ, ਜਨ (ਮਸ਼ੱਕਤ, ਪੇਸ਼, ਗੋਸ਼, ਜ਼ਨ) ਆਦਿ ਪਦ ਪਾਵਨ ਬੀੜ ਵਿਚ ਅਸ਼ੁੱਧ ਅੰਕਤ ਹਨ। ਅਸਲ ਗੱਲ ਇਹ ਹੈ ਕਿ 'ਸ਼' 'ਕ' 'ਖ਼' 'ਗ਼' ਦੀਆਂ ਅਵਾਜ਼ਾਂ ਦਾ ਗੁਰਮੁਖੀ ਲਿਪੀ ਵਿਚ ਬਜ਼ਾਹਰ ਅਭਾਵ ਹੋਣ ਕਰ ਕੇ, ਫਾਰਸੀ ਬੋਲੀ ਦੇ ਉਪਰੋਕਤ ਸ਼ਬਦ, ਲਿਖੇ ਹੀ ਇਸ ਰੂਪ ਵਿਚ ਜਾ ਸਕਦੇ ਸਨ। ਹਕੀਕਤ ਇਹ ਹੈ ਕਿ ਉਸ ਸਮੇਂ 'ਸ' ਤੋਂ ਸ਼ ਤੇ 'ਸ'(ਸੀਨ ਤੇ ਸ਼ੀਨ) ਦੀਆਂ ਦੋਵੇਂ ਅਵਾਜ਼ਾਂ ਕੱਢੀਆਂ ਜਾਂਦੀਆਂ ਸਨ। ਲਿੱਪੀ ਦੀ ਮਜਬੂਰੀ ਕਾਰਨ ਸ਼ ਨੂੰ ਸ ਤੇ ਜ਼ ਨੂੰ ਜ ਲਿਖਣਾ ਪਿਆ ਹੈ, ਵਰਨਾ, ਗੁਰਦੇਵ ਤਾਂ ਤੋਰਕੀ ਅੱਖਰਾਂ ਤੇ ਫਾਰਸੀ ਆਦਿ ਬੋਲੀਆਂ ਤੋਂ ਭਲੀ ਭਾਂਤ ਜਾਣੂ ਸਨ। ਪਾਵਨ ਆਦਿ ਬੀੜ ਦੇ ਲਿਖਾਰੀ, ਭਾਈ ਗੁਰਦਾਸ ਜੀ ਨੇ ਪਾਵਨ 'ਆਦਿ ਬੀੜ' ਨੂੰ ਲਿਖਣ ਵੇਲੇ ਇਹਨਾਂ ਪਦਾਂ ਨੂੰ ਅਸ਼ੁੱਧ ਤੋਰ ਉੱਤੇ 'ਪੇਛ' 'ਗੋਛ' 'ਮਛਕਤ' ਜਾਂ 'ਯਨ' ਕਰ ਕੇ ਨਹੀਂ ਲਿਖਿਆ। ਗੁਰਮੁਖੀ ਲਿੱਪੀ ਦੀ ਮਜਬੂਰੀ ਕਾਰਨ ਇਹ ਉਸ ਸਮੇਂ ਵਰਤਮਾਨ ਰੂਪ ਵਿਚ ਹੀ ਸ਼ੁੱਧ ਲਿਖੇ ਜਾ ਸਕਦੇ ਸਨ। 'ਬਾਣੀ' ਦੇ ਪਾਠੀ ਸੱਜਣ ਨੇ ਸਾਵਧਾਨ ਹੋ ਕੇ ਅਜਿਹੇ ਪਦਾਂ ਨੂੰ 'ਤਤ ਸਮ ਰੂਪ' ਵਿਚ ਲਿਖੇ ਜਾਣ ਕੇ ਸ਼ੁੱਧ ਪਾਠ ਕਰਨਾ ਹੈ। ਸੁਚੇਤ ਜਾਂ

ਅਰਥਾਤ ਸ਼ੁੱਧ ਉਚਾਰਣ ਨ ਕਰਨਾ,ਪਾਠ ਸੁਣਨ ਵਾਲਿਆ ਨਾਲ ਬੇਇਨਸਾਫੀ, ਗੁਰਬਾਣੀ ਦੀ ਨਿਰਾਦਰੀ ਅਤੇ ਸਤਿਗੁਰਾਂ ਦੀ ਅਵੱਗਿਆ ਕਰਨ ਤੁਲ ਹੈ, ਗੁਰਬਾਣੀ ਦੇ ਆਸ਼ੇ ਦੀ ਪੂਰਤੀ ਤੇ ਪ੍ਰਭਤਾ ਨੂੰ ਉਜਾਗਰ ਕਰਨਾ ਨਹੀਂ।

ਗੁਰਬਾਣੀ ਪਾਠ ਸਮੇਂ, ਹਰ ਪਾਠੀ ਨੂੰ, ਹਜ਼ਾਰਾਂ ਥਾਈਂ ਮਜਬੂਰਨ ਅੱਧਕ ਦੀ ਵਰਤੋਂ ਕਰਨੀ ਪੈਂਦੀ ਹੈ। ਫੇਰ, ਮਸਕਤਿ ਨੂੰ ਉਪਰ ਅੱਧਕ ਲਾ ਕੇ ਮਸ਼ੱਕਤਿ ਲਾ ਕੇ ਸ਼ੁੱਧ ਪੜ੍ਹਨ ਵਿਚ ਹੱਠ ਤੇ ਹੁੱਜਤ ਕਿਉਂ ?

(੨)

ਬਿੰਦੀ ਦੀ ਵਰਤੋਂ :

ਗੁਰਬਾਣੀ ਵਿਚ 'ਬਿੰਦੀ' ਤੇ ਅੱਧਕ ਦੀ ਵਰਤੋਂ ਦਾ ਮਸਲਾ ਅਤਿ ਅਹਿਮ ਹੈ। ਕਿਤੇ ਕਿਤੇ ਬਿੰਦੀ ਦੀ ਵਰਤੋਂ ਤਾਂ ਕੀਤੀ ਗਈ ਹੈ; ਪਰੰਤੂ ਅੱਧਕ ਦੀ ਕਿਤੇ ਵੀ ਨਹੀਂ; ਹਾਲਾਂਕਿ ਇਸ ਦੀ ਵਰਤੋਂ ਤੋਂ ਬਿਨਾਂ ਪਾਠ ਚਲਦਾ ਹੀ ਨਹੀਂ।

ਬਿੰਦੀ ਦੀ ਕੀਤੀ ਵਰਤੋਂ ਦੇ ਇਹ ਕੁਝ ਕੁ ਪ੍ਰਮਾਣ ਨੋਟ ਕਰਨ ਯੋਗ ਹਨ:

(੧) ਤੂ ਕਰਤਾ ਸਚਿਆਰੁ, ਮੈਡਾ ਸਾਂਈ ॥ (ਮ: ੪, ਪੰਨਾ ੧੧)

(੨) ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥ (ਮ: ੧, ਪੰ: ੮੫)

(੩) ਭਉ ਤੇਰਾ ਭਾਂਗ, ਖਲੜੀ ਮੇਰਾ ਚੀਤੁ ॥ (ਮ: ੧, ਪੰਨਾ ੭੨੧)

(੪) ਜੇ ਭੁਲੀ ਜੇ ਚੁਕੀ ਸਾਂਈ ..॥ (ਸੂਹੀ ਮ: ੫, ਪੰਨਾ ੭੬੧)

(੫) ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ ॥

(ਤੁਖਾਰੀ ਮ: ੧, ਪੰਨਾ ੧੧੦੮)

(੬) ਆਠ ਪਹਰ ਅਪਨਾ ਪ੍ਰਭੁ ਸਿਮਰਨੁ, ਵਡਭਾਗੀ ਹਰਿ ਪਾਂਈ ॥

(ਤੂੰ ਪਾਵੀਂ) (ਪੰਨਾ ੧੨੦੭)

(੭) ਆਖੂੰ ਆਖਾਂ ਸਦਾ ਸਦਾ, ਕਹਣਿ ਨ ਆਵੈ ਤੋਟਿ ॥

(ਵਾਰ ਸਾਰਗ ਮ: ੧, ਪੰਨਾ ੧੨੪੧)

(੮) ਅਖੀ ਪਰਣੈ ਜੇ ਫਿਰਾਂ, ਦੇਖਾਂ ਸਭੁ ਆਕਾਰੁ ॥

(ਸਾਰੰਗ, ਪੰਨਾ ੧੨੪੧)

(੯) ਪੁਛਾ ਗਿਆਨੀ ਪੰਡਿਤਾ, ਪੁਛਾ ਬੇਦ ਬੀਚਾਰ ॥
ਪੁਛਾ ਦੇਵਾਂ ਮਾਣਸਾਂ, ਜੋਧ ਕਰਹਿ ਅਵਤਾਰ ॥
(੧੦) ਆਖਹਿ ਥਕਹਿ ਆਖਿ ਆਖਿ, ਕਰ ਸਿਫਤੀ ਵੀਚਾਰ ॥
(ਸਾਰੰਗ, ਪੰਨਾ ੧੨੪੧)
(੧੧) ਜੂਠ ਨ ਰਾਗੀ, ਜੂਠਿ ਨ ਵੇਦੀ ॥ (ਆਸਾ ਮ. ੧, ਪੰਨਾ ੧੨੪੦)
(੧੨) ਨਾਂਗੇ ਆਵਣਾ ਨਾਂਗੇ ਜਾਣਾ, ॥ (ਸਾਰੰਗ ਮ: ੩, ੧੧੪੬)
(੧੩) ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ ॥
(ਸਲੋਕ ੧੦੩, ਪੰਨਾ ੧੩੬੯)
(੧੪) ਗਲੀਂ ਸੁ ਸਜਣ ਵੀਹ, ਇਕੁ ਢੂੰਢੇਦੀ ਨਾ ਲਹਾ ॥
ਧੁਖਾਂ ਜਿਉ ਮਾਲੀਹ, ਕਾਰਣਿ ਤਿੰਨਾ ਮਾ ਪਿਰੀ ॥
(ਸਲੋਕ ੯੬ ਫਰੀਦ ਜੀ, ਪੰਨਾ ੧੩੮੨)
(੧੫) ਨਾਨਕ, ਨਾਮ ਮਿਲੈ ਤਾਂ ਜੀਵਾਂ, ਤਨ ਮਨੁ ਥੀਵੈ ਹਰਿਆ ॥
(ਮ: ੫, ਪੰਨਾ ੧੪੨੯)
(੧੬) ਦੇਂਦਾ ਨਰਕਿ, ਸੁਰਗਿ ਲੈਂਦੇ, ਦੇਖਹੁ ਇਹੁ ਧਿਙਾਣਾ ॥
(ਮਲਾਰ ਮ: ੧, ਪੰਨਾ ੧੨੯੦)

ਉਪ੍ਰੋਕਤ ਪ੍ਰਮਾਣਾਂ ਨੂੰ ਗਹੁ ਨਾਲ ਵਿਚਾਰਿਆਂ ਪਤਾ ਲਗਦਾ ਹੈ ਕਿ ਕਈ ਥਾਈਂ ਇੱਕੋ ਸਲੋਕ ਵਿਚ ਹੀ ਇਕ ਥਾਂ ਬਿੰਦੀ ਦੀ ਵਰਤੋਂ ਕੀਤੀ ਗਈ ਹੈ, ਪਰੰਤੂ, ਦੂਜੀ ਥਾਂ ਇਸ ਦਾ ਅਭਾਵ ਹੈ। ਜਿਵੇਂ :

(ੳ) ਅੰਕ (੨) ਵਿਚ 'ਗੱਲੀਂ' ਨਾਲ ਤਾਂ ਹੈ, ਪਰੰਤੂ ਚੰਗੀਆ (ਚੰਗੀਆਂ) ਤੇ ਆਚਾਰੀ (ਆਚਾਰੀਂ) ਨਾਲ ਨਹੀਂ।

(ਅ) ਅੰਕ (੯) ਵਿਚ 'ਪੰਡਿਤਾਂ' 'ਦੇਵਾਂ' ਤੇ 'ਮਾਣਸਾਂ' ਨਾਲ ਤਾਂ ਹੈ, ਪਰੰਤੂ 'ਪੁਛਾ' (ਪੁੱਛਾਂ, ਮੈਂ ਪੁੱਛਾਂ) ਅਤੇ 'ਕਰਹਿ' (ਕਰਹਿੰ) ਨਾਲ ਨਹੀਂ।

(ੲ) ਅੰਕ (੧੨) ਵਿਚ ਪਹਿਲੇ 'ਨਾਂਗੇ' ਪਦ ਨਾਲ ਵੀ ਹੈ ਅਤੇ ਦੂਜੀ ਥਾਂ ਵਰਤੋਂ 'ਨਾਂਗੇ' ਪਦ ਨਾਲ ਵੀ।

(ਸ) ਅੰਕ (੧੬) ਵਿਚ 'ਦੇਂਦਾ' ਨਾਲ ਹੈ; ਪਰੰਤੂ, 'ਲੈਂਦੇ' (ਲੈਂਦੇ)

ਦੀ ਦੁਲਾਵਾਂ ਨਾਲ ਨਹੀਂ। ਇਸ ਤੋਂ ਸਪੱਸ਼ਟ ਸੰਕੇਤ ਪ੍ਰਾਪਤ ਹੈ ਕਿ ਲੋੜ ਅਨੁਸਾਰ ਬਿੰਦੇ ਲਾਏ ਜਾ ਸਕਦੇ ਹਨ।

ਇਸ ਤੋਂ ਪਹਿਲਾਂ ਕਿ ਅਸੀਂ ਬਿੰਦੀ ਦੀ ਉਪ੍ਰੋਕਤ ਵਰਤੋਂ ਦੇ ਫਰਕ ਉਤੇ ਵਿਚਾਰ ਕਰੀਏ, ਕੁਝ ਅਜਿਹੇ ਪ੍ਰਮਾਣ ਹੋਰ ਵਾਚ ਲੈਣੇ ਜ਼ਰੂਰੀ ਹਨ, ਜਿਥੇ ਬਿੰਦੀ ਦੇ ਉਚਾਰਣ ਦਾ ਅਭਾਵ, ਸੰਬੰਧਤ ਪਦ ਤੇ ਤੁਕ ਦੇ ਅਰਥਾਂ ਵਿਚ ਵੱਡਾ ਅੰਤਰ ਪੈਦਾ ਕਰਦਾ ਹੈ :

(੧) ਨਾਨਕ, ਭਗਤਾ ਸਦਾ ਵਿਗਾਸੁ ॥ (ਜਪੁ)

ਟਿੱਪਣੀ : ਏਥੇ ਸ਼ੁੱਧ ਪਾਠ 'ਭਗਤਾਂ' ਹੈ, ਭਗਤਾ ਨਹੀਂ।

ਭਗਤਾਂ : ਨਾਂਵ, ਬਹੁ ਵਚਨ ਹੈ, ਤੇ ਅਰਥ ਹਨ : ਹੇ ਨਾਨਕ, ਪ੍ਰਭੂ ਭਗਤਾਂ ਨੂੰ ਸਦਾ ਖ਼ੁਸ਼ੀ ਤੇ ਖੇੜਾ ਹੈ।

ਭਗਤਾ : ਨਾਂਵ ਇਕ ਵਚਨ, ਸੰਬੋਧਨ ਕਾਰਕ ਹੈ ਤੇ ਅਰਥ ਹਨ : ਹੇ, ਜਾਂ, ਓਏ ਭਗਤਾ ?...ਇਹ ਅਰਥ ਏਥੇ ਉੱਕੇ ਹੀ ਨਹੀਂ ਲਗ ਸਕਦੇ।

(੨) ਮਤ ਦੇਖ ਭੂਲਾ, ਵੀਸਰੈ,ਤੇਰਾ ਚਿਤਿ ਨ ਆਵੈ ਨਾਉ॥ (ਪੰ:੧੪)

ਸ਼ੁੱਧ ਉਚਾਰਣ ਹੈ :

ਮਤ ਦੇਖ ਭੂਲਾਂ, ਵੀਸਰੈ, ਤੇਰਾ ਚਿਤਿ ਨਾ ਆਵੈ ਨਾਉਂ ॥

ਅਰਥ ਹੋਇਆ : ਮਤਾਂ ਮੈਂ (ਮੋਤੀਆਂ ਦੇ ਮੰਦਰ ਆਦਿ ਵੇਖ ਕੇ) ਭੁਲ ਜਾਵਾਂ, ਤੇ ਤੇਰਾ ਨਾਮ ਵਿੱਸਰ ਜਾਵੇ ਅਤੇ (ਮੁੜ) ਚਿੱਤ ਵਿਚ ਨਾ ਆਵੇ।

(੩) ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ ॥

(ਵਡਹੰਸ ਮ: ੧, ਪੰਨਾ ੫੫੭)

ਏਥੇ ਸ਼ੁੱਧ ਪਾਠ ਹੈ ਮੋਰੀਂ (ਮੋਰਾਂ ਨੇ) : ਇਹ ਨਾਂਵ, ਬਹੁ ਵਚਨ,ਕਰਤਾ ਕਾਰਕ ਹੈ; ਮੋਰੀ ਨਹੀਂ। 'ਮੋਰੀ' ਦਾ ਅਰਥ ਹੈ—ਛੇਕ, ਸੁਰਾਖ। ਇਸ ਦਾ ਇਥੇ ਕੀ ਸੰਬੰਧ ?

(੪) ਏਤੇ ਕੂਕਰ, ਹਉ ਬੇਗਾਨਾ, ਭਉਕਾ ਇਸੁ ਤਨ ਤਾਈ ॥

(ਤਾਈ=ਤਾਂਈ), (ਹਉ=ਹਉਂ) (ਭਉਕ=ਭਉਂਕਾ) (ਬਿ: ੧,੭੯੫)

ਵਿਚਾਰ : 'ਭਉਕਾ' ਦੇ ਅਰਥ ਹਨ : ਭੌਂਕਣ ਵਾਲਾ, ਵਾਧੂ ਗੱਲਾਂ ਕਰਨ ਵਾਲਾ। ਪ੍ਰੰਤੂ, ਇਹ ਅਰਥ ਇਥੇ ਨਹੀਂ ਲਗਦੇ। ਭਉਕਾਂ ਦਾ ਅਰਥ ਹੈ : ਮੈਂ ਭੌਂਕਦਾ ਹਾਂ, ਕੂਕ ਪੁਕਾਰ ਕਰਦਾ ਹਾਂ।

ਸਾਰੀ ਤੁਕ ਦੇ ਅਰਥ ਹਨ : ਏਨੇ ਕੁੱਤੇ (ਨਿਮਾਣੇ, ਨਿਰਗੁਣ ਮਨੁੱਖ) ਹਨ। ਮੈਂ ਉਹਨਾਂ ਵਿਚੋਂ ਓਪਰਾ ਜਿਹਾ ਇਕ ਹਾਂ, ਅਤੇ ਇਸ ਸਰੀਰ ਦੀ ਖਾਤਰ ਕੂਕਦਾ ਹਾਂ।

(੫) ਜਿਥੈ ਜਾਈਐ ਜਗਤ ਮਹਿ, ਤਿਥੈ ਹਰਿ ਸਾਈ ॥ (ਮ:੪,੮੫੧)

ਸ਼ੁੱਧ ਉਚਾਰਣ ਹੈ : ਜਿੱਥੈ ਜਾਈਐ ਜਗਤਿ ਮਹਿ,ਤਿੱਥੈ ਹਰ ਸਾਂਈਂ ॥

ਵਿਚਾਰ : ਏਥੇ ਪਦ 'ਸਾਈ' (ਭਾਵ—'ਉਹ') ਨਹੀਂ,'ਸਾਂਈਂ' ਹੈ, ਅਤੇ ਅਰਥ ਹਨ—ਮਾਲਿਕ।

(੬) ਪੁਤ੍ਰੀ ਕਉਲੁ ਨ ਪਾਲਿਓ, ਕਰ ਪੀਰਹੁ ਕੰਨ ਮੁਰਟੀਐ ॥

(ਵਾਰ ਰਾਮਕਲੀ, ਪੰਨਾ ੯੬੭)

ਵਿਚਾਰ : ਵੇਖੋ, ਜੋ ਏਥੇ 'ਪੁੱਤ੍ਰੀ' ਪਦ ਨੂੰ ਉੱਪਰ ਅੱਧਕ ਤੇ ਅਖੀਰ ਵਿਚ ਬਿੰਦੀ ਨਾ ਲਾਈਏ ਤਾਂ ਇਸ ਦੇ, ਇਕੋ ਇਕ ਤੇ ਸਪੱਸ਼ਟ, ਅਰਥ ਹੋਣਗੇ : ਪੁਤਰੀ-ਬੇਟੀ, ਧੀ। ਪ੍ਰੰਤੂ, ਅੱਧਕ ਤੇ ਬਿੰਦੀ ਲਾ ਕੇ 'ਪੁੱਤ੍ਰੀਂ' ਉਚਾਰਣ ਨਾਲ ਇਸ ਦੇ ਅਰਥ ਹੋਣਗੇ : ਪੁੱਤਰਾਂ ਨੇ; ਤੇ ਇਹੀ ਸ਼ੁੱਧ ਅਰਥ ਏਥੇ ਲਗਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੋਈ ਪੁੱਤਰੀ ਨਹੀਂ ਸੀ, ਜਿਸ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਮੂੰਹ ਮੋੜਿਆ ਹੋਵੇ। ਹਾਂ, ਦੋਹਾਂ ਪੁੱਤ੍ਰਾਂ ਨੇ ਅਜਿਹਾ ਕੀਤਾ, ਜਿਸ ਦਾ ਵਰਨਣ ਏਥੇ ਕੀਤਾ ਗਿਆ ਹੈ। ਇਹ ਇਤਿਹਾਸਿਕ ਘਟਨਾ ਹੈ।

ਸਾਰੀ ਤੁਕ ਦੇ ਅਰਥ ਹਨ : 'ਪੁੱਤਰਾਂ' (ਸ੍ਰੀ ਚੰਦ ਜੀ ਤੇ ਲਖਮੀ ਚੰਦ ਜੀ) ਨੇ ਹੁਕਮ ਨਾ ਮੰਨਿਆ, ਕਿਉਂਕਿ ਉਹਨਾਂ ਨੇ ਥਾਪੇ ਹੋਏ ਪੀਰ—ਸ੍ਰੀ ਗੁਰੂ ਅੰਗਦ ਦੇਵ ਜੀ—ਤੋਂ ਕੰਨ (ਪਾਸਾ) ਮੋੜ ਲਿਆ।

ਸ: ਰਣਜੀਤ ਸਿੰਘ ਖੜਗ (ਸੁਰਗਵਾਸੀ) ਨੇ 'ਗੁਰਮਤਿ-ਪ੍ਰਕਾਸ਼' ਦੇ 'ਗੁਰੂ ਨਾਨਕ ਬਾਣੀ ਅੰਕ' (ਸਤੰਬਰ ੧੯੬੮) ਦੇ ਪੰਨਾ ੨੦ ਉਤੇ ਇਸ

ਨੁਕਤੇ ਦੀ ਵਿਆਖਿਆ ਇਉਂ ਕੀਤੀ ਹੈ :

੧ ਓ ਸਤਿਗੁਰੂ ਪ੍ਰਸਾਦ ਸਚੁ ਨਮੁ ਕਰਤਰੁ ਅਕਲ ਮੂਰਤਿ ਅਜੂਨੀ ਸੰਭਉ
ਗੁਰ ਪੂਰੇ ਕੇ ਪਰਮਦੁ ਰਗ ਰਮਕਲੀ ..

('ਗੁਰਮਤਿ ਪ੍ਰਕਾਸ਼', ਅੰਮ੍ਰਿਤਸਰ, ਜਨਵਰੀ ੧੯੯੮, ਸਫਾ ੪੦)

'ਮਹਾਜਨੀ ਲਿੱਪੀ' ਵਿਚ ਲੰਡਿਆਂ ਵਾਂਗ, ਗੁਰਮੁਖੀ ਲਿਖਤਾਂ ਵਿਚ ਕੁਝ ਲਗਾਂ ਮਾਤਰਾਂ ਦੀ ਅਨਹੋਂਦ ਦਾ ਕਾਰਨ ਇਹ ਹੈ ਕਿ ਪੁਰਾਤਨ ਗੁਰਮੁਖੀ-ਲਿਖਾਰੀ, ਬਿੰਦੀ ਆਦਿ ਲਗਾਂ ਦੀ ਵਰਤੋਂ ਘੱਟ ਕਰਦੇ ਸਨ, ਜਿਹਾ ਕਿ, ਗੁਰੂ ਗ੍ਰੰਥ ਸਾਹਿਬ ਦੀ ਲਿਖਤ-ਸ਼ੈਲੀ ਤੋਂ ਪਰਤੱਖ ਹੈ :

'ਪਾਤਾਲਾਂ ਪਾਤਾਲ ਲੱਖ ਆਗਾਸਾਂ ਆਗਾਸ ॥' ਦੀ ਥਾਂ :

'ਪਾਤਾਲਾ ਪਾਤਾਲ ਲਖ ਅਗਾਸਾ ਅਗਾਸ ॥' ਬਿੰਦੀ ਤੋਂ ਬਿਨਾਂ ਹੀ ਲਿਖਿਆ ਗਿਆ ਹੈ ।

ਭਾਈ ਸੰਤੋਖ ਸਿੰਘ ਜੀ ਨੇ 'ਗਰਬ ਗੰਜਨੀ' (ਜਪੁਜੀ ਦੇ ਟੀਕੇ) ਵਿਚ, ਇਸ ਦਾ ਭਾਵ ਦੱਸਿਆ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਪਾਸੋਂ, ਆਦਿ ਬੀੜ ਦੀ ਸੰਕਲਨਤਾ ਬਾਅਦ ਇਸ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਫੁਰਮਾਇਆ :

'ਇਸ ਸਰੂਪ ਵਿਚ ਹੁਣ ਕੋਈ ਅਦਲਾ-ਬਦਲੀ ਨਹੀਂ ਹੋ ਸਕਦੀ। ਜੋ ਸਿਖ ਵਿਚਾਰ ਕੇ ਧਿਆਨ ਨਾਲ ਪੜ੍ਹਨਗੇ, ਉਹ ਬਿੰਦੇ ਸਹਿਤ ਸ਼ੁੱਧ ਪਾਠ ਕਰਨਗੇ।'

'ਗੁਰਮੁਖੀ ਲਿੱਪੀ ਦੇ ਵਿਕਾਸ ਦੇ ਇਕ ਪੜਾਅ ਉਤੇ ਪੁੱਜ ਕੇ ਗੁਰਮੁਖੀ ਲਿਖਾਰੀ ਕੰਨੇ ਦੀ ਥਾਂ ਬਿੰਦੀ ਦੀ ਵਰਤੋਂ ਕਰਨ ਲਗ ਪਏ ਸਨ, ਜੋ ਕਿ ਗੁਰੂ ਸਾਹਿਬਾਨਾਂ ਦੇ ਨੀਸਾਣਾਂ ਤੋਂ ਪ੍ਰਤੱਖ ਹੈ। ਕਰਤਾਰਪੁਰ (ਜ਼ਿਲਾ ਜਲੰਧਰ) ਵਿਚ ਵਿਦਮਾਨ ਆਦਿ ਬੀੜ ਵਿਚ ਪੰਜਵੇਂ ਤੇ ਛੇਵੇਂ ਪਾਤਸ਼ਾਹ ਦੇ ਹਸਤ ਕੰਵਲਾਂ ਦੁਆਰਾ ਅੰਕਤ ਮੂਲ ਮੰਤ੍ਰ ਵਿਚ ਕੰਨੇ ਦੀ ਥਾਂ ਬਿੰਦੀਆਂ ਵਰਤੀਆਂ ਗਈਆਂ ਹਨ ।...'

ਉਪ੍ਰੋਕਤ ਲੰਮੀ ਟੂਕ ਦੇਣ ਤੋਂ ਸਾਡਾ ਭਾਵ ਇਹ ਹੈ ਕਿ ਪਾਠਕਾਂ ਨੂੰ ਲਗਾਂ ਮਾਤਰਾਂ ਬਾਰੇ ਪਾਵਨ ਬੀੜ ਦੀ ਲਿਖਣ-ਸ਼ੈਲੀ ਤੇ ਨੇਮ ਸਪੱਸ਼ਟ ਹੋ ਸਕਣ, ਇਹ ਪਤਾ ਲਗ ਸਕੇ ਕਿ ਇਸ ਵਿਚ ਟਿੱਪੀ ਦੀ ਵਰਤੋਂ ਵਾਂਗ ਲੋੜ ਅਨੁਸਾਰ ਬਿੰਦੀ ਤੇ ਅੱਧਕ ਦੀ ਵਰਤੋਂ ਕਰਨ ਨਾਲ ਹੀ ਗੁਰਬਾਣੀ ਦੇ ਅਰਥ ਤੇ ਗੁਹਝ ਭਾਵ ਸਮਝੇ ਜਾ ਸਕਦੇ ਹਨ ਅਤੇ ਗੁਰੂ ਅਵੱਗਿਆ ਤੋਂ ਬਚਿਆ ਜਾ ਸਕਦਾ ਹੈ ।

(੩)

ਅਸਲ ਵਿਚ, ਹਰੇਕ ਸ਼ਬਦ ਜਿਵੇਂ ਲਿਖਿਆ ਦਿਸਦਾ ਹੈ, ਉਸ ਦਾ ਐਨ ਤਿਵੇਂ ਦਾ ਤਿਵੇਂ ਪਾਠ ਕਰਨ ਦੇ ਹਾਮੀ ਸੱਜਣ ਵੀ ਅਜਿਹਾ ਨਹੀਂ ਕਰਦੇ, ਜਾਂ ਨਹੀਂ ਕਰ ਸਕਦੇ। ਪਵਿੱਤਰ ਬੀੜ ਵਿੱਚ ਸ਼ਬਦ "ਮਹਲਾ" ਅੰਕਿਤ ਹੈ, ਪ੍ਰੰਤੂ ਇਹ ਸੱਜਣ ਇਸ ਨੂੰ ਉਚੇਚੇ ਤੌਰ ਉੱਤੇ ਅੱਧਕ ਲਾ ਕੇ "ਮਹੱਲਾ" ਵਾਚਦੇ ਹਨ। ਕਿਉਂ ? ਉਪ੍ਰੰਤ, ਇਸ ਨਾਲ ਅੰਕ ੧, ੨, ੩, ੪, ੫ ਜਾਂ ੯ ਲਿਖਿਆ ਗਿਆ ਹੈ, ਜਿਵੇਂ—"ਸਿਰੀ ਰਾਗ ਮਹਲਾ ੧"। ਇਸ ਅੰਕ "੧" ਨੂੰ ਸਭ ਪਾਠੀ "ਪਹਿਲਾ" ਕਰਕੇ ਹੀ ਉਚਾਰਦੇ ਹਨ ਅਤੇ ਦਰੁਸਤ ਵੀ ਇਹੀ ਹੀ ਹੈ। "ਮਹਲਿਆਂ" ਨਾਲ ਲੱਗੇ ਇਹ ੧, ੨, ੩, ੪, ੫ ਤੇ ੯ ਦੇ ਅੰਕ "ਕ੍ਰਮਵਾਚਕ ਸੰਖਿਅਕ ਵਿਸ਼ੇਸ਼ਣ" ਹਨ, ਨਾ ਕਿ "ਸਾਧਾਰਣ ਸੰਖਿਅਕ ਵਿਸ਼ੇਸ਼ਣ" ਅਥਵਾ ਗਿਣਤੀ-ਵਾਚਕ ਅੰਕ।

ਐਸੇ ਸੱਜਣ ਮਹਲਾ ੫ ਤੇ ੯ ਨੂੰ "ਮਹੱਲਾ ਪੰਜਵਾਂ ਜਾਂ ਨੌਵਾਂ" ਉਚਾਰਣ ਦੀ ਖੁਲ੍ਹ ਤਾਂ ਲੈ ਲੈਂਦੇ ਹਨ, ਪ੍ਰੰਤੂ ੫ ਜਾਂ ੯ ਦਾ ਦਰੁਸਤ ਉਚਾਰਣ, ਬਿੰਦੀ ਲਾ ਕੇ ਪੰਜਵਾਂ ਜਾਂ ਨੌਵਾਂ ਕਰਨ ਲਈ ਤਿਆਰ ਨਹੀਂ ਹੁੰਦੇ। ਅਜੇਹੀ ਬੇਨਿਯਮੀ ਤੇ ਮਨ-ਮੱਤ ਕਰਨਾ, ਕਿਵੇਂ ਵਾਜਬ ਹੈ ? ਸੁਯੋਗ ਪਾਠਕ-ਜਨ ਆਪ ਹੀ ਨਿਰਨਾ ਕਰ ਲੈਣ ।*

---

*ਵਿਸਥਾਰ ਲਈ ਵਾਚੋ ਮੇਰੀ ਪੁਸਤਕ "ਵਿਸ਼ੇਸ਼ ਗੁਰਮਤਿ ਲੇਖ" ਦਾ ਪੰਨਾ ੩੫ ਤੋਂ ੩੯ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਪ੍ਰਕਾਰ ਦੇ ਮੰਗਲ ੫੬੭ ਵੇਰ ਰਾਗਾਂ ਦੇ ਸਿਰਲੇਖਾਂ ਦੇ ਆਦਿ ਵਿੱਚ ਆਏ ਹਨ। ਪਵਿੱਤਰ ਬੀੜ ਵਿਚ ਕੁਝ ਕੁ ਥਾਈਂ ਸਪੱਸ਼ਟ ਤੌਰ ਉੱਤੇ ਇਹ ਸੰਕੇਤ ਦਿੱਤਾ ਗਿਆ ਹੈ ਕਿ "ਮਹਲੇ" ਨਾਲ ਆਏ ਅੰਕਾਂ ਦਾ ਉਚਾਰਨ ਪਹਿਲਾ, ਦੂਜਾ, ਤੀਜਾ ਆਦਿ ਕਰਨਾ ਹੈ। ਦੋ ਉਦਾਹਰਣਾਂ ਹਾਜ਼ਰ ਹਨ :

(ੳ) ਰਾਗੁ ਸਿਰੀ ਰਾਗੁ, ਮਹਲਾ ਪਹਿਲਾ ੧ ਘਰੁ ੧ (ਪੰਨਾ ੧੪ ਸਿਰੀ ਰਾਗ ਦੇ ਅਰੰਭ ਵਿਚ ਹੀ)

(ਅ) ਵਡਹੰਸੁ ਮਹਲਾ ੩ ਮਹਲਾ ਤੀਜਾ। (ਪੰਨਾ ੫੮੨)

ਜਿਵੇਂ ਉਪ੍ਰੋਕਤ ਸੰਕੇਤ ਨੂੰ ਮੁਖ ਰੱਖ ਕੇ ਸਮੂੰਹ ਵਿਦਵਾਨ, ਪਾਠੀ-ਸੱਜਣ ਸਿਰਲੇਖਾਂ ਵਿਚ ਲਿਖੇ ਅੰਕਾਂ ਨੂੰ ੧, ੨, ੩ ਦੀ ਥਾਂ ਪਹਿਲਾ, ਦੂਜਾ, ਤੀਜਾ ਕਰਕੇ ਉਚਾਰਣਾਂ ਦਰੁਸਤ ਸਮਝਦੇ ਹਨ, ਐਨ ਏਵੇਂ ਹੀ ਪਾਵਨ ਬੀੜ ਵਿੱਚ ਕਈ ਥਾਈਂ ਬਿੰਦੀ ਦੀ ਵਰਤੋਂ ਕਰਕੇ ਸਤਿਗੁਰਾਂ ਵਲੋਂ ਇਹ ਸੰਕੇਤ ਦੇ ਦਿੱਤਾ ਗਿਆ ਕਿ ਹੋਰਥੇ ਵੀ, ਜਿੱਥੇ ਬਿੰਦੀ ਲਾਇਆਂ ਉਚਾਰਣ ਸ਼ੁੱਧ ਤੇ ਭਾਵ ਸਪਸ਼ਟ ਹੁੰਦਾ ਹੋਵੇ, ਓਥੇ ਇਸ ਦੀ ਵਰਤੋਂ ਕਰਨੀ ਵੇਹਤ, ਅਥਵਾ ਵਰਜਤ ਨਹੀਂ।

ਯੋਗ ਸ਼ਾਸਤਰ ਦੇ ਕਰਤਾ ਪਾਤੰਜਲ ਮੁਨੀ ਨੇ "ਪਾਣਨਿ ਦੀ ਅਸ਼ਟਾ-ਧਿਆਏ" ਦਾ ਮਹਾਂ ਭਾਸ਼ ਕੀਤਾ ਹੈ। ਉਹ ਲਿਖਦੇ ਹਨ ਕਿ 'ਉਚਾਰਨ' ਤੋਂ 'ਅਰਥ' ਅਧਿਕ ਪ੍ਰਬਲਤਾ ਰੱਖਦਾ ਹੈ।" ਭਾਵ ਇਹ ਹੈ ਕਿ ਅਰਥ ਅਨੁਸਾਰ ਉਚਾਰਣ ਹੋਣਾ ਚਾਹੀਦਾ ਹੈ।

ਜਿਹਾ ਕਿ ਪਹਿਲੇ ਦੱਸਿਆ ਗਿਆ ਹੈ, "ਜਿਵੇਂ ਲਿਖਿਆ, ਤਿਵੇਂ ਪਾਠ" ਕਰਨ ਵਾਲੇ ਸੱਜਣ ਜਦ 'ਮਹਲਾ' ਦੇ ਪਾਠ ਉੱਤੇ ਆਉਂਦੇ ਹਨ ਤਾਂ ਉਹ, ਆਪਣਾ ਨੇਮ, ਉਚੇਰੇ ਤੌਰ ਉੱਤੇ, ਇਸ ਦਾ ਪਾਠ, 'ਮਹੱਲਾ' ਕਰਕੇ ਆਪ ਹੀ ਤੋੜ ਦੇਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਚਹੁੰ ਅਰਥਾਂ ਵਿਚ ਵਰਤਿਆ ਗਿਆ ਹੈ, ਜਿਸ ਦੀ ਵਿਆਖਿਆ ਪ੍ਰੋ: ਸਾਹਿਬ ਸਿੰਘ ਜੀ, ਗੁਰਬਾਣੀ ਵਿਆਕਰਣ ਵਿਚ ਇਉਂ ਕਰਦੇ ਹਨ :

(੨) ਮਹਲ—ਇਸਤ੍ਰੀ

ਮਹਲ ਕੁਚੱਜੀ ਮੜਵੜੀ ਕਾਲੀ ਮਨਹੁ ਕਸੁਧ ॥

(ਮ: ੧, ਪੰ: ੧੦੮੮)

(੨) ਮਹਲੁ—ਘਰ, ਟਿਕਾਣਾ, ਨਿਵਾਸ—ਅਸਥਾਨ, ਉਹ ਅਵਸਥਾ ਜਿਥੋਂ ਅਕਾਲ ਪੁਰਖ ਸਾਖਿਆਤ ਹੋ ਜਾਂਦਾ ਹੈ।

(ੳ) ਖੋਜਤ ਖੋਜਤ ਦੁਆਰੇ ਆਇਆ ॥

ਤਾਂ ਨਾਨਕ ਜੋਗੀ 'ਮਹਲੁ' ਘਰੁ ਪਾਇਆ ॥

(ਮ: ੫, ਪੰ: ੮੮੬)

(ਅ) ਖੋਲਿ ਕਿਵਾਰਾ ਮਹਲਿ ਬੁਲਾਇਆ ॥ (ਰਾਮਕਲੀ ਮ: ੫)

ਮਹਲਿ—ਮਹਲ ਵਿਚ

(ੲ) ਗੁਰ ਪ੍ਰਸਾਦਿ ਕੋ ਇਹ ਮਹਲੁ ਪਾਵੈ ॥

(ਰਾਮਕਲੀ ਮ: ੫, ਪੰ: ੮੮੯)

(੩) ਮਹਲ, ਮਹਲਾ : ਵੱਡੀਆਂ ਵੱਡੀਆਂ ਇਮਾਰਤਾਂ, ਪੱਕੇ ਘਰ

(ੳ) ਦਾਤਾ ਦਾਨੁ ਕਰੇ ਤੇਹ ਨਾਹੀ 'ਮਹਲ' ਉਸਾਰਿ ਨਾ ਬੈਠਾ ॥

(ਮਹਲਾ ੧, ਰਾਮਕਲੀ, ਪੰ: ੭੦੨)

(ਅ) ਗੜ ਮੰਦਰ 'ਮਹਲਾ' ਕਹਾਂ, ਜਿਉਂ ਬਾਜੀ ਦੀਬਾਣ ॥

(ਓਅੰਕਾਰ ਮ: ੧, ਪੰ: ੯੩੦)

(੪) ਮਹਲਾ—ਕਾਇਆਂ, ਸਰੀਰ

ਓਹੁ ਅਬਿਨਾਸੀ ਰਾਇਆ ॥

ਨਿਰਭਉ ਸੰਗਿ ਤੁਮਾਰੈ ਬਸਤੇ, ਇਹ ਡਰਨੁ ਕਹਾ ਤੇ ਆਇਆ ॥

੧ ॥ ਰਹਾਉ ॥

ਏਕ 'ਮਹਲਿ' ਤੂੰ ਹੋਹਿ ਅਫਾਰੋ, ਏਕ 'ਮਹਲਿ' ਨਿਮਾਨੋ ॥

ਏਕ 'ਮਹਲਿ' ਤੂੰ ਆਪੇ ਆਪੇ, ਏਕ 'ਮਹਲਿ' ਗਰੀਬਾਨੋ ॥

ਏਕ 'ਮਹਲਿ' ਤੂੰ ਪੰਡਿਤੁ ਬਕਤਾ, ਏਕ 'ਮਹਲਿ' ਖਲੁ ਹੋਤਾ ॥

ਏਕ 'ਮਹਲਿ' ਤੂੰ ਸਭੁ ਕਿਛੁ ਗ੍ਰਾਹਜੁ,
ਏਕ 'ਮਹਲਿ' ਕਛੂ ਨ ਲੇਤਾ ॥ (ਗਉੜੀ ਮ: ੫, ਪੰ: ੨੦੬)

ਉੱਪਰ ਦਿਤੇ ਗਏ ਸਾਰੇ ਪ੍ਰਮਾਣਾਂ ਨੂੰ ਗਹੁ ਨਾਲ ਵਿਚਾਰਿਆਂ ਸ਼ਬਦ 'ਮਹਲਾ' ਦਾ ਅਰਥ ਸਾਫ ਹੋ ਜਾਂਦਾ ਹੈ। ਸਤਿਗੁਰੂ ਜੀ ਦੀ ਉਚਾਰੀ ਹੋਈ ਬਾਣੀ ਵਿਚ ਨਾਮ ਕੇਵਲ 'ਨਾਨਕ' ਹੀ ਆਉਂਦਾ ਹੈ। ਇਹ ਨਿਰਣਾ ਕਰਨ ਲਈ ਕਿ ਅਮੁਕੀ ਬਾਣੀ ਕਿਸ ਗੁਰ-ਵਿਅਕਤੀ ਦੀ ਹੈ, ਸ਼ਬਦ 'ਮਹਲ' ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ, 'ਵਿਅਕਤੀ', 'ਕਾਇਆਂ', 'ਸਰੀਰ'......।

ਨਿਰਸੰਦੇਹ ਸਤਿਗੁਰੂਆਂ ਵਿਚ ਜੋਤ ਤਾਂ ਇੱਕੋ ਸੀ, ਕੇਵਲ ਕਾਇਆਂ ਹੀ ਬਦਲਦੀ ਰਹੀ :

(੧) ਜੋਤਿ ਓਹਾ, ਜੁਗਤਿ ਸਾਇ, ਸਹਿ 'ਕਾਇਆਂ' ਫੇਰਿ ਪਲਟੀਐ ॥
(ਰਾਮਕਲੀ, ਵਾਰ ਸਤੇ ਬਲਵੰਡ ਦੀ ਪੰ: ੯੬੬)

(੨) ਅਰਜੁਨ 'ਕਾਇਆਂ' ਪਲਟਿ ਕੈ ਮੂਰਤਿ ਹਰਿਗਬਿੰਦ ਸਵਾਰੀ ॥
(ਭਾਈ ਗੁਰਦਾਸ, ਵਾਰ ੧, ਪਉੜੀ ੪੮)

ਨੋਟ—ਗੁਰਬਾਣੀ ਵਿਚ ਦੋ ਵੇਰ ਸ਼ਬਦ 'ਮਹਲੁ' ਵੀ ਆਇਆ ਹੈ, ਜੋ ਇਕ ਵਚਨ, ਪੁਲਿੰਗ ਵਾਚਕ ਹੈ। ਇਸ ਦੇ ਅਰਥ ਇਸਤ੍ਰੀ ਨਹੀਂ ਹੋ ਸਕਦੇ। (ਵੇਖੋ ਸਿਰੀ ਰਾਗ, ਪੰ: ੧੬ ਤੇ ੧੮)

ਹੁਣ, ਜੇ 'ਮਹਲਾ' ਦਾਂ ਪਾਠ 'ਮਹੱਲਾ' ਹੋਵੇ ਤਾਂ ਏਥੇ ਵੀ ਪਾਠ 'ਮਹੱਲੁ' ਪੜ੍ਹਨਾ ਪਵੇਗਾ, ਜੋ ਕਿਸੇ ਤਰ੍ਹਾਂ ਵੀ ਸ਼ੁੱਧ ਨਹੀਂ ਅਤੇ ਨਾ ਹੀ ਕਦੇ ਕਿਸੇ ਪਾਠੀ ਨੇ ਅਜੇਹਾ ਪਾਠ ਕੀਤਾ ਹੈ। ਏਥੇ 'ਮਹਲੁ' ਪਦ ਇਕ ਵਚਨ ਪੁਲਿੰਗ ਵਾਚਕ ਹੈ, ਇਸਤ੍ਰੀ ਲਿੰਗ ਵਾਚਕ ਨਹੀਂ। ਇਸ ਦਾ 'ਲ' ਅੱਖਰ-ਅੰਤ ਹੋਣ ਕਰਕੇ 'ਲ' ਨਾਲੋਂ ਸਹਿਵਨ ਕੰਨਾ ਰਹਿ ਜਾਣ ਦਾ ਗੁਮਾਨ ਵੀ ਨਹੀਂ ਹੋ ਸਕਦਾ।

ਇਹ ਵੀ ਚੇਤੇ ਰਖਣ ਵਾਲੀ ਗੱਲ ਹੈ ਕਿ ਸਿਰਲੇਖਾਂ ਵਿਚ ਸ਼ਬਦ 'ਮਹਲਾ' ਨਾਲ ਪਹਿਲਾ, ਦੂਜਾ, ਤੀਜਾ, ਪੁਲਿੰਗ ਵਾਚਕ ਵਿਸ਼ੇਸ਼ਣ ਆਏ ਹਨ

ਪਹਿਲੀ, ਦੂਜੀ, ਤੀਜੀ, ਇਸਤ੍ਰੀ ਲਿੰਗ ਵਾਚਕ ਨਹੀਂ। ਇਸ ਲਈ 'ਮਹਲਾ' ਸ਼ਬਦ ਪੁਲਿੰਗ ਵਾਚਕ ਹੋਇਆ, ਨਾ ਕਿ ਇਸਤ੍ਰੀ ਵਾਚਕ।

(੪)

ਥ-ਜ਼ਾਹਰ, ਵਾਧੂ ਲੱਗੀਆਂ ਦਿੱਸਦੀਆਂ ਲਗਾਂ-ਮਾਤਰਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਆਈਆਂ ਲਗਾਂ-ਮਾਤਰਾਂ, ਵਿਸ਼ੇਸ਼ ਕਰਕੇ ਸ਼ਬਦਾਂ ਦੇ ਅੰਤ ਵਿਚ ਆਈ ਸਿਹਾਰੀ ਤੇ ਔਂਕੜ, ਬਹੁਤ ਵੇਰ, ਉਚਾਰਨ ਵਿਚ ਆਉਣ ਦੀ ਥਾਂ, ਅਰਥ-ਭਾਵ ਸਪਸ਼ਟ ਕਰਨ ਹਿਤ ਲਾਈਆਂ ਗਈਆਂ ਹਨ। ਪਾਵਨ ਬੀੜ ਦੇ ਪੰਨਾ ੯੩੫ ਉੱਤੇ ਪੰਜਵੇਂ ਗੁਰਦੇਵ ਜੀ ਦਾ, ਵੰਨਗੀ ਮਾਤਰ, ਲਿਆ ਕੇਵਲ ਇਕ ਫੁਰਮਾਨ ਹੀ, ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਕਾਫ਼ੀ ਹੈ :

ਆਹਰ ਸਭ ਕਰਦਾ ਫਿਰੈ, ਆਹਰੁ ਇਕੁ ਨ ਹੋਇ ॥
ਨਾਨਕ, ਜਿਤੁ ਆਹਰਿ ਜਗੁ ਉਧਰੈ, ਵਿਰਲਾ ਬੂਝੈ ਕੋਇ ॥

ਉਪਰੋਕਤ ਸਲੋਕ ਵਿਚ ਪਦ 'ਆਹਰ' (ਨਾਂਵ) ਤਿੰਨਾਂ ਰੂਪਾਂ ਵਿਚ ਵਰਤਿਆ ਗਿਆ ਹੈ। ਇਸ ਦੇ ਅਰਥ ਹਨ—ਉੱਦਮ, ਧੰਧਾ ਅਤੇ ਉਚਾਰਣ ਤਾਂ ਇਕੋ ਹਨ, ਪ੍ਰੰਤੂ 'ਵਚਨ' ਤੇ 'ਕਾਰਕ' ਵੱਖ ਵੱਖ ਹੋਣ ਕਰਕੇ, ਵਰਤੋਂ ਇਕ ਸਮਾਨ ਨਹੀਂ। ਪਹਿਲੇ ਆਹਰ ਦੇ ਬਾਅਦ 'ਸਭ' (ਅਨਿਸਚਿਤ ਸੰਖਿਅਕ ਵਿਸ਼ੇਸ਼ਣ) ਆਇਆ ਹੈ। ਇਸ ਲਈ ਇਹ ਬਹੁ-ਵਚਨ ਹੈ ਅਤੇ ਇਸ ਦਾ 'ਰ' ਮੁਕਤਾ ਅੰਤ ਹੈ। ਅਰਥ ਹੈ—'ਸਾਰੇ ਧੰਧੇ'। ਦੂਜੀ ਵੇਰ, ਲਿਖੇ 'ਆਹਰੁ' ਦੇ 'ਰ' ਹੇਠ ਔਂਕੜ, ਤੇ ਪਹਿਲਾਂ ਆਇਆ ਪਦ 'ਇਕੁ' (ਸੰਖਿਅਕ ਵਿਸ਼ੇਸ਼ਣ) ਹੋਣ ਕਰਕੇ, ਇਹ ਇਕ ਵਚਨ ਹੈ ਅਤੇ ਅਰਥ ਹਨ—'ਇਕ ਧੰਧਾ, ਇਕ ਕੰਮ' (ਵਾਹਿਗੁਰੂ ਨਾਮ ਜਪਣ ਦਾ ਧੰਧਾ)। ਤੀਜੇ 'ਆਹਰਿ' ਦੇ 'ਰ' ਨੂੰ 'ਸਿਹਾਰੀ' ਹੈ। ਇਹ ਇਕ ਵਚਨ, ਕਰਣ ਕਾਰਕ ਹੈ ਅਤੇ ਅਰਥ ਹਨ—ਜਿਸ ਆਹਰ ਰਾਹੀਂ ਜਾਂ ਦੁਆਰਾ। ਦੋਹਾਂ ਤੁਕਾਂ ਦਾ ਅਰਥ ਹੋਇਆ—"ਮਨੁਖ ਹੋਰ ਸਾਰੇ ਧੰਦੇ ਤਾਂ ਕਰਦਾ ਫਿਰਦਾ ਹੈ, ਪਰ

ਨਾਮ-ਸਿਮਰਨ ਦਾ ਇਕ ਧੰਦਾ ਨਹੀਂ ਕਰਦਾ। ਹੇ ਨਾਨਕ ਕਹੁ ਕਿ ਜਿਸ ਆਹਰ ਨਾਲ ਸਾਰਾ ਸੰਸਾਰ ਬਚਦਾ ਹੈ, ਉਸ ਨੂੰ ਕੋਈ ਵਿਰਲਾ ਹੀ ਬੁਝਦਾ ਹੈ।''

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੀਆਂ ਲਗਾਂ-ਮਾਤਰਾਂ ਬਾਰੇ ਵਰਤੇ ਨੇਮ ਇਤਨੇ ਸਪਸ਼ਟ ਤੇ ਭਾਵ-ਪੂਰਤ ਹਨ ਕਿ ਸਾਦਕ ਤੇ ਸੂਝਵਾਨ ਸੱਜਣ ਅੱਸ਼ ਅੱਸ਼ ਕਰ ਉਠਦਾ ਤੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹੈ। ਸੰਖੇਪ ਵਜੋਂ, ਇਹ ਪੰਜ ਸੱਤ ਉਦਾਹਰਣਾਂ ਹੀ ਇਸ ਖ਼ੂਬਸੂਰਤੀ ਨੂੰ ਉਜਾਗਰ ਕਰਨ ਲਈ ਕਾਫ਼ੀ ਹਨ :

੧. ਸਾਰੀ ਪਾਵਨ ਬੀੜ ਵਿਚ ਜਦ 'ਕਾਮਣਿ' ਪਦ ਦੇ 'ਣ' ਨਾਲ ਸਿਹਾਰੀ ਆਈ ਹੈ ਤਾਂ ਅਰਥ ਹੈ—ਇਸਤ੍ਰੀ; ਪ੍ਰੰਤੂ ਜਦ ਇਹ ਮੁਕਤਾ ਜਾਂ ਔਂਕੜ ਅੰਤ ਹੈ ਤਾਂ ਅਰਥ ਹੈ—ਟੂਣਾ : ਉਚਾਰਣ ਸਮਾਨ ਹੈ। ਉਦਾਹਰਣ :

(ੳ) ਕਾਮਣਿ (ਇਸਤਰੀ) ਤਉ ਸੀਗਾਰੁ ਕਰਿ,
ਜਾਂ ਪਹਿਲਾਂ ਕੰਤ ਮਨਾਇ ॥ (ਮ: ੩, ਪੰਨਾ ੭੮੮)

(ਅ) ਆਉ ਸਖੀ, ਗੁਣ ਕਾਮਣ (ਟੂਣਾ) ਕਰੀਹਾਂ, ਜੀਉ ॥
(ਮ: ੪, ਪੰ: ੧੭੩)

ਨੋਟ—'ਪਹਿਲਾ' ਕਰਕੇ ਪਾਠ ਕਰਨ ਨਾਲ ਅਨਰਥ ਹੋ ਜਾਵੇਗਾ।

੨. ਪਰਸਾਦੁ/ਪਰਸਾਦਿ

(ੳ) ਕਾਮ ਕ੍ਰੋਧ ਅਰੁ ਲੋਭ ਮੋਹ, ਬਿਨਸਿ ਜਾਇ ਅਹੰਮੇਵ ॥
ਨਾਨਕ ਪ੍ਰਭ ਸਰਣਾਗਤੀ, ਕਰਿ ਪਰਸਾਦੁ, ਗੁਰਦੇਵ ॥
(ਸੁਖਮਨੀ ਸਾਹਿਬ)

ਦੋਹਾਂ ਦਾ ਉਚਾਰਣ ਤਾਂ ਇਕ ਹੀ ਹੈ; ਪ੍ਰੰਤੂ, 'ਪਰਸਾਦੁ'—ਨਾਂਵ, ਇਕ ਵਚਨ, ਕਰਮ ਕਾਰਕ ਹੈ ਤੇ ਅਰਥ ਹੈ 'ਕ੍ਰਿਪਾ', 'ਕਿਰਪਾ', ''ਹੇ ਗੁਰਦੇਵ! ਕ੍ਰਿਪਾ ਕਰ''।

(ਅ) ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥

ਏਥੇ 'ਪ੍ਰਸਾਦਿ' ਨਾਂਵ, ਇਕ ਵਚਨ, ਕਰਣ ਕਾਰਕ ਹੈ ਤੇ ਅਰਥ ਹਨ—

ਕਿਰਪਾ ਦੁਆਰਾ। ਵੇਖੋ, ਇਸ ਅਸਟਪਦੀ ਵਿਚ 'ਪ੍ਰਸਾਦਿ' ਪਦ ੩੭ ਵੇਰ ਏਸੇ ਰੂਪ ਤੇ ਅਰਥ ਵਿਚ ਆਇਆ ਹੈ।

ਨੋਟ—ਮੂਲ ਮੰਤਰਾਂ ਅਥਵਾ ਮੰਗਲਾਂ ਵਿਚ ਆਏ 'ਗੁਰ ਪ੍ਰਸਾਦਿ' ਦਾ ਅਰਥ ਵੀ 'ਗੁਰੂ ਕੀ ਕਿਰਪਾ ਦੁਆਰਾ' ਹੀ ਸ਼ੁੱਧ ਹੈ।

੩. ਇਕ/ਇਕੁ/ਇਕਿ—(ਉਚਾਰਣ ਤਿੰਨਾਂ ਦਾ ਇਕ ਸਮਾਨ ਹੈ)

'ਇਕ' ਤੇ 'ਇਕੁ' ਇਕ ਵਚਨ, ਸਾਧਾਰਨ ਸੰਖਿਅਕ ਵਿਸ਼ੇਸ਼ਣ ਹਨ ਪ੍ਰੰਤੂ 'ਇਕਿ' ਸਾਰੇ ਥਾਈਂ, ਬਹੁਵਚਨ ਸੰਖਿਅਕ ਵਿਸ਼ੇਸ਼ਣ ਕਰਕੇ ਵਰਤਿਆ ਗਿਆ ਹੈ; ਜਿਵੇਂ :

ਇਕ—ਇਕ ਅਰਦਾਸਿ ਭਾਟ ਕੀਰਤਿ ਕੀ ॥ (ਪੰ: ੧੪੦੬)

ਇਕੁ (ਪੁਲਿੰਗ) ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਇ ਦੀਬਾਣੁ ॥ (ਜਪੁਜੀ, ਪੰ: ੭)

ਇਕਿ—ਇਕਿ ਹੁਕਮੀ ਸਦਾ ਭਵਾਈਅਹਿ ॥ (ਜਪੁਜੀ, ਪੰ: ੧)

ਤਥਾ—ਇਕਿ, ਸੰਗਿ ਹਰਿ ਕੈ ਕਰਹਿ ਰਲੀਆ ॥ (ਆਸਾ ਮ: ੧, ਪੰ: ੪੩੬)

੪. ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥ (ਰਾਮ: ਦੱਖਣੀ, ਪੰ: ੯੨੯)

(ੳ) ਓਅੰਕਾਰਿ—ਵਾਹਿਗੁਰੂ ਦੁਆਰਾ ਜਾਂ ਰਾਹੀਂ।

(ਅ) ਓਅੰਕਾਰੁ—ਵਾਹਿਗੁਰੂ ਨੂੰ।

ਅਰਥ ਹੋਏ—ਓਅੰਕਾਰ ਦੁਆਰਾ ਬ੍ਰਹਮਾ ਪੈਦਾ ਹੋਇਆ, ਜਿਸ ਨੇ ਓਅੰਕਾਰ ਨੂੰ ਚਿਤ ਵਿਚ ਧਾਰਨ ਕੀਤਾ।

੫. ਜਿਥੈ ਜਾਈਐ ਜਗਤਿ ਮਹਿ, ਤਿਥੈ ਹਰਿ 'ਸਾਈ' ॥ (ਪੰ: ੮੫੧)

(ਉਚਾਰਣ 'ਸਾਈਂ' ਕਰਨਾ ਹੈ। 'ਸਾਈ' ਦਾ ਅਰਥ ਤਾਂ 'ਉਹ' ਬਣੇਗਾ।)

੬. ਹਰਿ ਭਗਤਾ ਕਾ ਮੇਲੀ ਸਰਬਤ, ਸਉ ਨਿਸੁਲ ਜਨ ਟੰਗ ਧਰਿ ॥ (ਪੰ: ੮੪੯)

(ਏਥੇ ਉਚਾਰਨ—'ਭਗਤਾਂ', 'ਸਉਂ' (ਤੂੰ ਸੈਂ) ਤੇ 'ਨਿੱਮੂਲ' ਹੀ ਸ਼ੁੱਧ ਹੈ।)

੭. ਇਸ ਜੁਗ ਮਹਿ 'ਭਗਤੀ' ਹਰਿ ਧਨੁ ਖਟਿਆ..॥ (ਪੰ: ੯੫੨)

(ਏਥੇ ਉਚਾਰਨ 'ਭਗਤੀਂ' ਹੋਵੇਗਾ ਤੇ ਅਰਥ ਹੋਣਗੇ, 'ਭਗਤਾਂ ਨੇ'।)

ਗੁਰਬਾਣੀ ਨੂੰ ਜਿਵੇਂ ਲਿਖਿਆ ਹੈ ਤਿਵੇਂ ਉਚਾਰਣ ਕਰਨ ਵਾਲੇ ਸੱਜਣ ਆਪਣੇ ਪੱਖ ਵਿਚ ਆਮ ਤੌਰ ਉੱਤੇ ਗੁਰਬਾਣੀ ਦੀ ਇਹ ਤੁਕ ਪੇਸ਼ ਕਰਿਆ ਕਰਦੇ ਹਨ:

ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ॥

ਆਓ, ਜ਼ਰਾ ਇਸ ਬਾਰੇ ਵੀ ਸੰਖੇਪ ਜਿਹੀ ਵਿਚਾਰ ਕਰ ਲਈਏ:

ਇਸ ਸੰਬੰਧ ਵਿਚ ਨੋਟ ਕਰਨ ਵਾਲੀ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸੱਜਣ 'ਗਾਵਾ' ਨੂੰ, ਸੁਤੇ ਸਿੱਧ ਹੀ ਆਪਣੇ ਦਾਅਵੇ ਤੇ ਕਥਨ ਦੇ ਉਲਟ 'ਗਾਵਾਂ' (ਗਾਉਂਦੀ ਹਾਂ) ਪਾਠ ਕਰ ਜਾਂਦੇ ਹਨ। ਦੂਜੇ: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਿਸ ਸ਼ਬਦ ਵਿਚੋਂ ਇਹ ਤੁਕ ਲਈ ਜਾਂਦੀ ਹੈ, ਉਹ ਬਸੰਤ ਰਾਗ ਵਿਚ, ਪੰਨਾ ੧੧੭੧ ਉੱਤੇ ਵਿਦਮਾਨ ਹੈ। ਸਾਰਾ ਸ਼ਬਦ ਹੈ:

ਬਸੰਤੁ ਮਹਲਾ ੧ ਹਿੰਡੋਲ

ਸਾਹੁਰੜੀ ਵਥੁ, ਸਭ ਕਿਛੁ ਸਾਝੀ, ਪੇਵਕੜੈ ਧਨ ਵਖੇ॥
ਆਪਿ ਕੁਚਜੀ, ਦੋਸੁ ਨ ਦੇਊ, ਜਾਣਾ ਨਾਹੀ ਰਖੇ॥
ਮੇਰੇ ਸਾਹਿਬਾ, ਹਉ ਆਪੇ ਭਰਮਿ ਭੁਲਾਣੀ॥
ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ॥੧॥ ਰਹਾਉ॥
ਕਢਿ ਕਸੀਦਾ ਪਹਿਰਹਿ ਚੋਲੀ, ਤਾਂ ਤੁਮ ਜਾਣਹੁ ਨਾਰੀ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ, ਹੋਵਹਿ ਕੰਤ ਪਿਆਰੀ॥੨॥
ਜੇ ਤੂੰ ਪੜਿਆ ਪੰਡਿਤ ਬੀਨਾ, ਦੁਇ ਅਖਰ, ਦੁਇ ਨਾਵਾ॥
ਪ੍ਰਣਵਤਿ ਨਾਨਕੁ ਏਕੁ ਲੰਘਾਏ, ਜੇ ਕਰਿ ਸਚਿ ਸਮਾਵਾ॥੩॥

ਨੋਟ—ਇਸ ਸ਼ਬਦ ਵਿਚ ਆਏ ਕੁਝ ਕੁ ਪਦਾਂ ਦਾ ਸ਼ੁੱਧ ਉਚਾਰਣ ਇਉਂ ਹੋਵੇਗਾ—ਸਾਂਝੀ, ਵੱਖੇ, ਕੁਚੱਜੀ, ਦੇਊਂ (ਮੈਂ ਦੇਂਦੀ ਹਾਂ) ਰੱਖੇ, ਅੱਖਰ,

ਗਾਵਾਂ (ਮੈਂ ਗਾਵਾਂ) ਪਹਿਰਹਿ (ਤੂੰ ਚੋਲੀ ਪਾਵੇਂ) ਨਾਵਾਂ, ਸਚਿ ਸਮਾਵਾਂ (ਮੈਂ ਸੱਚ ਵਿਚ ਸਮਾਵਾਂ)।

੧. 'ਸ੍ਰੀ ਗੁਰੂ ਗ੍ਰੰਥ ਦਰਪਨ' (ਪ੍ਰੋ: ਸਾਹਿਬ ਸਿੰਘ) ਅਨੁਸਾਰ 'ਰਹਾਉ' ਦੀਆਂ ਇਹਨਾਂ ਦੋਹਾਂ ਤੁਕਾਂ ਦੇ ਅਰਥ ਇਸ ਪ੍ਰਕਾਰ ਹਨ :

ਪਦ ਅਰਥ : ਅੱਖਰ—ਪਿਛਲੇ ਕੀਤੇ ਕਰਮਾਂ ਦੇ, ਸੰਸਕਾਰ ਰੂਪ ਲੇਖ।

ਸੇਈ ਗਾਵਾਂ—ਉਹੀ ਅੱਖਰ ਮੈਂ ਗਾਂਦੀ ਹਾਂ,ਉਹਨਾਂ ਹੀ ਸੰਸਕਾਰਾਂ ਵਾਲੇ ਕੰਮ ਮੈਂ ਮੁੜ ਮੁੜ ਕਰਦੀ ਹਾਂ।

ਬਾਣੀ—ਬਣਤਰ, ਬਣਾਵਟ, ਘਾੜਤ।

ਅਰਥ : ਹੇ ਮੇਰੇ ਮਾਲਕ ਪ੍ਰਭੂ ! ਮੈਂ ਆਪ ਹੀ (ਮਾਇਆ ਮੋਹ ਦੀ) ਭਟਕਣਾ ਵਿਚ ਪੈ ਕੇ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਗਈ ਹਾਂ। ਮਾਇਆ ਦੇ ਮੋਹ ਵਿਚ ਫਸ ਕੇ ਜਿਤਨੇ ਵੀ ਕਰਮ ਮੈਂ ਜਨਮ-ਜਨਮਾਤਰਾਂ ਤੋਂ ਕਰਦੀ ਆ ਰਹੀ ਹਾਂ, ਉਨ੍ਹਾਂ ਦੇ ਜੋ ਸੰਸਕਾਰ ਮੇਰੇ ਮਨ ਵਿਚ ਉੱਕਰੇ ਪਏ ਹਨ, ਮੈਂ ਉਨ੍ਹਾਂ ਨੂੰ ਹੀ ਗਾਂਦੀ ਚਲੀ ਜਾ ਰਹੀ ਹਾਂ। (ਉਨ੍ਹਾਂ ਦੀ ਹੀ ਪ੍ਰੇਰਨਾ ਹੇਠ ਮੁੜ ਮੁੜ ਉਹੀ ਜਿਹੇ ਕਰਮ ਕਰਦੀ ਚਲੀ ਜਾ ਰਹੀ ਹਾਂ) ਮੈਂ (ਮਨ ਦੀ) ਕੋਈ ਹੋਰ ਘਾੜਤ ਘੜਨੀ ਨਹੀਂ ਜਾਣਦੀ ਹਾਂ। (ਮੈਂ ਕੋਈ ਐਸੇ ਕੰਮ ਕਰਨੇ ਨਹੀਂ ਜਾਣਦੀ, ਜਿਨ੍ਹਾਂ ਨਾਲ ਮੇਰੇ ਅੰਦਰੋਂ ਮਾਇਆ ਦੇ ਮੋਹ ਦੇ ਸੰਸਕਾਰ ਮੁਕ ਜਾਣ।)

੨. ਗੁਰ ਸੇਵਕ ਸਭਾ (ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ: ਨਾਰਾਇਣ ਸਿੰਘ ਆਦਿ) ਵਲੋਂ ਤਿਆਰ ਕੀਤੇ ਸ਼੍ਰੋਮਣੀ ਕਮੇਟੀ ਵਲੋਂ ਛਾਪੇ 'ਸ਼ਬਦਾਰਥਾਂ' ਅਨੁਸਾਰ ਇਹਨਾਂ ਤੁਕਾਂ ਦੇ ਅਰਥ ਹਨ : 'ਜੋ ਮੇਰੇ ਸਿਰ ਉਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ, ਉਸੇ ਅਨੁਸਾਰ ਕਰਦੀ ਹਾਂ। ਹੋਰ ਕੋਈ ਆਪਣੇ ਵਲੋਂ ਬਣਾਵਟ ਨਹੀਂ ਬਣਾ ਸਕਦੀ।'

੩. ਫਰੀਦਕੋਟੀ ਟੀਕੇ ਅਨੁਸਾਰ ਅਰਥ ਹਨ :

'ਹੇ ਮੇਰੇ ਸਵਾਮੀ ਪੰਡਤ ਜੀ, ਹੰਤਾ ਕਰ ਕੇ ਮੈਂ ਭਰਮਿ ਮੇਂ ਭੁੱਲੀ ਹੋਈ ਰਾਮ ਨਾਮ ਰੂਪੀ ਅੱਖਰ ਜੋ ਬੇਦ ਸ਼ਾਸਤਰ ਮੇਂ ਮੁਖੀ ਲਿਖੇ ਹੈਂ, ਸੋਈ ਗਾਵਤੀ

ਹੂੰ। ਔਰ ਬਾਣੀ ਮੈਂ ਨਹੀਂ ਜਾਣਤੀ ਹੂੰ।'

ਹੁਣ ਵਿਚਾਰਵਾਨ ਪਾਠਕ ਆਪ ਹੀ ਨਿਰਣਾ ਕਰ ਲੈਣ ਕਿ ਇਹਨਾਂ ਤੁਕਾਂ ਦੇ ਉਹ ਅਰਥ ਕਿਵੇਂ ਹੋਏ, ਜਿਨ੍ਹਾਂ ਦੇ ਅਧਾਰ ਉਤੇ ਪੰਜਵਾ, ਗਾਵਾ, ਚੰਗਿਆਈਆ, ਬੁਰਿਆਈਆ, ਕੇਤੀਆ, ਦੇਦਾ ਆਦਿ ਅਸ਼ੁੱਧ ਪਾਠ ਕੀਤੇ ਜਾਂਦੇ ਹਨ। ਗੁਰੂ-ਬਾਣੀ ਦਾ ਯਥਾਰਥ ਅਰਥ-ਭਾਵ ਬਣੇ ਜਾਂ ਨਾ ਬਣੇ; ਪ੍ਰੰਤੂ ਕੁਝ ਲੋਕ, ਜਾਣੇ, ਅਣਜਾਣੇ, ਐਸੇ ਨਿਰਾਰਥਕ ਪਾਠ ਕਰੀ ਕਰਾਈ ਜਾਣ ਦਾ ਹੱਠ ਤਿਆਗਣਾ ਆਪਣੇ ਫੋਕੇ ਵਕਾਰ ਉੱਤੇ ਸੱਟ ਅਤੇ ਹੇਠੀ ਸਮਝਦੇ ਹਨ।

ਇਸ ਸੰਬੰਧ ਵਿਚ ਇਹ ਲੋਕ-ਗਾਥਾ ਏਥੇ ਡਾਢੀ ਢੁਕਦੀ ਹੈ :

ਇਕ ਸਾਧਾਰਣ ਪੜ੍ਹਿਆ, ਪ੍ਰੰਤੂ ਚਤੁਰ ਬ੍ਰਾਹਮਣ ਇਕ ਰਾਜੇ ਪਾਸ ਗਿਆ ਤੇ ਆਪਣੇ ਆਪ ਨੂੰ ਮਹਾਨ ਪੰਡਤ ਦੱਸ ਕੇ, ਖੂਬ ਮਾਨ ਵਡਿਆਈ ਤੇ ਮਾਇਆ ਪ੍ਰਾਪਤ ਕੀਤੀ, ਅਤੇ ਜਾਣ ਲੱਗਾ ਉਸ ਨੂੰ ਸੰਸਕ੍ਰਿਤ ਦਾ ਇਕ ਸਲੋਕ ਲਿਖ ਕੇ ਦੇ ਗਿਆ ਕਿ ਅੱਗੇ ਤੋਂ ਜੋ ਵਿਦਵਾਨ, ਪੰਡਤ ਉਸ ਪਾਸ ਆਵੇ, ਉਹ ਉਸ ਤੋਂ ਸਲੋਕ ਦੇ ਅਰਥ ਪੁਛ ਲਿਆ ਕਰੇ। ਜੇਹੜਾ ਇਸ ਦੇ ਅਰਥ "ਬਿੱਲੀ ਪੀੜ੍ਹੀ ਉਤੇ ਬੈਠੀ ਮਰੂੰਡੇ ਖਾ ਰਹੀ ਹੈ" ਕਰੇ, ਉਹ ਅਸਲੀ ਪੰਡਤ ਹੋਵੇਗਾ, ਬਾਕੀ ਬਹੁਰੂਪੀਏ।

ਜਦ ਕਈ ਪੰਡਤ ਰਾਜੇ ਤੋਂ ਨਿਰਾਦਰੀ ਕਰਵਾ ਚੁਕੇ ਤਾਂ ਇਕ ਮਹਾਤਮਾ ਜੀ ਆਏ ਤੇ ਰਾਜੇ ਨੂੰ ਕਿਹਾ ਕਿ ਉਹ ਅਰਥ ਕਰਨ ਲਈ ਛੇ ਮਹੀਨੇ ਲੈਣਗੇ। ਰਾਜਾ ਮੰਨ ਗਿਆ ਅਤੇ ਮਹਾਤਮਾ ਨੇ ਇਸ ਦੌਰਾਨ ਉਸ ਨੂੰ ਸੰਸਕ੍ਰਿਤ ਦਾ ਕੁਛ ਬੋਧ ਕਰਾਇਆ ਤੇ ਆਖਰ ਕਿਹਾ ਕਿ ਉਹ ਹੁਣ ਆਪ ਹੀ ਉਸ ਸਲੋਕ ਦੇ ਅਰਥ ਕਰ ਵੇਖੇ। ਰਾਜਾ ਹੈਰਾਨ ਹੋਇਆ ਕਿ ਸਲੋਕ ਦੇ ਅਰਥਾਂ ਵਿਚ ਨਾ ਕੋਈ ਬਿੱਲੀ ਸੀ, ਨਾ ਹੀ ਮਰੂੰਡੇ ਤੇ ਪੀੜ੍ਹੀ। ਰਾਜੇ ਨੇ ਭੁਲ ਦੀ ਖਿਮਾ ਮੰਗੀ।

ਕੁਝ ਐਸੀ ਹੀ ਵਿਥਿਆ ਹੈ ਸਾਡੇ ਉਹਨਾਂ ਵੀਰਾਂ ਦੀ ਜੋ ਗੁਰਬਾਣੀ ਦੀ ਲਿਖਣ-ਵਿਧੀ ਦੇ ਨੇਮਾਂ ਨੂੰ ਜਾਣੇ ਤੇ ਘੋਖੇ ਬਿਨਾਂ ਆਪਣੀ ਗਲਤ

ਧਾਰਨਾ ਨੂੰ ਜੱਫੀ ਮਾਰੀ ਬੈਠੇ ਹਨ, ਰਾਜੇ ਸਮਾਨ। ਕਾਸ਼! ਉਹ ਗੁਰਬਾਣੀ-ਵਿਆਕਰਣ ਨੂੰ ਸਮਝਣ ਦਾ ਕਸ਼ਟ ਤੇ ਸਿਆਣਪ ਕਰ ਸਕਦੇ, ਅਤੇ ਗੁਰੂ-ਅਵੱਗਿਆ ਕਰਨ ਕਰਾਉਣ ਦੇ ਪਾਪ ਤੋਂ ਬਚ ਸਕਦੇ।

ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਇਹ ਲੋਗ ਰੋਜ਼ "ਸਜਣੁ ਸਚਾ ਪਾਤਸ਼ਾਹੁ ਸਿਰਿ ਸ਼ਾਹਾ ਦੇ ਸ਼ਾਹੁ ॥ ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ ॥" ਸਲੋਕ ਵਿਚ "ਸਜਣੁ, ਪਾਤਸ਼ਾਹ ਤੇ ਜਿਸੁ" ਨਾਲ ਅੰਤਲੇ ਔਂਕੜ ਦਾ ਕਦਾਚਿਤ ਉਚਾਰਣ ਨਹੀਂ ਕਰਦੇ, ਪਰ "ਸ਼ਾਹੁ ਤੇ ਵੇਸਾਹੁ" ਨੂੰ "ਸ਼ਾਹੋ ਤੇ ਵੇਸਾਹੋ" ਉਚਾਰਣ ਦੀ ਭੁਲ ਕਰਦੇ ਹਨ। ਇਹ ਭੁਲ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੇ ਸ਼੍ਰੋ: ਕਮੇਟੀ ਨਾਲ ਸੰਬੰਧਿਤ ਗੁਰ-ਅਸਥਾਨਾਂ ਵਿਚ ਵੀ ਹੋ ਰਹੀ ਹੈ। ਸਹੀ ਪਾਠ 'ਸ਼ਾਹ' ਤੇ 'ਵੇਸਾਹ' ਹੈ। ਇਹ ਕੇਵਲ ਇਕ ਵੰਨਗੀ ਹੈ।

ਪਦ-ਛੇਦ ਤੇ ਬਿਸਰਾਮ ਚਿੰਨ੍ਹ

ਸ਼ੁੱਧ ਪਾਠ ਲਈ ਇਹ ਜ਼ਰੂਰੀ ਹੈ ਕਿ ਸ਼ਬਦ ਦੇ ਹਰ ਪਦ ਨੂੰ ਨਿਖੇੜ ਕੇ, ਪਦ-ਛੇਦ ਕਰਕੇ ਸਪੱਸ਼ਟ ਪੜ੍ਹਿਆ ਤੇ ਅਰਥ ਤੇ ਭਾਵ ਨੂੰ ਨਿਖੇੜਨ ਲਈ ਤੁਕਾਂ ਵਿਚ ਲੋੜੀਂਦੀਆਂ ਥਾਵਾਂ ਉੱਤੇ ਬਿਸਰਾਮ ਚਿੰਨ੍ਹ ਲਾਏ ਜਾਣ। ਸੁਭਾਗ ਦੀ ਗੱਲ ਹੈ ਕਿ ਹੁਣ ਬਹੁਤ ਸਾਰੀਆਂ ਸੰਪ੍ਰਦਾਵਾਂ, ਟਕਸਾਲਾਂ ਤੇ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਛਾਪਣ ਜਾਂ ਵੈਸੇ ਗੁਰਬਾਣੀ ਦੇ ਹਵਾਲੇ ਦੇਣ ਸਮੇਂ ਬਿਸਰਾਮ ਚਿੰਨ੍ਹਾਂ ਦੀ ਵਰਤੋਂ ਕਰਨ ਦਾ ਉਪਕਾਰ ਕੀਤਾ ਹੈ। ਸਤਿਗੁਰਾਂ ਨੇ ਆਪ ਹੀ ਗੁਰਬਾਣੀ ਦੀਆਂ ਤੁਕਾਂ ਨੂੰ ਪੂਰਨ-ਬਿਸਰਾਮ ਚਿੰਨ੍ਹਾਂ (ਫੁਲ ਸਟਾਪ) ਦੁਆਰਾ ਵੱਖ ਵੱਖ ਲਿਖਵਾ ਕੇ ਹੋਰ ਅਰਧ-ਬਿਸਰਾਮ ਚਿੰਨ੍ਹ ਲਾ ਲਏ ਜਾਣ ਦਾ ਸੰਕੇਤ ਕੀਤਾ ਹੋਇਆ ਹੈ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ 'ਗੁਰਮਤਿ ਮਾਰਤੰਡ' ਗ੍ਰੰਥ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵਿਚ ਇਸ ਦੀ ਬੜੀ ਖੁਲ੍ਹੀ ਤੇ ਸੁਚੱਜੀ ਵਰਤੋਂ ਕੀਤੀ ਹੈ। ਏਸੇ ਤਰ੍ਹਾਂ ਸੰਤ ਕਰਤਾਰ ਸਿੰਘ 'ਖਾਲਸਾ' ਨੇ ਸ੍ਰੀ ਗੁਰੂ ਗ੍ਰੰਥ

ਸਾਹਿਬ ਦੀ ਸਟੀਕ (ਪਹਿਲੀ ਪੋਥੀ) ਵਿਚ ਜਪੁਜੀ ਸਾਹਿਬ ਦਾ ਮੂਲ ਪਾਠ
ਲਿਖਣ ਵੇਲੇ ਅਰਥ-ਸਪਸ਼ਟਤਾ ਹਿਤ ਕੌਮੇ (,) ਤੇ ਸੈਮੀ ਕੋਲਨ ਦੀ (;)
ਲੋੜ ਅਨੁਸਾਰ ਵਰਤੋਂ ਕੀਤੀ ਹੈ।

ਪੁਰਾਣੇ ਸਮਿਆਂ ਵਿੰਚ, ਸਣੇ ਸਣੇ, ਹੋਰ ਪੋਥੀਆਂ ਤੋਂ ਸੇਧਾ ਲੈਣ ਉਪ੍ਰੰਤ
ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਿੱਖਿਆ ਜਾਂਦਾ ਸੀ। ਅੱਜ ਰਫਤਾਰ ਦਾ
ਜੁਗ ਹੈ। ਇਨਸਾਨ ਹਰ ਕੰਮ ਲਈ ਕਾਹਲਾ ਹੈ। ਸਾਡੀ ਪੁਜ਼ੀਸ਼ਨ ਕਿਤਨੀ
ਹਾਸੋ-ਹੀਣੀ ਹੈ ਕਿ ਅਸੀਂ ਪਾਠ ਤਾਂ ਪਦਾਂ ਨੂੰ ਵੱਖ ਵੱਖ ਉਚਾਰ ਕੇ ਕਰਦੇ
ਹਾਂ; ਪ੍ਰੰਤੂ, ਉਚਾਰਣ ਅਨੁਸਾਰ ਛਾਪਣਾ ਵਰਜਤ ਸਮਝਦੇ ਹਾਂ। ਅਜਿਹੀ
ਆਪਾ-ਵਿਰੋਧੀ ਮਨੌਤ ਤੇ ਵਰਤੋਂ ਸ਼ਾਇਦ ਹੀ, ਕਿਸੇ ਹੋਰ ਸਭਯ, ਪ੍ਰਗਤੀ-
ਸ਼ੀਲ; ਪ੍ਰਚਾਰਕ—ਧਰਮ ਸੰਸਥਾ ਜਾਂ ਕੌਮ ਵਿਚ ਹੋਵੇ। ਬਿਸਰਾਮ ਚਿੰਨ੍ਹਾਂ ਤੇ
ਪਦ-ਛੇਦ ਦੀ ਅਣਹੋਂਦ ਵਿਚ ਅਣਜਾਣ ਪਾਠੀ ਸ਼ੁੱਧ ਗੁਰਬਾਣੀ ਉਚਾਰਣ
ਨਾਲ ਕਿੰਨਾ ਅੱਨਿਆਏ ਤੇ ਕਦੀ ਕਦੀ ਪਾਪ, ਕਰ ਸਕਦਾ ਹੈ, ਇਹ ਗੱਲ
ਇਹਨਾਂ ਉਦਾਹਰਣਾਂ ਤੋਂ ਸਪੱਸ਼ਟ ਹੋ ਜਾਵੇਗੀ :

(ੳ) ਅੱਨਿਆਂ—ਖਿੰਥਾ ਕਾਲੁ, ਕੁਆਰੀ ਕਾਇਆਂ, ਜੁਗਤਿ ਡੰਡਾ ਪਰਤੀਤਿ ॥
(ਜਪੁਜੀ)

ਨਿਆਂ—ਖਿੰਥਾ ਕਾਲੁ, ਕੁਆਰੀ ਕਾਇਆਂ ਜੁਗਤਿ, ਡੰਡਾ ਪਰਤੀਤਿ ॥

(ਅ) ਅੱਨਿਆਂ—ਕੇਤੀਆ ਕਰਮ ਭੂਮੀ ਮੇਰ, ਕੇਤੇ ਕੇਤੇ ਧੂ ਉਪਦੇਸ ॥
(ਜਪੁਜੀ)

ਨਿਆਂ—ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥

(ਸ) ਅੱਨਿਆਂ—ਕਰਮਿ ਮਿਲੈ ਨਾਹੀ, ਠਾਕਿ ਰਹਾਈਆ ॥
(ਆਸਾ ਮ: ੧, ਪੰ: ੯)

ਨਿਆਂ—ਕਰਮਿ ਮਿਲੈ, ਨਾਹੀਂ ਠਾਕ ਰਹਾਈਆ ॥
(ਜਪੁਜੀ)

(ਹ) ਅੱਨਿਆਂ—ਗੁਰਾਂ ਇਕ ਦੇਹ ਬੁਝਾਈ ॥

ਨਿਆਂ—ਗੁਰਾ, ਇਕ ਦੇਹਿ ਬੁਝਾਈ ॥

ਸ਼ੁੱਧ ਅਰਥ 'ਗੁਰਾ' (ਸੰਬੋਧਨ ਕਾਰਕ) ਨਾਲ ਹੀ ਬਣਦੇ ਹਨ।

(ਕ) ਅਸ਼ੁੱਧ ਪਦ-ਛੇਦ—ਭਿਸਤੁ ਨਜੀਕਿ, ਰਾਖੁ ਰਹਮਾਨਾ ॥

ਸ਼ੁੱਧ—ਭਿਸਤੁ, ਨਜੀਕ ਰਾਖੁ ਰਹਮਾਨਾ ॥ (ਕਬੀਰ ਜੀ, ੧੧੬੧)

ਗੁਰਬਾਣੀ ਦੇ ਅਰਥਾਂ ਤੋਂ ਅਣਜਾਣ ਤੇ ਪਾਠ ਦੀ ਸਰਲਤਾ ਵਿਚ ਕੱਚੇ ਪਾਠੀਆਂ ਤੋਂ, ਪਦ-ਛੇਦ ਬੀੜ ਤੋਂ ਬਿਨਾਂ, ਸ਼ੁੱਧ ਪਾਠ ਕਰ ਸਕਣਾ ਅਸੰਭਵ ਹੈ। ਇਕ ਇਕ ਤੁਕ ਦੇ ਬਹੁਤੇ ਬਹੁਤੇ ਅਰਥ ਕਰਨ ਵਾਲਿਆਂ ਵਾਂਗੂ ਉਹ ਬਿਨਾਂ ਲਗ-ਮਾਤਰ ਤੇ ਅਰਥ ਵੀਚਾਰੇ, ਅੱਖਰਾਂ ਨੂੰ ਸੱਜੇ ਖੱਬੇ, ਜਿਧਰ ਚਾਹੁਣ ਜੋੜ ਲੈਂਦੇ ਅਤੇ ਅਰਥ ਦਾ ਅਨਰਥ ਕਰ ਮਾਰਦੇ ਹਨ।

ਇਸ ਸੰਬੰਧ ਵਿਚ, ਨਮੂਨੇ ਵਜੋਂ, ਕੇਵਲ ਤਿੰਨ ਪਾਠ ਸ਼ੁੱਧ ਅਤੇ ਅਸ਼ੁੱਧ ਰੂਪ ਵਿਚ ਪਾਠਕ ਜੀ ਦੀ ਦ੍ਰਿਸ਼ਟੀ-ਗੋਚਰ ਕੀਤੇ ਜਾਂਦੇ ਹਨ :

ਪਹਿਲਾ ਪਾਠ—ਗਉੜੀ ਦੀ ਵਾਰ (ਪੰਨਾ ੩੨੨) ਵਿਚ ਪੰਜਵੇਂ ਗੁਰਦੇਵ ਦੇ ਇਕ ਸਲੋਕ ਦੀ ਦੂਜੀ ਤੁੱਕ ਹੈ :

ਜਿਥੈਡਿਠਾਮਿਰਤਕਕੋਇਲਬਹਿਠੀਆਇ ॥

ਹੁਣ ਪਾਠ ਕਰਨ ਲੱਗਿਆਂ ਪਦਾਂ ਦਾ ਉਚਾਰਣ ਕਿਉਂਕਿ ਵੱਖ ਵੱਖ ਕਰਨਾ ਪੈਂਦਾ ਹੈ, ਇਸ ਲਈ ਅਨਜਾਣ ਪਾਠੀ ਇਉਂ ਵੀ ਪਾਠ ਕਰ ਜਾਂਦੇ ਹਨ : ਜਿਥੈ ਡਿਠਾ ਮਿਰਤ, ਕੋਇਲ ਬਹਿਠੀ ਆਇ ॥ ਪ੍ਰੰਤੂ, ਸ਼ੁੱਧ ਤੇ ਅਸਲ ਪਾਠ ਹੈ : ਜਿਥੈ ਡਿਠਾ ਮਿਰਤਕੋ, ਇਲ ਬਹਿਠੀ ਆਇ ॥

ਦੂਜਾ ਪਾਠ—੧੩੭੫ ਪੰਨੇ ਉੱਤੇ ਸ਼ੇਖ ਫਰੀਦ ਦੇ ੧੯ਵੇਂ ਸਲੋਕ ਦੀ ਪਹਿਲੀ ਤੁਕ ਹੈ :

ਜੁੜਵਾਂ ਪਾਠ—ਫਰੀਦਾਜਾਲਬੁਤਾਨੇਹੁਕਿਆਲਬੁਤਕੂੜਾਨੇਹੁ...॥

ਹਰੇਕ ਪਾਠੀ ਨੇ ਉਪ੍ਰੋਕਤ ਪਾਠ ਆਪਣੀ ਆਪਣੀ ਬੁੱਧੀ ਅਨੁਸਾਰ ਪਦ-ਛੇਦ ਕਰਕੇ ਵਾਚਣਾ ਹੈ। ਬੁੱਧੀਮਾਨ ਤਾਂ ਇਸ ਦਾ ਸ਼ੁੱਧ ਪਾਠ ਇਉਂ ਕਰੇਗਾ :

ਫਰੀਦਾ, ਜਾਂ ਲਬੁ ਤਾਂ ਨੇਹੁ ਕਿਆ ? ਲਬੁ, ਤ ਕੂੜਾ ਨੇਹੁ ॥

ਪ੍ਰੰਤੂ, ਅਨਜਾਣ ਪਾਠੀ ਇਉਂ ਵੀ ਕਰ ਸਕਦਾ ਹੈ :

ਫਰੀਦਾ, ਜਾਲਬੁ ਤਾਨੇ ਹੁਕਿਆ...॥

ਤੀਜਾ ਪਾਠ—(ਸੁਰਵਾਂ)—

ਪਾਪਕੀਜੰਞਲੈਕਾਬਲਹੁਧਾਇਆਜੋਰੀਮੰਗੈਦਾਨੁਵੇਲਾਲੋ ॥

(ਤਿਲੰਗ ਮ: ੧, ਪੰ: ੭੨੨)

ਬੇਸਮਝ ਪਾਠੀ ਇਸ ਤੁਕ ਦਾ ਅਸ਼ੁਧ ਪਾਠ ਇਉਂ ਵੀ ਕਰਦੇ ਵੇਖੇ ਗਏ ਹਨ :

ਪਾ ਪੱਕੀ (ਪਾਪ ਕੀ) ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥ (ਤਿਲੰਗ ਮ: ੧, ਪੰ: ੭੨੨)

ਜੋ, ਉਪ੍ਰੋਕਤ ਸੰਖੇਪ, ਪ੍ਰੰਤੂ, ਅਤਿ ਅਹਿਮ ਤੇ ਬੁਨਿਆਦੀ ਵੀਚਾਰ ਦਾ ਸਿੱਟਾ ਇਹ ਨਿਕਲਿਆ ਕਿ ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਸਹੀ ਪਦ-ਛੇਦ ਤੇ ਬਿਸਰਾਮ ਚਿੰਨ੍ਹਾਂ ਦੀ ਸਹੀ ਵਰਤੋਂ ਦਾ ਅਤਿ ਨੇੜੇ ਦਾ ਸੰਬੰਧ ਹੈ। ਸ਼ੁੱਧ ਉਚਾਰਣ ਵੀ, ਤਾਂ ਹੀ ਸੰਭਵ ਹੈ, ਜੇ ਗੁਰਬਾਣੀ ਸ਼ੁਧ ਪਦ-ਛੇਦ ਰੂਪ ਵਿਚ ਛਪੇ ਅਤੇ ਇਸ ਦੇ ਅਰਥ-ਭਾਵ ਦੀ ਡੂੰਘੀ ਸੂਝ ਬੂਝ ਹੋਵੇ। ਅਰਥ-ਭਾਵ ਤੇ ਬੋਧ ਦਾ ਨਿਰਭਰ ਹੈ ਸ਼ੁੱਧ-ਉਚਾਰਣ ਤੇ ਗੁਰਬਾਣੀ-ਵਿਆਕਰਣ ਦੇ ਨੇਮਾਂ ਤੇ ਲਿਖਤ ਸ਼ੈਲੀ ਤੋਂ ਜਾਣੂ ਹੋਣ ਉੱਤੇ। ਏਸੇ ਲਈ ਸਿਆਣਿਆਂ ਨੇ ਸ਼ੁੱਧ-ਉਚਾਰਣ ਨੂੰ ਬੋਲੀ ਦੀ ਜਾਨ ਮੰਨਿਆ ਹੈ। ਰੂਸੋ (Rousseau) ਦਾ ਕਥਨ ਹੈ ਕਿ ਸ਼ੁੱਧ ਉਚਾਰਣ ਬੋਲੀ ਦੀ ਆਤਮਾ ਹੈ, ਇਹ ਇਸ ਨੂੰ ਦੋਵੇਂ—ਭਾਵ ਤੇ ਸਚਾਈ—ਬਖਸ਼ਦਾ ਹੈ :

Accent is the soul of language, it gives to it both feeling and truth.

ਹਾਂ, ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰਬਾਣੀ ਦਾ ਸ਼ੁੱਧ-ਪਾਠ ਵੀ ਤਾਂ ਆਖਰ ਇਕ ਸਾਧਨ ਤੇ ਵਸੀਲਾ ਹੈ, ਮੰਤਵ ਨਹੀਂ। ਮੰਤਵ ਤਾਂ ਗੁਰਬਾਣੀ ਦੀ ਵਿਚਾਰ ਨੂੰ ਧੁਰ ਅੰਦਰ ਵਸਾਉਣਾ ਤੇ ਅਮਲਾਉਣਾ ਹੈ। ਵੀਚਾਰ ਦੀ ਅਹਿਮੀਅਤ ਬਾਰੇ ਗੁਰ-ਵਾਕ ਹੈ :

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥

ਵਿਚਾਰ-ਹੀਨ ਪਠਨ-ਪਾਠ ਨੂੰ ਤਾਂ ਸਤਿਗੁਰਾਂ ਨੇ ਪਾਣੀ ਰਿੜਕਣ ਅਤੇ ਹਉਮੈ ਨੂੰ ਹੋਰ ਪੱਠੇ ਪਾਉਣ ਤੁੱਲ ਕਿਹਾ ਹੈ। ਗੁਰਬਾਣੀ ਦੀ ਵੀਚਾਰ, ਕਿਉਂਕਿ, ਅੱਖਰਾਂ ਤੇ ਬੋਲੀ ਵਿਚ ਅੰਕਿਤ ਹੋਈ ਗੁਰਬਾਣੀ ਰਾਹੀਂ ਪ੍ਰਾਪਤ ਹੋਣੀ ਹੈ, ਇਸ ਲਈ ਗੁਰੂ ਕੇ ਸਿੱਖ ਨਿਤਾਪ੍ਰਤਿ ਅਰਦਾਸ ਵਿਚ, ਬਜਾਅ ਤੌਰ ਉੱਤੇ, ਅਰਜ਼ੋਈ ਕਰਦੇ ਹਨ ਕਿ "ਅਕਾਲ ਪੁਰਖ ਵਾਹਿਗੁਰੂ ਉਨ੍ਹਾਂ ਨੂੰ ਸ਼ੁੱਧ ਗੁਰਬਣੀ ਪੜ੍ਹਨ ਦਾ ਬਲ ਬਖਸ਼ਣ।"

ਹਾਂ; ਸ਼ੁੱਧ ਉਚਾਰਣ ਤੋਂ ਲੇਖਕ ਦਾ ਕਦਾਚਿਤ ਇਹ ਭਾਵ ਨਹੀਂ ਕਿ 'ਤੱਤ ਸਮ ਰੂਪ' ਵਿਚ ਵਰਤੇ ਸ਼ਬਦਾਂ (ਗੋਸ਼, ਪੋਸ਼, ਸ਼ਬ, ਆਸ਼ਕ, ਕੁਦਰਤ, ਸਾਂਈਂ, ਮਸ਼ੱਕਤ, ਆਦਿ ਆਦਿ) ਦੇ ਨਾਲ ਨਾਲ, 'ਤਦ ਭਾਵ ਰੂਪ' ਵਿਚ ਵਰਤੇ ਸ਼ਬਦਾਂ ਨੂੰ ਵੀ ਉਹਨਾਂ ਦੇ ਅਸਲੀ ਰੂਪਾਂ ਵਿਚ ਉਚਾਰਣ ਦੀ ਖੁਲ੍ਹ ਲੈ ਲਈ ਜਾਵੇ। ਉਦਾਹਰਣ ਵਲੋਂ—ਖਿਜਮਤ (ਪੰ: ੮੯੦), ਪਰਵਰਦਗਾਰ (ਪੰ: ੭੨੧), ਭਿਸਤਿ ਤੇ ਪੁਰਸਲਾਤ (ਪੰ: ੭੯੩) ਨੂੰ ਖਿਦਮਤ, ਪਰਵਰਦ-ਗਾਰ, ਬਹਿਸ਼ਤ ਤੇ ਪੁੱਲਿਸਰਾਤ ਉਚਾਰਣ ਦੀ ਖੁਲ੍ਹ ਨਹੀਂ ਲੈਣੀ। ਜਿਵੇਂ ਲਿਖੇ ਹਨ, ਤਿਵੇਂ ਹੀ ਉਚਾਰਣ ਕਰਨਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਸਿਖ—ਭਾਈ ਗੋਪਾਲਾ ਜੀ—ਪਾਸੋਂ ਸ੍ਰੀ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਸਰਵਣ ਕਰਨ ਅਤੇ ਉਸ ਦੇ ਚਿਤਵਨ ਅਨੁਸਾਰ ਉਸ ਨੂੰ ਸਭ ਤੋਂ ਵਧੀਆ ਘੋੜਾ ਅਤੇ ਖਿਲਅਤ ਬਖਸ਼ਿਸ਼ ਕਰਨ ਦੀ ਸਾਖੀ, ਸ਼ੁੱਧ ਗੁਰਬਾਣੀ-ਉਚਾਰਣ ਦੀ ਮਹੱਤਤਾ ਨੂੰ ਹੋਰ ਵੀ ਸਪਸ਼ਟ ਤੇ ਉਜਾਗਰ ਕਰਦੀ ਹੈ। ਸਾਖੀ ਦਸਦੀ ਹੈ ਕਿ ਜੇ ਕਿਤੇ ਭਾਈ ਸਾਹਿਬ ਨਿਸ਼ਕਾਮ ਹੋ ਕੇ ਸਾਰਾ ਪਾਠ ਕਰੀ ਜਾਂਦੇ ਹਨ ਤਾਂ ਉਨ੍ਹਾਂ ਨੂੰ ਸਤਿਗੁਰਾਂ ਨੇ ਆਪਣੇ ਸਮੀਪ ਮਹਾਨ ਪਦਵੀ ਬਖਸ਼ਣੀ ਸੀ।

ਸ਼ੁੱਧ-ਗੁਰਬਾਣੀ ਉਚਾਰਣ ਦਾ ਇਹ ਅਤਿ ਅਹਿਮ ਮਸਲਾ ਤੇ ਗੁਰਬਾਣੀ ਦੀ ਵੀਚਾਰ, ਗੁਰੂ ਤੇ ਪੰਥ ਦੀ ਯੱਕ-ਜਹਿਤੀ ਤੇ ਖਿਰਧੀ ਨਾਲ ਸੰਬੰਧਿਤ ਹੋਣ ਕਰਕੇ, ਹਰੇਕ ਦੂਰ-ਅੰਦੇਸ਼ ਪੰਥ-ਦਰਦੀ ਦੇ ਧਿਆਨ ਦਾ ਮੁਥਾਜ ਹੈ। ਸੋ, ਗੁਰੂ ਕੇ ਸਿੱਖਾਂ ਨੇ ਪੰਥ ਦੀ ਏਕਤਾ, ਮਜ਼ਬੂਤੀ, ਚੜ੍ਹਦੀ

ਕਲਾ, ਬੋਲ-ਚਾਲੇ ਤੇ ਪ੍ਰਚਾਰ ਹਿਤ ਗੁਰਬਾਣੀ ਵਿਚ ਰੱਜ ਕੇ ਬਖਸ਼ੀ ਗਈ ਸੋਧ ਕਦਾਚਿਤ ਅੱਖੀਓਂ ਪਰੋਖੇ ਨਹੀਂ ਕਰਨੀ, ਅਤੇ ਵਖੇਵੇਂ ਤੇ ਮਨ-ਮਤ ਛੱਡ ਕੇ ਨਿਯਮ ਨੇਮਾਂ ਅਨੁਸਾਰ ਇੱਕੋ ਤਰ੍ਹਾਂ ਸ਼ੁੱਧ ਰੂਪ ਵਿਚ ਪਾਠ ਕਰਨਾ ਹੈ।

ਯਾਦ ਰੱਖੋ : ਸਤਿਗੁਰਾਂ ਨੇ, ਗੁਰੂ ਕੇ ਸਿਖਾਂ ਦੀ ਬਿਰਧੀ ਤੇ ਗੁਰਮਤਿ ਪ੍ਰਚਾਰ ਦੇ ਭੇਤ ਦੀ ਗੱਲ, ਅਤਿ ਸੰਖੇਪਤਾ, ਪ੍ਰੰਤੂ ਪੁਰ-ਮਾਇਨੀ (ਸਾਰਥਕ) ਢੰਗ ਨਾਲ, ਇਉਂ ਵੀ ਸਪਸ਼ਟ ਆਖ ਸੁਣਾਈ ਹੈ :

ਇਕਾ ਬਾਣੀ, ਇਕੁ ਗੁਰੁ, ਇਕੋ ਸ਼ਬਦੁ ਵੀਚਾਰਿ ॥

(ਸੋਰਠਿ ਮ: ੩, ਪੰਨਾ ੬੪੬)

ਗੁਰਬਾਣੀ ਦੀ ਲਿਖਣ ਵਿਧੀ

ਗੁਰਬਾਣੀ ਲਿਖਣ ਦੇ ਆਪਣੇ ਵਿਆਕਰਣਕ ਨੇਮ ਹਨ ਅਤੇ ਆਪਣੀ ਹੀ ਲਿਖਣ ਵਿਧੀ ਅਥਵਾ ਸ਼ੈਲੀ ਹੈ। ਜਿਥੋਂ ਤਕ ਲਿਖਤ-ਦਾ ਸਬੰਧ ਹੈ, ਪ੍ਰਾਚੀਨ ਬੀੜਾਂ ਵਿਚ ਇਹ ਲਿਖਤ ਲੜੀਵਾਰ ਹੀ ਹੈ, ਪਦ-ਛੇਦ ਨਹੀਂ। ਲੜੀਵਾਰ ਲਿਖਤ ਦੇ ਕਈ ਕਾਰਨ ਹੋ ਸਕਦੇ ਹਨ, ਜਿਹਾ ਕਿ :

(ੳ) ਕਾਗਜ਼, ਸਿਆਹੀ ਆਦਿ ਸਮੱਗਰੀ ਦੀ ਘਾਟ ;

(ਅ) ਛਪਾਈ ਲਈ ਵਰਤਮਾਨ ਛਾਪੇ ਦੀਆਂ ਮਸ਼ੀਨਾਂ ਤੇ ਸਾਧਨਾ ਦੀ ਅਣਹੋਂਦ।

(ੲ) ਉਸ ਸਮੇਂ ਹਿੰਦੀ,ਸੰਸਕ੍ਰਿਤ ਭਾਸ਼ਾ ਲਿਖਤ ਦੀ ਅਜਿਹੀ ਰੀਤ ਦਾ ਪ੍ਰਚੱਲਤ ਹੋਣਾ ;

(ਸ) ਕਰੜੀ ਘਾਲਣਾ ਉਪਰੰਤ ਵਿਦਵਾਨ ਬਣੇ ਸੱਜਣਾਂ ਲਈ ਲੜੀ-ਵਾਰ ਪੜ੍ਹਨ ਵਿਚ ਕਿਸੇ ਵਿਸ਼ੇਸ਼ ਔਕੜ ਦਾ ਮਹਿਸੂਸ ਨਾ ਕਰਨਾ ;

(ਹ) ਵਿਦਵਾਨਾਂ ਅਤੇ ਗ੍ਰੰਥਾਂ ਤੇ ਪਾਠਕਾਂ ਦੀ ਘਾਟ ;

(ਕ) ਵਿਦਵਾਨਾਂ ਪਾਸੋਂ ਹੀ ਸ਼ਰਧਾ ਤੇ ਸਤਿਕਾਰ ਨਾਲ ਪਾਠ ਆਦਿ ਸੁਨਣਾ ਤੇ ਸਿਖਿਆ ਗ੍ਰਹਿਣ ਕਰਨ ਉਤੇ ਸੰਤੁਸ਼ਟ ਰਹਿਣ ਦੀ ਰੁਚੀ ਤੇ ਰਵਾਜ ਦਾ ਹੋਣਾ ਆਦਿ, ਆਦਿ। ਆਓ, ਹੁਣ ਇਸ ਅਤਿ ਅਹਿਮ ਮਸਲੇ ਉਤੇ ਸ਼ਰਧਾ ਪੂਰਬਕ, ਪ੍ਰੌੜ੍ਹ ਬਾ-ਦਲੀਲ ਵਿਚਾਰ ਕਰੀਏ :

੧. ਗੁਰਬਾਣੀ ਨੂੰ ਲੜੀਵਾਰ ਛਾਪਣ ਦੇ ਹਾਮੀ ਸੱਜਣ ਇਸ ਸਬੰਧ ਵਿਚ ਬੜੀਆਂ ਜਜ਼ਬਾਤੀ ਤੇ ਅ-ਵਿੱਗਿਆਨਕ ਦਲੀਲਾਂ ਪੇਸ਼ ਕਰਦੇ ਹਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਪਰਗਟ ਗੁਰਾਂ ਕੀ ਦੇਹ' ਤੋਂ ਦੇਹੀ, ਸਰੀਰ

ਦਾ ਅਰਥ-ਭਾਵ ਲੈ ਕੇ ਪਦ-ਛੇਦ ਕਰਨ ਨੂੰ ਸਤਿਗੁਰੂਆਂ ਦੇ ਅੰਗ ਅੰਗ ਵੱਖ ਕਰਨ ਤੁੱਲ ਦਰਸਾਉਂਦੇ ਹਨ। ਆਪਣੇ ਪਖਸ਼ ਦੀ ਪੁਸ਼ਟੀ ਵਿਚ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟੇ ਜਾਣ ਵਾਲੀ ਸਾਖੀ ਦਾ ਅਸੰਬੰਧਤ ਤੇ ਗਲਤ ਤੌਰ ਉਤੇ ਪ੍ਰਯੋਗ ਕਰਦੇ ਹਨ। ਉਹ ਭੁੱਲ ਜਾਂਦੇ ਹਨ ਕਿ ਗੁਰਬਾਣੀ ਦੇ ਦੋ ਸਰੂਪ ਹਨ : ਇਕ ਅਧਿਆਤਮਕ ਤੇ ਦੂਜਾ ਵਰਣਾਤਮਕ। ਇਸ ਵਿਚਲੇ ਅਧਿਆਤਮਕ ਭਾਵ ਮੁੱਖ ਤੇ ਸਤਿਗੁਰੂਆਂ ਦਾ ਆਤਮਕ ਸਰੂਪ ਹਨ; ਉਨ੍ਹਾਂ ਦੀ ਜੋਤ ਹਨ। ਦੇਹਾਂ ਤਾਂ ਸਭ ਦੀਆਂ ਇਕ ਸਮਾਨ ਬਿਨਸਣਹਾਰ ਹਨ। ਹਾਂ, ਜੋਤ ਕਾਰਣ ਦੇਹੀ ਦਾ ਸਤਿਕਾਰ ਵੀ ਹੈ। ਜਿੰਨੀ ਕਿਸੇ ਦੀ ਆਤਮਕ ਪੱਧਰ ਉੱਤਮ ਤੇ ਉਚੇਰੀ ਹੈ, ਉਨੀ ਹੀ ਉਹਦੀ ਉਹ ਦੇਹ ਸਤਿਕਾਰਤ ਹੈ, ਜਿਸ ਵਿਚ ਇਹ ਜੋਤ ਵਰਤਦੀ ਹੈ; ਪ੍ਰੰਤੂ ਦੇਹ ਜੋਤ ਨਹੀਂ, ਸਗੋਂ †'ਖਾਕ, ਬਾਦ, ਆਤਸ਼ ਅਉਰ ਆਬ' (ਮਿੱਟੀ, ਹਵਾ, ਅੱਗ ਤੇ ਪਾਣੀ) ਆਦਿ ਤੱਤਾਂ ਦਾ ਸੁਮੇਲ ਹੈ। ਜਿਸ ਕਾਗਜ਼ ਉਤੇ, ਅੱਖਰਾਂ ਦੇ ਮੇਲ ਨਾਲ 'ਧੁਰ ਕੀ ਬਾਣੀ' ਅੰਕਿਤ ਹੈ ਉਹ ਸਭ ਸਰੇਸ਼ਟ ਹਨ; ਪ੍ਰੰਤੂ, ਕਾਗਜ਼ ਸਿਆਹੀ ਆਦਿ ਸਮੱਗਰੀ ਗੁਰਬਾਣੀ ਨਹੀਂ, ਇਹ ਗੁਰਾਂ ਦੀ ਆਤਮਕ ਜੋਤ ਨਹੀਂ ਮੰਨੀ ਜਾ ਸਕਦੀ।

੨. ਜਿਸ ਕਾਗਜ਼ ਉਤੇ, ਜਿਸ ਸਿਆਹੀ ਆਦਿ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਗੁਰਬਾਣੀ ਸੁਸ਼ੋਭਤ ਹੈ, ਉਸ ਕਾਗਜ਼ ਆਦਿ ਨੂੰ ਹੋਰ ਚੰਗੀਆਂ ਮੰਦੀਆਂ ਪੁਸਤਕਾਂ ਲਿਖਣ, ਛਾਪਣ ਲਈ ਵੀ ਵਰਤਿਆ ਜਾਂਦਾ ਅਥਵਾ ਜਾ ਸਕਦਾ ਹੈ। ਸੋ, ਸ੍ਰੇਸ਼ਟ ਤੇ ਮੁੱਖ, ਬਾਣੀ ਹੀ ਹੋਈ। ਵਸਤਾਂ ਕਾਗਜ਼ ਆਦਿ ਨਹੀਂ। ਇਹ ਤਾਂ ਇਕ ਤਰ੍ਹਾਂ ਨਾਲ 'ਬਾਣੀ' ਦੀ ਦੇਹ ਜਾਂ ਕਾਇਆਂ ਸਮਾਨ ਹਨ।

੩. ਹੋਰ ਵੇਖੋ—ਗੁਰਬਾਣੀ ਨੂੰ ਵੱਖ ਵੱਖ ਸੈਂਚੀਆਂ, ਪੋਥੀਆਂ ਤੇ

---

†ਏਕੈ ਨੈਨ, ਏਕੈ ਕਾਨ, ਏਕੈ ਦੇਹ ਏਕੈ ਬਾਨ,
ਖਾਕ, ਬਾਦ ਆਤਸ਼ ਅਉਰ ਆਬ ਕੋ ਰਲਾਉ ਹੈ।
(ਸ੍ਰੀ ਦਸਮੇਸ਼ ਜੀ 'ਅਕਾਲ ਉਸਤਤ' ਵਿਚ)

ਗੁਟਕਿਆਂ ਆਦਿ ਦੇ ਰੂਪ ਵਿਚ ਪਦ-ਛੇਦ ਕਰਕੇ ਛਾਪਿਆ ਜਾਣਾ ਤਾਂ ਪਰਵਾਨ ਹੈ; ਪ੍ਰੰਤੂ, ਸਮੁੱਚੀ ਬਾਣੀ ਨੂੰ ਅਜਿਹੇ ਰੂਪ ਵਿਚ ਛਾਪਣਾ ਵਰਜਤ। ਭਲਾ, ਕਿਉਂ ? ਇਹ ਮੰਤਕ ਸਮਝ ਤੋਂ ਬਾਹਰ ਹੈ। ਗੁਰਸਿਖ ਸ਼ਬਦ ਅਥਵਾ ਸ਼ਬਦ-ਗੁਰੂ ਦਾ ਉਪਾਸ਼ਕ ਹਨ।

੪. ਵਿਚਾਰਵਾਨਾਂ ਨੇ ਬਾਣੀ ਦੇ ਚਾਰ ਅਸਥਾਨ ਮੰਨੇ ਹਨ :

(ੳ) ਪਰਾ-ਮੂਲਾ ਧਾਰ ਵਿਚ ਰਹਿਣ ਵਾਲਾ ਸ਼ਬਦ;

(ਅ) ਪਸੰਤੀ (ਪਸ਼ਯੰਤੀ)—ਮੂਲਾਧਾਰ ਤੋਂ ਉਠ ਕੇ ਹਿਰਦੇ ਵਿਚ ਆਇਆ ਸ਼ਬਦ,

(ੲ) ਮੱਧਮਾ (ਮਧਯਮਾ)—ਹਿਰਦੇ ਤੋਂ ਕੰਠ ਵਿਚ ਆਇਆ ਸ਼ਬਦ;

(ਸ) ਬੈਖਰੀ (ਵੈਖਰੀ)—ਮੁਖ ਤੋਂ ਉਚਾਰਣ ਹੋਇਆ ਸ਼ਬਦ।

ਇਸ ਵੰਡ ਤੋਂ ਸਿੱਧ ਹੋਇਆ ਕਿ ਬਾਣੀ ਦਾ ਕੇਵਲ ਬੈਖਰੀ ਰੂਪ ਹੀ ਉਚਾਰਿਆ ਤੇ ਅੱਖਰਾਂ ਜਾਂ ਚਿੰਨ੍ਹਾਂ ਵਿਚ ਲਿਖਿਆ ਜਾਂ ਸਾਂਭਿਆ ਜਾ ਸਕਦਾ ਹੈ। ਏਸੇ ਨੂੰ ਅਸੀਂ ਅੱਖਰਾਂ ਰਾਹੀਂ ਵੇਖ ਕੇ, ਕੰਨਾਂ ਰਾਹੀਂ ਸੁਣ ਕੇ ਜਾਂ ਹੱਥਾਂ ਰਾਹੀਂ ਛੂਹ (ਬਰੇਲ ਸਿਸਟਮ ਦੁਆਰਾ) ਸਮਝ ਸਮਝਾ ਸਕਦੇ ਹਾਂ।

ਸਤਿਗੁਰਾਂ ਨੂੰ ਅਨੁਭਵੀ ਅਥਵਾ ਪ੍ਰਭੂ ਨਾਲ ਇਕ-ਸੁਰਤਾ ਦੀ ਹਾਲਤ ਵਿਚ ਜੋ ਬਾਣੀ ਧੁਰੋਂ ਆਈ, ਉਹ ਬੈਖਰੀ ਬਾਣੀ ਦੇ ਰੂਪ ਵਿਚ ਸਾਡੇ ਪਾਸ ਮੌਜੂਦ ਹੈ। ਉਹ ਬੈਖਰੀ ਰੂਪ ਵਿਚ ਪਦ-ਛੇਦ ਕਰਕੇ ਉਚਾਰੀ ਜਾਂ ਗਾਈ ਤਾਂ ਗਈ ਸੀ, ਨਾ ਕਿ ਲੜੀਵਾਰ ਰੂਪ ਵਿਚ ? ਸੋ, ਉਚਾਰਣ ਪਹਿਲਾਂ ਹੋਇਆ ਅਤੇ ਲਿਖਤ ਬਾਅਦ ਵਿਚ। ਪਦ-ਛੇਦ ਰੂਪ ਵਿਚ ਉਚਾਰੀ ਗਈ ਬਾਣੀ ਨੂੰ ਜਗਤ-ਜੀਵਾਂ ਦੀ ਕਲਿਆਨ ਲਈ ਸਤਿਗੁਰਾਂ ਨੇ ਉਸ ਸਮੇਂ ਦੇ ਰਵਾਜ ਆਦਿ ਕਾਰਨਾਂ—ਵਸ, ਲੜੀਵਾਰ ਲਿਖਵਾ ਕੇ ਸਾਂਭਣਾ ਯੋਗ ਜਾਤਾ। ਪ੍ਰੰਤੂ, ਅਸੀਂ ਸਭ, ਅੱਜ ਵੀ, ਉਸ ਦਾ ਪਾਠ ਪਦ-ਛੇਦ ਰੂਪ ਵਿਚ ਹੀ ਉਚਾਰ ਕੇ ਕਰਦੇ ਜਾਂ ਕਰਾਉਂਦੇ ਹਾਂ, ਅਤੇ ਸਤਿਗੁਰਾਂ ਵੇਲੇ ਵੀ ਇਉਂ ਹੀ ਹੁੰਦਾ ਸੀ। ਜੇ ਭਲਾ, ਪਦ-ਛੇਦ ਰੂਪ ਵਿਚ ਉਚਾਰਨਾ ਯੋਗ ਹੈ ਤਾਂ ਉਸ ਵਿਚ ਲਿਖਣਾ ਜਾਂ ਛਾਪਣਾ ਅਯੋਗ ਕਿਉਂ ਤੇ ਕਿਵੇਂ ? ਕਿਸ ਮੰਤਕ ਅਨੁਸਾਰ।

੫. ਜੇ ਪ੍ਰਾਚੀਨ ਪਾਵਨ ਬੀੜਾਂ ਦੇ ਲੜੀਵਾਰ ਸਰੂਪ ਨੂੰ ਹੀ ਪ੍ਰਵਾਣਿਤ ਸਮਝਣਾ ਹੈ ਤਾਂ ਫੇਰ ਅੱਖਰਾਂ ਦਾ ਵੀ ਉਹੀ ਰੂਪ; ਪੰਨਿਆਂ ਦੇ ਥਾਂ ਪਤਿ,

"੧ ਓ ਗੁਰਪ੍ਰਸਾਦਿ" ਮੂਲ ਮੰਤ੍ਰ ਅਥਵਾ ਮੰਗਲ ਨੂੰ ਸੱਜੇ ਪਾਸੇ ਹੀ ਇਕ ਦੋ ਜਾਂ ਤਿੰਨਾਂ ਪਾਲਾਂ ਵਿਚ ਅੰਕਿਤ ਕਰਨਾ ਪ੍ਰਵਾਨਣਾ ਤੇ ਲਿਖਣਾ ਪਵੇਗਾ। ਕੀ ਇਹ ਸੰਭਵ, ਸਿਆਣਪ-ਭਰਪੂਰ ਤੇ ਸਤਿਗੁਰਾਂ ਦੇ ਆਸ਼ੇ ਅਨਕੂਲ ਹੈ ?

੬. ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਹ (ਸਰੀਰ, ਕਾਇਆਂ) ਮੰਨਾਂਗੇ ਤਾਂ ਹੋਰ ਕਈ ਬਿਖਮ ਸਮੱਸਿਆਵਾਂ ਪੈਦਾ ਹੋ ਜਾਣਗੀਆਂ। ਜਿਵੇਂ ਐਸੀ ਮਨੌਤ ਦੀ ਸੂਰਤ ਵਿਚ ਗੁਰਬਾਣੀ ਨੂੰ ਸੈਂਚੀਆਂ ਤੇ ਗੁਟਕਿਆਂ ਦੇ ਰੂਪ ਵਿਚ ਵੱਖਰਾ ਕਰਕੇ ਛਾਪਣ ਨੂੰ "ਦੇਹ" ਦੇ ਅੰਗਾਂ ਨੂੰ ਵੱਖ ਵੱਖ ਕਰਨ ਤੁੱਲ ਹੋਵੇਗਾ।

੭. ਖਾਲਸਾ *'ਜਾਗਤ ਜੋਤ' ਦਾ ਪੁਜਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਕਰਕੇ ਮੰਨਣਾ ਜਾਂ ਪੂਜਣਾ ਗੁਰਮਤਿ ਦੇ ਉਹਨਾਂ ਵਿਰੋਧੀਆਂ ਦੇ ਹੱਥਾਂ ਵਿਚ ਖੇਡਣਾ ਹੈ, ਜੋ ਅਯੋਗ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ 'ਬੁੱਤ-ਪ੍ਰਸਤੀ' ਕਹਿਣ ਦਾ ਕੁਫਰ ਕਰਦੇ ਹਨ।

੮. ਸ੍ਰੀ ਗੁਰੂ ਨਾਨਕ ਦੇਵ ਜੀ ਬਜਾ ਤੌਰ ਉਤੇ ਜਗਤ-ਗੁਰੂ ਹਨ ਅਤੇ ਉਹਨਾਂ ਵਲੋਂ ਚਲਾਇਆ ਮੱਤ, ਜਗਤ-ਧਰਮ। ਇਸ ਨਾਤੇ ਇਹ ਸੰਸਾਰ ਦੀਆਂ ਵੱਖ ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕਾਂ ਪਾਸ ਪਹੁੰਚਾਣਾ ਗੁਰੂ ਕੇ ਸਿਖਾਂ ਦਾ ਪਰਮ ਧਰਮ ਹੈ†। ਇਸ ਮੰਤਵ ਦੀ ਪੂਰਤੀ ਲਈ

---

* ਜਾਗਤ ਜੋਤ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ ॥
(ਅਕਾਲ ਉਸਤਤਿ)

† ਹੁਣ ਤਕ ਅੰਜੀਲ ਦਾ ਤਰਜਮਾ ੧੪੭੩ ਬੋਲੀਆਂ ਵਿਚ ਹੋ ਚੁਕਾ ਹੈ। ਅਫਰੀਕਾ ਦੀ ਇਕ ਬੋਲੀ ਵਿਚ ਉਲਥਾ ਕਰਨ ਦਾ ਕੰਮ ੧੪੨ ਸਾਲਾਂ (੧੮੨੫ ਤੋਂ ੧੯੬੭ ਈਸਵੀ) ਵਿਚ ਸੰਪੂਰਨ ਹੋਇਆ।
(**Our Times, Poona, page** ਮਹੀਨਾ ਦਸੰਬਰ, ੧੯੭੬ ਵਿਚੋਂ)

ਸਤਿਗੁਰਾਂ ਦੀ ਬਾਣੀ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੱਖ ਵੱਖ ਬੋਲੀਆਂ ਵਿਚ ਲਿਖਣਾ ਪਵੇਗਾ ਅਤੇ ਤਰਜਮੇ ਕਰਨੇ ਪੈਣਗੇ। ਕੀ, ਐਸੀ ਸੂਰਤ ਵਿਚ ਗੁਰਬਾਣੀ ਨੂੰ ਅੰਗਰੇਜ਼ੀ, ਉਰਦੂ, ਫ਼ਾਰਸੀ, ਰੂਸੀ, ਫਰੇਂਚ ਤੇ ਜਰਮਨ ਬੋਲੀਆਂ ਵਿਚ ਲੜੀਵਾਰ ਲਿਖ ਸਕਣਾ ਸੰਭਵ ਹੈ ? ਕਦਾਚਿਤ ਨਹੀਂ। ਦੂਰ ਦੀ ਗੱਲ ਛੱਡੋ, ਕੋਈ ਸੱਜਣ ਫ਼ਾਰਸੀ ਲਿਪੀ ਲੈ ਕੇ, ਉਰਦੂ ਜ਼ਬਾਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੜੀਵਾਰ ਲਿਖ ਕੇ ਤੇ ਫੇਰ ਸ਼ੁੱਧ ਪੜ੍ਹ ਕੇ ਦੱਸੇ।

ਐਸੀ ਸਥਿਤੀ ਵਿਚ ਫੇਰ ਇਹ ਲੜੀਵਾਰ ਲਿਖਣ ਜਾਂ ਛਪਣ ਦੀ ਰੱਟ ਤੇ ਹੱਠ ਕਿਉਂ ?

੯. ਵਰਤਮਾਨ ਯੁੱਗ, ਰਫ਼ਤਾਰ ਦਾ ਯੁੱਗ ਹੈ, ਜੀਵਨ-ਨਿਰਬਾਹ ਲਈ ਸੰਘਰਸ਼ ਕਰੜਾ ਹੁੰਦਾ ਜਾ ਰਿਹਾ ਹੈ। ਮਨੁੱਖ ਪਾਸ ਵਿਹਲ ਦੀ ਘਾਟ ਹੈ। ਉਸ ਪਾਸੋਂ ਇਹ ਆਸ ਕਰਨੀ ਕਿ ਪੁਰਾਣੇ ਸਮਿਆਂ ਵਾਂਗ, ਸਣੇ ਸਣੇ ਸੰਥਾ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠੀ ਹੋਵੇ, ਆਪਣੇ ਆਪ ਨੂੰ ਧੋਖਾ ਦੇਣ ਤੇ ਮੂਰਖਾਂ ਦੀ ਦੁਨੀਆਂ ਵਿਚ ਰਹਿਣ ਵਾਲੀ ਗੱਲ ਹੈ।

੧੦. ਸ਼ੁੱਧ ਗੁਰਬਾਣੀ ਉਚਾਰਨ ਦੇ ਸਬੰਧ ਵਿਚ ਅਸੀਂ ਇਸ ਪੁਸਤਕ ਦੇ ਪਹਿਲੇ ਲੇਖ ਵਿਚ ਇਕ ਥਾਂ ਭਾਈ ਕਾਨ੍ਹ ਸਿੰਘ ਜੀ ਦਾ ਪਦ-ਛੇਦ ਕਰ ਕੇ ਬਾਣੀ ਛਾਪੇ ਜਾਣ ਸਬੰਧੀ ਉਹ ਨੋਟ ਅੰਕਿਤ ਕਰ ਆਏ ਹਾਂ, ਜੋ ਉਹਨਾਂ ਨੇ 'ਗੁਰਮਤਿ ਮਾਰਤੰਡ' (ਭਾਗ ਪਹਿਲਾ) ਦੇ ਪੰਨਾ ੩੯੨ ਤੇ ੩੯੩ ਉਤੇ ਫੁਟਨੋਟ ਵਿਚ ਦਿੱਤਾ ਹੈ। ਪਾਠਕ ਜੀ ਓਥੋ ਵਾਚ ਲੈਣ ਦੀ ਕਿਰਪਾ ਕਰਨ। ਏਥੇ ਦੋਹਰ ਪਾਉਣੋਂ ਸੰਕੋਚ ਕੀਤਾ ਹੈ।

ਹੁਣੇ ਜਿਹੇ ਇਕ ਸਤਿਕਾਰ ਯੋਗ ਸੱਜਣ ਜੀ ਨੇ ਜੋ ਪ੍ਰਤਿਸ਼ਟ ਤੇ ਗੁਰਮੁਖ ਪਿਆਰਿਆਂ ਦੀ ਸੰਸਥਾ ਨਾਲ ਸਬੰਧ ਰਖਦੇ ਹਨ, ਇਕ ੬੭ ਪੰਨੇ ਦਾ ਟਰੈਕਟ ਇਹ ਸਿੱਧ ਕਰਨ ਹਿਤ ਛਾਪਿਆ ਹੈ ਕਿ ਪਦ-ਛੇਦ ਬੀੜ ਤੋਂ ਪਾਠ ਕਰਨ ਸਮੇਂ ਪਾਠੀ ਤੋਂ ਹੋਈ ਗਲਤੀ ਗੁਰੂ ਜੀ ਦੀ ਗਲਤੀ ਸਮਝੀ ਜਾਵੇਗੀ ਤੇ ਲੜੀਵਾਰ ਬੀੜ ਤੋਂ ਹੋਈ ਭੁਲ ਪਾਠੀ ਦੀ ਆਪਣੀ, ਆਪ ਜੀ ਦਾ ਇਹ ਮੰਤਕ ਸਮਝ ਵਿਚ ਨਹੀਂ ਆਇਆ। ਸਿੱਧੀ ਜਿਹੀ ਗੱਲ ਹੈ ਕਿ ਪਦ-ਛੇਦ ਕੀਤੀ ਬੀੜ ਵਿਚ ਜੇ ਕੋਈ ਭੁੱਲ ਹੈ ਤਾਂ ਉਹ ਪਦ-

ਛੇਦ ਕਰਨ ਵਾਲਿਆਂ ਦੀ ਹੋਵੇਗੀ, ਨਾ ਕਿ ਗੁਰੂ ਜੀ ਦੀ। ਫੇਰ ਪਦ-ਛੇਦ ਹੋਈਆਂ ਪੋਥੀਆਂ ਤੇ ਗੁਟਕਿਆਂ ਆਦਿ ਬਾਰੇ ਕੀ ਬਣੂ? ਉਥੇ ਭੁੱਲ ਦਾ ਦੋਸ਼ੀ ਕੌਣ ?

ਪਰ ਟਰੈਕਟ ਵਿਚ ਸਭ ਤੋਂ ਨੋਟ ਕਰਨ ਵਾਲੀ ਸਵਾਦਲੀ ਗੱਲ ਇਹ ਹੈ ਕਿ ਇਸ ਵਿਚ ਗੁਰਬਾਣੀ ਦੀਆਂ ਤੁਕਾਂ ਦੇ ਜੋ ਦਰਜਨਾਂ ਪ੍ਰਮਾਣ ਦਿਤੇ ਹਨ, ਉਹਨਾਂ ਵਿਚ ਬਾਣੀ ਦੇ ਹਰ ਪਦ ਨੂੰ ਦੂਜੇ ਨਾਲੋਂ ਨਿਖੇੜ ਕੇ (ਇਕ ਤਰ੍ਹਾਂ ਨਾਲ ਪਦ-ਛੇਦ ਕਰ ਕੇ) ਲਿਖਿਆ ਤੇ ਛਾਪਿਆ ਗਿਆ ਹੈ। ਪਦ-ਛੇਦ ਕਰਨ ਦੀ ਟੈਕਨੀਕਲ ਗੱਲ ਤੋਂ ਬਚਣ ਲਈ ਉਪਰੋਂ ਸਾਂਝੀ ਲਕੀਰ ਮਾਰ ਦਿਤੀ ਹੈ। ਨਮੂਨਾ ਹਾਜ਼ਰ ਹੈ :

(ੳ) ਹਮ ਭੂਲਹ ਤੁਮ ਸਦਾ ਅਭੂਲਾ...॥ (ਪੰਨਾ ੨੨)

(ਅ) ਆਪਿ ਕਰੇ ਕਿਸੁ ਆਖੈ ਕੋਈ ॥ (ਪੰਨਾ ੧੧)

(ੲ) ਜਲੁ ਢੋਵਉ ਇਹ ਸੀਸ ਕਰਿ ॥

ਮੇਰੀ ਇਹਨਾਂ ਵਿਚਾਰਾਂ ਵਾਲੇ ਵੀਚਾਰਵਾਨ ਸੱਜਣਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਉਹ ਠਰੰਮੇ ਨਾਲ, ਸ਼ਾਂਤ-ਚਿੱਤ ਤੇ ਪਕੜ ਰਹਿਤ ਹੋ, ਇਸ ਨੁਕਤੇ ਨੂੰ ਘੋਖਣ ਕਿ ਇਹ ਕੰਨ ਨੂੰ ਸਿੱਧਾ ਹੱਥ ਲਾਉਣ ਦਾ ਪੁੱਠਾ ਹੱਥ ਲਾਉਣ ਵਾਲੀ ਗੱਲ ਹੋਈ। ਪਦ-ਛੇਦ ਤਾਂ ਵਾਸਤਵ ਵਿਚ ਹੋ ਗਿਆ।

ਦੂਜੇ, ਛਾਪੇਖਾਨੇ ਵਿਚ ਛਪ ਰਹੀਆਂ ਲੜੀਵਾਰ ਬੀੜਾਂ ਉੱਕੀਆਂ ਹੀ ਪ੍ਰਾਚੀਨ ਲਿਖਤੀ ਬੀੜਾਂ ਨਾਲ ਇੰਨ-ਬਿੰਨ, ਹੂ, ਬਹੂ ਨਹੀਂ ਮਿਲਦੀਆਂ। ਉਹਨਾਂ ਦੇ ਮੂਲ-ਮੰਤਰ ਤੇ ਸਿਰਲੇਖਾਂ ਦੀ ਤਰਤੀਬ ਹੋਰ, ਅੱਖਰਾਂ ਦੀ ਬਣਾਵਟ ਹੋਰ, ਲਾਈਨਾਂ ਤੇ ਪੱਤਰਿਆਂ ਦੀ ਗਿਣਤੀ ਹੋਰ, ਗੱਲ ਕੀ, ਅਸਲ ਪੁਰਾਤਨ ਬੀੜਾਂ ਦੀ ਤਾਂ ਫੋਟੋ ਸਟੇਟ ਕਾਪੀ ਲਈ ਜਾ ਸਕਦੀ ਹੈ। ਐਨ ਉਹਨਾਂ ਵਾਂਗ ਛਪਾਈ ਕਰਨੀ ਅਸੰਭਵ ਹੈ।

ਸੰਸਾਰ ਰਫਤਾਰ ਤੇ ਪਬਲਿਸਿਟੀ ਆਦਿ ਸਾਧਨਾ ਵਿਚ ਬਹੁਤ ਅਗਾਂਹ ਜਾ ਚੁਕਾ ਹੈ; ਪ੍ਰੰਤੂ, ਸਾਡੀ ਹਾਲਤ ਹਵਾਈ ਜਹਾਜ਼ਾਂ, ਕਾਰਾਂ, ਸੜਕਾਂ ਆਦਿ ਨੂੰ ਤਿਆਗ ਕੇ ਮੁੜ ਗੱਡਿਆਂ ਤੇ ਘੋੜਿਆਂ ਉਤੇ ਸਫਰ ਕਰਨ ਵਾਲੀ ਹੈ। ਬਹੁਤ ਪਛੜ ਜਾਵਾਂਗੇ ਇਸ ਤਰ੍ਹਾਂ ਅਸੀਂ।

ਗੁਰਬਾਣੀ—ਪਾਠ ਭੇਦਾਂ ਬਾਰੇ

ਕੇਵਲ ਸਿੱਖਾਂ ਦਾ ਹੀ ਨਹੀਂ, ਸਗੋਂ ਆਮ ਵਿਦਵਾਨਾਂ ਤੇ ਲਿਖਾਰੀਆਂ ਦਾ ਇਹ ਨਿਰਣਾ ਹੈ ਕਿ ਸੰਸਾਰ ਦੇ ਵਡੇ ਵਡੇ ਮਜ਼ਹਬਾਂ ਵਿਚੋਂ ਕੇਵਲ ਸਿੱਖੀ ਹੀ ਇਕ ਅਜਿਹਾ ਮੱਤ ਹੈ, ਜਿਸ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਐਸਾ ਅਦੁੱਤੀ ਧਰਮ-ਗ੍ਰੰਥ ਸੁਰਖਸ਼ਤ ਹੈ, ਜੋ ਪੰਜਵੇਂ ਗੁਰੂ ਨਾਨਕ ਜੀ ਨੇ ਆਪ ਸੰਕਲਤ ਕਰ, ਕਰਵਾ ਕੇ ਮੁਹਰਬੰਦ ਕੀਤਾ ਸੀ। ਇਉਂ ਹੋਣਾ ਹੀ ਇਸ ਦੀ ਪ੍ਰਮਾਣੀਕਤਾ ਦਾ ਨਿੱਖਰਵਾਂ ਪ੍ਰਮਾਣ ਹੈ। ਅੰਜੀਲ, ਕੁਰਾਨ, ਧਮਪਦ ਤੇ ਗੀਤਾ ਆਦਿ ਗ੍ਰੰਥਾਂ ਦਾ ਰਚਨ-ਕਾਲ ਇਨ੍ਹਾਂ ਨਾਲ ਸੰਬੰਧਤ ਮਹਾਂਪੁਰਸ਼ਾਂ ਨਾਲੋਂ ਢੇਰ ਪਿਛੋਂ ਦਾ ਹੈ।

ਹੁਣ ਤਕ ਸਿਖ ਸੰਗਤਾਂ ਵਿਚ ਇਹ ਖਿਆਲ ਆਮ ਪ੍ਰਚਲਤ ਆ ਰਿਹਾ ਹੈ ਕਿ ਸ੍ਰੀ ਕਰਤਾਰਪੁਰ (ਜਲੰਧਰ), ਸੋਢੀਆਂ ਪਾਸ ਉਹ ਆਦਿ ਬੀੜ ਮੌਜੂਦ ਹੈ ਜੋ ਪੰਚਮ ਪਾਤਸ਼ਾਹ ਨੇ, ਸ੍ਰੀ ਰਾਮਸਰ ਦੇ ਅਸਥਾਨ ਉਤੇ, ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਸੀ, ਪ੍ਰੰਤੂ, ਕੁਝ ਇਕ ਵਿਦਵਾਨ ਗੁਰਬਾਣੀ ਦੇ ਇਸ ਸੈਂਚੇ ਨੂੰ ਆਦਿ ਬੀੜ ਸਵੀਕਾਰਨੋ ਸੰਕੋਚ ਕਰਦੇ ਹਨ। ਸਿਖ ਵਿਦਵਾਨਾਂ ਵਿਚ ਦੋਹਾਂ ਪੱਖਾਂ ਦੇ ਲੋਕ ਹਨ।

ਸ੍ਰੀ ਕਰਤਾਰਪੁਰ ਵਾਲੀ ਬੀੜ ਦੀ ਪ੍ਰਮਾਣੀਕਤਾ ਤੋਂ ਸਿਰ ਫੇਰਨ ਵਾਲੇ ਸੱਜਣ ਇਹ ਨਹੀਂ ਦੱਸਦੇ ਕਿ ਜੇ ਇਹ ਨਹੀਂ ਤਾਂ ਪ੍ਰਮਾਣੀਕ ਬੀੜ ਹੋਰ ਕਿਹੜੀ, ਤੇ ਉਹ ਹੈ ਕਿਥੇ ? ਜੇ ਇਸ ਦੀ ਥਾਂ ਦੂਜੀ ਕੋਈ ਹੋਰ ਬੀੜ ਪੇਸ਼ ਕਰ ਸਕਣੀ ਸੰਭਵ ਨਹੀਂ ਤਾਂ ਫਿਰ ਇਸ ਨੂੰ ਹੀ ਪੰਜਵੇਂ ਸਤਿਗੁਰੂ ਵਾਲੀ ਬੀੜ ਮੰਨਣ ਵਿਚ ਕੀ ਹਾਨੀ ਹੈ ਅਤੇ ਨਾ ਮੰਨਣ ਵਿਚ ਕੀ ਲਾਭ ? ਕੇਵਲ ਦਿਮਾਗੀ ਕਸਰਤ ਜਾਂ ਹੱਠ ਦੀ ਖਾਤਰ ਇਹ ਖੇਲ ਖੇਡਣਾ, ਖਤਰਨਾਕ

ਤੇ ਕਈ ਪੱਖਾਂ ਤੋਂ, ਸਿੱਖੀ ਦੀ ਪ੍ਰਭਤਾ ਦੇ ਮੁਨਾਫੀ ਹੈ।

ਸ੍ਰੀ ਕਰਤਾਰਪੁਰੀ ਬੀੜ ਦੀ ਪ੍ਰਮਾਣੀਕਤਾ ਉਤੇ ਕਿੰਤੂ ਕਰਨ ਨਾਲ ਹੋਰ ਕਈ ਉਲਝਣਾ ਪੈਦਾ ਹੋਣ ਦਾ ਡਰ ਹੈ। ਆਓ, ਇਉਂ ਪੈਦਾ ਹੋਣ ਵਾਲੀ ਕੇਵਲ ਇਕ ਸਮੱਸਿਆ ਬਾਰੇ ਵਿਚਾਰ ਕਰੀਏ :

ਅੱਜ ਕਲ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਆਦਿ ਨੂੰ ਪਦ-ਛੇਦ ਕਰ ਕੇ ਛਾਪਣ ਅਤੇ ਗੁਰਬਾਣੀ ਦੇ ਸੁੱਧ ਉਚਾਰਣ ਦੀ ਲੋੜ ਤੇ ਲਾਭਾਂ ਦਾ ਵਿਸ਼ੇਸ਼ ਚਰਚਾ ਹੈ, ਓਥੇ ਕੁਝ ਸੱਜਣਾਂ ਵਲੋਂ, ਅਛੋਪਲੇ ਜਿਹੇ, ਇਹ ਸਮੱਸਿਆ ਵੀ ਛੋਹੀ ਜਾ ਰਹੀ ਹੈ ਕਿ ਪੁਰਾਤਨ ਲਿਖਤੀ ਬੀੜਾਂ ਵਿਚ ਆਏ ਪਾਠ-ਭੇਦਾਂ ਨੂੰ ਵਿਚਾਰ ਕੇ ਇਕ ਨਵੀਂ ਪ੍ਰਮਾਣੀਕ ਬੀੜ ਤਿਆਰ ਕਰ ਲਈ ਜਾਵੇ। ਜਿਹਨਾਂ ਪਾਠਾਂ ਉਤੇ ਬਹੁਤੀਆਂ ਲਿਖਤੀ ਬੀੜਾਂ ਸਹਿਮਤ ਹੋਣ, ਉਹਨਾਂ ਨੂੰ ਵਿਦਵਾਨਾਂ ਦੀ ਵਿਚਾਰ ਤੇ ਪ੍ਰਵਾਨਗੀ ਉਪਰੰਤ ਪ੍ਰਵਾਨ ਕਰ ਕੇ ਛਪ ਰਹੀਆਂ ਬੀੜਾਂ ਦੇ ਵਰਤਮਾਨ ਪਾਠਾਂ ਦੀ ਥਾਂ ਦੇ ਦਿਤੀ ਜਾਵੇ।

ਚੇਤਾ ਰਹੇ ਕਿ ਇਹ ਲਿਖਾਰੀਆਂ ਦੀਆਂ ਭੁੱਲਾਂ ਕਾਰਨ ਪਏ ਪਾਠ-ਭੇਦ ਸੈਂਕੜੇ ਨਹੀਂ, ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਹਨ ਤੇ ਇਸ ਰਾਹ ਪੈਣਾ ਪੰਡੋਰਾ ਦਾ ਬਕਸਾ ਖੋਹਲਣ ਵਾਲੀ ਗੱਲ ਹੋਵੇਗੀ। ਇਸ ਨਾਲ ਇਕ ਐਸੀ ਸਮੱਸਿਆ ਖੜੀ ਹੋ ਜਾਵਗੀ, ਜਿਸ ਨੂੰ ਬਾਅਦ ਵਿਚ ਨਾ ਕੇਵਲ ਨਜਿੱਠਣਾ ਹੀ ਔਖਾ ਹੋਵੇਗਾ, ਸਗੋਂ ਇਸ ਨਾਲ ਸਿਖਾਂ ਦਾ ਉਹ ਹੱਕੀ ਦਾਅਵਾ ਖਤਮ ਹੋ ਜਾਵੇਗਾ ਕਿ ਉਹਨਾਂ ਪਾਸ ਸਤਿਗੁਰਾਂ ਵਲੋਂ ਰਚੀ ਪ੍ਰਮਾਣੀਕ ਬੀੜ ਹੈ, ਅਤੇ ਇਸ ਨਾਤੇ ਉਹਨਾਂ ਨੂੰ ਸੰਸਾਰ ਦੇ ਧਰਮਾਂ ਵਿਚ ਵਿਸ਼ੇਸ਼ ਥਾਂ ਪ੍ਰਾਪਤ ਹੈ।

ਪਾਠ-ਭੇਦ ਦੇ ਮਸਲੇ ਨੂੰ ਹਲ ਕਰਨ ਲਈ ਮੇਰਾ ਸੁਝਾਉ ਇਹ ਹੈ ਕਿ ਸਾਨੂੰ ਅਵੱਸ਼ ਇਕ ਬੀੜ ਨੂੰ ਮੁਸਤਨਦ ਮੰਨ ਕੇ ਅੱਗੇ ਤੁਰਨਾ ਜੋਗ ਹੈ। ਚਾਹੇ ਉਹ ਸ੍ਰੀ ਕਰਤਾਰਪੁਰ ਵਾਲੀ ਬੀੜ ਹੋਵੇ ਜਾਂ ਸੁਵਰਗੀ ਭਾਈ ਰਣਧੀਰ ਸਿੰਘ ਜੀ (ਰੀ: ਸਕਾਲਰ, ਸ਼੍ਰੋਮਣੀ ਗੁ: ਪ੍ਰ: ਕਮੇਟੀ) ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਭਾਈ ਹਰਿਦਾਸ ਜੀ ਵਾਲੀ ਬੀੜ, ਜੋ ਸ਼੍ਰੋਮਣੀ ਗੁ:

ਪ੍ਰਬੰਧਕ ਕਮੇਟੀ ਦੀ ਰੈਫਰੈਂਸ ਲਾਇਬਰੇਰੀ ਵਿਚ ਸੁਰੱਖਿਅਤ ਹੈ।

ਉਪਰੰਤ, ਉਸ ਵਿਚ ਲਿਖਾਈ ਦੀ ਉਕਾਈ ਕਾਰਨ ਜਿਥੇ ਕਿਤੇ ਕੋਈ ਅੱਖਰ ਜਾਂ ਲਗ-ਮਾਤ੍ਰ, ਵੱਧ ਘੱਟ ਗਈ ਹੋਵੇ, ਉਸ ਨੂੰ ਵਿਦਵਾਨਾਂ ਦੀ ਰਾਏ ਨਾਲ ਸੋਧ ਲਿਆ ਜਾਵੇ। ਇਸ ਤਰ੍ਹਾਂ ਕਰਨ ਨਾਲ ਬੀੜ ਦੀ ਪ੍ਰਮਾਣੀਕਤਾ ਨੂੰ ਵੀ ਸੱਟ ਨਹੀਂ ਵਜੇਗੀ ਅਤੇ ਅਜੇਹੇ ਪਾਠ ਵੀ ਦਰੁਸਤ ਹੋ ਜਾਣਗੇ। ਅਗੇ ਇਕ ਵਾਰ ਇਉਂ ਹੋ ਵੀ ਚੁੱਕਾ ਹੈ।

ਜਦ ਪਹਿਲੇ ਪਹਿਲ ਸ਼੍ਰੋਮਣੀ ਕਮੇਟੀ ਨੇ ੧੯੫੧-੫੨ ਵਿਚ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਮੇਲ ਕੇ ਵੱਡੀ ਮਿਹਨਤ ਨਾਲ ਸੁਧਾਈ ਕਰਨ ਉਪਰੰਤ ਬੀੜ ਛਾਪੀ ਸੀ ਤਾਂ ਕੁਝ ਪਦਾਂ ਨਾਲ ਲੋੜੀਂਦੀਆਂ ਲਗਾਂ-ਮਾਤ੍ਰਾਂ ਵਧ ਘਟ ਹੋਣ ਕਰ ਕੇ, ਪਾਠ ਨਹੀਂ ਸੀ ਬਣਦਾ। ਕਮੇਟੀ ਨੇ ਵਿਦਵਾਨਾਂ ਦੀ ਇਕ ਇਕੱਤਰਤਾ ਬੁਲਾਈ ਜਿਸ ਦੇ ਸਭਾਪਤੀ ਪ੍ਰਿੰਸੀਪਲ ਜੋਧ ਸਿੰਘ ਜੀ ਸਨ। ਕੋਈ ੩੦ ਕੁ ਸ਼ਬਦ ਉਸ ਇਕੱਤਰਤਾ ਵਿਚ ਪੇਸ਼ ਕੀਤੇ ਗਏ। ਉਦਾਹਰਣ ਵਜੋਂ :

'ਤਤਨਾ' ਦੀ ਥਾਂ 'ਤਨਨਾ', 'ਭੁਯੰਗਮ' ਦੀ ਥਾਂ 'ਭੁਯੰਗਮ', 'ਤ' ਦੀ ਥਾਂ 'ਤੂ' ਕੀਤਾ ਗਿਆ ਸੀ। ਇਹ ਫੈਸਲਾ ਧਾਰਮਿਕ ਸਲਾਹਕਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਕਾਰਵਾਈ ਰਜਿਸਟਰ ਵਿਚ ਬਾਕਾਇਦਾ ਅੰਕਿਤ ਤੇ ਸੁਰੱਖਸ਼ਤ ਹੈ।

ਇਸ ਵਿਉਂਤ ਨਾਲ ਜਿਥੇ ਸੰਸਾਰ ਵਿਚ, ਸਾਡਾ ਇਕ ਪ੍ਰਮਾਣੀਕ ਧਾਰਮਿਕ ਗ੍ਰੰਥ ਦੇ ਵਾਰਿਸ ਹੋਣ ਦਾ ਦਾਅਵਾ-ਬਰ-ਹਕ, ਕਾਇਮ ਰਹਿੰਦਾ ਹੈ, ਉਥੇ ਪਦਾਂ ਦੇ ਪਾਠ-ਭੇਦਾਂ ਦੇ ਮਤ-ਭੇਦਾਂ ਦਾ ਭੰਡਾਰ ਖੁਲ੍ਹਣੋਂ ਤੇ ਖਿਲਰਨੋਂ ਵੀ ਬਚ ਜਾਂਦਾ ਹੈ।

ਪੂਰੀ ਨੇਕ-ਨਿਯਤੀ ਨਾਲ ਇਹ ਨਿਮਾਣਾ ਜਿਹਾ ਸੁਝਾਉ ਪੇਸ਼ ਹੈ, ਜੇ ਵਿਦਵਾਨਾਂ ਤੇ ਪੰਥ ਦੇ ਮੁਖੀਆਂ ਨੂੰ ਜਚ ਜਾਵੇ ਤਾਂ ਉਹਨਾਂ ਦੀ ਵੱਡੀ ਵਡਿਆਈ ਤੇ ਪੰਥ ਦੀ ਸ਼ੋਭਾ ਹੋਵੇਗੀ।

"'ਗੁਰਬਾਣੀ ਦਾ ਕਾਵਿਕ ਅਨੁਵਾਦ"

ਜਿਵੇਂ ਅਕਾਲ ਪੁਰਖ ਵਾਹਿਗੁਰੂ ਦੇ ਕਥਨ ਨੂੰ ਗੋਬਿੰਦ-ਰੂਪ ਗੁਰਦੇਵ 'ਅਕੱਥ' ਆਖ ਕੇ ਪੂਰਨ ਤੌਰ ਤੇ 'ਕਥਨੋਂ' ਅਸਮਰਥਾ ਪ੍ਰਗਟ ਕਰਦੇ ਹਨ, ਕੁਝ ਇਸੇ ਤਰ੍ਹਾਂ ਹੀ ਸਾਹਿਬਾਂ ਵਲੋਂ '੧ਓ' ਬਾਰੇ ਕਥਿਆ ਬਿਆਨ ਅਥਵਾ ਬਾਣੀ ਵੀ ਸਾਡੇ ਲਈ ਅਕੱਥ ਹੈ, ਅਗਾਧ-ਬੋਧ ਹੈ। ਗੁਰਬਾਣੀ ਦੀ ਇਕ ਇਕ ਤੁਕ ਵਿਚ ਬਿਆਨੀ ਸਚਾਈ ਤੇ ਅੰਕਿਤ ਗਿਆਨ ਦੇ ਤਿਲ ਮਾਤ੍ਰ ਵਿਸ਼ੇਸ਼ਣ ਤੇ ਵਿਆਖਿਆ ਲਈ ਮਹਾਨ ਭਾਸ਼ਕਾਰੀਆਂ ਅਤੇ ਸੈਂਕੜੇ, ਹਜ਼ਾਰਾਂ ਪੰਨਿਆਂ ਤੇ ਵਰ੍ਹਿਆਂ-ਬੱਧੀ ਘਾਲਣਾ ਦੀ ਲੋੜ ਹੈ; ਫੇਰ ਭੀ ਇਹ ਦਾਅਵਾ ਕਰਨਾ, ਕਿ ਕਿਸੇ ਵਲੋਂ ਕੀਤੀ ਵਿਆਖਿਆ ਸੰਪੂਰਨ ਹੈ, ਇਕ ਹਉਮੈ-ਭਰਪੂਰ-ਢੀਠਤਾ ਤੁਲ ਹੋਵੇਗਾ। ਸਤਿਗੁਰਾਂ ਵਲੋਂ †'ਕਹੇ ਕਹਿਣ' ਨੂੰ ਵੀ ਪੂਰਨ ਤੌਰ ਉਤੇ ਓਹੀ ਜਾਣ ਸਕਦਾ ਹੈ, ਜੋ ਉਹਨਾਂ ਜਿਨਾ ਹੀ ਉਚਾ ਹੋਵੇ, ਕਥਨ ਹੈ :

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ (ਜਪੁਜੀ)

ਕੁਝ ਸਮੇਂ ਤੋਂ,ਰੀਸੋ ਰੀਸ, ਇਹ ਰਿਵਾਜ ਚਲ ਪਿਆ ਹੈ ਕਿ ਗੁਰਬਾਣੀ ਦਾ ਕਵਿਤਾ ਵਿਚ ਅਨੁਵਾਦ ਕੀਤਾ ਜਾਵੇ। ਜਿਹੜਾ ਵੀ ਮਾੜੀ-ਮੋਟੀ ਤੁਕ-ਬੰਦੀ ਕਰਨਾ ਸਿਖ ਜਾਂਦਾ ਹੈ, ਉਹ ਸਭ ਤੋਂ ਪਹਿਲਾਂ ਸ੍ਰੀ ਜਪੁਜੀ ਜਿਹੀ ਗੋਹੜ ਤੇ ਚਿੰਤਆਤਮਕ ਬਾਣੀ ਦਾ ਕਵਿਤਾ ਵਿਚ ਤਰਜਮਾ ਕਰਨਾ ਆਰੰਭ ਦਿੰਦਾ ਹੈ। ਭਲਾ, ਗੋਬਿੰਦ ਰੂਪ ਸਤਿਗੁਰਾਂ ਵਲੋਂ ਅਤਿ ਸੰਖਿਪਤ ਢੰਗ ਤੇ ਸੰਜਮੀ ਬੋਲੀ ਵਿਚ ਬਿਆਨੇ ਇਸ ਤੱਤ-ਗਿਆਨ ਦੇ ਸ਼ਾਹਕਾਰ ਨੂੰ ਸਾਧਾਰਨ ਬੁਧਿ-ਬਲ ਵਾਲੇ ਮਾਯਾ-ਗ੍ਰਸਤ ਇਨਸਾਨਾਂ ਵਿਚ ਇਹ ਸਮਰਥਾ ਕਿਥੇ ਕਿ ਗੁਰਬਾਣੀ ਨੂੰ ਛੰਦਾ-ਬੰਦੀ ਦੀ ਬੰਦਸ਼ ਵਿਚ ਬੰਨ੍ਹ ਕੇ ਉਸ ਦੇ ਅਰਥ-ਭਾਵਾਂ ਨਾਲ ਨਿਆਂ ਕਰ ਸਕਣ।

ਇਹ ਰੁਝਾਨ ਇਥੋਂ ਤਕ ਵਧ ਗਿਆ ਹੈ ਕਿ ਹੁਣ 'ਜਪੁਜੀ' ਦੇ

---

†ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ (ਮ: ੧, ਪੰਨਾ ੫੬੬)

ਅਨੁਵਾਦ ਨਾਲ 'ਜਾਪੁ ਸਾਹਿਬ' ਆਦਿ ਬਾਣੀਆਂ ਦਾ ਕਾਵਿਕ ਅਨੁਵਾਦ ਹੋਣਾ ਵੀ ਸ਼ੁਰੂ ਹੋ ਗਿਆ ਹੈ। ਜੇ ਇਹ ਰੀਤ, ਬਿਨਾ ਵਿਚਾਰੇ, ਏਸੇ ਤਰ੍ਹਾਂ ਜਾਰੀ ਰਹੀ ਤਾਂ ਉਹ ਦਿਨ ਦੂਰ ਨਹੀਂ, ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਹੀ ਕੱਚ-ਘਰੜ ਕਾਵਿਕ-ਅਨੁਵਾਦ ਵੇਖਣ ਵਿਚ ਆਵੇ, ਅਤੇ ਲੋਕੀਂ 'ਆਮਦ' ਉਤੇ ਆਈ ਅੰਮ੍ਰਿਤ-ਮਈ 'ਧੁਰ ਕੀ ਬਾਣੀ' ਨੂੰ ਛੱਡਕੇ ਉਸਦਾ ਕਵਿਤਾ-ਰੂਪ ਪੜ੍ਹ ਕੇ ਹੀ ਕੰਮ ਸਾਰਨ ਤੇ ਇਸਨੂੰ ਹੀ ਪੁੰਨ ਕਰਮ ਸਮਝਣ ਲਗ ਪੈਣ।

ਹੋਰ ਵਿਚਾਰੋ : ਗੁਰਬਾਣੀ ਦਾ ਕਵਿਤਾ ਵਿਚ ਅਨੁਵਾਦ ਕਰਨ ਵਾਲੇ ਸੱਜਣ ਪਉੜੀ ਸ਼ਬਦ ਦੇ ਅੰਤ ਵਿਚ 'ਨਾਨਕ' ਪਦ ਅਥਵਾ 'ਨਾਨਕ ਛਾਪ' ਦੀ ਵਰਤੋਂ ਕਰਦੇ ਹਨ, ਕੀ ਇਹ ਉਚਿਤ ਹੈ ? ਭਲਾ ਜੇ ਕਿਤੇ ਕਲ ਕੋਈ ਮੂਲ ਬਾਣੀ ਤੋਂ ਬਿਨਾ ਕੇਵਲ ਇਸ ਦਾ ਅਨੁਵਾਦ ਹੀ ਛਾਪ ਦੇਣ ਦੀ ਭੁੱਲ ਕਰੇ ਤਾਂ ਕੀ ਉਸ ਵਲੋਂ ਕੀਤੇ ਅਨੁਵਾਦ ਨੂੰ ਹੀ 'ਨਾਨਕ ਬਾਣੀ' ਅਥਵਾ ਗੁਰਬਾਣੀ ਨਹੀਂ ਸਮਝ ਲਿਆ ਜਾਵੇਗਾ ? ਕੀ ਅਨੁਵਾਦ ਕਰਨ ਵਾਲੇ ਕਵੀ ਸੱਜਣਾਂ ਨੂੰ 'ਨਾਨਕ' ਮੁਹਰ-ਛਾਪ ਵਰਤਣ ਦਾ ਹੱਕ ਹੈ ? ਕਿਹਾ ਹੀ ਚੰਗਾ ਹੋਵੇ ਜੇ ਇਹ ਕਵੀ-ਜਨ ਆਪਣਾ ਸਾਰਾ ਤਾਣ ਤੇ ਵਿਦਵਤਾ ਸ਼ੰਕਰਾਚਾਰੀਆ ਦੇ ਵੇਦਾਂ ਦਾ ਭਾਸ਼ਯ ਕਰਨ ਵਾਂਗ ਗੁਰਬਾਣੀ ਦੀ ਲੰਮੀ ਚੌੜੀ ਵਿਆਖਿਆ ਅਥਵਾ ਭਾਸ਼ਯ ਕਰਨ ਵਿਚ ਲਾਉਣ। ਇਸ ਤਰ੍ਹਾਂ ਨਾਲ ਗੁਰੂ ਦੀ ਗੱਲ ਸਪੱਸ਼ਟ ਹੋ ਕੇ, ਤੇ ਵਧੇਰੇ ਸਮਝੀ ਜਾ ਕੇ, ਧੁਰ ਅੰਦਰ ਵੱਸੇਗੀ। ਕਲਿਆਣ-ਕਾਰੀ ਹੋਵੇਗੀ।

ਹੈਰਾਨੀ ਵਾਲੀ ਗੱਲ ਹੈ ਕਿ ਬੜੇ ਬੜੇ ਸੂਝਵਾਨ ਤੇ ਹੰਢੇ-ਵਰਤੇ ਪੱਤਰਕਾਰ ਵੀ ਵੇਖੋ-ਵੇਖੀ ਅਜੇਹੇ ਤਰਜਮਿਆਂ ਨੂੰ ਆਪਣੇ ਸਪਤਾਹਿਕ ਤੇ ਮਾਸਿਕ ਪੱਤਰਾਂ ਵਿਚ ਛਾਪੀ ਜਾ ਰਹੇ ਹਨ। ਕੀ ਇਸ ਦਾ ਕਾਰਣ ਛਪਣ ਯੋਗ ਮੈਟਰ ਦੀ ਘਾਟ ਸਮਝਿਆ ਜਾਵੇ ਜਾਂ ਪਰਚੇ ਦੀ ਦੱਖ ਵਿਚ ਵਾਧਾ ਕਰਨ ਦਾ ਖਿਆਲ ?

ਆਸ ਹੈ ਕਿ ਏਸ ਬੇਨਤੀ ਨੂੰ ਸਭ ਸੰਬੰਧਤਾਂ ਵਲੋਂ ਠੰਢੇ ਦਿਲ ਨਾਲ ਵਿਚਾਰਨ ਦੀ ਕ੍ਰਿਪਾਲਤਾ ਕੀਤੀ ਜਾਵੇਗੀ, ਅਤੇ ਜੇ ਜਚੇ ਤਾਂ ਅਮਲਾਉਣ ਦੀ ਵੀ।

ਭੱਟਾਂ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਸਾਰ ਦੇ ਵਡੇ ਵਡੇ ਧਰਮ-ਗ੍ਰੰਥਾਂ ਵਿਚੋਂ, ਕਈਆਂ ਪੱਖਾਂ ਤੋਂ, ਵਿਲੱਖਣ, ਸ਼੍ਰੋਮਣੀ ਤੇ ਅਦੁੱਤੀ ਹਨ। ਇਸ ਦੀ ਸਭ ਤੋਂ ਵੱਡੀ ਵਿਲੱਖਣਤਾ ਤੇ ਵਡਿਆਈ ਤਾਂ ਇਹ ਹੈ ਕਿ ਇਸ ਵਿਚ ਨਾ ਕੇਵਲ ਸਿੱਖ ਸਤਿਗੁਰਾਂ ਦੀ ਹੀ ਧੁਰੋਂ ਆਈ ਪਵਿੱਤਰ ਬਾਣੀ ਅੰਕਿਤ ਹੈ, ਸਗੋਂ ਦੇਸ਼ ਭਰ ਦੇ, ਪੰਜਾਂ ਸਦੀਆਂ ਵਿਚ ਵਿਚਰੇ, ਵਖ ਵਖ, ਅਖੌਤੀ ਊਚ ਤੇ ਨੀਚ ਜਾਤੀਆਂ ਅਤੇ ਮੱਤਾਂ ਦੇ, ਤੀਹਾਂ ਮਹਾਨ ਪੁਰਸ਼ਾਂ ਦੇ ਪਵਿੱਤਰ ਵਿਚਾਰ ਵੀ ਕਲਮ-ਬੰਦ ਹਨ। ਬੰਗਾਲ ਦੇ ਭਗਤ ਜੈ ਦੇਵ ਜੀ ਦਾ ਜਨਮ ੧੧੭੦ ਈ: ਵਿਚ ਹੋਇਆ, ਸ਼ੇਖ ਫ਼ਰੀਦ ਜੀ ਦਾ ੧੧੭੩ ਵਿਚ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਕਲਜੁਗ ਵਿਚ ਵਰਤਿਆ 'ਵੱਡਾ ਸਾਕਾ' ੧੬੭੫ ਸੰਨ ਈ: ਵਿਚ ਵਾਪਰਿਆ। ਇਸ ਤਰ੍ਹਾਂ ਇਹ ਪੰਜਾਂ ਸਦੀਆਂ ਦਾ ਉੱਤਮ ਗਿਆਨ-ਭੰਡਾਰ ਵੀ ਹੈ ਅਤੇ ਭਾਵਕ ਏਕਤਾ (Emotional Integration) ਅਤੇ ਸਹਿਵਾਸ (Co-existence) ਦਾ, ਜਿਨ੍ਹਾਂ ਦੀ ਮਨੁੱਖ ਜਾਤੀ ਨੂੰ ਜਿਉਂਦੇ ਰਹਿਣ ਲਈ ਅੱਜ ਡਾਢੀ ਲੋੜ ਹੈ, ਅਤੇ ਅਗੋਂ ਸਦਾ ਰਹੇਗੀ, ਇਕ ਬੇਹਤਰੀਨ ਨਮੂਨਾ ਤੇ ਮਖਜ਼ਨ (ਭੰਡਾਰ) ਵੀ।

ਦੂਜੀ ਵੱਡੀ ਵਿਸ਼ੇਸ਼ਤਾ ਇਸ ਵਿਚ ਇਹ ਹੈ ਕਿ ਅਨਮੋਲ ਬਚਨਾਂ ਦਾ ਇਹ ਅਦੁੱਤੀ ਸੰਗ੍ਰਹਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਜੋ ਗੁਰੂ ਪੀਰੀਅਡ ਦੇ ਮੱਧ ਕਾਲ ਵਿਚ ਵਿਚਰੇ, ਆਪਣੀ ਦੇਖ ਰੇਖ ਵਿਚ, ਭਾਈ ਗੁਰਦਾਸ ਜੀ ਜੇਹੇ ਵਿਦਵਾਨ ਪਾਸੋਂ, ਸੰਕਲਨ ਕਰਵਾਇਆ, ਜਦ ਕਿ ਸੰਸਾਰ ਦੇ ਹੋਰ ਵਡੇ ਧਰਮਾਂ ਦੇ ਗ੍ਰੰਥ ਉਹਨਾਂ ਦੇ ਸੰਚਾਲਕਾਂ ਤੋਂ ਢੇਰ ਚਿਰ ਪਿਛੋਂ, ਉਹਨਾਂ ਦੇ ਪੈਰੋਕਾਰਾਂ ਨੇ ਲਿਖਤ ਵਿਚ ਲਿਆਂਦੇ। ਇਸ ਦਾ ਇਹ ਵਾਧਾ ਇਸ ਦੀ

ਪ੍ਰਮਾਣੀਕਤਾ ਦਾ ਵੀ ਜ਼ਾਮਨ ਹੈ।—

ਭੱਟ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤਿਗੁਰਾਂ ਦੀ ਆਪਣੀ ਧੁਰ ਕੀ ਅੰਮ੍ਰਿਤ ਬਾਣੀ ਤੋਂ ਛੁੱਟ, ਜਿਥੇ ਦੇਸ਼ ਭਰ ਦੇ ਡੇਢ ਕੁ ਦਰਜਨ ਮਹਾਨ ਭਗਤਾਂ ਤੇ ਸੂਫੀਆਂ ਦੀ ਸੰਤ-ਬਾਣੀ ਦਰਜ ਹੈ, ਓਥੇ ਭੱਟਾਂ ਵਲੋਂ ਉਚਰੇ ਗਏ ਸਵੱਯਾਂ ਦਾ ਵੀ ਖਾਸ ਅਸਥਾਨ ਹੈ। ਇਹ ਬਾਣੀ ਇਤਿਹਾਸਿਕ ਤੇ ਸਿਧਾਂਤਕ ਪੱਖੋਂ, ਸਤਿਗੁਰੂਆਂ ਦੀਆਂ ਅਤਿ ਉਚੀਆਂ ਤੇ ਦੈਵੀ ਸ਼ਖਸੀਅਤਾਂ ਨੂੰ ਚਿਤ੍ਰਨ ਵਾਲੀ ਹੋਣ ਕਰ ਕੇ, ਵਿਸ਼ੇਸ ਅਸਥਾਨ ਤੇ ਅਧਿਐਨ ਦੀ ਹੱਕਦਾਰ ਹੈ।

ਭੱਟ ਕੌਣ ਤੇ ਕਿਤਨੇ ਸਨ ? ਉਹ ਕਿਥੋਂ,ਇਕੱਠੇ ਜਾਂ ਵੱਖ ਵੱਖ,ਕਿਹੜੇ ਇਕ ਜਾਂ ਦੂਜੇ ਗੁਰੂ ਵਿਅਕਤੀ ਦੇ ਹਜ਼ੂਰ ਆਏ ? ਇਹ ਪ੍ਰਸ਼ਨ, ਕੁਝ ਸਮਾਂ, ਕਾਫੀ ਮਤ-ਭੇਦ ਦਾ ਵਿਸ਼ਾ ਬਣੇ ਰਹੇ। ਪਰੰਤੂ, ਵਿਗਿਆਨਕ, ਵਿਆਕਰਣਕ ਤੇ ਵਿਚਾਰ ਦੀ ਪੱਧਰ ਉਤੇ ਕੀਤੀ ਵਰਤਮਾਨ ਖੋਜ ਦੇ ਆਧਾਰ ਉਤੇ, ਉਪ੍ਰੋਕਤ ਪ੍ਰਸ਼ਨਾਂ ਦਾ ਤਸੱਲੀ-ਬਖਸ਼ ਉੱਤਰ, ਸੰਖੇਪ ਤੌਰ ਉਤੇ, ਕੁਝ ਇਉਂ ਦਿਤਾ ਜਾ ਸਕਦਾ ਹੈ।

ਗਿਆਨੀ ਗੁਰਦਿੱਤ ਸਿੰਘ ਜੀ ਦੀ ਖੋਜ ਹੈ ਕਿ "ਭਾਈ ਸੰਤ ਸਿੰਘ ਭੱਟ, ਪਿੰਡ ਕਿਰਸਿੰਘੂ, ਤਹਿਸੀਲ ਜੀਂਦ (ਹਰਿਆਣਾ) ਦੀ ਵਹੀ ਮੁਤਾਬਿਕ, ਇਹ ਭੱਟ, ਜਾਤੀ ਦੇ ਸਾਰਸੂਤ ਬ੍ਰਾਹਮਣ ਸਨ। ਅੱਜ ਵੀ ਸੁਲਤਾਨਪੁਰ, ਬਾਦਸ, ਪਰਗਣਾ ਲਾਡਵਾ, ਜ਼ਿਲ੍ਹਾ ਕਰਨਾਲ ਤੇ ਤਲੌਢਾ, ਪਰਗਣਾ ਜੀਂਦ ਵਿਚ ਸਰਸਵਤੀ ਨਦੀ ਦੇ ਕੰਢੇ ਕਈਆਂ ਪਿੰਡਾਂ ਵਿਚ ਇਹਨਾਂ ਦੀ ਵਸੋਂ ਹੈ। ਇਹਨਾਂ ਵਿਚੋਂ ਹੀ ਇਹ ਅਗੇ ਉਤਰ ਤੇ ਮੱਧ-ਪ੍ਰਦੇਸਾਂ ਵਿਚ ਖਿੱਲਰ ਗਏ।"

"ਇਹਨਾਂ ਦਾ ਵੱਡਾ ਵਡੇਰਾ ਭੱਟ ਭਗੀਰਥ ਸੀ। ਇਸ ਦੇ ਪੁੱਤਰ ਸਨ—ਭਿਖਾ, ਸੋਖਾ, ਤੋਖਾ, ਗੋਖਾ, ਚੋਖਾ ਤੇ ਟੋਡਾ। ਮਥਰਾ, ਜਾਲਪ ਤੇ ਕੀਰਤ ਤਿੰਨੇ ਭਿੱਖੇ ਦੇ, ਤੇ ਭੱਟ ਸਲ੍ਹ ਤੇ ਬਲ੍ਹ ਤੋਖੇ ਦੇ ਪੁੱਤਰ ਸਨ। ਭੱਟ ਹਰਬੰਸ ਗੋਖੇ ਦੀ, ਭੱਟ ਕਲਸਹਾਰ ਤੇ ਭੱਟ ਗਯੰਦ ਚੋਖੇ ਦੀ ਔਲਾਦ ਸਨ।"*

ਭੱਟਾਂ ਦੀ ਗਿਣਤੀ ਉਹਨਾਂ ਵਲੋਂ ਉਚਾਰੇ ਗਏ ਸਵੱਯਾਂ ਤੇ ਛੰਦਾਂ ਦੇ ਅੰਤ ਵਿਚ ਦਿਤੇ ਗਏ ਅੰਕਾਂ (ਜੁਮਲਿਆਂ) ਅਨੁਸਾਰ "ਗਿਆਰਾਂ ਬਣਦੀ"

ਹੈ ; ਪੁਰਾਣੇ ਚਲੇ ਆ ਰਹੇ ਵਿਚਾਰਾਂ ਅਨੁਸਾਰ ੧੦, ੧੩, ੧੭ ਜਾਂ ੧੯ ਨਹੀਂ। ਜੋ ਵੱਖ ਵੱਖ ਗਿਣਤੀ ਵਿਚ ਦਿਤੇ ਸਾਂਝੇ ਨਾਵਾਂ ਨੂੰ ਇਕ ਥਾਂ ਕਰ ਲਈਏ ਤਾਂ ਇਹ ਗਿਣਤੀ ੨੨ ਹੋ ਜਾਂਦੀ ਹੈ, ਜੋ ਕਿਸੇ ਤਰ੍ਹਾਂ ਵੀ ਦਰੁੱਸਤ ਨਹੀਂ। ਹਾਂ ਗਿਆਰਾਂ ਦੇ ਨਾਮ ਇਸ ਪ੍ਰਕਾਰ ਹਨ :—

੧. ਕਲਸਹਾਰ ('ਕਲ ਜਾਂ *ਟਲ)

*ਕਈਆਂ ਪ੍ਰਾਚੀਨ ਲਿਖਤੀ ਬੀੜਾਂ ਵਿਚ

"ਸੁ ਕਹੁ ਟਲ ਗੁਰ ਸੇਵੀਐ" ॥ ਦੀ ਥਾਂ

"ਸੁ ਕਹੁ 'ਕਲ' ਗੁਰ ਸੇਵੀਐ" ॥ ਅੰਕਿਤ ਮਿਲਦਾ ਹੈ।

੨. ਜਾਲਪ (ਜਲ੍ਯ), ੩. ਕੀਰਤ, ੪. ਭਿੱਖਾ, ੫. ਸਲ੍ਯ, ੬. ਭਲ੍ਯ, ੭. ਨਲ੍ਯ, ੮. ਗਯੰਦ, ੯. ਮਥੁਰਾ, ੧੦. ਬਲ੍ਯ, ੧੧. ਹਰਬੰਸ।

ਉਪਰੋਕਤ ਸਾਰੇ ਭੱਟ ; ਕਲਸਹਾਰ ਭੱਟ ਦੀ ਜਥੇਦਾਰੀ ਹੇਠ ਇਕੱਠੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ, ਸ੍ਰੀ ਗੋਇੰਦਵਾਲ ਸਾਹਿਬ ਉਸ ਸਮੇਂ ਹਾਜ਼ਰ ਹੋਏ, ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ੍ਰੀ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਇਆਂ ਅਜੇ ਥੋੜੇ ਹੀ ਦਿਨ ਹੋਏ ਸਨ। ਭੱਟਾਂ ਨੇ ਆਪਣੀ ਬਾਣੀ ਵਿਚ ਕਿਤੇ ਵੀ ਕਰਤਾਰਪੁਰ ਸਾਹਿਬ, ਖਡੂਰ ਸਾਹਿਬ ਜਾਂ ਸ੍ਰੀ ਅੰਮ੍ਰਿਤਸਰ ਦਾ ਜ਼ਿਕਰ ਨਹੀਂ ਕੀਤਾ, ਜਦ ਕਿ ਭੱਟ ਨਲ੍ਯ ਨੇ ਸਾਫ ਤੌਰ ਤੇ ਗੋਇੰਦਵਾਲ ਦਾ ਜ਼ਿਕਰ ਇਹਨਾਂ ਸ਼ਬਦਾਂ ਵਿਚ, ਸਪੱਸ਼ਟ ਤੌਰ ਉਤੇ ਕੀਤਾ ਹੈ :—

ਗੋਬਿੰਦਵਾਲੁ ਗੋਬਿੰਦ ਪੁਰੀ ਸਮ,
ਜਲ੍ਯਨ ਤੀਰਿ ਬਿਪਾਸ ਬਨਾਯਉ ॥

(ਅਰਥ—(ਸ੍ਰੀ ਗੁਰੂ ਅਮਰਦਾਸ ਜੀ ਨੇ) ਬੈਕੁੰਠ ਵਰਗਾ ਗੋਇੰਦਵਾਲ ਬਿਆਸਾ ਦੇ ਪਾਣੀ-ਕੰਢੇ ਉਤੇ ਬਣਾ ਦਿੱਤਾ ਹੈ।)

ਭੱਟਾਂ ਦਾ ਸਤਿਗੁਰੂਆਂ ਦੀ ਉਸਤਤਿ ਕਰਨ ਦਾ ਤਰੀਕਾ ਇਉਂ ਹੈ, ਜਿਵੇਂ ਕਿ ਉਹ ਸੰਬੰਧਤ ਗੁਰੂ ਵਿਅਕਤੀ ਦੀ ਸਰੀਰਕ ਹਜ਼ੂਰੀ ਵਿਚ ਸਨਮੁਖ

ਖਲੋਤੇ, ਉਹਨਾਂ ਦੀ ਵਡਿਆਈ ਕਰ ਰਹੇ ਹੋਣ। ਇਸ ਤੋਂ ਸਾਧਾਰਣ ਪਾਠਕ ਨੂੰ ਇਹ ਭੁਲੇਖਾ ਪੈਣ ਦੀ ਸੰਭਾਵਨਾ ਹੋ ਸਕਦੀ ਹੈ ਕਿ ਅਮਕਾ ਅਮਕਾ ਭੱਟ, ਅਮਕੇ ਅਮਕੇ ਜਾਂ ਵੱਖ ਵੱਖ ਗੁਰੂ ਜੀ ਦੇ ਦਰਬਾਰ ਵਿਚ ਹੀ ਹਾਜ਼ਰ ਹੋ ਕੇ ਮਹਿਮਾ ਕਰ ਰਿਹਾ ਹੈ।

ਪਰੰਤੂ, ਅਸੀਂ ਵੇਖਦੇ ਹਾਂ ਕਿ ਭੱਟ ਕਲਸਹਾਰ ਪੰਜਾਂ ਹੀ ਸਤਿਗੁਰੂਆਂ ਦੀ ਵਡਿਆਈ ਇਉਂ ਕਰਦਾ ਹੈ, ਜਿਵੇਂ ਕਿ ਉਹ ਉਹਨਾਂ ਦੇ ਸਨਮੁਖ ਖਲੋਤਾ ਸਤਿਗੁਰਾਂ ਨੂੰ ਸੰਬੋਧਨ ਕਰ ਰਿਹਾ ਹੋਵੇ ; ਹਾਲਾਂਕਿ, ਇਹ ਸੰਭਵ ਨਹੀਂ ਕਿ ਭੱਟ ਕਲਸਹਾਰ ਪੰਜਾਂ ਹੀ ਸਤਿਗੁਰੂਆਂ ਦੇ ਦਰਬਾਰ ਵਿਚ ਹਾਜ਼ਰ ਹੋਇਆ ਹੋਵੇ। ਸਿੱਧੀ ਜਿਹੀ ਗੱਲ ਹੈ ਕਿ ਪੰਜਵੇਂ ਸਤਿਗੁਰੂ ਜੀ ਦੇ ਦਰਬਾਰ ਵਿਚ ਆਇਆ ਇਹ ਭੱਟ, ਸ੍ਰੀ ਗੁਰੂ ਨਾਨਕ ਦੇਵ ਜੀ ਅਥਵਾ ਦੂਜੇ ਤੀਜੇ ਤੇ ਚੌਥੇ ਸਤਿਗੁਰੂਆਂ ਦੀ ਵਡਿਆਈ ਤਾਂ ਕਰ ਸਕਦਾ ਹੈ ; ਪ੍ਰੰਤੂ, ਪਹਿਲੀ ਪਾਤਸ਼ਾਹੀ ਦੇ ਹਜ਼ੂਰ ਹਾਜ਼ਰ ਹੋ ਕੇ ਦੂਜੇ ਤੇ ਤੀਜੇ ਸਤਿਗੁਰਾਂ ਦੀ ਨਹੀਂ।

ਵੇਖੋ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦਾ ਹੋਇਆ ਭੱਟ ਕਲਸਹਾਰ ਦੂਜੇ ਤੇ ਤੀਜੇ ਸਤਿਗੁਰਾਂ ਦੀ ਮਹਿਮਾ ਵੀ, ਨਾਲ ਹੀ ਇਉਂ ਕਰਦਾ ਹੈ :—

ਸਤਿਜੁਗਿ ਤੈਂ ਮਾਣਿਓ, ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕੁ, ਗੁਰੁ ਅੰਗਦੁ, ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ ॥

ਹੋਰ ਵੇਖੋ, ਭੱਟ ਹਰਿਬੰਸ ਮਹਲੇ ਪੰਜਵੇਂ ਦੇ ਸਵੱਯਾਂ ਵਿਚ ਕਹਿੰਦਾ ਹੈ ਕਿ ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਸਰੀਰਕ ਤੌਰ ਉਤੇ ਤਾਂ ਜੋਤੀ ਜੋਤ ਸਮਾ ਗਏ ਹਨ, ਪਰ ਉਹਨਾਂ ਦਾ ਜੱਸ ਸੰਸਾਰ ਵਿਚ ਸਮਾਨ ਪਸਰ ਰਿਹਾ ਹੈ। ਇਸ ਲਈ ਕੌਣ ਕਹਿ ਸਕਦਾ ਹੈ ਕਿ ਉਹ ਹੁਣ ਸਾਥੋਂ ਸਦੀਵੀ ਤੌਰ ਉਤੇ

ਵਿਛੜ ਗਏ ਹਨ :—

ਮਿਲਿ ਨਾਨਕ, ਅੰਗਦ, ਅਮਰ ਗੁਰ,
ਗੁਰੂ ਰਾਮਦਾਸ ਹਰਿ ਪਹਿ ਗਯਊ,
ਹਰਿਬੰਸ, ਜਗਤਿ ਜਸੁ ਸੰਚਰ੍ਯਉ,
ਸੁ ਕਵਣੁ ਕਹੈ, ਸ੍ਰੀ ਗੁਰੁ ਮੁਯਉ ? ॥

ਭੱਟਾਂ ਨੇ ਆਪਣੀ ਇਹ ਬਾਣੀ ਕੇਵਲ ਉਚਾਰੀ ਹੈ, ਲਿਖੀ ਨਹੀਂ। ਇਸ ਨੂੰ ਪਾਵਨ ਆਦਿ ਬੀੜ ਵਿਚ ਚੜ੍ਹਾਉਣ ਦਾ ਕੰਮ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ, ਕਰਵਾਇਆ। ਏਸੇ ਲਈ ਭੱਟ ਬਾਣੀ ਦੀ ਲਿਖਤ ਦੇ ਵੀ ਉਹੀ ਵਿਯਾਕਰਣਿਕ ਨੇਮ ਹਨ, ਜੋ ਸਤਿਗੁਰਾਂ ਦੀ ਆਪਣੀ ਬਾਣੀ ਦੇ।

ਭੱਟ ਹਰਿਬੰਸ ਦੇ ਉਪ੍ਰੋਕਤ ਸਵੱਯੇ ਵਿਚ ਹੀ ਵੇਖੋ : ਜਦ 'ਗੁਰ' ਪਦ ਪਹਿਲੇ ਤਿੰਨਾ ਵਿਅਕਤੀਆਂ ਨਾਲ ਸੰਬੰਧਤ ਅਥਵਾ ਵਿਸ਼ੇਸ਼ਣ ਹੋ ਕੇ ਆਇਆ ਹੈ, ਤਾਂ ਓਥੇ ਇਹ ਬਹੁਵਚਨ ਹੈ, ਅਤੇ ਇਸ ਦਾ 'ਰ' ਔਂਕੜ-ਰਹਿਤ ਹੈ, ਪਰੰਤੂ, ਤੁਰੰਤ ਬਾਅਦ ਜਦ 'ਗੁਰੁ' ਪਦ ਸ੍ਰੀ ਗੁਰੂ ਰਾਮਦਾਸ ਜੀ ਇਕੱਲਿਆਂ ਨਾਲ ਵਰਤਿਆ ਗਿਆ ਹੈ ਤਾਂ ਇਹ ਇਕ ਵਚਨ ਹੈ ਅਤੇ ਪਾਵਨ ਆਦਿ ਬੀੜ ਦੀ ਲਿਖਣ ਸ਼ੈਲੀ ਅਥਵਾ ਵਿਯਾਕਰਣਿਕ ਨੇਮਾਂ ਅਨੁਸਾਰ ਇਸ ਦੇ 'ਰ' ਨੂੰ ਔਂਕੜ ਲਾਇਆ ਗਿਆ ਹੈ।

ਭੱਟਾਂ ਦੀ ਬਾਣੀ ਸੰਬੰਧੀ ਇਹ ਇਤਰਾਜ਼ ਕੀਤਾ ਜਾਂਦਾ ਹੈ ਕਿ ਭੱਟਾਂ ਨੇ ਸ੍ਰੀ ਗੁਰੂ ਨਾਨਕ ਆਦਿ ਸਤਿਗੁਰੂਆਂ ਲਈ ਨਾਰਾਇਣ ਤੇ ਹਰੀ ਆਦਿ ਪੱਦ ਵਰਤੇ ਹਨ, ਜਿਵੇਂ :—

ਜੋਤਿ ਰੂਪਿ ਹਰਿ ਆਪ, ਗੁਰੂ ਨਾਨਕ ਕਹਾਇਓ ॥

ਤਥਾ—ਭਨਿ ਮਥੁਰਾ, ਕਛੁ ਭੇਦੁ ਨਹੀਂ, ਗੁਰੁ ਅਰਜਨੁ ਪ੍ਰਤਖੁ ਹਰਿ ॥

ਪ੍ਰੰਤੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਨੂੰ ਗਹੁ ਨਾਲ ਵਿਚਾਰਿਆਂ, ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਓਥੇ ਸਤਿਗੁਰਾਂ ਨੂੰ ਅਕਾਲ ਪੁਰਖ ਤਾਂ ਨਹੀਂ, ਪ੍ਰੰਤੂ, ਉਸ ਦਾ ਰੂਪ ਕਰਕੇ ਮੰਨਿਆ ਗਿਆ ਹੈ। ਕੁਝ ਉਦਾਹਰਣ ਪੇਸ਼ ਹਨ :—

(ੳ) ਨਾਨਕ ਸੋਧੇ ਸਿਮ੍ਰਿਤਿ ਬੇਦ ॥
ਪਾਰਬ੍ਰਹਮ, ਗੁਰ, ਨਾਹੀ ਭੇਦ ॥ (ਭੈਰੋ ਮ: ੫, ਪੰਨਾ ੧੧੪੨)

(ਅ) ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ, ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ ॥
(ਸੂਹੀ ਮ: ੫, ਪੰਨਾ ੭੫੦)

(ੲ) ਗੁਰੁ ਸੁਖਦਾਤਾ, ਗੁਰੁ ਕਰਤਾਰੁ ॥
ਜੀਅ ਪ੍ਰਾਣ, ਨਾਨਕ, ਗੁਰੁ ਆਧਾਰੁ ॥ (ਗਉੜੀ ਮ: ੫, ਪੰਨਾ ੧੯੭)

(ਸ) ਰਵਿਦਾਸੁ ਧਿਆਏ ਪ੍ਰਭ ਅਨੂਪ ॥
ਗੁਰ ਨਾਨਕ ਦੇਵ, ਗੋਬਿੰਦ ਰੂਪ ॥ (ਪੰਨਾ ੧੧੯੨)

ਭੱਟਾਂ ਦੇ ਸਵੱਯੀਆਂ ਤੋਂ ਪਹਿਲਾਂ ੨੦ ਸਵੱਯੇ 'ਸ੍ਰੀ ਮੁਖਬਾਕ੍ ਮਹਲਾ ੫' ਦੇ ਸਿਰਲੇਖ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਉਚਾਰੇ ਗਏ ਹਨ, ਇਹਨਾਂ ਵਿਚ ਅਕਾਲ ਪੁਰਖ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਕੀਤੀ ਗਈ ਹੈ। ਪਰੰਤੂ ; ਭੱਟਾਂ ਨੇ ਪੰਜਵੇਂ ਸਤਿਗੁਰੂ ਦੀ ਮਹਿਮਾ ਵਿਚ ਬਾਣੀ ਉਚਾਰੀ ਹੈ ਤਾਂ ਦੋਹਾਂ ਵਿਚ ਅੰਤਰ ਦੱਸਣ ਹਿਤ ਸਿਰਲੇਖ "ਸਵਈਏ ਮਹਲੇ ਪੰਜਵੇਂ ਕੇ ੫" ਦਿੱਤਾ ਗਿਆ ਹੈ।

ਭੱਟਾਂ ਦੀ ਬਾਣੀ ਦੀ ਗਿਣਤੀ ਅਤੇ ਜਿਸ ਗੁਰੂ ਸਾਹਿਬ ਅਥਵਾ ਸਾਹਿਬਾਨ ਦੀ ਉਸਤਤਿ ਉਹਨਾਂ ਕੀਤੀ, ਉਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :—

੧. ਭੱਟ ਕਲਸਹਾਰ—ਪੰਜਾਂ ਸਤਿਗੁਰਾਂ ਦੀ ਉਸਤਤਿ ਵਿਚ			੫੪	ਸਵੱਯੇ
੨. ,, ਜਾਲਪ—ਕੇਵਲ ਤੀਜੇ ਸਤਿਗੁਰਾਂ ਦੀ ਉਸਤਤਿ ਵਿਚ			੫	,,
੩. ,, ਕੀਰਤ—ਤੀਜੇ ਤੇ ਚੌਥੇ	,,	,,	੮	,,
੪. ,, ਭਿੱਖਾ—ਤੀਜੇ	,,	,,	੨	,,
੫. ,, ਸਲ੍ਹ—ਤੀਜੇ ਤੇ ਚੌਥੇ	,,	,,	੩	,,
੬. ,, ਭਲ੍ਹ—ਤੀਜੇ	,,	,,	੧	ਸਵੱਯਾ
੭. ,, ਨਲ੍ਹ—ਚੌਥੇ	,,	,,	੧੬	ਸਵੱਯੇ
੮. ,, ਗਯੰਦ—ਚੌਥੇ	,,	,,	੧੩	,,

੯.	,, ਮਥਰਾ—ਚੌਥੇ ਤੇ ਪੰਜਵੇਂ	,,	,,	੧੪	,,
੧੦.	,, ਬਲ੍ਯ—ਚੌਥੇ	,,	,,	੫	,,
੧੧.	,, ਹਰਿਬੰਸ—ਪੰਜਵੇਂ ਸਤਿਗੁਰਾਂ ਦੀ ਉਸਤਤਿ ਵਿਚ			੨	,,
	ਕੁਲ ਗਿਣਤੀ			੧੨੩	,,

'ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ ਵਿਚ ਕੇਵਲ ਭੱਟ ਕਲਸਹਾਰ ਨੇ ਦਸ, ਦਸ ਸਵੱਈਏ ਆਖੇ, ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਵਿਚ ਛਿਆਂ ਮਿਲ ਕੇ ੨੨, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੱਸ ਵਿਚ ਭੱਟ ਕਲਸਹਾਰ, ਮਥਰਾ ਤੇ ਹਰਿਬੰਸ ਨੇ ਕੁਲ ੨੧, ਸ੍ਰੀ ਗੁਰੂ ਰਾਮਦਾਸ ਜੀ ਦੀ ਮਹਿਮਾ ਵਿਚ ਸੱਤਾਂ ਨੇ ਰਲ ਕੇ ੬੦ ਸਵੱਈਏ ਉਚਾਰਨ ਕੀਤੇ।

ਇਸ ਸਾਰੀ ਵਿਚਾਰ ਦਾ ਸੰਖੇਪ ਇਹ ਹੋਇਆ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ, ਦ ਸੁਵਰਗਵਾਸ ਹੋਣ ਦਾ ਸਮਾਂ ਨੇੜੇ ਜਾਣ ਕੇ, ਗੁਰ-ਗੱਦੀ ਦੀ ਜ਼ੁੰਮੇਵਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪੀ ਅਤੇ ਆਪ ਸਿਰੀ ਰਾਮਦਾਸ ਪੁਰੇ, ਗੁਰੂ ਕੇ ਚੱਕ ਤੋਂ, ਗੋਇੰਦਵਾਲ ਜਾ ਬਿਰਾਜੇ, ਜਿਥੇ ਸੰਨ ੧੫੮੧ ਵਿਚ ਆਪ ਜੀ ਜੋਤੀ ਜੋਤਿ ਸਮਾ ਗਏ।

ਦਸਤਾਰ-ਬੰਦੀ ਆਦਿ ਦੀ ਰਸਮ ਵੇਲੇ ਜਿਥੇ ਦੂਰੋਂ ਦੂਰੋਂ ਹੋਰ ਸਿਖ ਸੰਗਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਈਆਂ, ਓਥੇ ਇਹ ਵਿਦਵਾਨ ਤੇ ਕਵੀ ਭੱਟ ਵੀ, ਸ੍ਰੀ ਗੋਇੰਦਵਾਲ ਆਏ। ਸਤਿਗੁਰਾਂ ਦੇ ਦਰਸ਼ਨ ਕਰਕੇ ਨਿਹਾਲ ਹੋਏ, ਚਿੱਤ ਆਪ ਮੁਹਾਰਾ ਸਤਿਗੁਰਾਂ ਦੀ ਸਿਫਤ-ਸਾਲਾਹ ਕਰਨ ਨੂੰ ਉਮਾਹ ਵਿਚ ਆਇਆ ਅਤੇ ਉਹਨਾਂ ਨੇ ਸਤਿਗੁਰਾਂ ਦੀ ਉਪਮਾ ਵਿਚ ਇਹ ਸਵੱਯੇ ਉਚਾਰੇ।

ਭਗਤ ਤੇ ਭੱਟ ਬਾਣੀ ਦੇ ਵਿਰੋਧੀ ਸੱਜਣ, ਇਹ ਇਤਰਾਜ਼ ਕਰਦੇ ਹਨ ਕਿ ਭੱਟਾਂ ਨੇ ਗੁਰ-ਉਪਮਾ ਕਰਦਿਆਂ ਐਸੇ ਅਵਤਾਰਾਂ ਦੇ ਨਾਮ ਲਏ ਹਨ,

ਜਿਨ੍ਹਾਂ ਨਾਲ ਜੁੜੀਆਂ ਇਤਿਹਾਸਕ ਸਾਖੀਆਂ ਗੁਰਮਤਿ ਦੇ ਆਸ਼ੇ ਦੇ ਅਨੁਕੂਲ ਨਹੀਂ।

ਇਸ ਮਸਲੇ ਨੂੰ ਵਿਚਾਰਨ ਵੇਲੇ, ਸਾਨੂੰ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਇਹ ਬ੍ਰਹਮਣ ਭੱਟ, ਹਿੰਦੂ ਇਤਿਹਾਸ ਦੇ ਪੰਡਤ ਹੋਣ ਦੇ ਨਾਤੇ, ਸਤਿਗੁਰੂਆਂ ਦੀ ਵੱਡੀ ਵਡਿਆਈ ਉਹਨਾਂ ਅਵਤਾਰਾਂ ਆਦਿ ਨਾਲ ਉਪਮਾ ਦੇ ਕੇ ਹੀ ਕਰ ਸਕਦੇ ਹਨ, ਜਿਨ੍ਹਾਂ ਨੂੰ ਉਹ ਵੱਡਾ 'ਤੇ ਅਤਿ ਸਤਿਕਾਰਤ ਸਮਝਦੇ ਸਨ। "ਉਹ ਆਪਣੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਕ੍ਰਿਸ਼ਨ ਤੇ ਰਾਮ ਸਮਝਦੇ ਹਨ, ਜੋ ਆਪਣੇ ਆਪਣੇ ਜੁੱਗ ਦੇ ਸ਼੍ਰੋਮਣੀ ਮਹਾਂਪੁਰਸ਼ ਹੋ ਗੁਜ਼ਰੇ ਹਨ। ਇਹ ਸਤਿਗੁਰਾਂ ਦੀ ਸ਼ਰਧਾ ਭਰਪੂਰ ਉਸਤਤਿ ਹੋਈ ਜਾਂ ਵਿਆਜ ਉਸਤਤਿ ਨਿੰਦਿਆ? ਇਹ ਲੋਕ-ਕਥਾ ਪ੍ਰਸਿੱਧ ਹੈ ਕਿ ਇਕ ਪੇਂਡੂ ਮਾਈ ਨੇ ਤਹਿਸੀਲਦਾਰ ਉਤੇ ਖੁਸ਼ ਹੋ ਕੇ ਉਸ ਨੂੰ ਅਸੀਸ ਦਿੱਤੀ ਸੀ: "ਤੈਨੂੰ ਰੱਬ ਪਟਵਾਰੀ ਬਣਾ ਕਰੇ।" ਮਾਈ ਦੀਆਂ ਨਜ਼ਰਾਂ ਵਿਚ ਪਟਵਾਰੀ ਤੋਂ ਵੱਧ ਹੋਰ ਉਚੇਰਾ ਰੁਤਬਾ ਕੋਈ ਨਹੀਂ ਸੀ।

ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ, ਭਾਈ ਬੰਨੋ ਜੀ ਵਾਲੀ ਬੀੜ ਤੇ ਉਸ ਦੇ ਅਨੇਕ ਉਤਾਰਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਲਿਖਾਰੀ ਭਾਈ ਹਰਿਦਾਸ ਜੀ ਵਾਲੀ ਬੀੜ ਅਤੇ ਭਾਈ ਮਨੀ ਸਿੰਘ ਜੀ ਵਲੋਂ ਸ੍ਰੀ ਦਮਦਮੇ ਸਾਹਿਬ ਵਿਖੇ ਲਿਖੀ ਬੀੜ ਅਥਵਾ ਇਹਨਾਂ ਦੇ ਉਤਾਰਿਆਂ ਵਿਚ ਭਗਤ ਤੇ ਭੱਟ ਬਾਣੀ, ਬਾਕਾਇਦਾ, ਥਾਂ ਸਿਰ, ਦਰਜ ਮਿਲਦੀ ਹੈ। ਇਸ ਲਈ ਸਾਨੂੰ, ਭਗਤ ਤੇ ਭੱਟ ਬਾਣੀ, ਨੂੰ ਯੋਗ ਆਦਰ ਸਤਿਕਾਰ ਦੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰਮਤਿ ਦੀ ਉਸ ਵਿਸ਼ਾਲ ਦ੍ਰਿਸ਼ਟੀ ਤੇ ਮਹਾਨ ਖੂਬਸੂਰਤੀ ਨੂੰ ਸਦਾ ਕਾਇਮ ਰੱਖਣਾ ਚਾਹੀਦਾ ਹੈ, ਜਿਸ ਦਾ ਸੰਖੇਪ ਜ਼ਿਕਰ 'ਭਾਵਕ ਏਕਤਾ' ਤੇ 'ਸਹਿਵਾਸ' ਦੇ ਅਦੁੱਤੀ ਗੁਣਾਂ ਹੇਠ, ਇਸ ਲੇਖ ਦੇ ਮੁੱਢ ਵਿਚ ਕੀਤਾ ਜਾ ਚੁੱਕਾ ਹੈ।

"ਅੰਮ੍ਰਿਤ"

ਭਾਵੇਂ ਮਰਨਾ ਸੱਚ ਹੈ ਅਤੇ ਜੀਉਣਾ ਝੂਠ, ਅਤੇ ਮਨੁੱਖ ਨੂੰ ਇਹ, ਦੋ ਤੇ ਦੋ ਚਾਰ ਵਾਂਗ, ਪ੍ਰਤੱਖ ਵੀ ਹੈ ਕਿ ਜੋ ਏਥੇ ਆਇਆ ਹੈ, ਉਹ ਇਕ ਦਿਨ ਅਵੱਸ਼ ਚਲਾ ਜਾਵੇਗਾ ; ਪ੍ਰੰਤੂ, ਫਿਰ ਵੀ ਉਸ ਦੀ ਦਿਲੀ ਤਾਂਘ ਤੇ ਭਰਪੂਰ ਜਤਨ ਹੈ ਕਿ ਉਸ ਨੂੰ ਕਦੀ ਮੌਤ ਨਾ ਆਵੇ ; ਉਹ, ਤਨ ਕਰਕੇ ਧਰਤੀ ਉੱਤੇ ਸਦੀਵੀ-ਜੀਵਨ ਦਾ ਵਾਰਸ ਥੀਵੇ।

ਗੁਰਬਾਣੀ ਵਿਚ ਮਨੁੱਖ ਨੂੰ ਸੰਸਾਰ ਦੀ ਅਸਾਰਤਾ ਦਰਸਾਉਣ ਉਤੇ ਵੱਡਾ ਬਲ ਦਿੱਤਾ ਗਿਆ ਹੈ। ਵੰਨਗੀ ਵਜੋਂ, ਇਹ ਕੁਝ ਕੁ ਪ੍ਰਮਾਣ ਇਸ ਹਕੀਕਤ ਅਥਵਾ ਹੋਣੀ ਨੂੰ ਇਉਂ ਸਪੱਸ਼ਟ ਕਰਦੇ ਹਨ :

(ੳ) ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ ॥ (ਵਾਰ ਆਸਾ)
(ਅ) ਸਭਨਾ ਮਰਣਾ ਆਇਆ, ਵੇਛੋੜਾ ਸਭਨਾ ॥ (ਮ: ੧, ਪੰਨਾ ੫੯੫)
(ੲ) ਮਰਣਾ ਮੁਲਾ ਮਰਣਾ, ਭੀ ਕਰਤਾਰਹੁ ਡਰਣਾ ॥ (ਮ: ੧, ਪੰਨਾ ੨੪)
(ਸ) ਜੋ ਉਪਜਿਓ ਸੋ ਬਿਨਸਿ ਹੈ, ਪਰੋ ਆਜੁ ਕੈ ਕਾਲਿ ॥ (ਸਲੋਕ ਮ: ੯)
(ਹ) ਸੇਖ ਹੈਯਾਤੀ ਜਗਿ, ਨ ਕੋਈ ਥਿਰੁ ਰਹਿਆ ॥
ਜਿਤੁ ਆਸਣਿ ਹਮ ਬੈਠੇ, ਕੇਤੇ ਬੈਸਿ ਗਇਆ ॥ (ਆਸਾ, ਪੰਨਾ ੪੮੮)
(ਕ) ਅਜ਼ ਗੁਜ਼ਸ਼ਤਨਹਾ, ਚਿ: ਮੇ ਪੁਰਸੀ, ਦਰੀਂ ਦਹਰਿ ਖਰਾਬ,
ਬਾਦਸ਼ਾਹ ਖਾਹਦ ਗੁਜ਼ਸ਼ਤ, ਹਮ ਗਦਾ ਖਾਹਦ ਗੁਜ਼ਸ਼ਤ।

(ਭਾਵ—ਇਸ ਨਾਸ਼ਵੰਤ ਸੰਸਾਰ ਤੋਂ ਤੁਰ ਜਾਣ ਦੀ ਗੱਲ ਕੀ ਪੁੱਛਦਾ ਹੈਂ ? ਏਥੋਂ ਬਾਦਸ਼ਾਹ ਵੀ ਤੁਰ ਜਾਏਗਾ ਅਤੇ ਕੰਗਾਲ ਵੀ।)

(ਦੀਵਾਨਿ ਗੋਯਾ ੧੧)

(ਖ) 'ਗੋਇਆ' ਤਾ ਕੈ ਦਰੀਂ ਸਰਾਏ ਮਾਦੂਮ।
ਗਾਹੇ ਲਾਜ਼ਮ ਸ਼ਵੀ, ਵ ਗਾਹੇ ਮਲਜ਼ੂਮ।
ਤਾ ਕੈ ਚੁ ਸਗਾਂ, ਬਰ ਉਸਤਖਾਂ ਜੰਗ ਕੁਨੀ ?
ਦੁਨੀਆ ਮਾਲੂਮ ਵ ਅਹਿਲਿ ਦੁਨੀਆਂ ਮਾਲੂਮ।

(ਭਾਵ—ਗੋਇਆ, ਤੂੰ ਕਿਤਨਾ ਕੁ ਚਿਰ ਇਸ ਨਾਸ਼ਵੰਤ ਦੁਨੀਆਂ ਵਿਚ ਕਦੀ ਮੁਦੱਈ ਬੀਵੇਂਗਾ ਤੇ ਕਦੀ ਮੁਦੱਅਲੇਅ ? ਤੂੰ ਕਦ ਤਕ ਕੁੱਤਿਆਂ ਵਾਂਗ ਹੱਡੀਆਂ ਤੋਂ ਲੜੀ ਜਾਵੇਂਗਾ। ਤੂੰ ਦੁਨੀਆਂ ਤੇ ਦੁਨੀਆਂ ਵਾਲਿਆਂ ਦੀ ਅਸਲੀਅਤ ਨੂੰ ਜਾਣ।) (ਰੁਬਾਈ-ਗਜ਼ਲਾਂ 'ਗੋਯਾ' 'ਚੋਂ')

ਉਪਰੋਕਤ ਅਮਰ ਤੇ ਅਟੱਲ ਸਚਾਈ ਦੇ ਬਾਵਜੂਦ, ਮਨੁੱਖ, ਚਾਹੇ ਉਹ ਕਿਤਨਾ ਬਿਰਧ, ਰੋਗੀ ਅਥਵਾ ਆਤਰ ਹੋਵੇ, ਮਰਨਾ ਨਹੀਂ ਚਾਹੁੰਦਾ। ਉਹ ਸਦਾ ਕਿਸੇ ਐਸੀ ਵਸਤੂ ਦੀ ਭਾਲ ਵਿਚ ਰਿਹਾ ਹੈ, ਜਿਸ ਦੇ ਸੇਵਨ ਨਾਲ ਉਹ ਮੌਤ ਨੂੰ ਟਾਲ ਕੇ ਸਦੀਵੀ ਹੱਯਾਤ ਤੇ ਸੁਖ ਪ੍ਰਾਪਤ ਕਰ ਸਕੇ। ਪਰ ਸੁਖ ਦਾ ਰਾਜ਼ ਹੈ :

ਬਹੁਤਾ ਜੀਵਣੁ ਮੰਗੀਐ, ਮੁਆ ਨ ਲੋੜੈ ਕੋਇ ॥
ਸੁਖ ਜੀਵਣੁ ਤਿਸੁ ਆਖੀਐ, ਜਿਸੁ ਗੁਰਮੁਖਿ ਵਸਿਆ ਸੋਇ ॥
(ਮ: ੧, ਪੰਨਾ ੬੩)

ਸੰਸਾਰ ਵਿਚ ਸਭੱਯਤਾ ਦੇ ਦੋ ਹੀ ਵੱਡੇ ਗਹਵਾਰੇ, ਸਰਚਸ਼ਮੇ ਅਥਵਾ ਮੁੱਢ ਮੰਨੇ ਗਏ ਹਨ : ਇਕ ਕਤੇਬੀ ਤੇ ਦੂਜਾ ਵੇਦਕ। ਜਿਥੋਂ ਤਕ ਕਤੇਬੀ ਮੱਤਾਂ (ਯਹੂਦੀ, ਈਸਾਈ ਤੇ ਇਸਲਾਮ) ਦਾ ਸੰਬੰਧ ਹੈ, ਉਹ ਮੰਨਦੇ ਹਨ ਕਿ ਖਵਾਜ਼ਾ ਖਿਜ਼ਰ ਦੀ ਦੇਖ ਰੇਖ ਵਿਚ ਅੰਧ-ਸਾਗਰ ਵਿਖੇ 'ਚਸ਼ਮਿ ਹੈਵਾਂ' ਨਾਮ ਦਾ ਇਕ ਐਸਾ ਅੰਮ੍ਰਿਤ-ਕੁੰਡ ਹੈ, ਜਿਸ ਵਿਚੋਂ ਆਬਿ-ਹਯਾਤ (ਜ਼ਿੰਦਗੀ ਦਾ ਪਾਣੀ) ਦਾ ਘੁਟ ਭਰਨ ਨਾਲ ਸਦੀਵੀ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ। ਨਾਲ ਹੀ ਇਹ ਵੀ ਕਥਾ ਹੈ ਕਿ ਸਿਕੰਦਰ ਮਹਾਨ ਨੇ ਖਵਾਜ਼ਾ ਖਿਜ਼ਰ ਦੀ ਸਹਾਇਤਾ ਨਾਲ ਇਹ ਚਸ਼ਮਾ ਲੱਭ ਲਿਆ ਸੀ ; ਪ੍ਰੰਤੂ, ਜਦ ਇਸ ਵਿਚੋਂ ਉਹ ਅੰਮ੍ਰਿਤ ਪੀਣ ਹੀ ਵਾਲਾ ਸੀ, ਤਾਂ ਪਾਸ ਪੀੜਾਂ ਨਾਲ

ਕੱਰਾਹ ਰਹੇ ਇਕ ਕਾਂ ਨੇ ਉਸ ਨੂੰ ਹੋੜ ਦਿੱਤਾ ਤੇ ਕਿਹਾ ਕਿ, "ਵੇਖੀਂ, ਕਿਤੇ ਇਹ ਨਾਮੁਰਾਦ ਪਾਣੀ ਨਾ ਪੀ ਬੈਠੀਂ।" ਇਹ ਜ਼ਿੰਦਗੀ ਤਾਂ ਬਖਸ਼ਦਾ ਈ ; ਪ੍ਰੰਤੂ, ਇਹ ਜ਼ਮਾਨਤ (ਗਰੰਟੀ) ਨਹੀਂ ਦਿੰਦਾ ਕਿ ਪੀਣ ਵਾਲੇ ਨੂੰ ਕਿਸੇ ਪ੍ਰਕਾਰ ਦਾ ਸਰੀਰਕ ਰੋਗ ਜਾਂ ਦੁਖ ਨਾ ਵਿਆਪੇਗਾ। ਵੇਖ, ਮੈਂ ਇਸ ਵਿਚੋਂ ਇਕ ਚੁੰਝ ਭਰ ਬੈਠਾ ਈਂ ; ਇਸ ਨਾਲ ਮੌਤ ਤਾਂ ਟਲ ਗਈ ; ਪ੍ਰੰਤੂ, ਮੇਰੇ ਚੂਲੇ ਦੀ ਪੀੜਾ ਬਦਸਤੂਰ ਜਾਰੀ ਹੈ। ਹੁਣ, ਨਾ ਮੇਰੀ ਜਾਨ ਈ ਨਿਕਲਦੀ ਹੈ ਅਤੇ ਨਾ ਇਹ ਮਾਰੂ ਦਰਦ ਹੀ ਮੱਠੀ ਪੈਂਦੀ ਹੈ। ਜੇ ਮੈਂ ਇਹ ਪਾਣੀ ਪੀ ਕੇ ਜ਼ਿੰਦਗੀ ਨਾ ਵਧਾਈ ਹੁੰਦੀ ਤਾਂ ਮੇਰੀ ਮੌਤ ਤਾਂ ਇਸ ਦਰਦ ਤੋਂ ਮੇਰਾ ਛੁਟਕਾਰਾ ਕਰਾ ਦਿੰਦੀ। "ਹੁਣ ਨਾ ਮੈਂ ਜਿਉਂਦਿਆਂ ਵਿਚ ਹਾਂ, ਨਾ ਮੋਇਆਂ ਵਿਚ।"

ਕਹਿੰਦੇ ਹਨ ਕਿ ਸਿਕੰਦਰ ਨੇ, ਇਹ ਸੁਣ ਕੇ, ਆਬਿ-ਹਯਾਤ ਪੀਣ ਦਾ ਇਰਾਦਾ ਤਰਕ ਕਰ ਦਿੱਤਾ।

ਏਧਰ, ਹਿੰਦੂ ਮੱਤ ਵਿਚ ਅੰਮ੍ਰਿਤ ਪ੍ਰਾਪਤੀ ਦੀ ਪੁਰਾਣਿਕ ਕਥਾ ਹੋਰ ਵੀ ਪੁਰਾਣਿਕ ਤੇ ਅਨੋਖੀ ਹੈ। ਲਿਖਿਆ ਹੈ ਕਿ ਦੇਵਤਿਆਂ ਤੇ ਦੈਂਤਾਂ ਨੇ ਸੁਮੇਰ-ਪਰਬਤ ਦਾ ਮਧਾਣਾ ਤੇ ਸ਼ੇਸ਼ਨਾਗ ਦਾ ਨੇਤਰਾ ਬਣਾ ਕੇ, ਜਦ ਖੀਰ ਸਮੁੰਦਰ ਨੂੰ ਰਿੜਕਿਆ ਤਾਂ ਚੌਦਾਂ ਅਦਭੁੱਤ ਪਦਾਰਥ (ਰਤਨ) ਨਿਕਲੇ, ਜਿਨ੍ਹਾਂ ਦੀ ਗਿਣਤੀ ਤੇ ਵੇਰਵਾ ਇਸ ਪ੍ਰਕਾਰ ਹੈ :

੧. ਉਚੈ-ਸਰਵਾ ਘੋੜਾ, ੨. ਕਾਮਧੇਨ, ੩. ਕਲਪ ਬ੍ਰਿਛ, ੪. ਰੰਭਾ ਅਪਸਰਾ, ੫. ਲਛਮੀ, ੬. ਅੰਮ੍ਰਿਤ, ੭. ਕਾਲਕੂਟ (ਜ਼ਹਿਰ), ੮. ਸੁਰਾ (ਸ਼ਰਾਬ), ੯. ਚੰਦ੍ਰਮਾ, ੧੦. ਧਨੰਤਰ, ੧੧. ਪਾਂਚਜਨਯ ਸੰਖ, ੧੨. ਕੌਸਤਭਮਣੀ, ੧੩. ਸਾਰੰਗ ਧਨੁਖ, ੧੪. ਐਰਾਵਤ ਹਾਥੀ।

ਇਸ ਪੁਰਾਣਕ ਕਥਾ ਦਾ 'ਰਾਮਕਲੀ ਕੀ ਵਾਰ' (ਪੰਨਾ ੯੬੭) ਵਿਚ ਜ਼ਿਕਰ ਆਉਂਦਾ ਹੈ, ਪ੍ਰੰਤੂ ਇਸ ਕਥਾ ਦੀ ਪੁਸ਼ਟੀ ਵਿਚ ਨਹੀਂ, ਸਗੋਂ ਹੋਰਵੇਂ ਤੇ ਉਚੇਰੇ ਭਾਵ ਵਿਚ :

ਮਧਾਣਾ ਪਰਬਤੁ ਕਰਿ, ਨੇਤ੍ਰਿ ਬਾਸਕ, ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ, ਕਰਿ ਆਵਾ ਗਉਣੁ ਚਿਲਕਿਓਨੁ ॥

(ਭਾਵ—ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਰਤ ਰੂਪ ਪਰਬਤ ਦਾ ਮਧਾਣਾ, ਤੇ ਇਕਾਗਰਤਾ ਰੂਪ ਬਾਸਕ ਨਾਗ ਦਾ ਨੇਤਰਾ ਪਾ ਕੇ ਗੁਰ-ਸ਼ਬਦ ਨੂੰ ਰਿੜਕਿਆ, ਅਤੇ ਦੈਵੀ ਗੁਣਾਂ ਰੂਪੀ ਚੌਦਾਂ ਰਤਨ ਕੱਢੇ, ਜਿਨ੍ਹਾਂ ਨੇ ਸੰਸਾਰ ਨੂੰ ਚਿਲਕਾ ਦਿੱਤਾ। ਫੇਰ, ਏਸੇ ਕਥਾ ਨੂੰ ਵਾਰ ਦੇ ਪੰਨਾ ੯੬੭ ਉਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਵਿਚ ਇਉਂ ਵਰਤਿਆ ਗਿਆ ਹੈ :

†ਪਿਊ ਦਾਦੇ ਜੇਵਿਹਾ, ਪੋਤਾ ਪਰਵਾਣੁ ॥
ਜਿਨਿ ਬਾਸਕ ਨੇਤ੍ਰੈ ਘਤਿਆ, ਕਰ ਨੇਹੀ ਤਾਣੁ ॥
ਜਿਨਿ ਸਮੁੰਦ ਵਿਰੋਲਿਆ, ਕਰਿ ਮੇਰੁ ਮਧਾਣੁ ॥
ਚਉਦਹ ਰਤਨ ਨਿਕਾਲਿਅਨੁ, ਕੀਤੋਨੁ ਚਾਨਾਣੁ ॥ (ਰਾਮ: ਕੀ ਵਾਰ)

ਵੇਖੋ, ਏਥੇ ਉਪ੍ਰੋਕਤ ਮਿਥਿਹਾਸਕ ਕਥਾ ਦਾ ਹਵਾਲਾ ਦੇ ਕੇ ਗਲ ਗੁਰਮਤਿ ਅਥਵਾ ਸ਼ਬਦ ਨੂੰ ਰਿੜਕਨ ਦੀ ਆਖੀ ਗਈ ਹੈ। ਦੂਜੇ,ਜੋ ਅੰਮ੍ਰਿਤ ਖੀਰ ਸਮੁੰਦਰ ਵਿਚੋਂ ਨਿਕਲਿਆ ਦੱਸਿਆ ਹੈ, ਉਸ ਬਾਰੇ ਹੋਰ ਜਾਣਕਾਰੀ ਦੇਂਦਿਆਂ 'ਸਕੰਦ ਪੁਰਾਣ' ਵਿਚ ਲਿਖਿਆ ਹੈ ਕਿ ਇੰਦਰ ਨੇ ਅੰਮ੍ਰਿਤ ਦੇ ਇਸ ਘੜੇ ਨੂੰ ਸੁਰਗ ਵਿਚ ਲੈ ਜਾਣ ਹਿਤ ਆਪਣੇ ਪੁੱਤਰ ਜਯੰਤ ਨੂੰ ਦੇ ਦਿਤਾ। ਪਰੰਤੂ, ਦੈਂਤਾਂ ਦੇ ਗੁਰੂ, ਸ਼ੁਕਰ, ਨੇ ਦੈਂਤਾਂ ਨੂੰ ਇਹ ਖੋਹ ਲੈਣ ਲਈ ਆਗਿਆ ਕੀਤੀ। ਇਸ ਉਤੇ ਦੇਵਤਿਆਂ ਤੇ ਦੈਂਤਾਂ ਦਾ ਬਾਰ੍ਹਾਂ ਦਿਨ ਘੋਰ ਯੁੱਧ ਹੋਇਆ ਅਤੇ ਘੜੇ ਦੀ ਇਸ ਖੋਹਾ-ਮਾਹੀ ਵਿਚ, ਇਹ ਅੰਮ੍ਰਿਤ, ਕਿਸੇ ਇਕ ਧਿਰ ਦੇ ਹੱਥ ਆਉਣ ਦੀ ਥਾਂ, ਧਰਤੀ ਉਤੇ, ਏਹਨੀ ਚੌਂਹ ਥਾਈਂ ਡੁਲ੍ਹ ਗਿਆ—ਹਰਦੁਆਰ, ਪ੍ਰਯਾਗ, ਨਾਸਕ ਤੇ ਉਜੈਨ। ਦੇਵਤਿਆਂ ਦਾ ਇਕ ਦਿਨ, ਕਿਉਂਕਿ, ਮਨੁੱਖਾਂ ਦੇ ਇਕ ਵਰ੍ਹੇ ਬਰਾਬਰ ਮਿਥਿਆ ਜਾਂਦਾ ਹੈ, ਇਸ ਲਈ ਉਪ੍ਰੋਕਤ ਚੌਹੀਂ ਥਾਈਂ ਬਾਰ੍ਹਾਂ ਸਾਲਾਂ ਪਿਛੋਂ ਕੁੰਭ-ਪੁਰਵ

---

†ਪਿਊ ਦਾਦਾ—ਭਾਵ, ਗੁਰੂ ਅੰਗਦ ਦੇਵ ਜੀ ਤੇ ਗੁਰੂ ਨਾਨਕ ਦੇਵ ਜੀ। ਪੋਤਾ—ਗੁਰੂ ਅਮਰ ਦਾਸ ਜੀ।

ਹੁੰਦਾ ਹੈ।

ਉਪ੍ਰੋਕਤ ਮਿਥਿਹਾਸਿਕ ਕਥਾ ਤੋਂ ਖੀਰੇ ਸਮੁੰਦਰ ਵਿਚੋਂ ਨਿਕਲੇ ਇਸ 'ਅੰਮ੍ਰਿਤ' ਬਾਰੇ ਇਹ ਤੱਥ ਉਘੜ ਕੇ ਸਾਹਮਣੇ ਆਉਂਦੇ ਹਨ :

(ੳ) ਇਹ ਅੰਮ੍ਰਿਤ ਦੇਵਤਿਆਂ ਤੇ ਦੈਂਤਾਂ ਵਿਚ ਝਗੜੇ ਦਾ ਕਾਰਨ ਬਣਿਆ, ਕਿਉਂਕਿ, ਦੋਹਾਂ ਧਿਰਾਂ ਨੇ ਹੀ ਇਸ ਨੂੰ ਸਾਂਝੇ ਉਦਮ ਨਾਲ ਸਮੁੰਦਰ ਨੂੰ ਮੱਥ ਕੇ ਪ੍ਰਾਪਤ ਕੀਤਾ ਸੀ।

(ਅ) ਜਿਥੇ ਦੇਵਤੇ ਇਸ ਨੂੰ ਸੁਰਗਾਂ ਵਿਚ ਲਿਜਾ ਕੇ ਕੇਵਲ ਆਪਣੀ ਹੀ ਜ਼ਿੰਦਗੀ ਲੰਮੀ ਕਰਨਾ ਤੇ ਇਸ ਦੇ ਵਾਹਿਦ ਮਾਲਕ ਹੋਣਾ ਚਾਹੁੰਦੇ ਸਨ, ਓਥੇ ਦੈਂਤ ਵੀ ਇਹੀ ਕੁਝ ਕਰਨਾ ਲੋਚਦੇ ਸਨ। ਇਸ ਤਰ੍ਹਾਂ ਦੋਵੇਂ ਧਿਰਾਂ ਹੀ ਸਵਾਰਥੀ ਸਨ।

(ੲ) ਅੰਮ੍ਰਿਤ ਦਾ ਇਹ ਘੜਾ ਇਕ ਸੀਮਤ ਮਿਕਦਾਰ ਵਿਚ ਸੀ ਅਤੇ ਸੀਮਤ ਮਿਕਦਾਰ, ਇਕ ਸੀਮਤ ਸਮੇਂ ਲਈ, ਸੀਮਤ ਲੋਕਾਂ ਦੀ ਹੀ ਵਰਤੋਂ ਬਣ ਸਕਦੀ ਹੈ; ਸਦਾ ਸਦਾ ਲਈ ਸਭ ਦੀ ਨਹੀਂ।

(ਸ) ਜਿਨ੍ਹਾਂ ਚੌਂਹ ਥਾਵਾਂ ਉਤੇ ਇਹ ਅੰਮ੍ਰਿਤ ਡਿਗਿਆ, ਉਥੇ ਕੁੰਭ ਦਾ ਪੁਰਵ ਬਾਰ੍ਹਾਂ ਸਾਲਾਂ ਪਿਛੋਂ ਹੀ ਆ ਜਾਂਦਾ ਹੈ, ਅਗੋਂ ਪਿਛੋਂ ਜਾਂ ਹਰ ਸਮੇਂ, ਉਹਨਾਂ ਅੰਮ੍ਰਿਤ ਨਾਲ ਪਵਿੱਤਰ ਹੋਈਆਂ ਥਾਵਾਂ ਤੋਂ ਪੁੰਨ-ਫਲ ਪ੍ਰਾਪਤ ਕਰਨਾ ਸੰਭਵ ਨਹੀਂ।

(ਹ) ਜੋ ਅੰਮ੍ਰਿਤ ਡੁੱਲ੍ਹਿਆ, ਉਸ ਦੀ ਤਾਸੀਰ ਓਨ੍ਹੀਂ ਥਾਈਂ ਵਗਦੇ ਨਿੱਤ ਨਵੇਂ ਪਾਣੀਆਂ ਤੋਂ ਪ੍ਰਾਪਤ ਕਰਨ ਦਾ ਖਿਆਲ ਬੇ-ਅਰਥ ਹੈ, ਕੇਵਲ ਇਕ ਕਲਪਨਾ।

ਇਹ ਤਾਂ ਰਹੀ ਓਸ ਅੰਮ੍ਰਿਤ ਤੇ ਆਬਿ-ਹਯਾਤ ਦੀ ਗੱਲ ਜਿਸ ਦੀ ਵਾਰਤਾ, ਗੁਰਮਤਿ ਦਾ ਸੂਰਜ ਉਦੇ ਹੋਣ ਤੋਂ ਪਹਿਲਾਂ, ਸੰਸਾਰ ਵਿਚ ਪ੍ਰਚੱਲਤ ਸੀ ਅਤੇ ਅੱਜ ਵੀ, ਅੰਧ-ਵਿਸ਼ਵਾਸ ਅਧੀਨ, ਸੰਬੰਧਤ ਮੱਤਾਂ ਦੇ ਅਨੁਯਾਈਆਂ ਵਿਚ, ਜਾਰੀ ਹੈ।

ਹੁਣ, ਆਉ ਉਸ ਅੰਮ੍ਰਿਤ ਦੀ ਗੱਲ ਕਰੀਏ ਜਿਸ ਦਾ ਜ਼ਿਕਰ

ਗੁਰਬਾਣੀ ਵਿਚ ਬਾਰ ਬਾਰ ਆਇਆ ਹੈ ਅਤੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਖੰਡੇ ਦੀ ਪਾਹੁਲ" ਦੇ ਰੂਪ ਵਿਚ ਵੀ ਬਖਸ਼ਿਆ।

ਗੁਰਬਾਣੀ ਵਿਚ ਜਿਸ ਅੰਮ੍ਰਿਤ ਦਾ ਵਿਸ਼ੇਸ਼ ਕਰਕੇ ਬਾਰ ਬਾਰ ਵਰਣਨ ਹੈ, ਉਹ ਕਰਤਾਰ ਦੇ ਨਾਮ ਦਾ ਰਹੱਸਯ, ਗੁਰਸ਼ਬਦ ਅਤੇ ਆਤਮ-ਗਿਆਨ ਹੈ। ਐਸੇ ਨਿੱਤ ਤੇ ਸੁਖਦਾਈ ਜੀਵਨ ਦੇਣ ਵਾਲੇ ਅੰਮ੍ਰਿਤ ਬਾਰੇ ਗੁਰਦੇਵ ਦਾ ਅਰਸ਼ਾਦ ਹੈ :-

(ੳ) ਜੇਹੇ ਕਰਮ ਕਮਾਇ, ਤੇਹਾ ਹੋਇ ਸੀ ॥
ਅੰਮ੍ਰਿਤ ਹਰਿ ਕਾ ਨਾਉ, ਆਪਿ ਵਰਤਾਇਸੀ ॥
(ਸੂਹੀ ਮ: ੧, ਪੰ-੭੩੦)

(ਅ) ਗੁਰ ਕਾ ਸ਼ਬਦ, ਮਹਾਂ ਰਸੁ ਮੀਠਾ ॥
ਐਸਾ ਅੰਮ੍ਰਿਤ, ਅੰਤਰਿ ਡੀਠਾ ॥ (ਪ੍ਰਭਾਤੀ ਮ: ੧, ਪੰ-੧੩੩੧)

(ੲ) ਅੰਮ੍ਰਿਤ ਨਾਮੁ ਨਿਧਾਨੁ ਹੈ, ਮਿਲਿ ਪੀਵਹੁ ਭਾਈ ॥
(ਗਉੜੀ ਮ: ੫, ਪੰ-੩੧੮)

(ਸ) ਗੁਰ ਕਾ ਸ਼ਬਦ ਅੰਮ੍ਰਿਤ ਹੈ, ਜਿਤ ਪੀਤੈ ਤਿਖ ਜਾਇ ॥
(ਮ: ੩, ਪੰ-੩੪)

(ਹ) ਬਿਨ ਸਬਦੈ ਸਭੁ ਜਗੁ ਬਉਰਾਨਾ, ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ, ਨਾਨਕ ਗੁਰਮੁਖਿ ਪਾਇਆ ॥
(ਸੋਰਠ ਮ: ੩, ਪੰ-੬੪੪)

(ਕ) ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ;
ਅੰਮ੍ਰਿਤ ਗੁਰਮਤਿ ਪਾਏ ਰਾਮ ॥ (ਮ: ੪, ਪੰ:੫੩੮)

(ਖ) ਜਿਨਿ ਵਡਿਆਈ ਤੇਰੇ ਨਾਮ ਕੀ, ਤੇ ਰਤੇ ਮਨ ਮਾਹਿ ॥
ਨਾਨਕ, ਅੰਮ੍ਰਿਤ ਏਕ ਹੈ, ਦੂਜਾ ਅੰਮ੍ਰਿਤੁ ਨਾਹਿ ॥
(ਸਾਰੰਗ ਮ: ੨, ਪੰ-੧੨੩੮)

(ਗ) ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥
ਗੁਰ ਪ੍ਰਸਾਦਿ ਕਹੈ ਜਨੁ ਭੀਖਨੁ, ਪਾਵਉ ਮੋਖ ਦੁਆਰਾ ॥
(ਭੀਖਣ, ਪੰ-੬੫੯)

(ਘ) ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥
(ਮ: ੪, ਪੰ: ੯੮੨)

(ਙ) ਸਚੁ ਮੰਤਰੁ ਤੁਮਾਰਾ, ਅੰਮ੍ਰਿਤ ਬਾਣੀ ॥ (ਮ: ੫, ਪੰ-੫੬੨)

ਸਤਿਗੁਰਾਂ ਨੇ, ਜਿਥੇ ਹਰੀ-ਨਾਮ ਅਥਵਾ ਗੁਰ ਸ਼ਬਦ ਗੁਰਬਾਣੀ ਨੂੰ ਅੰਮ੍ਰਿਤ ਕਰਕੇ ਬਿਆਨਿਆ ਹੈ, ਉਥੇ ਨਾਲ ਹੀ ਉਸ ਦੀ ਪ੍ਰਾਪਤੀ ਦੀ ਵਿਧੀ ਵੀ ਸਪੱਸ਼ਟ ਕਰਦਿਆਂ ਇਹ ਸੰਕੇਤ ਕਰ ਦਿਤਾ ਹੈ ਕਿ ਇਸ ਦੀ ਪ੍ਰਾਪਤੀ ਅੰਦਰੋਂ ਹੀ ਸਤਿਗੁਰੂ ਅਥਵਾ ਕਾਮਲ ਮੁਰਸ਼ਦ ਰਾਹੀਂ ਹੋਣੀ ਹੈ, ਵਿਖਾਵੇ ਤੇ ਵਿਤਕਰੇ ਪੈਦਾ ਕਰਨ ਵਾਲੇ ਵੇਸਾਂ, ਭੇਖਾਂ, ਚਤੁਰਾਈ, ਚੰਚਲਤਾ ਤੇ ਦੁਚਿੱਤੀ ਦੁਆਰਾ ਨਹੀਂ :-

(ੳ) ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ,
ਸੋ ਅੰਮ੍ਰਿਤ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ, ਦੁਬਿਧਾ ਇਹੁ ਫਲੁ ਨਾਹੀ ਜੀਉ ॥
ਮਨ ਰੇ, ਥਿਰੁ ਰਹੁ, ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ,
ਘਰਿ ਅੰਮ੍ਰਿਤ ਘਟ ਮਾਹੀ ਜੀਉ ॥ (ਸੋਰਠ ਮ: ੧, ਪੰ-੫੯੮)

(ਅ) ਅਪੁਨੈ ਗੁਰ ਮਿਲਿ ਰਹੀਐ, ਅੰਮ੍ਰਿਤ ਗਹੀਐ ॥
ਦੁਬਿਧਾ ਮਾਰਿ ਨਿਵਾਰੇ ॥ (ਗਉੜੀ ਮ: ੩, ਪੰ-੨੪੪)

(ੲ) ਘਰ ਹੀ ਮਹਿ ਅੰਮ੍ਰਿਤੁ ਭਰਪੂਰ ਹੈ, ਮਨਮੁਖਾ ਸਾਦੁ ਨ ਆਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ, ਭ੍ਰਮਦਾ ਭਰਮਿ ਭੁਲਾਇਆ ॥
(ਸੋਰਠ ਮ: ੩, ਪੰ-੬੪੪)

(ਸ) ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ, ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ, ਸਚਾ ਮਨਿ ਵਸਾਇਆ ॥
(ਅਨੰਦ, ਪੰ-੯੧੮)

(ਸੱਚੇ ਨਾਮ ਅਥਵਾ ਵਾਹਿਗੁਰੂ ਦਾ ਹਿਰਦੇ ਵਿਚ ਵੱਸ ਜਾਣਾ ਹੀ, ਅਸਲ ਵਿਚ, ਅੰਮ੍ਰਿਤ-ਪ੍ਰਾਪਤੀ ਹੈ।)

ਸੰਕੇਤ ਵਜੋਂ ਉੱਪਰ ਦਿਤੇ ਪ੍ਰਮਾਣਾਂ ਤੋਂ ਇਸ ਗੱਲ ਦਾ ਭਲੀ ਭਾਂਤ ਨਿਰਣਾ ਹੋ ਜਾਂਦਾ ਹੈ ਕਿ ਅੰਨ-ਮੱਤਾਂ ਵਿਚ ''ਕਲਪਤ ਅੰਮ੍ਰਿਤ'' ਅਥਵਾ ''ਆਬਿ-ਹਯਾਤ'' ਦੀ ਥਾਂ ਗੁਰੂ ਸਾਹਿਬਾਨ, ਵਾਹਿਗੁਰੂ ਦੇ ਨਾਮ ਅਥਵਾ ਗੁਰਬਾਣੀ ਤੇ ਗੁਰਸ਼ਬਦ ਨੂੰ ਹੀ ਨਿੱਤ ਦਾ ਸੁਖਦਾਈ ਜੀਵਨ ਦੇਣ ਵਾਲਾ ਅੰਮ੍ਰਿਤ ਮੰਨਦੇ ਹਨ, ਅਤੇ ਇਹ ਅੰਮ੍ਰਿਤ ਇਕ ਹੈ, ਕੇਵਲ ਇਕ। ਗੁਰਦੇਵ, ਨਾਲ ਹੀ, ਇਹ ਸੋਧ ਵੀ ਬਖਸ਼ਦੇ ਹਨ ਕਿ ਇਸ ਨਾਮ-ਰੂਪੀ ਅੰਮ੍ਰਿਤ ਦੀ ਪ੍ਰਾਪਤੀ ਸਤਿਗੁਰੂ ਤੋਂ ਹੁੰਦੀ ਹੈ ਜੋ ਆਪਣੀ ਮੇਹਰ ਦੁਆਰਾ ਸਿਖ ਦੇ ਅੰਦਰੋਂ ਦੁਬਿਧਾ ਤੇ ਹਉਮੈ ਦਾ ਪਰਹਾਰ (ਨਾਸ਼) ਕਰਕੇ ਹਰੀ ਨਾਮ ਨੂੰ ਅੰਦਰ ਵਸਾਉਂਦਾ, ਗਿਆਨ ਦਾ ਪ੍ਰਕਾਸ਼ ਕਰਦਾ ਤੇ ਅਕਹਿ ਆਤਮ-ਰਸ ਦੀ ਦਾਤ ਬਖਸ਼ਦਾ ਹੈ। ਏਥੇ, ਵਿਸ਼ੇਸ਼ ਤੌਰ ਉਤੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਹ ਨਾਮ-ਰੂਪੀ ਅੰਮ੍ਰਿਤ ਬਾਹਰੋਂ ਨਹੀਂ; ਸਗੋਂ ਅੰਦਰੋਂ ਹੀ ਪ੍ਰਾਪਤ ਹੋਣਾ ਹੈ। ਇਉਂ ਕਹਿ ਲਉ, ਕਿ ਜਿਵੇਂ ਹਰੇਕ ਪ੍ਰਾਣੀ ਦੇ ਅੰਦਰ ਇਸ ਅੰਮ੍ਰਿਤ ਦਾ ਇਕ ਕੁੰਡ (ਖੂਹਟਾ, ਖੂਹ) ਹੈ; ਪ੍ਰੰਤੂ, ਇਹ ਬਾਹਰ ਗੁਰ-ਸ਼ਬਦ ਦੇ ਡੋਲ ਤੇ ਸੁਰਤਿ ਦੀ ਲੱਜ ਨਾਲ ਹੀ ਨਿਕਲ (ਪ੍ਰਗਟ ਹੋ) ਸਕਦਾ ਹੈ :

''ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸਬਦੇ ਕਾਢਿ ਪੀਐ ਪਨਿਹਾਰੀ ॥''
(ਮ: ੩, ਪੰ-੫੭੦)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਖਾਲਸੇ ਦੀ ਸਿਰਜਨਾ ਸਮੇਂ ਮਨੁੱਖੀ ਹਿਰਦੇ ਵਿਚ ਵੱਸਦੇ ਇਸ ਅੰਮ੍ਰਿਤ ਨੂੰ ਹੀ ''ਖੰਡੇ ਦੀ ਪਾਹੁਲ'' ਦੇ ਰੂਪ ਵਿਚ ਅੰਤਰ ਤੇ ਬਾਹਰ-ਮੁਖੀ ਕ੍ਰਿਆ ਤੇ ਸਾਧਨਾ ਦੁਆਰਾ ਪ੍ਰਗਟ

ਕਰਕੇ, ਇਕ ਤਰ੍ਹਾਂ ਨਾਲ; ਅੰਦਰਲੇ ਤੇ ਬਾਹਰਲੇ ਅੰਮ੍ਰਿਤ ਦਾ ਸੁਮੇਲ ਕਰਾਇਆ ਅਥਵਾ ਆਤਮ-ਗਿਆਨ ਦੇਣ ਦਾ ਉਪਰਾਲਾ ਕੀਤਾ ਗਿਆ ਹੈ।

ਇਹ ਗੱਲ ਕੁਝ ਕੁ ਇਵੇਂ ਵੀ ਸਮਝੀ ਜਾ ਸਕਦੀ ਹੈ :–

ਸਾਡੇ ਘਰਾਂ ਵਿਚ ਪਾਣੀ ਦੇ ਨਲਕੇ (ਹੈਂਡ ਪੰਪ) ਲੱਗੇ ਹੋਏ ਹਨ। ਅਸਾਂ ਵੇਖਿਆ ਹੈ ਕਿ ਕਦੀ ਕਦੀ ਪਾਈਪ ਜਾਂ ਨਾਲ ਦਾ ਪਾਣੀ ਹੇਠਾਂ ਲਹਿ (ਉਤਰ) ਜਾਣ ਕਾਰਨ ਨਲਕੇ ਦੀ ਹੱਥੀ ਚਲਾਉਣ ਦੇ ਬਾਵਜੂਦ ਵੀ ਉੱਪਰ ਨਹੀਂ ਆਉਂਦਾ। ਨਾਲੀ ਵਿਚ ਹੇਠਾਂ ਉੱਤਰੇ ਪਾਣੀ ਨੂੰ ਉਤਾਂਹ ਲਿਆਉਣ ਲਈ ਉਪਰੋਂ ਪੰਪਿੰਗ ਮਸ਼ੀਨ ਵਿਚ ਕਿਸੇ ਬਰਤਨ ਨਾਲ ਥੋੜ੍ਹਾ ਪਾਣੀ ਪਾਇਆ ਜਾਂਦਾ ਹੈ। ਜਦ ਹੇਠਲੇ ਤੇ ਉਪਰਲੇ ਪਾਣੀ ਦਾ ਸੰਜੋਗ ਹੋ ਜਾਂਦਾ ਹੈ ਤਾਂ ਫੇਰ ਹੇਠਲਾ ਪਾਣੀ ਉਪਰ ਨੂੰ ਚਾਲੂ ਹੋ ਜਾਂਦਾ ਹੈ। ਬੱਸ, ਕੁਝ ਇਵੇਂ ਹੀ ਕਲਗੀਆਂ ਵਾਲੇ ਪਾਤਸ਼ਾਹ ਨੇ "ਖੰਡੇ ਦੀ ਪਾਹੁਲ" ਦੁਆਰਾ ਅੰਮ੍ਰਿਤ ਦੀ ਦਾਤ ਬਖਸ਼ ਕੇ, ਅੰਦਰੋਂ ਸਫੁੱਟ ਅੰਮ੍ਰਿਤ ਦਾ ਪ੍ਰਵਾਹ ਚਾਲੂ ਕਰਨ ਦਾ ਉਪਕਾਰ ਕੀਤਾ ਹੈ।

ਸ੍ਰੀ ਦਸਮੇਸ਼ ਜੀ ਨੇ "ਪਾਹੁਲ" ਤਿਆਰ ਕਰਨ ਸਮੇਂ ਗੁਰ-ਸ਼ਬਦ, ਗੁਰਬਾਣੀ ਅਥਵਾ ਨਾਮ ਦਾ ਹੀ ਆਸਰਾ ਲਿਆ ਹੈ। ਅੰਮ੍ਰਿਤ ਤਿਆਰ ਕਰਨ ਸਮੇਂ ਪੰਜਾਂ ਪਿਆਰਿਆਂ ਨੇ ਪੰਜਾਂ ਵਸਤਾਂ ਦੁਆਰਾ ਨੀਯਤ ਬਾਣੀਆਂ*

---

*(ੳ) ਪਾਂਚੋਂ ਤਿਆਰ ਕਰਕੇ, ਪਾਂਚੋਂ ਹੀ ਜ਼ੇਰ ਕੀਨੇ,
ਪਾਂਚੋਂ ਪੜੀ ਥੀਂ ਬਾਨੀ, ਪਾਂਚੋਂ ਦੀਏ ਕਕਾਰਾ।
ਆਬਿ-ਹਯਾਤ ਜਿਸ ਕਾ ਮੁਤਲਾਸ਼ੀ ਥਾ ਸਿਕੰਦਰ,
ਜੋ ਇਮਤਿਹਾਂ ਮੇਂ ਉਤਰੇ ਉਨਕੋ ਅਖਿਲ ਪਿਲਾਰਾ।
ਤਾਸੀਰ ਇਸ ਦੁਵਾ ਕੀ, ਅਕਸੀਰ ਐਸੀ ਖਲਾਈ,
ਮੁਰਦੋਂ ਮੇਂ ਜਾਨ ਆਈ, ਚਿੜੀਓਂ ਨੇ ਬਾਜ਼ ਮਾਰਾ।
ਫੌਰੀ, ਜੋ ਭੇਡੀਏ ਥੇ, ਭੇਡੋਂ ਕੀ ਤਰ੍ਹਾਂ ਭਾਗੇ,
ਗੋਬਿੰਦ ਤੂ ਨੇ ਜਿਸ ਦਿਨ ਥਾ ਸਿੰਘ-ਰੂਪ ਧਾਰਾ। (ਇਕ ਕਵੀ)
(ਅ) ਖੰਡਾ, ਬਾਟਾ, ਬਾਣੀ, ਜਲ, ਪਤਾਸੇ।

ਦਾ ਇਕ ਮਨ, ਇਕ ਚਿੱਤ ਹੋ ਕੇ, ਤੇ ਨੇਤਰਾਂ ਨੂੰ ਬਾਟੇ ਵਿਚ ਖੰਡੇ ਨਾਲ ਹਿਲਾਏ ਜਾ ਰਹੇ ਜਲ ਵਿਚ ਗੱਡ ਕੇ, ਪਾਠ ਕਰਨਾ ਹੈ। ਅੰਮ੍ਰਿਤ ਪਾਨ ਕਰਾਉਣ ਸਮੇਂ ਜਦ ਪੰਜ ਪੰਜ ਚੂਲੇ ਛਕਾਏ ਅਤੇ ਨੇਤਰਾਂ ਤੇ ਕੇਸਾਂ ਵਿਚ ਪਾਏ ਜਾਂਦੇ ਹਨ, ਤਦ ਉਸ ਸਮੇਂ ਵੀ ''ਵਾਹਿਗੁਰੂ ਜੀ ਕੀ ਫਤਹਿ'' ਹੀ ਬੁਲਾਈ ਜਾਂਦੀ ਹੈ ਅਤੇ ਵਾਹਿਗੁਰੂ ਹੀ ਗੁਰਮੰਤਰ ਦਿਤਾ ਜਾਂਦਾ ਹੈ। ਇਸੇ ਤਰ੍ਹਾਂ ਘੱਟ ਤੋਂ ਘੱਟ ਪੰਜਾਂ ਬਾਣੀਆਂ (ਜਪੁ, ਜਾਪੁ, ਤ੍ਵਪ੍ਰਸਾਦਿ ਸਵੱਯੇ, ਰਹਿਰਾਸ, ਸੋਹਿਲਾ) ਦਾ ਨਿਤਨੇਮ ਕਰਨ ਤੇ ਨਾਮ ਸਿਮਰਨ ਲਈ ਤਾਕੀਦ ਕੀਤੀ ਜਾਂਦੀ ਹੈ। ਇਸ ਪ੍ਰਕਾਰ ਖਾਲਸੇ ਨੇ ਕੇਵਲ ਅਕਾਲ ਦੇ ਪੁਜਾਰੀ ਹੋਣਾ ਤੇ ਮਨੁੱਖ ਮਾਤਰ ਨੂੰ ਸਮਾਨ ਜਾਣ ਕੇ ਉਸ ਦੇ ਸੇਵਕ ਬਣਨਾ ਹੈ, ਇਤਿਆਦਿ।

ਸਤਿਗੁਰਾਂ ਵਲੋਂ ਬਖਸ਼ੇ ਇਸ ਅੰਮ੍ਰਿਤ ਦੀ ਵਿਸ਼ੇਸ਼ਤਾਈ ਇਹ ਹੈ ਕਿ :

(ੳ) ਇਹ ਅੰਮ੍ਰਿਤ ਵਾਹਿਗੁਰੂ ਦੇ ''ਨਾਮ-ਅੰਮ੍ਰਿਤ'' ਨਾਲ ਤਿਆਰ ਕੀਤਾ ਜਾਂਦਾ ਹੈ ਤੇ ਹਿਰਦੇ ਅੰਦਰ ਨਾਮ ਦਾ ਸੰਚਾਰਨ ਕਰਨਾ ਹੀ ਇਸ ਦਾ ਮੁਖ-ਮੰਤਵ ਹੈ।

(ਅ) ਇਸ ਅੰਮ੍ਰਿਤ ਨੂੰ ਤਿਆਰ ਕਰਨ ਵਾਲੇ ਸਿੰਘ, ਤਿਆਰ ਕਰਨ ਤੇ ਛਕਾਉਣ ਸਮੇਂ ਤਾਂ ਗੁਰੂ-ਰੂਪ ਹੋ ਕੇ ਸਿੱਖ ਨੂੰ ਦੀਖਸ਼ਤ ਕਰਦੇ ਹਨ; ਪ੍ਰੰਤੂ, ਬਾਅਦ ਵਿਚ ਉਹ ਅੰਮ੍ਰਿਤ ਛਕਣ ਵਾਲਿਆਂ ਦੇ ਸਮਾਨ ਗੁਰਸਿਖ ਹੀ ਹਨ, ਭਾਈ ਭਾਈ ਹਨ।

(ੲ) ਇਸ ਅੰਮ੍ਰਿਤ ਦੇ ਭੰਡਾਰੇ ਅਸੀਮਤ ਹਨ, ਸਦਾ ਸਦਾ ਲਈ ਅਤੁੱਟ।

(ਸ) ਇਹ ਖੀਰ ਸਾਗਰ ਨੂੰ ਮੱਥ ਕੇ ਕੱਢੇ ਅੰਮ੍ਰਿਤ ਦੇ ਵਿਪ੍ਰੀਤ, ਕਿਸੇ ਝਗੜੇ, ਖੋਹਾ-ਮਾਹੀ ਤੇ ਸਵਾਰਥ ਦਾ ਕਾਰਨ ਨਹੀਂ; ਸਗੋਂ, ਬਿਨਾਂ ਵਿਤਕਰੇ, ਸਭ ਲਈ ਹੈ ਅਤੇ ਸਭ ਨੂੰ ਇਕ ਸਮਾਨ ਪ੍ਰਾਪਤ ਹੁੰਦਾ ਹੈ। ਜਿਵੇਂ ਜਿਵੇਂ, ਜਦ ਜਦ ਤੇ ਜਿੰਨਾ ਜਿੰਨਾ ਚਾਹੋ ਜੁਗੋ ਜੁਗ ਵਰਤੋ। ਏਥੇ ਤਾਂ :

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥ (ਮ: ੫, ੧੮੬)

ਵਾਲੀ ਬੇਪ੍ਰਵਾਹੀ ਤੇ ਬਹੁਤਾਤ ਹੈ।

ਇਸ ਦੀ ਬਖਸ਼ਿਸ਼ ਕੁੰਭ-ਪੁਰਵ ਵਾਂਗ ਬਾਰਾਂ ਸਾਲ ਉਡੀਕਣੀ ਨਹੀਂ ਪੈਂਦੀ।

(ਸ) ਇਹ ਅੰਮ੍ਰਿਤ ਪ੍ਰਾਨੀ ਮਾਤ੍ਰ ਲਈ ਹੈ। ਜੋ ਚਾਹੇ, ਛਕੇ; ਅਕਾਲ ਅਕਾਲ ਜਪੇ ਅਤੇ ਲੋਕ, ਪਰਲੋਕ ਸੁਹੇਲਾ ਥੀਵੇ।

(ਕ) ਖੰਡੇ ਦੀ ਪਾਹੁਲ ਦੀ ਇਹ ਦਾਤ ਹਰ ਮਨੁੱਖੀ "ਘਟਿ" (ਹਿਰਦੇ) ਵਿਚ ਵੱਸਦੇ ਅੰਮ੍ਰਿਤ ਦੇ ਕੁੰਡ ਨਾਲ ਜੁੜ ਕੇ, "ਸਦੀਵੀ-ਅਨੰਦ" ਦੀ ਅਵੱਸਥਾ ਪੈਦਾ ਕਰ ਸਕਦੀ ਹੈ। ਹਾਲਾਤ ਚਾਹੇ ਮੁਆਫਿਕ ਹੋਣ, ਚਾਹੇ ਗੈਰ-ਮੁਆਫਿਕ, ਸੁੱਖ ਵਾਲੇ ਜਾਂ ਦੁੱਖ ਵਾਲੇ, ਗੁਰੂ ਕਾ ਅੰਮ੍ਰਿਤ-ਧਾਰੀ ਸਿੰਘ ਸਦਾ, "ਹਰਖ ਅਨੰਤ, ਸੋਗ ਨਹੀ ਬੀਆ" ਵਾਲੀ ਅਵੱਸਥਾ ਵਿਚ ਵਿਚਰੇਗਾ। ਉਹ ਬੰਦ ਬੰਦ ਕਟਾਉਂਦਾ, ਖੋਪਰੀਆਂ ਲੁਹਾਉਂਦਾ ਤੇ ਚਰਖੜੀਆਂ ਉਤੇ ਰੂੰ ਵਾਂਗ ਉਡੀਂਦਾ ਵੀ ਅਡੋਲ, ਇਕ ਰੱਸ, ਇਉਂ ਝੂਮ ਝੂਮ ਤੇ ਵਿਸਮਾਦਤ ਹੋ ਗਾ ਸਕਦਾ ਹੈ :–

ਦੂਖੁ ਨਾਹੀ, ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਾਹੀ ਸਭ ਜੇਤੈ ॥
(ਕਾਨੜਾ ਮ: ੫, ਪੰਨਾ ੧੩੦੨)

ਸੋ, ਮਨੁੱਖੀ ਇਤਿਹਾਸ ਵਿਚ ਕਈ ਵਿਸਾਖੀਆਂ ਆਈਆਂ ਅਤੇ ਕਈ ਆਉਣਗੀਆਂ; ਪ੍ਰੰਤੂ, ਸੰਮਤ ੧੭੫੬ ਵਾਲੀ ਅਦੁੱਤੀ ਵੈਸਾਖੀ, ਜਦ ਕਲਗੀਆਂ ਵਾਲੇ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਠੇਰੀ ਉਤੇ ਤਲਵਾਰ ਦੀ ਧਾਰ ਨਾਲ ਪਰਖ ਕੇ, ਪੰਜਾਂ ਪਿਆਰਿਆਂ ਤੇ ਫੇਰ ਸਮਸਤ ਸੰਸਾਰ ਨੂੰ ਸਦਾ ਸਦਾ ਲਈ "ਅੰਮ੍ਰਿਤ" ਦੀ ਦਾਤ ਬਖਸ਼ੀ ਸੀ, ਹਮੇਸ਼ਾਂ ਹਮੇਸ਼ਾਂ ਨਮਸਕਾਰ ਯੋਗ ਰਹੇਗੀ।

ਆਵੋ, ਸਮਸਤ ਸੰਸਾਰ ਦੇ ਲੋਕੋ, ਆਵੋ। ਸਭ ਦਾ ਸਾਂਝਾ ਤੇ ਇਕੋ ਸਮੇਂ ਬਾਦਸ਼ਾਹ ਤੇ ਦਰਵੇਸ਼, ਗੁਰੂ ਗੋਬਿੰਦ ਸਿੰਘ, ਤੁਹਾਨੂੰ ਪੁਕਾਰ, ਪੁਕਾਰ ਇਹ ਦਾਅਵਤ ਦੇ ਰਿਹਾ ਹੈ :-

ਪੀਵਹੁ ਪਾਹੁਲ ਖੰਡ ਧਾਰ, ਹੋਇ ਜਨਮ ਸੁਹੇਲਾ ॥

(ਭਾ: ਗੁਰਦਾਸ, ਦੂਜੇ)

"ਆਤਮਾ"

ਆਤਮਾ ਦੀ ਹੋਂਦ ਅਥਵਾ ਅਣਹੋਂਦ ਬਾਰੇ ਦੋ ਵੱਖ ਵੱਖ ਖਿਆਲ ਹਨ। ਅਧਿਆਤਮਕਵਾਦੀ ਤੱਤ-ਵੇਤਾ ਮਹਾਂ-ਪੁਰਸ਼ ਅਤੇ ਆਸਤਕ ਸਾਇੰਸਦਾਨ ਆਤਮਾ ਦੀ ਹੋਂਦ ਨੂੰ ਮੰਨਦੇ ਹਨ। ਇਹਨਾਂ ਸਾਇੰਸਦਾਨਾਂ ਵਿਚੋਂ ਸਰ ਆਲਿਵਰਲਾਜ*, ਕਾਂਟ† ਤੇ ਐਲਬਰਟ ਆਇਨਸਟਿਨ ਦੇ ਨਾਮ ਵਰਣਨਯੋਗ ਹਨ। ਦੂਜੇ, ਉਹ ਨਵੀਨ ਸਾਇੰਸਦਾਨ, ਮਾਦਾਪ੍ਰਸਤ ਤੇ ਚਾਰਵਾਕੀਏ ਲੋਗ ਹਨ ਜੋ ਆਤਮਾ ਦੀ ਹੋਂਦ ਨੂੰ ਨਹੀਂ ਮੰਨਦੇ।

---

*ਸਰ ਆਲਿਵਰਲਾਜ ਦਾ ਕਹਿਣਾ ਹੈ ਕਿ ਅਸੀਂ ਆਸਤਕ ਹਸਤੀ ਹਾਂ ਤੇ ਸਾਡਾ ਮੇਲ ਕੁਝ ਚਿਰ ਲਈ ਪ੍ਰਕਿਰਤੀ ਨਾਲ ਹੋਇਆ ਹੈ। ਇਹ ਸਾਡੀ ਸ਼ਖਸੀਅਤ ਦਾ ਮੁੱਢ ਹੈ ਜੋ ਸਰੀਰ ਦੇ ਬਿਨਸ ਜਾਣ ਨਾਲ ਖਤਮ ਨਹੀਂ ਹੋਵੇਗੀ। ਮਨ ਦੀ ਤਾਕਤ ਤੇ ਦੋਹਾਂ ਦਾ ਪਿਆਰ ਭਾਵੇਂ ਪ੍ਰਕਿਰਤੀ ਨਾਲ ਮੇਲ ਕਰਕੇ ਪੈਦਾ ਹੁੰਦਾ ਹੈ, ਪਰ ਉਹ ਸ਼ਖਸੀਅਤ ਦੀ ਮਲਕੀਅਤ ਬਣ ਜਾਂਦੇ ਹਨ। ਜੀਵ-ਆਤਮਾ ਨੂੰ ਸਰੀਰ ਮਜਬੂਰਨ ਛੱਡਣਾ ਪੈਂਦਾ ਹੈ, ਪਰ ਉਹ ਇਹ ਉਪਰੋਕਤ ਭਾਵ ਨਹੀਂ ਛੱਡ ਸਕਦਾ। ਰੂਹਾਂ ਨਾਲ ਗਲ ਬਾਤ ਵੀ ਕੀਤੀ ਜਾ ਸਕਦੀ ਹੈ, ਆਦਿ।

†ਕਾਂਟ ਦਾ ਕਥਨ ਹੈ–"ਸਾਨੂੰ ਸ੍ਰਿਸ਼ਟੀ ਤੋਂ ਜੋ ਗਿਆਨ ਪ੍ਰਾਪਤ ਹੁੰਦਾ ਹੈ ਉਹ ਸਾਡੀ ਆਤਮਾ ਦੇ ਵਿਹਾਰ ਕਾਰਨ ਹੈ, ਆਤਮਾ ਸੁਤੰਤਰ ਹੈ। ਜੇ ਆਤਮਾ ਸ੍ਰਿਸ਼ਟੀ ਦਾ ਗਿਆਨ ਰੱਖਦਾ ਹੈ, ਉਸ ਨੂੰ ਸ੍ਰਿਸ਼ਟੀ ਜਾਂ ਤੱਤਾਂ ਦਾ ਭਾਗ ਕਹਿਣਾ ਦਰੁਸਤ ਨਹੀਂ। ਗਿਆਤਾ ਸਦਾ ਗੇਅ ਨਾਲੋਂ ਵੱਖਰਾ ਹੁੰਦਾ ਹੈ।

ਅਜਿਹੇ ਸਾਇੰਸਦਾਨਾਂ ਤੇ ਵਿਚਾਰਵਾਨਾਂ ਵਿਚ ਹੈਕਸਲੇ* ਅਤੇ ਡਾਰਵਨ† ਆਦਿ ਦਾ ਨਾਮ ਵਰਣਨਯੋਗ ਹੈ।

ਗੁਰਮਤਿ ਅਨੁਸਾਰ ਅਕਾਲ ਪੁਰਖ ਵਾਹਿਗੁਰੂ ਨੂੰ, ਗੁਰਬਾਣੀ ਵਿਚ, ਚੱਕ੍ਰ, ਚਿਹਨ, ਰੂਪ ਰੇਖ, ਰੰਗ, ਵਰਨ, ਜਾਤਿ ਤੇ ਤਿੰਨਾਂ ਗੁਣਾਂ ਤੋਂ ਰਹਿਤ ਅਤੇ ਅਗਮ, ਅਗੋਚਰ ਕਰਕੇ ਵਰਣਨ ਕੀਤਾ ਗਿਆ ਹੈ। ਉਹ ਸਾਡੇ ਗਿਆਨ ਇੰਦਰਿਆਂ ਦਾ ਵਿਸ਼ਾ ਨਹੀਂ। ਏਸੇ ਲਈ ਉਪਨਿਸ਼ਦਾਂ ਵਿਚ ਉਸ ਨੂੰ "ਈਸ਼ਵਰਾਸਿੱਧੇ" ਕਹਿ ਕੇ ਹੀ ਗੱਲ ਨਿਬੇੜ ਛੱਡੀ ਹੈ। ਪ੍ਰਤੱਖ ਪ੍ਰਮਾਣ, ਅਨੁਮਾਨ ਪ੍ਰਮਾਣ, ਉਪਮਾਨ ਪ੍ਰਮਾਣ, ਅਨੁੱਪਲਬਦੀ ਪ੍ਰਮਾਣ ਆਦਿ ਦੁਆਰਾ ਵੀ ਵਾਹਿਗੁਰੂ ਜਾਣਿਆ ਜਾ ਸਕਣਾ ਸੰਭਵ ਨਹੀਂ। ਕੇਵਲ ਸ਼ਰਧਾ ਤੇ ਵਿਸ਼ਵਾਸ-ਮੰਡਲ ਵਿਚ ਪ੍ਰਵੇਸ਼ ਕਰਕੇ, ਸ਼ਬਦ ਪ੍ਰਮਾਣ ਰਾਹੀਂ ਹੀ ਉਸ ਲਾ-ਸ਼ਰੀਕ, ਲਾ-ਮਹਿਦੂਦ, ਬੇਅੰਤ ਤੇ ਅਦੁੱਤੀ ੧ ਓਅੰਕਾਰ ਬਾਰੇ ਕੁਝ ਕੁ ਥਹੁ ਪਤਾ ਲਾਉਣ ਦਾ ਤਰਲਾ ਮਾਰਿਆ ਜਾ ਸਕਦਾ ਹੈ। ਜਿਵੇਂ ਚਿੱਤਰ ਤੋਂ ਚਿਤੇਰੇ ਦਾ ਗਿਆਨ ਹੁੰਦਾ ਹੈ; ਤਿਵੇਂ ਕੁਦਰਤ ਤੋਂ ਕਾਦਰ ਦੀ ਹੋਂਦ ਤੇ ਸਮਰਥਾ ਦਾ। ਸਤਿਗੁਰੂਆਂ, ਰਿਸ਼ੀਆਂ-ਮੁਨੀਆਂ ਤੇ ਸ਼ਾਸਤਰਕਾਰਾਂ ਨੇ ਉਸ ਨੂੰ ਇਤਿ (ਇਹ ਹੈ), ਕਹਿਣ ਦੀ ਥਾਂ "ਨੇਤਿ ਨੇਤਿ" (ਨ-ਇਤਿ, ਨ-ਇਤਿ-ਇਹ ਨਹੀਂ, ਇਹ ਨਹੀਂ) ਕਰਕੇ ਕਥਨ ਦਾ ਸਹੀ ਰਾਹ ਅਪਣਾਇਆ ਹੈ। ਜਾਪੁ ਸਾਹਿਬ ਦੇ ਪਹਿਲੇ ਛੰਦ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :—

"ਤ੍ਰਿਭਵਣ ਮਹੀਪ, ਸੁਰ ਨਰ ਅਸੁਰ, ਨੇਤ ਨੇਤ, ਬਣ ਤ੍ਰਿਣ ਕਹਤ ॥"

---

*ਹੈਕਸਲੇ ਦਾ ਵਿਚਾਰ ਹੈ ਕਿ ਆਤਮਾ ਕੋਈ ਵੱਖਰੀ ਸ਼ੈਅ ਨਹੀਂ। ਇਹ ਕੇਵਲ ਤੱਤਾਂ ਦੇ ਮੇਲ ਦਾ ਹੀ ਪ੍ਰਤਿ-ਕਰਮ ਹੈ।

†ਡਾਰਵਨ ਵਿਕਾਸਵਾਦ ਦੀ ਥਿਊਰੀ ਦਾ ਮੁਦੱਈ ਹੈ। ਉਸ ਦਾ ਵਿਸ਼ਵਾਸ ਹੈ ਕਿ ਜੜ੍ਹਤਾ ਤੋਂ ਉੱਠ ਕੇ ਮਨੁੱਖ ਨੇ ਚੇਤਨਤਾ ਤਕ ਤਰੱਕੀ ਕੀਤੀ ਹੈ ਅਤੇ ਮਨੁੱਖ ਦੀ ਸ਼ਕਲ ਧਾਰਨ ਕਰਨ ਤੋਂ ਪਹਿਲਾਂ ਇਹ ਬਾਂਦਰ ਦਾ ਸਰੂਪ ਸੀ।

(ਭਾਵ-ਅਰਥ :–"ਹੇ ਵਾਹਿਗੁਰੂ, ਤੂੰ ਤਿੰਨਾਂ ਲੋਕਾਂ ਦਾ ਰਾਜਾ ਹੈਂ; ਦੇਵਤੇ, ਮਨੁੱਖ, ਦੈਂਤ ਤੇ ਸਾਰੀ ਬਨਸਪਤੀ ਇਹੀ ਕਹਿੰਦੀ ਹੈ ਕਿ ਤੂੰ, "ਨ-ਇਤਿ, ਨ-ਇਤਿ" (ਇਹ ਨਹੀਂ, ਇਹ ਨਹੀਂ), ਭਾਵ ਬੇਅੰਤ ਹੈਂ, ਤੇਰੇ ਜਿਹਾ ਹੋਰ ਕੋਈ ਨਹੀਂ।)"*

ਸੋ, ਜੋ, ਸੰਖੇਪ ਵਿਚਾਰ, ਉੱਪਰ, ਪ੍ਰਮਾਤਮਾ ਬਾਰੇ ਪ੍ਰਗਟਾਏ ਗਏ ਹਨ, ਉਹੀ ਸਾਰੇ "ਆਤਮਾ" ਜੋ ਪ੍ਰਮਾਤਮਾ ਦਾ ਹੀ ਸਰੂਪ ਹੈ; ਅਸਲਾ ਹੈ, ਬਾਰੇ ਵੀ ਕਹੇ ਜਾਂ ਘਟਾਏ ਜਾ ਸਕਦੇ ਹਨ। ਕਿਉਂਕਿ :–

ਆਤਮ ਰਾਮੁ, ਰਾਮੁ ਹੈ ਆਤਮ, ਹਰਿ ਪਾਈਐ ਸਬਦਿ ਵੀਚਾਰਾ ਹੇ ॥
(ਮਾਰੂ ਮ: ੧, ਪੰ-੧੦੩੦)

(ਭਾਵ–ਆਤਮੇ (ਬਹੁ-ਵਚਨ) ਰਾਮ ਹਨ, ਅਤੇ ਰਾਮ, ਆਤਮੇ ਹੈ; ਭਾਵ, ਜੀਵ ਗੁਣਾਂ ਕਰਕੇ ਹਰੀ ਦਾ ਰੂਪ ਹਨ, ਅਤੇ ਹਰੀ ਆਪ ਹੀ ਜੀਵਾਂ ਦੇ ਰੂਪ ਵਿਚ ਹੈ; ਐਸਾ ਹਰੀ ਗੁਰੂ ਦੀ ਬਾਣੀ ਦੀ ਵਿਚਾਰ ਦੁਆਰਾ ਮਿਲਦਾ ਹੈ।)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਗੋਂਡ (ਪੰ-੮੬੮) ਵਿਚ ਆਤਮਾ ਤੇ ਪ੍ਰਮਾਤਮਾ ਨੂੰ ਹਮ-ਜਿਨਸ ਤੇ ਹਮ-ਸਿਫ਼ਤ ਬਿਆਨਣ ਦਾ ਇਉਂ ਉਪਕਾਰ ਕੀਤਾ ਹੈ :–

ਅਚਰਜ ਕਥਾ ਮਹਾ ਅਨੂਪ ॥
ਪ੍ਰਾਤਮਾ, ਪਾਰਬ੍ਰਹਮ ਕਾ ਰੂਪੁ ॥ ਰਹਾਉ ॥
ਨਾ ਇਹੁ ਬੂਢਾ, ਨਾ ਇਹੁ ਬਾਲਾ ॥
ਨਾ ਇਸੁ ਦੂਖੁ, ਨਹੀ ਜਮਜਾਲਾ ॥
ਨਾ ਇਹੁ ਬਿਨਸੈ, ਨਾ ਇਹੁ ਜਾਇ ॥
ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ, ਨਹੀ ਇਸੁ ਸੀਤੁ ॥
ਨਾ ਇਸੁ ਦੁਸਮਨੁ, ਨਾ ਇਸੁ ਮੀਤੁ ॥

---

*ਤਥਾ :–"ਨੇਤ ਨੇਤ ਕਥੰਤਿ ਬੇਦਾ" (ਮਹਲਾ ੫)

ਨਾ ਇਸੁ ਹਰਖੁ, ਨਹੀ ਇਸ ਸੋਗੁ ॥
ਸਭੁ ਕਿਛੁ ਇਸ ਕਾ, ਇਹੁ ਕਰਨੈ ਜੋਗੁ ॥
ਨਾ ਇਸੁ ਬਾਪੁ, ਨਹੀ ਇਸੁ ਮਾਇਆ ॥
ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥
ਘਟ ਘਟ ਅੰਤਰਿ ਸਦ ਹੀ ਜਾਗੈ ॥
ਤੀਨਿ ਗੁਣਾ ਇਕ ਸਕਤਿ ਉਪਾਇਆ ॥
ਮਹਾ ਮਾਇਆ ਤਾਕੀ ਹੈ ਛਾਇਆ ॥
ਅਛਲ ਅਛੇਦ ਅਭੇਦ ਦਇਆਲ ॥
ਦੀਨ ਦਇਆਲ ਸਦਾ ਕਿਰਪਾਲ ॥
ਤਾ ਕੀ ਗਤਿ ਮਿਤਿ ਕਛੂ ਨ ਪਾਇ ॥
ਨਾਨਕ ਤਾ ਕੈ ਬਲਿ ਬਲਿ ਜਾਇ ॥

(ਨੋਟ :–ਪ੍ਰੋ: ਸਾਹਿਬ ਸਿੰਘ ਨੇ ਉਪ੍ਰੋਕਤ ਸਾਰੇ ਗੁਣ ਪ੍ਰਮਾਤਮਾ ਨਾਲ ਜੋੜੇ ਹਨ, ਜਿਸ ਦਾ ਰੂਪ ਆਤਮਾ ਨੂੰ ਮੰਨਿਆ ਗਿਆ ਹੈ; ਪ੍ਰੰਤੂ, ਪ੍ਰਿੰ: ਤੇਜਾ ਸਿੰਘ ਨੇ "ਸ਼ਬਦਾਰਥ" ਵਿਚ ਉਪ੍ਰੋਕਤ ਸਾਰੇ ਗੁਣ ਆਤਮਾ ਵਿਚ ਘਟਾਏ ਹਨ। ਇਹ ਗੱਲ ਵਧੇਰੇ ਜਚਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੱਟਾਂ ਨੇ ਰੱਬ ਦਾ, ਗੋਬਿੰਦ ਦਾ ਰੂਪ (ਜੋਤਿ) ਦੱਸ ਕੇ ਸਤਿਜੁਗ, ਤਰੇਤਾ ਤੇ ਦੁਆਪਰ ਮਾਨਣ ਵਾਲੇ ਬਿਆਨ ਕੀਤਾ ਹੈ, ਓਸੇ ਤਰ੍ਹਾਂ ਆਤਮਾ ਜਦ ਰਾਮ ਦੀ ਅੰਸ ਹੈ ਅਤੇ ਰਾਮ ਵਿਚ ਸਮਾ ਕੇ, ਰਾਮ ਹੀ ਹੋ ਜਾਂਦੀ ਹੈ, ਬੂੰਦ ਦੇ ਸਾਗਰ ਵਿਚ ਸਮਾਉਣ ਵਾਂਗ, ਤਾਂ ਰਾਮ ਵਾਲੇ ਸਾਰੇ ਗੁਣ ਉਸ ਵਿਚ ਵੀ ਹੋਣੇ ਸੰਭਵ ਹਨ।)

ਸ੍ਰੀ ਕਬੀਰ ਜੀ ਦਾ ਵੀ ਆਤਮਾ ਬਾਰੇ ਬੜਾ ਭਾਵਪੂਰਤ ਤੇ ਸਵਿਸਥਾਰ ਕਥਨ ਹੈ :–

ਨਾ ਇਹੁ (ਆਤਮਾ) ਮਾਨਸੁ, ਨਾ ਇਹੁ ਦੇਉ ॥
ਨਾ ਇਹੁ ਜਤੀ ਕਹਾਵੈ ਸੇਉ ॥

ਨਾ ਇਹੁ ਜੋਗੀ ਨਾ ਅਵਧੂਤਾ ॥
ਨਾ ਇਸੁ ਮਾਇ, ਨ ਕਾਹੂ ਪੂਤਾ ॥ ੧ ॥
ਇਆ ਮੰਦਰ ਮਹਿ ਕੌਨ ਬਸਾਈ ॥
ਤਾ ਕਾ ਅੰਤੁ ਨ ਕੋਊ ਪਾਈ ॥ ੧ ॥ ਰਹਾਉ ॥
ਨਾ ਇਹੁ ਗਿਰਹੀ, ਨਾ ਓਦਾਸੀ ॥
ਨਾ ਇਹੁ ਰਾਜ, ਨ ਭੀਖ ਮੰਗਾਸੀ ॥
ਨਾ ਇਸੁ ਪਿੰਡੁ, ਨ ਰਕਤੂ ਰਾਤੀ ॥
ਨਾ ਇਹੁ ਬ੍ਰਹਮਨੁ, ਨਾ ਇਹੁ ਖਾਤੀ ॥ ੨ ॥
ਨਾ ਇਹੁ ਤਪਾ, ਕਹਾਵੈ ਸੇਖੁ ॥
ਨਾ ਇਹੁ ਜੀਵੈ, ਨਾ ਮਰਤਾ ਦੇਖੁ ॥
ਇਸੁ ਮਰਤੇ ਕਉ ਜੇ ਕੋਊ ਰੋਵੈ ॥
ਜੋ ਰੋਵੈ ਸੋਈ ਪਤਿ ਖੋਵੈ ॥ ੩ ॥
ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥
ਜੀਵਨ ਮਰਨੁ ਦੋਊ ਮਿਟਵਾਇਆ ॥
ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥ ੪ ॥ (੮੭੧)

(ਭਾਵ—ਜਿਵੇਂ ਕਾਗਜ਼ ਪਰ ਸਿਆਹੀ ਨਹੀਂ ਮਿਟਦੀ; ਤਿਵੇਂ ਇਹ ਜੀਵ ਰਾਮ ਦੀ ਅੰਸ਼ ਹੈ, ਇਸ ਕਰਕੇ ਅਮਿੱਟ ਹੈ।)

ਏਸੇ ਤਰ੍ਹਾਂ ਭਗਤ ਰਵਿਦਾਸ ਜੀ ਦਾ ਗੁਰਬਾਣੀ ਵਿਚ ਪੁਨੀਤ ਕਥਨ ਹੈ :-

ਤੋਹੀ ਮੋਹੀ, ਮੋਹੀ ਤੋਹੀ, ਅੰਤਰੁ ਕੈਸਾ ?
ਕਨਕ ਕਟਕ, ਜਲ ਤਰੰਗ ਜੈਸਾ ॥ (ਪੰ-੯੩)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :-

ਮਰਨਹਾਰੁ ਇਹੁ ਜੀਅਰਾ (ਆਤਮਾ) ਨਾਹੀ ॥
(ਗਉੜੀ, ਪੰ:੧੮੮)

ਗੀਤਾ ਵਿਚ ਆਇਆ ਹੈ ਕਿ :-

ਆਤਮਾ ਨੂੰ ਸ਼ਸਤਰ ਆਦਿ ਕੱਟ ਨਹੀਂ ਸਕਦਾ; ਅੱਗ ਸਾੜ ਨਹੀਂ ਸਕਦੀ, ਪਾਣੀ ਗਿੱਲਾ ਨਹੀਂ ਕਰ ਸਕਦਾ ਅਤੇ ਵਾਯੂ ਸੁਕਾ ਨਹੀਂ ਸਕਦੀ।

(ਅਧਿ: ੨, ਸਲੋਕ-੨੩)

ਈਸਾ ਜੀ ਅੰਜੀਲ ਵਿਚ ਲਿਖਦੇ ਹਨ :-

ਤੂੰ ਮਿੱਟੀ ਹੈ, ਮਿੱਟੀ ਵਿਚ ਮਿਲ ਜਾਵੇਂਗੀ; ਪਰ, ਇਹ ਤੇਰੀ ਆਤਮਾ ਲਈ ਨਹੀਂ ਕਿਹਾ ਗਿਆ।

ਉਪ੍ਰੋਕਤ ਨਿਰਣੇ ਅਨੁਸਾਰ ਹੀ ਹਕੀਮ ਸੁਕਰਾਤ ਲਿਖਦਾ ਹੈ ਕਿ "ਸਾਰੀਆਂ ਆਤਮਾਂ ਹੀ ਅਮਰ ਹਨ; ਪ੍ਰੰਤੂ, ਸੱਚੇ ਸੁੱਚੇ ਵਿਅਕਤੀਆਂ ਦੀਆਂ ਆਤਮਾਂ ਅਮਰ ਵੀ ਹਨ, ਅਤੇ ਅਰਸ਼ੀ, ਅਥਵਾ ਉੱਚੀਆਂ ਤੇ ਸੁੱਚੀਆਂ ਵੀ।"

ਹਕੀਮ ਅਰਸਤੂ ਦਾ ਵਿਚਾਰ ਹੈ ਕਿ :-

"ਸਾਡੇ ਅੰਦਰ ਜੋ ਮਹਿਸੂਸਦਾ ਹੈ, ਇੱਛਾ ਕਰਦਾ ਹੈ, ਜੀਵਨ ਹੋ ਹੈ, ਦਿੱਬ ਹੈ, ਅਰਸ਼ੀ ਹੈ, ਪਵਿੱਤਰ ਹੈ ਤੇ ਨਾਮ-ਰਹਿਤ ਹੈ, ਉਹੀ ਆਤਮਾ ਹੈ।"

ਆਤਮ ਅਥਵਾ ਆਤਮਾ ਪਦ ਸੰਸਕ੍ਰਿਤ ਦੇ "ਆਤਮਨ" ਸ਼ਬਦ ਤੋਂ ਬਣੇ ਹਨ। ਮਹਾਂ-ਕੋਸ਼ (ਭਾ: ਕਾਨ੍ਹ ਸਿੰਘ) ਅਨੁਸਾਰ ਇਸ ਦੇ ਅਰਥ ਹਨ; ਜਿਸ ਦੁਆਰਾ ਜਾਣਿਆ ਜਾਵੇ; ਜੋ ਗਿਆਨ ਦਾ ਆਧਾਰ ਰੂਪ ਹੈ; ਏਸੇ ਨੂੰ ਹੀ (ਬਿਰਤੀ-ਅਛਿਨ* ਹੋਣ ਕਰਕੇ) ਜੀਵਨ ਆਤਮਾ ਕਰਕੇ ਮੰਨਿਆ ਗਿਆ ਹੈ। ਇਹ ਅਨੇਕ ਚੇਸ਼ਟਾਂ ਦਾ ਕਾਰਨ ਹੈ ਅਤੇ ਇਸ ਤੋਂ ਹੀ ਮੈਂ, ਮੇਰੀ ਦਾ ਬੋਧ ਹੁੰਦਾ ਹੈ। ਇਸ ਦਾ ਨਿਵਾਸ ਹਿਰਦੇ, ਦਿਮਾਗ ਜਾਂ ਸਾਰੇ ਅੰਗਾਂ ਵਿਚ ਮੰਨਿਆ† ਗਿਆ ਹੈ।"

ਨਿਆਏ ਸ਼ਾਸਤਰ ਅਨੁਸਾਰ ਇਹ ਆਤਮਾ : ਇੱਛਾ, ਸੁੱਖ ਦੁੱਖ, ਗਿਆਨ ਆਦਿ ਧਾਰਨ ਕਰਨ ਵਾਲਾ ਹੈ। ਜਿਥੇ ਇਹ ਹੋਣ, ਸਮਝੋ ਉਥੇ ਜੀਵ-ਆਤਮਾ ਹੈ।"

---

*ਮਿਲਿਆ ਹੋਇਆ। †ਸਰਵਭੂਤ ਆਤਮਾ।

ਵੇਦਾਂਤ ਮਤ ਅਨੁਸਾਰ ਅਵਿਦਿਆ ਵਿਚ ਚੇਤੰਨ ਦਾ ਆਭਾਸ (ਅੱਕਸ), ਚੇਤੰਨ ਅਤੇ ਅਵਿਦਿਆ, ਇਹਨਾਂ ਤਿੰਨਾਂ ਦਾ ਸਮੁਦਾਇ ਜੀਵ-ਆਤਮਾ ਹੈ।

ਪਰੰਤੂ, ਜੋ ਈਸ਼ਵਰ ਨੂੰ ਨਹੀਂ ਮੰਨਦੇ ਉਹ ਜੀਵ-ਆਤਮਾ ਨੂੰ ਹੋਰ ਪਦਾਰਥਾਂ ਵਾਂਗ ਪਰਿਣਾਮੀ ਤੇ ਅੱਨਿਤ ਮੰਨਦੇ ਹਨ। ਵਿਗਿਆਨੀ (ਸਾਇੰਸਦਾਨ) ਇਸਨੂੰ ਮਗਜ਼ ਦੀ ਬਾਹਰੀ ਤ੍ਵਚਾ ਤੇ ਰੁਚੀ-ਕੇਂਦਰ ਦੇ ਜੀਵਤ ਭਾਗ ਦਾ ਗੁਣ ਮੰਨਦੇ ਹਨ।

ਗੁਰਬਾਣੀ ਵਿਚ ਆਤਮ ਅਥਵਾ ਆਤਮਾ ਨੂੰ ਵਧੇਰੇ ਕਰ ਕੇ ਪ੍ਰਮਾਤਮਾ, ਵਾਹਿਗੁਰੂ, ਅੰਤਹਕਰਣ, ਮਨ ਚਿੱਤ ਕੇ ਸੁਭਾਉ ਦੇ ਅਰਥਾਂ ਵਿਚ ਵਰਤਿਆ ਗਿਆ ਹੈ।

ਇਸ ਸਬੰਧ ਵਿਚ ਗੁਰਬਾਣੀ ਦੇ ਕੁਝ ਕੁ ਇਹ ਪ੍ਰਮਾਣ ਵਾਚਣ ਯੋਗ ਹਨ :-

੧. ਪ੍ਰਮਾਤਮਾ ਦੇ ਅਰਥਾਂ ਵਿਚ :

ਆਤਮਾ ਦੇਉ ਪੂਜੀਐ,ਗੁਰ ਕੈ ਸਹਿਜ ਸੁਭਾਇ ॥ (ਮ: ੩,ਪੰਨਾ ੮੭)

੨. ਪ੍ਰਮਾਤਮਾ ਤੇ ਆਤਮਾ ਦੀ ਅਭੇਦਤਾ ਵਿਚ :

ਆਤਮੇ ਨੂੰ ਆਤਮੇ ਦੀ ਪ੍ਰਤੀਤਿ ਹੋਇ, ਤਾਂ ਘਰ ਹੀ ਪਰਚਾ ਪਾਇ ॥
(ਮ: ੩, ਪੰਨਾ ੮੭)

ਨੋਟ-ਪਹਿਲੀ ਵੇਰ ਵਰਤੇ ਆਤਮੇ ਦੇ ਅਰਥ ਜੀਵ ਆਤਮਾ ਹੈ ਤੇ ਦੂਜੀ ਵੇਰ ਵਰਤੇ ਆਤਮੇ ਦੇ ਪ੍ਰਮਾਤਮਾ।

ਤਥਾ-ਆਤਮਾ, ਪਰਮਾਤਮਾ ਏਕੋ ਕਰੈ ॥
ਅੰਤਰ ਕੀ ਦੁਬਿਧਾ, ਅੰਤਰਿ ਮਰੈ ॥ (ਮ: ੧, ਪੰਨਾ ੬੬੧)

੩. ਗੁਰਬਾਣੀ ਵਿਚ ਬਹੁਤੀ ਥਾਈਂ ਆਤਮਾ ਨੂੰ ਮਨ ਦੇ ਅਰਥਾਂ ਵਿਚ ਤੇ ਮਨ ਨੂੰ, ਜੋ ਅੰਤਹਕਰਣ ਦਾ ਇਕ ਅੰਗ ਤੇ ਸੰਕਲਪਾਂ ਵਿਕਲਪਾਂ ਦਾ ਸੰਗ੍ਰਹਿ ਮੰਨਿਆ ਗਿਆ ਹੈ, ਆਤਮਾ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ :

(ੳ) ਪੰਚ ਭੂ ਆਤਮਾ, ਹਰਿ ਨਾਮ ਰਸਿ ਪੋਖੈ ॥ (ਮ: ੫, ਪੰਨਾ ੨੯੯)

(ਭਾਵ : ਪੰਜਾਂ ਤੱਤਾਂ ਦਾ ਸੂਖਮ ਅੰਸ਼ ਆਤਮਾ, ਭਾਵ ਮਨ, ਨਾਮ-ਰਸ ਨਾਲ ਪਲਦਾ ਹੈ ।)

(ਅ) ਮਨ ਤੂੰ ਜੋਤਿ ਸਰੂਪ ਹੈਂ, ਆਪਣਾ ਮੂਲੁ ਪਛਾਣੁ ॥

(ਆਸਾ ਮ: ੩, ਪੰਨਾ ੪੪੧)

ਏਥੇ ਆਤਮਾ ਅਥਵਾ ਮਨ ਦੇ ਸਬੰਧ ਵਿਚ ਨੋਟ ਕਰਨ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਹਨਾਂ ਤਕ ਕਿਸੇ ਗਿਆਨ ਇੰਦਰੇ ਦੀ ਪਹੁੰਚ ਨਹੀਂ । ਦੂਜੇ, ਮਨ ਨੂੰ ਜਿਤਨਾ ਹੈ, ਵਸ ਕਰਨਾ ਹੈ, ਹਠ-ਕਰਮਾਂ ਰਾਹੀਂ ਮਾਰਨਾ ਨਹੀਂ । ਭਗਤ ਕਬੀਰ ਜੀ ਇਸ ਨੁਕਤੇ ਦੀ ਵਿਆਖਿਆ ਇਉਂ ਕਰਦੇ ਹਨ :

ਮਨ ਕਾ ਸੁਭਾਉ, ਮਨਹਿ ਬਿਆਪੀ ॥
ਮਨਹਿ ਮਾਰ, ਕਵਨ ਸਿਧਿ ਥਾਪੀ ॥
ਕਵਨੁ ਸੁ ਮੁਨਿ ? ਜੋ ਮਨੁ ਮਾਰੈ ॥
ਮਨ ਕਉ ਮਾਰਿ, ਕਹਹੁ ਕਿਸੁ ਤਾਰੈ ॥ ਰਹਾਉ ॥
ਮਨ ਅੰਤਰਿ, ਬੋਲੈ ਸਭੁ ਕੋਈ ॥
ਮਨ ਮਾਰੇ ਬਿਨੁ, ਭਗਤਿ ਨ ਹੋਈ ॥
ਕਹੁ ਕਬੀਰ ਜੋ ਜਾਨੈ ਭੇਉ ॥
ਮਨੁ ਮਧੁ ਸੂਦਨ, ਤ੍ਰਿਭਵਨ ਦੇਉ ॥ (ਗਉੜੀ ਕਬੀਰ,੩੨੯)

ਭਾਵ ਅਰਥ : 'ਮਨ ਦਾ ਇਹ ਵਤੀਰਾ ਹੈ ਕਿ ਆਪਣੇ ਆਪ, ਭਾਵ ਮਨ ਦੇ ਪਿਛੇ ਪੈ ਜਾਂਦਾ ਹੈ, ਅਰਥਾਤ ਮਨ ਦੀ ਤਾੜਨਾ ਲਈ ਕੇਵਲ ਮਨ ਹੀ ਹਥਿਆਰ ਹੈ । ਜੇ ਕਿਸੇ ਨੇ ਹੱਠ ਕਰਮਾਂ ਦੁਆਰਾ ਮਨ ਦਾ ਹੀ ਅਭਾਵ ਕਰ ਦਿਤਾ ਹੈ, ਤਾਂ ਬਾਕੀ ਰਿਹਾ ਹੀ ਕੀ ? ਮਨ ਨੂੰ ਮਨ-ਹਠ ਕਸਰਤਾਂ ਰਾਹੀਂ ਉੱਕਾ ਹੀ ਸ਼ਕਤੀ ਜਾਂ ਜਿੰਦ-ਹੀਣ ਕਰ ਲੈਣਾ, ਭਾਰੀ ਭੁੱਲ ਹੈ, ਕਿਉਂਕਿ ਚੰਗੇ ਫੁਰਨਿਆਂ ਦਾ ਕੇਂਦਰ ਵੀ ਤਾਂ ਆਖਰ ਮਨ ਹੀ ਹੈ ।'

'ਅਵਲ ਤਾਂ ਉਹ ਕਿਹੜਾ ਮੁਨੀ ਹੈ ਜੋ ਮਨ ਨੂੰ ਮਾਰ ਸਕਦਾ ਹੈ । ਫੇਰ, ਭਲਾ ਜੇ ਉਹ ਮਨ ਨੂੰ ਮਾਰ ਹੀ ਲਵੇ ਤਾਂ ਤਾਰੇਗਾ ਕਿਸ ਨੂੰ ? ਮਨ ਹੀ ਜੀਵਨ

ਸੱਤਾ ਹੈ। ਇਸ ਲਈ ਮਨੁੱਖ ਮਨ ਦੇ ਮਾੜੇ ਸੁਭਾਵ ਨੂੰ ਮਾਰੇ ਤੇ ਇਸ ਤਰ੍ਹਾਂ ਇਸ ਨੂੰ ਜਿੱਤੇ। ਜੋ ਨਰ ਇਹ ਭੇਦ (ਗੁੰਝਲ) ਕਿ ਮਨ ਨੂੰ ਮਾਰਨਾ ਵੀ ਹੈ ਤੇ ਨਹੀਂ ਮਾਰਨਾ ਵੀ, ਬੁੱਝ ਲੈਂਦਾ ਹੈ, ਉਸ ਨੂੰ ਇਹ ਮਨ ਹਰੀ ਰੂਪ ਤੇ ਤਿੰਨਾਂ ਭਾਵਨਾ ਦਾ ਦੇਵਤਾ ਅਥਵਾ-ਪ੍ਰਕਾਸ਼-ਰੂਪ ਪ੍ਰਮਾਤਮਾ ਦਿੱਸਦਾ ਹੈ।'

ਕਠ ਉਪਨਿਸ਼ਦ ਵਿਚ ਆਇਆ ਹੈ ਕਿ–ਯਮ ਨੇ ਨਚਿਕੇਤਾ ਨੂੰ ਉਪਦੇਸ਼ ਕੀਤਾ ਕਿ ਗਿਆਨ ਬੁੱਧੀ ਜਾਂ ਹੁਨਰ ਨਾਲ ਆਤਮਾ ਨੂੰ ਨਹੀਂ ਜਾਣ ਸਕਦੇ। ਆਤਮਾ ਦੀ ਹੋਂਦ ਨੂੰ ਆਤਮਾ ਹੀ ਜਾਣ ਸਕਦੀ ਹੈ, ਜੋ ਸ੍ਵੈ-ਪ੍ਰਕਾਸ਼ ਹੈ।

ਮਹਾਤਮਾ ਬੁਧ ਨੇ ਅੰਤਮ ਸਮੇਂ ਸ਼ਿਸ਼ਾਂ ਨੂੰ ਜੋ ਚਾਰ ਉਪਦੇਸ਼ ਕੀਤੇ, ਉਹਨਾਂ ਵਿਚ ਤੀਜਾ ਉਪਦੇਸ਼ ਹੈ–'ਜਿਵੇਂ ਜਲ ਤੋਂ ਪੈਦਾ ਹੋਇਆ ਚਿੱਕੜ ਜਲ ਨਾਲ ਹੀ ਧੋਤਾ ਜਾਂਦਾ ਹੈ, ਤਿਵੇਂ ਮਨ ਦੇ ਵਿਕਾਰ ਮਨ ਦੁਆਰਾ ਹੀ ਦੂਰ ਹੁੰਦੇ ਹਨ।'

ਹੋਰ ਗੁਰਬਾਣੀ ਪ੍ਰਮਾਣ ਹਨ :

(ੳ) ਸਬਦਿ ਮੂਏ, ਮਨੁ ਮਨ ਤੇ ਮਾਰਿਆ ॥
ਠਾਕਿ ਰਹੇ, ਮਨੁ ਸਾਚੈ ਧਾਰਿਆ ॥ (ਮ: ੧, ਪੰਨਾ ੭੯੯)

(ਅ) ਮਨ ਕੀ ਪਰਤੀਤ ਮਨ ਤੇ ਪਾਈ ॥
ਪੂਰੇ ਗੁਰ ਤੇ ਸਬਦਿ ਬੁਝਾਈ ॥ (ਮ: ੩, ਪੰਨਾ ੭੯੮)

ਅੰਤ ਵਿਚ, ਪਾਠਕਾਂ ਦੀ ਦਿਲਚਸਪੀ ਤੇ ਜਾਣਕਾਰੀ ਲਈ ਆਤਮਾ ਦੀ ਉਸ ਸਵਿਸਥਾਰ; ਪ੍ਰੰਤੂ ਗੌਹੜ ਵਿਆਖਿਆ ਦਾ, ਜੋ 'ਮਾਂਡੂਕਿਅ ਉਪਨਿਸ਼ਦ' ਵਿਚ ਅੰਕਿਤ ਹੈ, ਸੰਖੇਪ ਅਨੁਵਾਦ ਹੇਠਾਂ ਦਿਤਾ ਜਾਂਦਾ ਹੈ :

'ਨਾ ਉਹ (ਆਤਮਾ) ਅੰਦਰਲੀ ਬੁਧੀ ਹੈ, ਨਾ ਹੀ ਬਾਹਰਲੀ ਬੁਧੀ ਤੇ ਨਾ ਹੀ ਅੰਦਰਲੀ ਤੇ ਬਾਹਰਲੀ ਦੋਵੇਂ। ਨਾ ਹੀ ਉਹ ਬੁਧੀ ਹੈ ਤੇ ਨਾ ਹੀ ਅਬੁਧੀ, ਨਾ ਹੀ ਉਹ ਓਹ ਹੈ ਜਿਸ ਦੀ ਬੁਧੀ ਬਣੀ ਹੋਈ ਹੈ; ਨਾ ਹੀ ਉਹ ਸੋਚ ਦਾ ਵਿਸ਼ਾ ਹੈ, ਨਾ ਹੀ ਉਸ ਨਾਲ ਵਿਹਾਰ ਹੋ ਸਕਦਾ ਹੈ, ਨਾ ਹੀ ਉਹ ਟੋਹੀ ਜਾਂ ਸਪੱਰਸ਼ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਉਸ ਦਾ ਲੱਛਣ ਕੀਤਾ ਜਾ ਸਕਦਾ ਹੈ।'

'ਹਾਂ, ਨਿਸ਼ਾਨ ਅਥਵਾ ਇਸ਼ਾਰੇ ਮਾਤ੍ਰ ਉਸ ਬਾਰੇ ਇਤਨਾ ਕੁ ਹੀ ਕਿਹਾ ਜਾ ਸਕਦਾ ਹੈ ਕਿ ਜੋ ਪਰਪੰਚ ਤੋਂ ਪਰੇ ਹੈ, ਸ਼ਾਂਤ ਹੈ, ਉਚੇਰੀ ਸ਼ਾਂਤ ਤੇ ਅਨੰਦ ਹੈ, ਅਦਵੈਤ ਹੈ ਅਤੇ ਜਿਸ ਨੂੰ ਚੌਥਾ ਪਦ ਮੰਨਿਆ ਗਿਆ ਹੈ, ਉਹੀ ਆਤਮਾ ਹੈ।'

ਜਦ ਸਾਡਾ ਆਪਾ, ਸਾਡਾ 'ਕੁਛ' ਕਿਰਿਆਸ਼ੀਲ ਹੈ, ਤਾਂ ਉਹ ਮਨ ਹੈ, ਜਦ ਸ਼ਾਂਤ ਹੈ ਤਾਂ ਆਤਮਾ। ਸ਼ਾਂਤ ਮਨ ਜਿਹੀ ਕੋਈ ਚੀਜ਼ ਨਹੀਂ ਹੁੰਦੀ।

ਕੀਰਤਨ ਦਾ ਸਰੂਪ ਤੇ ਸਥਾਨ

ਅਕਾਲ ਪੁਰਖ ਵਾਹਿਗੁਰੂ ਵਲੋਂ ਪਠਾਏ ਗੁਰੂ ਸਾਹਿਬਾਨ ਨੇ, ਆਮਦ ਉਤੇ ਧੁਰੋਂ ਆਈ ਖਸਮ ਦੀ ਬਾਣੀ ਨੂੰ, ਰਾਗਾਂ ਵਿਚ ਉਚਾਰਿਆ ਤੇ ਗਾਇਣ ਕੀਤਾ। ਸੋ, ਉਚਿਤ ਹੈ ਕਿ 'ਕੀਰਤਨ ਦੇ ਸਰੂਪ ਤੇ ਸਥਾਨ' ਬਾਰੇ ਕੁਝ ਕਹਿਣ ਤੋਂ ਪਹਿਲਾਂ ਰਾਗ ਦੇ 'ਸਰੂਪ ਤੇ ਸਥਾਨ' ਸਬੰਧੀ ਸੰਖੇਪ ਤੌਰ ਉਤੇ ਕੁਝ ਬਿਨੈ ਕੀਤਾ ਜਾਵੇ :

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸੋਦਰੁ ਦੀ ਪਉੜੀ ਵਿਚ 'ਘਟਿ ਘਟਿ ਵਾਜਹਿ ਨਾਦ' ਦੀ ਹਕੀਕਤ ਦਰਸਾਉਂਦੇ ਤੇ ਪਉਣੁ ਪਾਣੀ ਬੈਸੰਤਰੁ, ਸਿੱਧ-ਸਾਧਕ, ਪੰਡਤ, ਮਹਾਂਬਲੀ ਯੋਧੇ ਤੇ ਇੰਦਰ ਆਦਿਕ ਦੇਵਤੇ, ਅਤੇ ਹੋਰ ਕੁਲ ਕਾਇਨਾਤ ਨੂੰ, ਪ੍ਰਭੂ-ਦਰ ਜਸ ਗਾਉਂਦੇ ਦਰਸਾਉਂਦੇ ਹਨ ਤਾਂ ਸੰਗੀਤ ਦੀ ਸਰਬ-ਪ੍ਰਿਯਤਾ ਤੇ ਵਿਆਪਕਤਾ ਹੋਰ ਵੀ ਨਿਖਰ ਕੇ ਸਾਹਮਣੇ ਆ ਸਾਕਾਰ ਹੁੰਦੀ ਹੈ।

ਜਪੁਜੀ ਦੀ ਸੋਲ੍ਹਵੀਂ ਪਉੜੀ ਵਿਚ ਇਕ ਥਾਂ ਗੁਰੂ ਜੀ ਨੇ ਕੁਦਰਤ ਵਿਚ ਵਰਤ ਰਹੀ ਇਕ-ਸੁਰਤਾ ਅਥਵਾ ਨੇਮ-ਬਧ ਬੱਝਵੀਂ ਚਾਲ ਨੂੰ ਸੰਤੋਖ ਤੋਂ ਉਪਜੇ ਸੂਤ (ਜ਼ਬਤ) ਦਾ ਨਾਮ ਵੀ ਦਿਤਾ ਹੈ—'ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥' ਇਸ ਜ਼ਬਤ ਤੋਂ ਉਪਜੀ ਲੈਅ, ਸੁਰ ਤੇ †ਤਾਲ ਵਿਚ ਕਾਦਰ ਦੀ ਕੁਲ ਰਚਨਾ ਸੰਗੀਤ-ਮਈ ਨਾਚ ਨਚ ਰਹੀ

---

†ਹਿੰਦੂ ਵਿਚਾਰਧਾਰਾ ਵਿਚ ਹਰੀ ਨੂੰ ਨਟਰਾਜ (ਵਡਾ ਨਾਚ ਤੇ ਨਿਰਤ-ਕਾਰੀ ਮੰਨਿਆ ਹੈ। ਭਗਤ ਨਾਮਦੇਵ ਅਨੁਸਾਰ ਪ੍ਰੇਰਕ ਹਰੀ ਤੋਂ ਸਾਰੀ

(ਬਾਕੀ ਫੁੱਟ-ਨੋਟ ਸਫ਼ਾ ੧੧੫ ਤੇ ਦੇਖੋ)

ਹੈ। ਕੁਝ ਉਵੇਂ ਹੀ ਜਿਵੇਂ ਪ੍ਰਭੂ-ਰੰਗ ਰਤਿਆਂ ਦੀ 'ਵੇਖਣ ਵਾਲੀ ਅੱਖ ਤੇ ਸੁਣਨ ਵਾਲੇ ਕੰਨਾਂ ਨੂੰ ਪਸ਼ੂ, ਪੰਛੀ, ਮਿਰਗ ਅਤੇ ਮੱਛੀਆਂ ਆਦਿ ਜੀਵ ਹਰੀ ਜਾਪ ਜਪਦੇ ਦਿਸਦੇ ਅਥਵਾ ਸਭ ਘਟ ਰਾਮ ਬੋਲਦਾ ਪ੍ਰਤੀਤ ਹੁੰਦਾ ਹੈ :

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ, ਸੁ ਬਿਨ ਹਰਿ ਜਾਪਤ ਹੈ ਨਹੀਂ ਹੋਰ॥

(ਮ: ੪, ਪੰਨਾ ੧੨੬੫)

ਤਥਾ—ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥

(ਭਗਤ ਨਾਮਦੇਵ, ਪੰਨਾ ੯੮੮)

ਰਾਗ ਅਥਵਾ ਸੰਗੀਤ ਦੀ ਸਰਬ-ਵਿਆਪਕਤਾ ਤੇ ਸੁਭਾਵਕਤਾ ਇਸ ਗੱਲ ਤੋਂ ਵੀ ਪ੍ਰਮਾਣਤ ਹੁੰਦੀ ਹੈ ਕਿ ਮਨੁੱਖ ਜਾਤੀ ਨੇ ਇਸ ਨੂੰ ਹਰ ਦੇਸ਼ ਤੇ ਕਾਲ ਵਿਚ ਆਪਣੇ ਆਪਣੇ ਰੰਗ-ਢੰਗ ਨਾਲ ਅਪਣਾਇਆ, ਅਤੇ ਸਿਵਾਇ ਇਸਲਾਮ ਦੇ, ਸਮੂਹ ਮਤਾਂ-ਮਤਾਂਤਰਾਂ ਵਲੋਂ ਹੀ ਇਸਨੂੰ ਸਦਾ ਮਾਨਤਾ ਪ੍ਰਾਪਤ ਰਹੀ ਹੈ। ਇਸਲਾਮ ਰਾਗ ਦਾ ਵਿਰੋਧ ਤੇ ਖੰਡਨ ਕਰਦਾ ਹੈ; ਪ੍ਰੰਤੂ ਉਥੇ ਵੀ ਬਾਂਗੀ ਨੂੰ 'ਖੁਸ਼ ਗੁਲੂ' ਹੋਣ ਦੀ ਹਦਾਇਤ ਹੈ। ਇਉਂ ਮੰਨ ਕੇ ਉਸ ਦੀ ਅਵਾਜ਼ ਵਿਚ ਸੁਰ, ਸੋਜ਼ ਤੇ ਲੈਅ ਦੀ ਲੋੜ ਨੂੰ ਪ੍ਰਵਾਨਿਆ ਗਿਆ ਹੈ। ਇਹੀ ਰਾਗ ਦੇ ਬੁਨਿਆਦੀ ਅੰਸ਼ ਹਨ।

(ਸਫਾ ੧੧੪ ਦੇ ਫੁੱਟ-ਨੋਟ ਦੀ ਬਾਕੀ)

ਸ੍ਰਿਸ਼ਟੀ ਨਚ ਰਹੀ ਹੈ। ਹਰੀ ਆਪ ਵੀ ਇਸ ਵਿਚ ਇਵੇਂ ਨਚ ਰਿਹਾ ਹੈ ਜਿਵੇਂ ਟਿੰਡਾਂ ਵਿਚ ਪਾਣੀ ਚਲਦਾ ਹੈ। ਪ੍ਰਭੂ ਨਾਇਕ (ਮਾਲਿਕ) ਤੋਂ ਬਿਨਾਂ ਹੋਰ ਕੁਝ ਨਹੀਂ। ਮਾਇਆ ਹਰੀ ਤੋਂ ਹੋਈ ਹੈ। ਇਸ ਲਈ ਜੋ ਮਾਇਆ ਦਾ ਹੈ, ਉਹ ਹਰੀ ਦਾ ਹੀ ਹੈ। ਜੀਵ ਰੂਪ ਗੋਪੀਆਂ ਇਕ ਤਾਲ ਨੱਚ ਰਹੀਆਂ ਹਨ। ਸਬੰਧਤ ਸ਼ਬਦ ਦੀਆਂ ਕੁਝ ਪੰਗਤੀਆਂ ਇਸ ਪ੍ਰਕਾਰ ਹਨ :

'ਕ੍ਰਿਸਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥
...ਹਰਿ ਕਾ ਬਾਗਰਾ, ਨਾਚੈ ਪਿੰਧੀ ਮਹਿ ਸਾਗਰਾ ॥
॥ਰਹਾਉ॥ ਨਾਚੰਤੀ ਗੋਪੀ ਜੰਨਾ ॥ ਨਈਆ ਤੇ ਬੈਰੇ ਕੰਨਾ ॥

(ਗੁ: ਗ੍ਰੰਥ ਸਾਹਿਬ,ਪੰਨਾ ੬੯੩)

ਮੁਸਲਿਮ ਸੂਫ਼ੀਆਂ ਸੰਤਾਂ ਨੇ ਨਾਤ ਤੇ ਕਵਾਲੀ ਦੇ ਰੂਪ ਵਿਚ ਰਾਗ ਨੂੰ ਰੱਜ ਕੇ ਅਪਣਾਇਆ ਹੈ। ਸਭ ਜਾਣਦੇ ਹਨ ਕਿ ਕਵਾਲੀ ਦੀ ਪ੍ਰਪਾਟੀ ਪਾਉਣ ਵਾਲਾ ਬਹੁ-ਪੱਖੀ ਵਿਦਵਾਨ ਅਮੀਰ ਖੁਸਰੋ ਸੀ। ਡਾਕਟਰ ਬਲਬੀਰ ਸਿੰਘ ਜੀ ਦੇ ਲੇਖ 'ਰਬਾਬ' ਵਿਚੋਂ ਇਹ ਟੂਕ ਇਸ ਸੰਬੰਧ ਵਿਚ ਦਿਲਚਸਪੀ ਦਾ ਕਾਰਨ ਹੋਵੇਗੀ :

'ਕੋਈ ਹਜ਼ਾਰ ਕੁ ਸਾਲ ਹੋ ਚੁਕਾ ਹੈ ਕਿ ਬੁਖਾਰੇ ਦੇ ਮੁਲਕ ਵਿਚ ਇਕ ਸਿਆਣਾ ਆਦਮੀ ਰਹਿੰਦਾ ਸੀ। ਇਸ ਦਾ ਨਾਮ ਅਬੂਨਾਸਰ ਸੀ। ਇਸ ਦਾ ਜੰਮ-ਪਲ ਫ਼ਾਰਾਬ ਸ਼ਹਿਰ ਦਾ ਸੀ। ਇਸ ਕਰ ਕੇ ਇਸ ਨੂੰ ਹਕੀਮ ਫ਼ਾਰਾਬੀ ਕਹਿੰਦੇ ਸਨ। ਹਕੀਮ ਫ਼ਾਰਾਬੀ ਕਈ ਇਕ ਵਿਦਯਾ ਤੇ ਹੁਨਰਾਂ ਦਾ ਮਾਲਕ ਸੀ। ਇਹ ਫਿਲਾਸਫਰ ਸੀ। ਗਵੱਯਾ ਸੀ, ਵਜੰਤ੍ਰੀ ਸੀ। ਇਸ ਦੀ ਜ਼ਿੰਦਗੀ ਬਹੁਤ ਸਾਦਾ ਸੀ। ਇਸ ਦੀ ਦਿਲਚਸਪੀ ਵਿਦਯਕ ਗੱਲਾਂ ਦੇ ਸਿਵਾਇ ਹੋਰ ਕਿਸੇ ਚੀਜ਼ ਵਿਚ ਨਹੀਂ ਸੀ। ਘਰ ਦਾ ਸਾਮਾਨ ਤੇ ਖਾਨਾਦਾਰੀ ਨਾਲ ਕੋਈ ਤਅੱਲਕ ਨਹੀਂ ਸੀ। ਕਪੜੇ ਵੀ ਮਾਮੂਲੀ ਤੇ ਆਪਣੇ ਲਗੇ ਮਾਹਵਾਰੀ ਵਜ਼ੀਫੇ ਵਿਚੋਂ ਵੀ ਸਿਰਫ ਚਾਰ ਦਿਰਮ ਰੱਖ ਕੇ ਬਾਕੀ ਦੀ ਰਕਮ ਮੋੜ ਦੇਂਦਾ ਸੀ। 'ਤਾਰੀਖ ਅਲਹੁਕਮਾ' ਵਿਚ ਇਸ ਦੇ ਰਾਗੀ ਹੋਣ ਦੀ ਇਕ ਅਜੀਬ ਹਕਾਇਤ ਲਿਖੀ ਹੈ : ਦੱਸਿਆ ਹੈ ਕਿ ਹਕੀਮ ਫਾਰਾਬੀ ਨੂੰ ਮਿਲਣ ਵਾਸਤੇ ਇਕ ਇਲਮ ਦੋਸਤ ਅਮੀਰ ਆਦਮੀ, ਬੜਾ ਉਤਾਵਲਾ ਸੀ। ਫਾਰਾਬੀ ਉਸ ਦੇ ਪਾਸ ਜਾਣੋਂ ਸੰਗਦਾ ਸੀ। ਇਕ ਦਿਨ ਅਮੀਰ ਆਪਣੀ ਮਹਿਫਲ-ਐਸ਼ ਵਿਚ ਬੈਠਾ ਸੀ ਕਿ ਹਕੀਮ ਫਾਰਾਬੀ ਉਥੇ ਆ ਗਿਆ, ਮਗਰ ਐਸ ਤਰ੍ਹਾਂ ਕਿ ਬਹੁਤ ਬੁਰੀ ਹਾਲਤ ਵਿਚ, ਮੈਲੇ ਤੇ ਫਟੇ ਕਪੜੇ ਪਾਏ ਹੋਏ, ਸਿਰ ਉਪਰ ਚਿਥੜੇ ਲਪੇਟੇ ਹੋਏ ਅਤੇ ਸੂਰਤ ਅਜੀਬ ਬਣਾਈ ਹੋਈ। ਮਹਿਫਲ ਵਾਲੇ ਪਹਿਲੇ ਤਾਂ ਦਰਵਾਨ ਨੂੰ ਗੁਸੇ ਹੋਏ ਕਿ ਐਸੇ ਆਦਮੀ ਨੂੰ ਅੰਦਰ ਕਿਉਂ ਆਉਣ ਦਿਤਾ ਹੈ। ਫੇਰ ਘਰ ਆਏ ਨਾਲ ਮਖੌਲ ਤੇ ਛੇੜਖਾਨੀ ਵਿਚ ਰੁਝ ਪਏ। ਫਾਰਾਬੀ ਨੇ ਆਪਣੀ ਬਗਲ ਵਿਚੋਂ ਇਕ ਵਾਜਾ ਕਢਿਆ, ਤੇ ਵਜਾਉਣ ਲੱਗਾ। ਸਾਜ਼ ਦੀ ਅਵਾਜ਼ ਸੁਣ ਕੇ ਮਹਿਫਲ ਵਾਲੇ ਹੱਸ ਪਏ। ਫੇਰ ਉਸ ਨੇ

ਪਰਦਾ ਬਦਲ ਕੇ ਸਾਜ਼ ਵਜਾਇਆ ਤਾਂ ਉਹ ਸਾਰੇ ਰੋਣ ਲਗ ਪਏ। ਹੁਣ ਉਸ ਨੇ ਸਾਜ਼ ਦਾ ਪਰਦਾ ਫੇਰ ਬਦਲ ਦਿਤਾ। ਅਸਰ ਕੀ ਹੋਇਆ ? ਕਿਤਾਬ 'ਮਸ਼ਾਹੀਰੇ ਆਲਮ' ਵਿਚ ਲਿਖਿਆ ਹੈ :

'ਔਰ ਤੀਸਰਾ ਪਰਦਾ ਬਦਲਨੇ ਕੇ ਬਾਅਦ ਤਮਾਮ ਮਜਲਸ ਗ਼ਾਫਲ ਅਰ ਮਦਹੋਸ਼ ਹੋ ਗਈ। ਹਕੀਮ ਨੇ ਏਕ ਬਾਜੇ ਪਰ ਅਪਨਾ ਨਾਮ ਲਿਖਾ ਔਰ ਤਹਰੀਰ ਕੀਆ ਕਿ 'ਤੁਮ ਕੋ ਫਰਾਬੀ ਕੇ ਮਿਲਨੇ ਕਾ ਸ਼ੌਕ ਥਾ, ਵੁਹ ਆਯਾ, ਤੁਮ ਨੇ ਉਸ ਕੀ ਹੰਸੀ ਉੜਾਈ, ਅਬ ਫ਼ਾਰਾਬੀ ਤੁਮ ਕੋ ਹੰਸਾ, ਰੁਲਾ ਔਰ ਸੁਲਾ ਕਰ ਜਾਤਾ ਹੈ।'

ਏਸੇ ਬਗਦਾਦ ਵਿਚ ਗੁਰੂ ਬਾਬੇ ਦੇ ਜਾਣ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ :

'ਫਿਰਿ ਬਾਬਾ ਗਿਆ ਬਗਦਾਦ ਨੂੰ, ਬਾਹਰਿ ਜਾਇ ਕੀਆ ਅਸਥਾਨਾ ॥
ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ ॥
ਦਿਤੀ ਬਾਂਗ ਨਮਾਜਿ ਕਰਿ, ਸੁੰਨ ਸਮਾਨਿ ਹੋਆ ਜਹਾਨਾ ॥ (ਵਾਰ ੧-੩)

ਬਗਦਾਦ ਵਿਚ ਉਸ ਵੇਲੇ ਪੀਰ ਦਸਤਗੀਰ ਸੀ। ਜ਼ਮਾਨਾ ਤੁਅੱਸਬ ਦਾ ਸੀ। ਸ਼ਰ੍ਹਾ ਕਰੜੀ ਸੀ। ਰਾਗ ਹੁਕਮਨ ਬੰਦ ਸੀ, ਪਰ ਪੀਰ ਦਸਤਗੀਰ ਨੂੰ ਪਤਾ ਸੀ ਕਿ ਰਾਗ ਕੀ ਚੀਜ਼ ਹੈ ਤੇ ਇਸ ਦੇ ਅਸਰ ਵਿਚ ਕੀ ਕਰਾਮਾਤ ਹੈ। ਅਰਬੀ ਦੀਆਂ ਆਪਣੀਆਂ ਸੂਫੀ ਰਵਾਇਤਾਂ ਮੁਤਾਬਿਕ ਹੀ ਕਿਹਾ ਗਿਆ ਹੈ :

'ਰਾਗ ਅੱਲਾ ਦੀ ਆਵਾਜ਼ ਹੈ – ਇਹ ਉਸ ਦੀ ਸੱਦ ਹੈ। ਇਸ ਦਾ ਜਵਾਬ ਰੂਹ ਦੇਂਦੀ ਹੈ। ਉਹ ਜਵਾਬ ਸਮਾਧੀ ਦੀ ਗੜੂੰਦ ਹੈ।'

ਉਸ ਨੂੰ ਪਤਾ ਸੀ ਕਿ ਉਹਨਾਂ ਦਾ ਆਪਣਾ ਹੀ ਇਕ ਵਡੱਕਾ ਇਸ ਬਾਬਤ ਕੀ ਕਹਿ ਗਿਆ ਹੈ*। ਇਸ ਵਡੱਕੇ ਦਾ ਨਾਮ 'ਸਿਮੂਨ ਸੋਹਿਬ' ਸੀ।

---

*ਉਨ੍ਹਾਂ ਦੀ ਇਸ ਅਰਬੀ ਲਿਖਤ ਦਾ ਅਨੁਵਾਦ ਅੰਗਰੇਜ਼ੀ ਵਿਚ ਇਸ ਪ੍ਰਕਾਰ ਹੈ :

Music is call from God, and ecstacy is the answer of the soul to the call, while swooning means the merging of Soul in God.

ਜ਼ਿਮੂਨ ਮੋਹਿਬ ਨੇ ਕਿਹਾ :

'ਰਾਗ ਸੱਦ ਹੈ ਅੱਲ੍ਹਾ ਵਲੋਂ ਰੂਹ ਨੂੰ। ਰੂਹ ਦਾ ਜਵਾਬ ਇਸ ਸੱਦ ਨੂੰ ਕੀ ਹੈ ? ਵਜਦ (ਵਿਸਮਾਦ) ਵਿਚ ਆ ਜਾਣਾ। ਗਸ਼ (ਮੂਰਛਾ) ਹੋ ਜਾਣੀ ਤੇ ਰੂਹ ਦਾ ਅੱਲ੍ਹਾ ਵਿਚ ਸਮਾ ਜਾਣਾ ਜਾਣਾ ਹੈ।'

ਕੀਰਤਨ ਦਾ ਮਹੱਤਵ ਦਰਸਾਉਣ ਲਈ ਪੁਸਤਕ 'ਸਰੇਸ਼ਟ ਗੋਸ਼ਟੀਆਂ' ਵਿਚੋਂ, ਜੋ ਮੌਲਾਨਾ ਹਮੀਦ ਸ਼ਾਇਰ ਕਲੰਦਰੀ ਰਚਿਤ 'ਖੈਰੁਲ-ਮਜਾਲਸ' (੧੩੫੪-੫੫ ਈ:) ਦਾ ਪੰਜਾਬੀ ਅਨੁਵਾਦ ਹੈ, ਇਹ ਹਵਾਲਾ ਵਾਚਣ ਯੋਗ ਹੈ : ਸਾਡੇ ਸ਼ੇਖ ਸਾਹਿਬ (ਹਜ਼ਰਤ ਨਜ਼ਾਮੁੱਦੀਨ ਔਲੀਆ) ਨੇ ਅਰਜ਼ ਕੀਤੀ :

'ਤੁੱਠੇ ਹੋ ਤਾਂ ਧਰਮ-ਮਾਰਗ ਵਿਚ ਅਡੋਲਤਾ ਦੀ ਬਖਸ਼ਿਸ਼ ਕਰ ਦਿਓ।'

ਸ਼ੇਖ ਫਰੀਦੁੱਦੀਨ ਨੇ ਫੁਰਮਾਇਆ, 'ਜਾ ਕੀਤੀ'।

...ਪਿਛੋਂ ਸ਼ੇਖ ਸਾਹਿਬ (ਨਜ਼ਾਮੁਦੀਨ ਔਲੀਆ) ਕਿਹਾ ਕਰਦੇ ਸਨ ਕਿ ਇਸ ਤੋਂ ਮਗਰੋਂ ਕਈ ਸਾਲ ਲੰਘਣ ਦੇ ਬਾਵਜੂਦ, ਮੈਨੂੰ ਇਹ ਪ੍ਰੇਸ਼ਾਨੀ ਰਹੀ ਕਿ ਉਸ ਸੁਭਾਗ ਘੜੀ, ਸਮਾਅ (ਨਿਰਤ ਤੇ ਰਾਗ) ਵਿਚ ਪ੍ਰਾਣ ਛੱਡਣ ਦੀ ਮੰਗ ਕਿਉਂ ਨਾ ਕੀਤੀ।

ਦਾਸ ਨੇ ਬੇਨਤੀ ਕੀਤੀ ਕਿ ਜੇ ਸ਼ੇਖ ਸਾਹਿਬ ਨੇ ਸਮਾਅ ਵਿਚ ਪ੍ਰਭੂ ਸਮੀਪਤਾ ਦੀ ਇੱਛਾ ਪ੍ਰਗਟਾਈ ਸੀ ਤਾਂ ਸਮਾਅ ਦਾ ਮਹਾਤਮ ਕਿੰਨਾ ਭਾਰਾ ਹੁੰਦਾ ਹੋਵੇਗਾ। ਇਸ ਉਤੇ ਜਨਾਬ ਖਾਜਾ ਸਾਹਿਬ ਨੇ ਇਹ ਤੁਕ ਉਚਾਰੀ :—

ਰਕਸ ਆਂ ਨ ਬਵਦ ਕਿ ਹਰ ਜ਼ਮਾਂ ਬਰਖੇਜ਼ੀ।

(ਭਾਵ—ਬਿੰਦ ਬਿੰਦ ਪਿਛੋਂ ਟਪਣਾ, ਬੁੜਕਣਾ ਨਿਰਤ (ਰਕਸ) ਨਹੀਂ ਅਖਵਾਉਂਦਾ)।

ਭਾਰਤੀ ਸੰਗੀਤ ਦੇ ਆਰੰਭ ਆਦਿ ਬਾਰੇ ਅਤਿ ਸੰਖੇਪ ਤੌਰ ਤੇ ਕੁਝ ਕਹਿਣ ਤੋਂ ਪਹਿਲਾਂ ਅਸੀਂ ਇਸ ਬਾਰੇ ਪੱਛਮੀ ਮੱਤਾਂ ਤੇ ਵਿਦਵਾਨਾਂ ਦਾ ਰਾਗ ਸੰਬੰਧੀ ਦ੍ਰਿਸ਼ਟੀਕੋਣ ਵਰਣਨ ਕਰਨਾ ਉਚਿਤ ਜਾਤਾ ਹੈ :—

(ੳ) ਵਿਦਵਾਨ ਕਾਰਲਾਇਲ ਨੇ ਰਾਗ ਨੂੰ ਫਰਿਸ਼ਤਿਆਂ ਦੀ ਬੋਲੀ

ਕਹਿ ਕੇ ਸਤਿਕਾਰਿਆ ਹੈ। ਉਹ ਸੰਗੀਤ ਤੇ ਡੂੰਘਾ ਸੋਚਣ ਤੇ ਤੱਕਣ ਨੂੰ ਓਤ ਪੋਤ ਦਸਦੇ ਹੋਏ ਲਿਖਦੇ ਹਨ :-

"ਤੁਸੀਂ ਬਹੁਤ ਡੂੰਘਾ ਤੱਕੋ, ਅਤੇ ਤੁਹਾਡਾ ਏਵੇਂ ਤੱਕਣਾ ਸੰਗੀਤਕ ਹੋ ਜਾਵੇਗਾ। ਕੁਦਰਤ ਦਾ ਦਿਲ ਹਰ ਥਾਂ ਇਕ ਨਾਦ ਦੇ ਰੂਪ ਵਿਚ ਵੱਜ ਰਿਹਾ ਹੈ; ਪ੍ਰਤੂ, ਤੁਸੀਂ ਇਸ ਨੂੰ ਮਾਣੋਗੇ ਤਦ ਤੇ ਤਾਂ, ਜੇ ਕਿਸੇ ਤਰ੍ਹਾਂ ਤੁਹਾਡੀ ਪਹੁੰਚ ਓਥੋਂ ਤੱਕ ਹੋ ਜਾਵੇ।"*

ਕਿਤਨਾ ਸੂਖਮ, ਤੇ ਉੱਚਾ ਵਿਚਾਰ ਹੈ।

(ਅ) "ਸੰਗੀਤ ਨੂੰ ਆਤਮ ਅਥਵਾ ਪ੍ਰਮਾਤਮ ਡੂੰਘਾਈਆਂ ਤੱਕ ਪਹੁੰਚਣ ਦਾ ਮਾਰਗ ਦੱਸਦੇ ਹੋਏ ਮਹਾਨ ਚਿੰਤਕ† ਪਲੇਟੋ ਦੱਸਦੇ ਹਨ ਕਿ ਕੇਵਲ ਸੁਰ ਤੇ ਲੈਅ ਹੀ ਆਤਮਾ ਦੇ ਮਰਮ ਅਸਥਾਨਾਂ ਤਕ ਪਹੁੰਚ ਸਕਦੇ ਹਨ।"()

(ੲ) ਜਰਮਨ ਦੇ ਮਹਾਨ ਫਿਲਾਸਫਰ, ਗੋਇਟੇ ਨੇ, ਰਾਗ ਨੂੰ ਮਨ ਤੇ ਮਾਦੇ ਵਿਚ ਸੰਪਰਕ ਕਾਇਮ ਕਰਨ ਵਾਲੀ ਰੌ ਕਰਕੇ ਮੰਨਿਆ ਹੈ।

(ਸ) []ਨਿਪੋਲੀਅਨ ਅਨੁਸਾਰ ਰਾਗ ਉਤੇਜਿਤ ਮਨੋ-ਭਾਵਾਂ ਨੂੰ ਸ਼ਾਂਤ ਕਰਨ ਦਾ ਸਾਧਨ ਹੈ।

---

*Music is well said to be the speech of angels. Music and rythm find their way into the secret places of the soul.

†See deep enough and you see musically, the heart of nature being every where music, if you can only reach. (Carlyle, Hero and Hero Worship).

()Mesic and rhythm find their way into the secrt places of the Soul (Plato, The Republic).

[]"Music of all the liberal arts has the greatest influence over passions." (Napoleon)

(ਹ) ਜਿੱਥੇ ਵਿਦਵਾਨ ਹੰਟ ਨੇ ਸੰਗੀਤ ਨੂੰ ਢਹਿੰਦੇ ਮਨਾਂ ਦਾ ਦਾਰੂ ਕਰਕੇ ਮੰਨਿਆ ਹੈ, ਓਥੇ ਐਵਰ-ਬੈਂਕ ਦੇ ਵਿਚਾਰ ਵਿਚ ਇਹ ਸਾਡੇ ਮਨਾਂ ਉੱਤੇ ਦਿਨ ਰਾਤ ਪੈਂਦੀ ਵਿਕਾਰਾਂ ਦੀ ਮੈਲ ਨੂੰ ਨਾਲੋ ਨਾਲ ਧੋਣ ਦਾ ਵਸੀਲਾ ਹੈ।

(ਕ) ਵਿਦਵਾਨ ਕੰਗਰੀਵ* ਤਾਂ ਏਥੋਂ ਤਕ ਜਾਂਦਾ ਹੈ ਕਿ ਰਾਗ ਵਿਚ ਵਹਿਸ਼ੀ ਮਨਾਂ ਨੂੰ ਸ਼ਾਂਤ ਤੇ ਪੱਥਰਾਂ ਨੂੰ ਨਰਮ ਕਰਨ ਅਤੇ ਓਕ ਵਰਗੇ ਅਝੁੱਕ ਬ੍ਰਿਛ ਨੂੰ ਝੁਕਾ ਦੇਣ ਦੀ ਸ਼ਕਤੀ ਹੈ।

(ਖ) †ਮਹਾਨ ਜਰਮਨ ਚਿੰਤਕ, ਮਾਰਟਿਨ ਲੂਥਰ, ਰਾਗ ਨੂੰ ਰੱਬ ਦ ਇਕ ਅਤਿ-ਸੁੰਦਰ ਤੇ ਪ੍ਰਭਾਵਸ਼ਾਲੀ ਦੇਣ ਮੰਨਦਾ ਹੈ ਤੇ ਸ਼ੈਤਾਨ ਨੂੰ ਇਸ ਦਾ ਇਸ ਲਈ ਕੱਟੜ-ਵਿਰੋਧੀ ਦਸਦਾ ਹੈ ਕਿ ਰਾਗ, ਦਿਲ ਤੋਂ ਗਮਾਂ ਦਾ ਭਾਰ ਲਾਹ ਸੁੱਟਣ ਅਤੇ ਉਸ ਨੂੰ ਮੰਦੇ ਵਿਚਾਰਾਂ ਦੀ ਖਿੱਚ ਤੇ ਮਾਰ ਤੋਂ ਬਚਾਅ ਸਕਣ ਦੀ ਸਮਰਥਾ ਰੱਖਦਾ ਹੈ।

(ਗ) *ਚੇਟੀਓ ਬ੍ਰੀਐਂਡ ਨੇ ਸੰਗੀਤ ਨੂੰ ਪ੍ਰਾਰਥਨਾ ਦਾ ਬੱਚਾ ਅਤੇ ਧਰਮ ਦਾ ਸਾਥੀ ਕਰਕੇ ਸਨਮਾਨਿਆ ਹੈ।

(ਘ) ਮਹਾਨ ਕਵੀ ਕੀਟਸ† ਨੇ ਤਾਂ ਸੰਗੀਤਕ-ਮੌਤ ਦੀ ਕਾਮਨਾ

---

*Music has charms to soothe the savage breast, to soften rock and bend the knotted oak. (Congreve)

†Music is one of the fairest and most glorious gifts of God to which "Satan" is a bitter enemy; because, it removes from the hearts the weight of sorrow and the fascination of evil thoughts. (Luther)

()Music is the child of prayer, the companion of religion. (Chateau Briand)

[]Let me have music dying and I ask for no more delight. (Keats)

ਕਰਕੇ ਇਸ ਦਾ ਰੁਤਬਾ ਹੋਰ ਵੀ ਉਚੇਰਾ ਕਰ ਵਿਖਾਇਆ ਹੈ। ਉਹ ਲਿਖਦਾ ਹੈ :

"ਮੈਨੂੰ ਸੰਗੀਤਕ ਮੌਤ ਬਖਸ਼ੋ, ਅਤੇ ਮੈਂ ਹੋਰ ਕਿਸੇ ਖੁਸ਼ੀ ਦੀ ਕਾਮਨਾ ਨਹੀਂ ਕਰਦਾ।"

ਭਾਰਤੀ ਸੰਗੀਤ ਦੀ ਉਤਪਤੀ

ਸੰਗੀਤ-ਕਲਾ ਜਿਥੇ ਬਹੁਤ ਪ੍ਰਾਚੀਨ, ਨਿਪੁੰਨ ਅਤੇ ਧਾਰਮਿਕ ਭਾਵਾਂ ਨਾਲ ਗੁੰਧੀ ਮੰਨੀ ਗਈ ਹੈ, ਉਥੇ ਉਸ ਦੀ ਉਤਪਤੀ ਬਾਰੇ ਇਹ ਭਿੰਨ ਭਿੰਨ ਵਿਚਾਰ ਵੀ ਦਿਲਚਸਪੀ ਦਾ ਕਾਰਨ ਹਨ :

੧. ਸੰਗੀਤ ਦੀ ਉਤਪਤੀ ਸਭ ਤੋਂ ਪਹਿਲਾਂ ਵੇਦਾਂ ਦੇ ਨਿਰਮਾਤਾ ਬ੍ਰਹਮਾ ਜੀ ਤੋਂ ਮੰਨੀ ਗਈ ਹੈ। ਬ੍ਰਹਮਾ ਜੀ ਨੇ ਇਹ ਕਲਾ ਸ਼ਿਵ ਜੀ ਨੂੰ ਦਿਤੀ, ਅਤੇ ਸ਼ਿਵ ਜੀ ਨੇ ਸਰਸਵਤੀ ਦੇਵੀ ਨੂੰ। ਏਸੇ ਲਈ ਦੇਵੀ ਸਰਸਵਤੀ ਜੀ ਨੂੰ "ਵੀਣਾ ਪੁਸਤਕ ਧਾਰਨੀ" ਆਖ ਕੇ ਸੰਗੀਤ ਤੇ ਸਾਹਿਤ ਦੀ ਦਾਤੀ ਮੰਨਿਆ ਗਿਆ ਹੈ। ਸਰਸਵਤੀ ਜੀ ਤੋਂ ਸੰਗੀਤ ਕਲਾ ਦਾ ਗਿਆਨ ਨਾਰਦ ਜੀ ਨੂੰ ਪ੍ਰਾਪਤ ਹੋਇਆ, ਜਿਸ ਨੇ ਇਹ ਗਿਆਨ ਸਵਰਗ ਦੇ ਗੰਧਰਵਾਂ, ਕਿੰਨਰਾਂ ਤੇ ਅਪੱਛਰਾਵਾਂ ਨੂੰ ਸਿਖਾਇਆ, ਜਿਥੋਂ, ਭਰਤ ਅਤੇ ਹਨੂੰਮਾਨ ਆਦਿ ਰਿਸ਼ੀਆਂ ਨੇ ਇਸਨੂੰ ਪ੍ਰਾਪਤ ਕਰਕੇ ਪ੍ਰਿਥਵੀ ਦੇ ਲੋਕਾਂ ਵਿਚ ਪ੍ਰਚਾਰਿਆ।

੨. ਇਕ ਗ੍ਰੰਥਾਕਾਰ ਦੇ ਮਤ ਅਨੁਸਾਰ ਨਾਰਦ ਜੀ ਦੇ ਕਈ ਵਰ੍ਹਿਆਂ ਤੱਕ ਜੋਗ-ਸਾਧਨਾ ਕਰਨ ਉਪਰੰਤ ਮਹਾਂਦੇਵ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਸੰਗੀਤ ਕਲਾ ਪ੍ਰਦਾਨ ਕੀਤੀ।

੩. "ਸੰਗੀਤ ਦਰਪਣ" ਦੇ ਲੇਖਕ 'ਪੰਡਤ ਦਾਮੋਦਰ' ਦੇ ਮਤ ਅਨੁਸਾਰ ਸੰਗੀਤ ਕਲਾ ਦੀ ਉਤਪਤੀ ਬ੍ਰਹਮਾ ਜੀ ਤੋਂ ਆਰੰਭ ਹੁੰਦੀ ਹੈ। ਉਸ ਨੇ ਸੱਤਾਂ ਸੁਰਾਂ ਦੀ ਉਤਪਤੀ ਇਨ੍ਹਾਂ ਪਸ਼ੂ, ਪੰਛੀਆਂ ਦੁਆਰਾ, ਇਸ ਪ੍ਰਕਾਰ, ਹੋਈ ਮੰਨੀ ਹੈ :—

"ਮੋਰ ਤੋਂ ਛੜਜ, ਚਾਤ੍ਰਿਕ ਤੋਂ ਰਿਖਭ, ਬਕਰੇ ਤੋਂ ਗੰਧਾਰ, ਕਾਂ ਤੋਂ ਮਾਧਿਅਮ, ਕੋਇਲ ਤੋਂ ਪੰਚਮ, ਡੱਡੂ ਤੋਂ ਧੈਵਤ ਅਤੇ ਹਾਥੀ ਤੋਂ ਨਿਖਾਦ।"

ਫਾਰਸੀ ਤੇ ਅੱਨ ਪੱਛਮੀ ਵਿਦਵਾਨਾਂ ਦੇ ਵਿਚਾਰ :

ਇਕ ਫਾਰਸੀ ਵਿਦਵਾਨ ਦਾ ਕਥਨ ਹੈ ਕਿ ਪਹਾੜਾਂ ਉਤੇ "ਮੂਸੀਕਾਰ" ਨਾਂ ਦਾ ਇਕ ਅਜਿਹਾ ਪੰਛੀ ਹੁੰਦਾ ਹੈ, ਜਿਸਦੇ ਨੱਕ ਵਿਚ ਬੰਸਰੀ ਵਾਂਗ ਸੱਤ ਸੁਰਾਖ਼ ਹੁੰਦੇ ਹਨ। ਇਨ੍ਹਾਂ ਸੱਤਾਂ ਛੇਕਾਂ ਵਿਚੋਂ ਹੀ ਸੱਤ ਸੁਰਾਂ ਪੈਦਾ ਹੋਈਆਂ।

੨. ਫਾਰਸੀ ਦੇ ਇਕ ਹੋਰ ਵਿਦਵਾਨ ਦਾ ਕਥਨ ਹੈ ਕਿ ਇਹ ਸੁਰਾਂ ਉਨ੍ਹਾਂ ਪੱਥਰ ਦੇ ਸੱਤਾਂ ਟੁਕੜਿਆਂ ਵਿਚੋਂ ਨਿਕਲੀਆਂ, ਜਿਸ ਨੂੰ ਰੱਬ ਦੀ ਆਗਿਆ ਅਨੁਸਾਰ ਹਜ਼ਰਤ ਮੂਸਾ ਨੇ ਆਪਣੇ 'ਅਸਾ' (ਡੰਡੇ) ਨਾਲ ਤੋੜਿਆ ਸੀ।

੩. ਜੇਮਜ਼ ਲੌਂਗ ਦਾ ਵਿਚਾਰ ਹੈ ਕਿ ਪਹਿਲਾਂ ਮਨੁੱਖ ਨੇ ਬੋਲਣਾ ਸਿਖਿਆ, ਫਿਰ ਤੁਰਨਾ ਫਿਰਨਾ ਅਤੇ ਫੇਰ ਸਹਿਜੇ ਹੋਰ ਕੰਮ ਕਾਰ ਸਿੱਖਦਿਆਂ ਉਸ ਦੇ ਅੰਦਰ ਸੁਭਾਵਕ ਹੀ ਸੰਗੀਤ-ਸੁਰ ਉਤਪੰਨ ਹੋਏ।

੪. ਪਰੰਤੂ, ਵਿਦਵਾਨ 'ਫਰਾਇਡ' ਇਸ (ਸੰਗੀਤ) ਦੀ ਉਤਪਤੀ ਮਨੋਵਿਗਿਆਨਕ ਆਧਾਰ ਉਤੇ ਹੋਈ ਮੰਨਦਾ ਹੈ। ਉਹ ਲਿਖਦਾ ਹੈ ਕਿ

"ਜਿਸ ਤਰ੍ਹਾਂ ਇਕ ਬੱਚਾ ਰੋਣਾ, ਚੀਕਣਾ, ਹੱਸਣਾ ਆਦਿ ਮਨੋ-ਵਿਗਿਆਨਕ ਲੋੜਾਂ ਸੁਤੇ ਹੀ ਸਿੱਖ ਜਾਂਦਾ ਹੈ,ਓਸੇ ਤਰ੍ਹਾਂ ਸੰਗੀਤ ਦੀ ਉਤਪਤੀ ਵੀ ਮਨੁੱਖ ਵਿਚ ਮਨੋ-ਵਿਗਿਆਨਕ ਆਧਾਰ ਉਤੇ ਆਪਣੇ ਆਪ ਹੀ ਹੋਈ ਹੈ।

ਸਿੱਟਾ :

ਉਪ੍ਰੋਕਤ ਵੀਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਭਾਵੇਂ ਸੰਗੀਤ ਦੀ ਉਤਪਤੀ ਬਾਰੇ ਭਿੰਨ ਭਿੰਨ ਰਾਵਾਂ ਹਨ; ਪ੍ਰੰਤੂ, ਇਸ ਹਕੀਕਤ ਤੋਂ ਕੋਈ ਇਨਕਾਰ ਨਹੀਂ ਕਰਦਾ ਕਿ ਇਹ ਕਲਾ ਸ੍ਰਿਸ਼ਟੀ-ਰਚਨਾ ਦੇ ਨਾਲ ਹੀ ਹੋਂਦ ਵਿਚ ਆਈ।

ਕੀਰਤਨ :

ਭਾਵੇਂ, ਸੰਸਾਰ ਦੇ ਮਤ-ਮਤਾਂਤਰਾਂ ਅਤੇ ਅਧਿਆਤਮਕ ਚਿੰਤਕਾਂ ਨੇ ਸੰਗੀਤ ਨੂੰ ਵੱਡਾ ਮਰਤਬਾ ਦਿੱਤਾ ਹੈ; ਪ੍ਰੰਤੂ, ਜੋ ਉੱਚ ਅਸਥਾਨ ਇਸ ਨੂੰ ਗੁਰਬਾਣੀ-ਕੀਰਤਨ ਦੇ ਰੂਪ ਵਿਚ ਪ੍ਰਾਪਤ ਹੋਇਆ, ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਵਿਚਾਰ :

ਕੀਰਤੀ (ਸੰ: ਕੀਰਤਿ) ਦੇ ਅਰਥ ਹਨ-ਜੱਸ, ਵਡਿਆਈ ਤੇ ਨੇਕ-ਨਾਮੀ ਜਿਵੇਂ :

"ਜੇ ਘਰਿ ਕੀਰਤਿ ਆਖੀਐ... ॥"

ਪਰੰਤੂ ਕੀਰਤਨ (ਸੰ:) ਤੋਂ ਭਾਵ ਹੈ-ਕਥਨ ਜਾਂ ਵਿਆਖਿਆਨ। ਗੁਰਮਤ ਵਿਚ ਸੁਰ, ਲੈਅ ਅਤੇ ਤਾਲ ਨਾਲ ਰਾਗ ਵਿਚ ਗੁਰਬਾਣੀ ਗਾਇਨ ਕਰਨ ਦਾ ਨਾਮ "ਕੀਰਤਨ" ਹੈ।

ਕੀਰਤਨ ਨਾਮੁ ਸਿਮਰਤ ਰਹਉ, ਜਬ ਲਗੁ ਘਟਿ ਸਾਸੁ ॥
(ਬਿਲਾਵਲ ਮ: ੫, ਪੰਨਾ ੮੧੮)

ਦੂਜੇ ਸ਼ਬਦਾਂ ਵਿਚ, ਰਾਗ ਵਿਚ ਗੁਰਬਾਣੀ ਦੁਆਰਾ ਪ੍ਰਭੂ ਦੇ ਗੁਣ ਗਾਇਨ ਕਰਨ ਨੂੰ "ਕੀਰਤਨ" ਕਿਹਾ ਗਿਆ ਹੈ।

ਗੁਰਮਤਿ ਵਿਚ ਇਸ ਮਨੋਵਿਗਿਆਨਕ ਸਿਧਾਂਤ ਨੂੰ ਪ੍ਰਧਾਨਤਾ ਦਿਤੀ ਗਈ ਹੈ ਕਿ ਜਿਸ ਗੁਣਾਂ ਵਾਲੇ ਵਿਅਕਤੀ (ਗੁਣੀ) ਦੇ ਦਿਲੋਂ ਵਜੋਂ, ਪਰੇਮ, ਸਤਿਕਾਰ ਤੇ ਸਿਦਕ ਨਾਲ ਗੁਣ ਗਾਏ ਜਾਣ, ਉਸ "ਗੁਣੀ" ਦੇ ਗੁਣ, ਗੁਣ ਗਾਉਣ ਵਾਲੇ ਵਿਚ ਅਵੱਸ਼ ਪ੍ਰਵੇਸ਼ ਆ ਕਰਦੇ ਹਨ। ਗੁਰਵਾਕ ਹੈ :

ਸਦਾ ਅਨੰਦ ਰਹਹਿ ਦਿਨ ਰਾਤੀ, ਗੁਣ ਕਹਿ, "ਗੁਣੀ" ਸਮਾਵਣਿਆ ॥
(ਮਹਲਾ ੩, ਪੰਨਾ ੧੨੨)

ਸੋ, ਗੁਰਬਾਣੀ ਨੂੰ ਸੰਗੀਤ ਦੁਆਰਾ ਗਾਇਨ ਕਰਨ ਦਾ ਨਾਮ 'ਕੀਰਤਨ' ਹੈ ਅਤੇ ਪ੍ਰਭੂ ਦੇ ਜੱਸ ਨੂੰ ਗਾਇਨ ਕਰਨਾ "ਕੀਰਤਨ ਭਗਤੀ"। ਪੰਜਵੇਂ ਗੁਰਦੇਵ ਜੀ ਦਾ ਇਹ ਫੁਰਮਾਨ ਇਸ ਨੁਕਤੇ ਨੂੰ ਇਉਂ ਸਪੱਸ਼ਟ ਕਰਦਾ ਹੈ :

"ਕੀਰਤਿ ਪ੍ਰਭ ਕੀ, ਗਾਉ ਮੇਰੀ ਰਸਨਾ ॥" (ਮ: ੫, ਪੰਨਾ ੧੨੯)
(ਹੇ ਮੇਰੀ ਰਸਨਾ, ਪ੍ਰਭੂ ਦਾ ਜਸ ਗਾਇਨ ਕਰ।)

ਪ੍ਰਭੂ ਦੇ ਗੁਣ ਗਾਉਣ ਨਾਲ ਅਥਵਾ ਉਸ ਗੁਣੀ ਵਾਹਿਗੁਰੂ ਦੇ ਗੁਣਾਂ ਦੀ ਸੰਗਤ ਦੁਆਰਾ, ਉਸ ਦੀ ਲਖਤਾ ਹੁੰਦੀ ਹੈ ਅਤੇ ਅਗਿਆਨਤਾ ਦਾ ਵਿਨਾਸ਼ ਹੁੰਦਾ ਹੈ। ਇਸੇ ਲਈ ਗੁਰਬਾਣੀ ਵਿਚ ਸੁਰਤ ਦੇ ਟਿਕਾਅ ਤੇ ਪ੍ਰਭੂ ਦੀ ਰਹੱਸਮਈ ਭਗਤੀ ਲਈ ਅੰਨ ਸਾਧਨਾ ਦੀ ਥਾਂ, ਕੀਰਤਨ ਦੇ ਮਾਰਗ ਨੂੰ ਅਪਣਾਇਆ ਗਿਆ ਹੈ। ਵੇਖੋ, ਵਾਹਿਗੁਰੂ ਦੇ ਸਤਿ ਸਰੂਪ ਵਿਚ ਸਮਾਉਣ ਤੇ ਜਨਮ ਮਰਨ ਦਾ ਗੇੜ ਮਿਟਾਉਣ ਲਈ, ਗੁਰੂਦੇਵ, ਪ੍ਰਭੂ ਦੇ ਗੁਣ ਗਾਉਣ ਨੂੰ ਕਿੰਨਾ ਉੱਚਾ ਦਰਜਾ ਦਿੰਦੇ ਤੇ ਇਸ ਨੂੰ ਸੱਚ ਦੀ ਪ੍ਰਾਪਤੀ ਦਾ ਕਿੱਡਾ ਵੱਡਾ ਵਸੀਲਾ ਮੰਨਦੇ ਹਨ :

ਤੇਰੇ ਗੁਣ ਗਾਵਾਂ, ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥
(ਬਿਲਾਵਲ ਮ: ੧, ਪੰਨਾ ੭੯੫)

ਗੁਣ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥ (ਸੁਖਮਨੀ, ਅਸਟਪਦੀ–੧੯)
ਰਸਨਾ ਗੁਣ ਗੋਪਾਲ ਨਿਧਿ ਗਾਇਣ ॥ (ਟੋਡੀ ਮ: ੫, ਪੰਨਾ ੭੧੩)
ਸਿਫਤੀ ਗੰਢ ਪਵੈ ਦਰਬਾਰਿ ॥ (ਮ: ੧, ਪੰਨਾ ੧੪੩)
ਹਰਿ ਦਿਨੁ ਰੈਣਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥ (ਸੋਰਠਿ ਮ: ੫, ਪੰਨਾ ੬੨੪)
ਬਿਨੁ ਉਪਮਾ ਜਗਦੀਸ ਕੀ, ਬਿਨਸੈ ਨ ਅੰਧਿਆਰੁ ॥
(ਮ: ੧, ਪੰਨਾ ੨੨੮)
ਗਾਉ ਗਾਉ ਰੀ ਦੁਲਹਨੀ, ਮੰਗਲਚਾਰਾ ॥ (ਕਬੀਰ, ਪੰਨਾ ੪੮੨)
ਨਾਨਕ, ਹਰਿ ਗੁਣ ਗਾਇ, ਅਲਖੁ ਪ੍ਰਭੁ ਲਾਖੀਐ ॥
(ਮ: ੪, ਪੰਨਾ ੬੧)

ਭਾਈ ਗੁਰਦਾਸ ਜੀ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਵਾਪਰੀ ਮਹਾਨ ਤਬਦੀਲੀ ਦਾ ਜ਼ਿਕਰ ਕਰਦੇ ਹੋਏ ਫੁਰਮਾਉਂਦੇ ਹਨ :

ਘਰ ਘਰ ਅੰਦਰਿ ਧਰਮ ਸਾਲ, ਹੋਵੈ ਕੀਰਤਨ ਸਦਾ ਵਿਸੋਆ ॥

(ਵਾਰ ੧)

ਪ੍ਰਭੂ ਦੇ ਇਉਂ ਗੁਣ ਗਾਉਣ ਅਥਵਾ ਕੀਰਤਨ ਕਰਨ ਦੀ ਅਪਾਰ ਮਹਿਮਾ ਨੂੰ ਸਤਿਗੁਰਾਂ ਨੇ ਹੋਰ, ਇਉਂ ਅਲਾਪਿਆ ਹੈ :

(ੳ) ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥ (ਮਾਰੂ ਮ: ੫, ਪੰਨਾ ੧੦੭੫)

(ਅ) ਤਹਾਂ ਬੈਕੁੰਠੁ ਜਹ ਕੀਰਤਨੁ ਤੇਰਾ,
ਤੂੰ ਆਪੇ ਸਰਧਾ ਲਾਇਹਿ ॥ (ਸੂਹੀ ਮ: ੫, ਪੰਨਾ ੭੪੯)

(ੲ) ਕੀਰਤਨੁ ਨਿਰਮੋਲਕ ਹੀਰਾ ॥
ਆਨੰਦ ਗੁਣੀ ਗਹੀਰਾ ॥ (ਰਾਮਕਲੀ ਮ: ੫, ਪੰਨਾ ੮੯੩)

(ਸ) ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੈ ॥ (ਸੂਹੀ ਮ: ੫, ਪੰਨਾ ੭੪੭)

(ਹ) ਜਹ ਕੀਰਤਨੁ ਤੇਰਾ ਸਾਧੂ ਗਾਵਹਿ,
ਤਹ ਮੇਰਾ ਮਨੁ ਲਾਗੇ ॥ (ਸੋਰਠਿ ਮ: ੫, ਪੰਨਾ ੬੧੦)

(ਕ) ਤਹ (ਸੱਚ ਖੰਡ ਵਿਖੇ) ਸਦਾ ਅਨੰਦ ਅਨਹਤ ਆਖਾਰੇ ॥
ਭਗਤ ਵਸਹਿ ਕੀਰਤਨ ਆਧਾਰੇ ॥ (ਗਉੜੀ ਮ: ੫, ਪੰਨਾ ੨੩੭)

(ਖ) ਜਹ ਸਾਧੂ, ਗੋਬਿੰਦ ਭਜਨੁ, ਕੀਰਤਨੁ ਨਾਨਕ ਨੀਤ ॥
ਣਾ ਹਉ, ਣਾ ਤੂੰ, ਣਹ ਛੁਟਹਿ, ਨਿਕਟਿ ਨ ਜਾਈਅਹੁ ਦੂਤ ॥
(ਗਉੜੀ ਬਾਵਨ ਅੱਖਰੀ ਮ: ੫, ਪੰਨਾ ੨੫੬)

(ਗ) ਤੇਰੋ ਸੇਵਕੁ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲ ਦੀਨ ਦੁਖ ਭੰਜਨੁ,
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ (ਮ: ੫, ਪੰਨਾ ੬੪੨)

(ਘ) ਸਾਧ ਸੰਗ ਹਰਿ ਕੀਰਤਨ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥ (ਆਸਾ ਮ: ੫, ਪੰਨਾ ੩੯੫)

(ਙ) ਜੋ ਜਨੁ ਕਰੈ ਕੀਰਤਨੁ ਗੋਪਾਲ ॥
ਤਿਸ ਕਉ ਪੋਹਿ ਨ ਸਕੈ ਜਮਕਾਲੁ ॥ (ਗੋਂਡ ਮ: ੫, ਪੰਨਾ ੮੬੭)

(ਚ) ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥੧॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥ (ਨਾਮਦੇਵ ਜੀ, ਪੰਨਾ ੮੭੩)

ਪੰਜਵੇਂ ਗੁਰੂ ਅਰਜਨ ਦੇਵ ਜਦ ਨਿਹਚਲ ਰਹਿਣ ਵਾਲੇ ਪਦਾਰਥਾਂ ਦਾ ਜ਼ਿਕਰ ਕਰਦੇ ਹਨ ਤਾਂ "ਹਰੀ ਕੀਰਤਨ" ਨੂੰ ਵੀ ਉਨ੍ਹਾਂ ਵਿਚ ਸਮਾਨ ਨਿਹਚਲ ਅਸਥਾਨ ਦਿੰਦੇ ਹਨ :

ਨਿਹਚਲ ਏਕ ਨਰਾਇਣੋ, ਹਰਿ ਅਗਮ ਅਗਾਧਾ ॥
ਨਿਹਚਲੁ ਨਾਮੁ ਨਿਧਾਨੁ ਹੈ, ਜਿਸੁ ਸਿਮਰਤ ਹਰਿ ਲਾਧਾ ॥
ਨਿਹਚਲੁ ਕੀਰਤਨੁ ਗੁਣ ਗੋਬਿੰਦ, ਗੁਰਮੁਖਿ ਗਾਵਾਧਾ ॥
(ਪੰਨਾ ੧੧੦੧)

'ਭਗਤ ਰਤਨਾਵਲੀ', ਟੀਕਾ ਪਉੜੀ ਪੰਦਰ੍ਹਵੀਂ ਵਿਚ ਕਥਾ ਤੇ ਕੀਰਤਨ ਦਾ ਸਬੰਧ ਤੇ ਮਹਿਮਾ ਇਉਂ ਬਿਆਨ ਕੀਤੇ ਗਏ ਹਨ :

ਝਾਂਝੂ ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ, "ਗਰੀਬ ਨਿਵਾਜ, ਅਸਾਡਾ ਉਧਾਰ ਕਿਉਂਕਰ ਹੋਵੇ" ? ਤਾਂ ਬਚਨ ਹੋਇਆ, "ਤੁਸਾਂ ਨੂੰ ਰਾਗਾਂ ਦੀ ਸਮਝ ਹੈ ਤੇ ਕਲਯੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।" ਤਾਂ ਉਹਨਾਂ ਅਰਦਾਸ ਕੀਤੀ, "ਜੀ ਬਾਣੀ ਦੇ ਪਾਠ ਦਾ, ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ।"

ਬਚਨ ਹੋਇਆ, "ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾ ਲਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਜੇ ਦੂਜੇ ਖੂਹ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ, ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ, ਤੇ ਕਥਾ ਦਾ ਫਲ ਇਹ ਹੈ ਜੋ ਮੇਘ ਠਹਿਰਿਆ

ਹੋਇਆ ਨਿਰਵਾਤ (ਹਵਾ ਤੋਂ ਬਿਨਾ) ਝਿੰਮ ਝਿੰਮ ਬਰਖਾ ਕਰਦਾ ਹੈ। ਅਗੇ ਪ ਲੀਆਂ ਗਾਹੀਆਂ, ਸੁਧਾਰੀਆਂ ਹੋਵਨ, ਜੋ ਜੋ ਬੂੰਦ ਪਵੇ, ਵਿਚ ਧਰਤ ਦੇ ਸਮਾਵਦੀ ਜਾਵੇ, ਤੈਸਾ ਜੋ ਸਮਝਵਾਨ ਸਿੱਖ ਹੁੰਦੇ ਹਨ, ਜੋ ਜੋ ਕਥਾ ਕੀਰਤਨ ਕਰਦੇ ਹੈਨ ਤੇ ਵਿਚਾਰਦੇ ਹੈਨ ਤੇ ਵਾਰਤਾ ਸੁਣਦੇ ਹੈਨ, ਸੋ ਸੋ ਰਿਦੇ ਵਿਚ ਧਾਰਦੇ ਜਾਂਦੇ ਹਨ, ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ, ਕਥਾ ਤੇ ਕੀਰਤਨ ਦੋਵੇਂ ਮਿਲੇ ਹੋਏ ਸੋਭਾ ਪਾਂਵਦੇ ਹਨ। ਕਥਾ ਕੀਰਤਨ ਦੇ ਮਹਾਤਮ ਨੂੰ ਲਖਵਾਂਦੀ ਹੈ ਤੇ ਕੀਰਤਨ ਮਨ ਵਿਖੇ ਰਾਗ ਹਰਖ ਉਤਪੰਨ ਕਰਦਾ ਹੈ। ਜੈਸੇ ਮਾਤਾ, ਪੁੱਤ੍ਰਾਂ ਕਰਕੇ ਸੋਭਦੀ ਹੈ, ਕਥਾ ਮਾਤਾ ਹੈ ਤੇ ਕੀਰਤਨ ਪੁੱਤ ਹੈ।"

ਸਿਖਾਂ ਅਰਦਾਸ ਕੀਤੀ ਇਸ ਦਾ ਪਿਤਾ ਕੌਣ ਹੈ? ਬਚਨ ਹੋਇਆ "ਪ੍ਰੇਮ ਕਥਾ ਦਾ ਭਰਤਾ ਹੈ, ਪ੍ਰੇਮ ਕਰਕੇ ਦੋਵੇਂ ਸ਼ੋਭਾ ਪਾਂਵਦੇ ਹਨ।"*

ਤਾਂ ਉਹ ਸਦਾ ਨਿਹਕਾਮ ਹੋ ਕੇ ਹਜ਼ੂਰ ਕੀਰਤਨ ਕਰਨ ਤੇ ਸਰੀਰ ਨਿਰਵਾਹ ਅਨੁਸਾਰ ਕੋਈ ਸਿੱਖ ਸ਼ਰਧਾ ਸੰਯੁਕਤ ਸੇਵਾ ਕਰੇ ਤਾਂ ਉਸੇ ਥੀਂ ਗੁਜ਼ਾਰਾ ਕਰਨ।" (ਭਗਤ ਰਤਨਾਵਲੀ)

ਉਪ੍ਰੋਕਤ ਸਾਖੀ ਜਿਥੇ ਕੀਰਤਨ ਦਾ ਉੱਚ ਅਸਥਾਨ ਤੇ ਮਹੱਤਤਾ ਦਰਸਾਉਂਦੀ ਹੈ, ਉਥੇ ਇਹ ਹਕੀਕਤ ਵੀ ਰੌਸ਼ਨ ਕਰਦੀ ਹੈ ਕਿ ਕਥਾ ਤੇ ਕੀਰਤਨ ਦਾ ਆਪਸ ਵਿਚ ਕਿਤਨਾ ਨੇੜ ਹੈ ਅਤੇ ਇਹ ਦੋਵੇਂ ਇਕ ਦੂਜੇ ਲਈ ਕਿਤਨੇ ਜ਼ਰੂਰੀ ਤੇ ਸਹਾਇਕ ਹਨ। ਕਥਾ ਦੀ ਕੀਰਤਨ ਨਾਲ ਸਾਂਝ ਤੇ ਮਹਿਮਾ ਨੂੰ ਭਲੀ ਭਾਂਤ ਸਮਝਣ ਤੇ ਦ੍ਰਿੜ੍ਹ ਕਰਨ ਲਈ ਗੁਰਬਾਣੀ ਦੇ ਇਹ ਕੁਝ ਕੁ ਪ੍ਰਮਾਣ ਨਿਸਚੇ ਲਾਭਦਾਇਕ ਤੇ ਗੁਣਕਾਰੀ ਸਿੱਧ ਹੋਣਗੇ :

(੧) ਗੁਣ ਗਾਵਤ ਮਨੁ ਹਰਿਆ ਹੋਵੈ ॥
ਕਥਾ ਸੁਣਤ ਮਲੁ ਸਗਲੀ ਖੋਵੈ ॥ (ਮ: ੫, ਪੰਨਾ ੧੦੪)

(੨) ਜੋ ਹਰਿ ਹਰਿ ਕੀ ਹਰਿ ਕਥਾ ਸੁਣਾਵੈ ॥
ਸੋ ਜਨ ਹਮਰੈ ਮਨਿ ਚਿਤਿ ਭਾਵੈ ॥ (ਮ: ੪, ਪੰਨਾ ੧੬੪)

---

*ਦੇਖ : "ਗੁਰਮਤਿ ਮਾਰਤੰਡ", ਪ੍ਰਕਾਸ਼ਕ : ਸ਼ਰੋਮਣੀ ਗੁਰਦੁਆਰਾ, ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਭਾਗ ਪਹਿਲਾ (੧੯੬੨), ਪੰਨਾ ੩੦੦।

(੩) ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥ (ਸੁਖਮਨੀ, ਪੰਨਾ ੨੬੫)

(੪) ਕਥੀਐ ਸੰਤ ਸੰਗਿ ਪ੍ਰਭ ਗਿਆਨੁ ॥

(੫) ਜੋ ਜੋ ਕਥੈ ਸੁਨੈ ਹਰਿ ਕੀਰਤਨੁ, ਤਾਂ ਕੀ ਦੁਰਮਤਿ ਨਾਸ ॥
(ਕਾਨੜਾ ਮ: ੫, ਪੰਨਾ ੧੩੦੦)

(੬) ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ,
ਪੂਰਿ ਰਹੀ ਦਿਨਸੁ ਅਰੁ ਰਾਤਿ ॥ (ਬਿਲਾਵਲ ਮ: ੫, ਪੰਨਾ ੮੨੦)

(੭) ਧੰਨੁ ਸੁ ਥਾਨੁ ਬਸੰਤ ਧੰਨੁ, ਜਹ ਜਪੀਐ ਨਾਮੁ ॥
ਕਥਾ ਕੀਰਤਨੁ ਹਰਿ ਅਤਿ ਘਨਾ, ਸੁਖ ਸਹਿਜ ਬਿਸ੍ਰਾਮ ॥
(ਬਿਲਾਵਲ ਮ: ੫, ਪੰਨਾ ੮੧੬)

(੮) ਕਥਾ ਕੀਰਤਨੁ ਰਾਗ ਨਾਦ ਧੁਨਿ, ਇਹ ਬਨਿਓ ਸੁਆਉ ॥
ਨਾਨਕ; ਪ੍ਰਭ ਸੁਪ੍ਰਸਨ ਭਏ; ਬਾਂਛਤ ਫਲ ਪਾਉ ॥
(ਬਿਲਾਵਲ ਮ: ੫, ਪੰਨਾ ੮੧੮)

(੯) ਸਤ ਸੰਤੋਖ ਕਾ ਧਰਹੁ ਧਿਆਨ ॥
ਕਥਨੀ ਕਥੀਐ ਬ੍ਰਹਮ ਗਿਆਨ ॥ (ਗਉੜੀ ਕਬੀਰ, ਪੰਨਾ ੩੪੪)

(੧੦) ਕਥਾ ਕੀਰਤਨੁ ਕਰਿ ਅਤਿ ਘਨਾ,
ਸੁਖ ਸਹਿਜ ਬਿਸਰਾਮ ॥ (ਪੰਨਾ ੮੧੬)

ਗੁਰਮਤਿ ਵਿਚ ਪ੍ਰਭੂ-ਕੀਰਤੀ ਨੂੰ ਕਿੱਡਾ ਵੱਡਾ ਤੇ ਉੱਚਤਮ ਅਸਥਾਨ ਪ੍ਰਾਪਤ ਹੈ ਅਤੇ ਕਿਵੇਂ ਇਸ ਵਿਚ ਹੀ ਸਾਰੇ ਕਰਮ ਧਰਮ ਆ ਜਾਂਦੇ ਹਨ, ਇਹ ਹਕੀਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਇਉਂ ਸਪੱਸ਼ਟ ਕਰਨ ਦਾ ਉਪਕਾਰ ਕਰਦੇ ਹਨ :

ਭਏ ਦਿਆਲ ਕ੍ਰਿਪਾਲ ਸੰਤ ਜਨ, ਤਬ ਇਹ ਬਾਤ ਬਤਾਈ ॥
ਸਰਬ ਧਰਮ ਮਾਨੋ ਤਿਹ ਕੀਏ, ਜਿਹ ਪ੍ਰਭੂ ਕੀਰਤਿ ਗਾਈ ॥
(ਪੰਨਾ ੯੦੨)

ਤੀਜੇ ਗੁਰਦੇਵ ਇਉਂ ਕਲਜੁੱਗ ਦਾ ਧਰਮ ਪ੍ਰਭੂ-ਕੀਰਤੀ (ਜੱਸ) ਦਸਦੇ ਹਨ :

ਚਹੁ ਜੁਗਾਂ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾਂ ਕਾ ਧਰਮੁ ਹੈ,
ਕਲਿ ਮਹਿ ਕੀਰਤਿ ਹਰਿ ਨਾਮਾ ॥ (ਮ: ੩, ਪੰਨਾ ੭੯੭)

ਇਹੀ ਕਾਰਨ ਹੈ ਕਿ ਸਿਖੀ ਦੀ ਰਮਜ਼ ਨੂੰ ਖੂਬ ਸਮਝਣ ਤੇ ਕਮਾਉਣ ਵਾਲੇ ਭਾਈ ਨੰਦ ਲਾਲ ਜੀ "ਗੋਇਆ", ਸ੍ਰੀ ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿਚ ਜੋਦੜੀ ਤੇ ਅਰਦਾਸ ਕਰਦੇ ਹਨ ਕਿ ਉਹਨਾਂ ਦੀ ਜੀਭ ਉਤੇ, ਵਾਹਿਗੁਰੂ ਦੀ ਸਿਫਤ-ਸਾਲਾਹ ਤੋਂ ਬਿਨਾਂ ਕਦੇ ਕੋਈ ਹੋਰ ਹਰਫ (ਸ਼ਬਦ) ਨਾ ਆਵੇ, ਕਿਉਂਕਿ ਉਨ੍ਹਾਂ ਨੇ ਜੀਵਨ ਦਾ ਇਹੀ ਲਾਭ ਸਮਝਿਆ ਤੇ ਪ੍ਰਾਪਤ ਕੀਤਾ ਹੈ :

ਗ਼ੈਰ ਹਮਦਿ ਹੱਕ ਨਯਾਇਦ, ਬਰ ਜ਼ਬਾਨਮ, ਹੇਚਗਾਹ ।
ਹਾਸਲਿ ਈਂ ਉਮਰ ਰਾ, ਆਖ਼ਰ, ਦਿਲਿ "ਗੋਇਆ" ਗੁਫ਼ਤ ।
(ਗਜ਼ਲ–੧੩ ਪੁਸਤਕ 'ਸਾਚੀ ਪ੍ਰੀਤਿ ਵਿਚੋਂ')

ਤਥਾ–ਹਮਿਦ ਹੱਕ ਗੋ, ਦਿਗਰ ਮਗੋ, ਐ ਜਾਨ ॥
ਸਾਹਿਬਿ ਕਾਲ ਬਾਸ਼, ਵ ਬੰਦਾਇ ਹਾਲ ॥ (ਗਜ਼ਲ ੫੩)
(ਭਾਵ–ਵਾਹਿਗੁਰੂ ਦੀ ਸਿਫਤ-ਸਾਲਾਹ ਕਰ ਤੇ ਹੋਰ ਬੋਲ ਨਾ ਬੋਲ ।)
(ਉਸ ਦਾ ਹੀ ਕੀਰਤਨੀਆ ਤੇ ਮਸਤਾਨਾ ਬਣਿਆ ਰਹੁ ।)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਜਿਥੇ ਵਾਹਿਗੁਰੂ ਦੇ ਚਾਕਰਾਂ ਦੇ ਪੈਰਾਂ ਦੀ ਖਾਕ, ਸ਼ਾਇਰ ਤੇ ਪ੍ਰਭੂ-ਦਰ ਦਾ ਕੂਕਰ ਆਦਿ ਅਖਵਾਉਣ ਵਿਚ ਮਾਣ ਵਡਿਆਈ ਸਮਝਦੇ ਹਨ, ਉਥੇ ਫਖ਼ਰ ਨਾਲ "ਖਸਮ ਦਾ ਸ਼ਬਦ ਗਾਉਣ ਵਾਲਾ ਢਾਡੀ" ਹੋਣ ਦੀ ਗਲ ਵੀ ਕਰਦੇ ਹਨ :

ਹਉ ਢਾਢੀ ਵੇਕਾਰੁ, ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ, ਧੁਰਹੁ ਫੁਰਮਾਇਆ ॥

ਢਾਢੀ ਸਚੈ ਮਹਿਲ, ਖਸਮਿ ਬੁਲਾਇਆ ॥
ਸਚੀ ਸਿਫਤਿ ਸਲਾਹ, ਕਪੜਾ ਪਾਇਆ ॥
ਢਾਢੀ ਕਰੇ ਪਸਾਉ, ਸਬਦੁ ਵਜਾਇਆ ॥
ਨਾਨਕੁ ਸਚੁ ਸਾਲਾਹਿ, ਪੂਰਾ ਪਾਇਆ ॥ (ਮ: ੧, ਪੰਨਾ ੧੫੦)
ਤਥਾ–ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥
ਆਸਾ ਦੀ ਵਾਰ (ਪਉੜੀ-੯)

ਸਿੱਖੀ ਵਿਚ ਆਪਣੇ ਸਰੂਪ ਦੀ ਲਖਤਾ, ਪ੍ਰਭੂ ਨਾਲ ਇਕਸੁਰਤਾ ਤੇ ਪਰਮ ਪੱਦ ਦੀ ਪ੍ਰਾਪਤੀ ਲਈ ਸ਼ਬਦ ਤੇ ਸੁਰਤ ਦੇ ਮੇਲ ਉਤੇ ਬੜਾ ਜ਼ੋਰ ਦਿਤਾ ਗਿਆ ਹੈ। ਸੁਰਤ ਨੇ ਸ਼ਬਦ ਵਿਚ ਟਿਕਣਾ ਹੈ। ਗੁਰੂ ਜੀ ਨੇ ਸ਼ਬਦ ਨੂੰ ਗੁਰੂ ਤੇ ਸੁਰਤ ਨੂੰ ਚੇਲੇ ਦਾ ਅਸਥਾਨ ਦਿਤਾ ਹੈ। ਚੇਤੇ ਰਹੇ ਕਿ ਰਾਗ ਵਿਚ ਗਾਏ ਸ਼ਬਦ (ਗੁਰਬਾਣੀ) ਵਿਚ ਸੁਰਤ ਦਾ ਟਿਕਾਉ ਹੋਣਾ ਕਿਤੇ ਸਹਿਲ ਤੇ ਸੌਖਾ ਹੈ।

ਸ਼ਬਦੁ ਗੁਰੂ, ਸੁਰਤਿ ਧੁਨਿ ਚੇਲਾ ॥ (ਰਾਮਕਲੀ ਮ: ੧, ਪੰ: ੯੪੩)
ਤਥਾ–ਨਾਨਕ, ਵੈਸਾਖੀ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ ॥
(ਤੁਖਾਰੀ ਮ: ੧, ਪੰਨਾ ੧੧੦੮)

(ਹੇ ਨਾਨਕ, ਵੈਸਾਖ ਮਹੀਨੇ ਰਾਹੀਂ ਉਹ ਪ੍ਰਭੂ ਨੂੰ ਪਾਉਂਦਾ ਹੈ, ਜਿਸਦੀ ਸੁਰਤੀ ਸ਼ਬਦ ਵਿਚ ਜੁੜ ਕੇ ਮਨ ਪਤੀਜ ਜਾਂਦਾ ਹੈ।)

ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਗ ਵਿਚ ਸੁਰ, ਲੈਅ ਤੇ ਤਾਲ ਦੀ ਬਾਕਾਇਦਗੀ ਕਾਰਨ ਬੜਾ ਬਲ ਹੈ। ਹਰਨ ਦਾ ਘੰਡੇ ਹੇੜੇ ਦੀ ਤੇ ਸੱਪ ਦਾ ਬੀਨ ਦੀ ਆਵਾਜ਼ ਉਤੇ ਮਸਤ ਹੋਣਾ ਜਗਤ ਪ੍ਰਸਿੱਧ ਹੈ। ਮਨੋਵਿਗਿਆਨੀਆਂ ਨੇ ਇਥੋਂ ਤਕ ਸਿੱਧ ਕਰ ਵਿਖਾਇਆ ਹੈ ਕਿ ਬਨਸਪਤੀ ਤੱਕ ਵੀ ਰਾਗ ਦਾ ਪ੍ਰਭਾਵ ਵੀ ਕਬੂਲਦੀ ਹੈ। ਤਜਰਬੇ ਦੇ ਤੌਰ ਉਤੇ, ਇਕੋ ਜਿਹੇ ਬੂਟੇ, ਇਕੋ ਜਿਹੇ ਹਾਲਾਤ ਵਿਚ ਪਾਲੇ ਗਏ; ਪ੍ਰੰਤੂ, ਜਿਹਨਾਂ ਨੂੰ ਦਿਨ ਰਾਤ ਬਾਕਾਇਦਾ ਸਮੇਂ ਸਮੇਂ ਦਾ ਰਾਗ ਸੁਣਾਇਆ ਗਿਆ,

ਉਹਨਾਂ ਦੀ ਪ੍ਰਗਤੀ ਦੂਜਿਆਂ ਤੋਂ ਕਿਤੇ ਵਧ ਹੋਈ। ਉੱਨਤ ਦੇਸ਼ਾਂ ਵਿਚ ਲਵੇਰੀਆਂ ਨੂੰ ਸੰਗੀਤ ਸੁਣਾ ਕੇ ਉਹਨਾਂ ਦਾ ਦੁੱਧ ਵਧਾਇਆ ਤੇ ਚੋਇਆ ਜਾਂਦਾ ਹੈ। ਸੰਗੀਤ ਨਾਲ ਮਨ ਦਰੱਵਦਾ ਹੈ, ਝੂਮਦਾ ਹੈ, ਰਸ ਤੇ ਮਸਤੀ ਵਿਚ ਆਉਂਦਾ ਹੈ, ਜੁੜਦਾ ਹੈ। ਪਿਘਲੇ ਹੋਏ ਮਨ ਉੱਤੇ, ਗਾਏ ਜਾ ਰਹੇ ਚੰਗੇ ਜਾਂ ਮੰਦੇ ਵਿਚਾਰਾਂ ਭਰੇ ਬੋਲਾਂ ਦਾ, ਡੂੰਘਾ ਪ੍ਰਭਾਵ ਪੈਂਦਾ ਹੈ।

ਕੁਝ ਅਜਿਹੀਆਂ ਭਾਵਨਾਵਾਂ ਦੇ ਅਧੀਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਦੇ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਸ਼ੁਭ ਤੇ ਪ੍ਰਭੂ-ਵਿਚਾਰਾਂ ਨੂੰ ਧੁਰ ਅੰਦਰ ਵਸਾਉਣ ਦਾ ਸਾਧਨ, ਉਸ ਸਮੇਂ ਬਣਾਇਆ, ਜਦੋਂ ਦੇਸ਼ ਦੇ ਰਾਜ-ਧਰਮ, ਇਸਲਾਮ, ਵਿਚ ਇਸ ਦੀ ਸਖਤ ਮਨਾਹੀ ਸੀ। ਚੂੰਕਿ, ਇਸਲਾਮੀ ਸ਼ਰ੍ਹਾਂ ਅਨੁਸਾਰ ਲਾਈ ਗਈ ਅਜਿਹੀ ਪਾਬੰਦੀ ਮਨੁੱਖੀ ਰੁੱਚੀਆਂ ਦੇ ਪ੍ਰਤਿਕੂਲ ਤੇ ਗੈਰ ਕੁਦਰਤੀ ਸੀ, ਇਸ ਲਈ ਉਥੇ ਵੀ ਇਹ ਤਾਕੀਦ ਕਰਨੀ ਪਈ ਕਿ ਬਾਂਗ ਸਦਾ ਖੁਸ਼ ਗੁਲੂ (ਮਿੱਠੇ ਤੇ ਸੋਜ਼ ਭਰੇ ਗਲੇ ਵਾਲਾ) ਬਾਂਗੀ ਦੇਵੇ। ਸੂਫੀ ਮੁਸਲਮਾਨਾਂ ਨੇ ਤਾਂ ਕਵਾਲੀ ਤੇ ਸਮਾਅ ਦੀ ਮਹਿਫਲ ਨੂੰ ਆਲਮਿ-ਤਹੱਜਰ (ਵਿਸਮਾਦ ਦੀ ਅਵਸਥਾ) ਵਿਚ ਗੁਆਚ ਜਾਣ ਦਾ ਵੱਡਾ ਵਸੀਲਾ ਮੰਨਿਆਂ ਤੇ ਅਪਣਾਇਆ ਹੈ।

ਸੰਸਾਰ ਦੇ ਸਮੂਹ ਮੱਤਾਂ ਵਿਚੋਂ ਕੇਵਲ ਸਿੱਖ ਮਤ ਹੀ ਇਕ ਅਜਿਹਾ ਧਰਮ ਹੈ ਜੋ ਵਿਸ਼ੇਸ਼ ਕਰਕੇ, ਨਾ ਕੇਵਲ ਸ਼ਬਦ ਨੂੰ ਗੁਰੂ ਮੰਨਦਾ ਤੇ ਪੂਜਦਾ ਹੈ, ਸਗੋਂ ਐਸੇ ਸਰਵੋਤਮ ਸਾਂਝੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਾਸ਼ਕ ਹੈ, ਜਿਸ ਦਾ ਪਵਿੱਤਰ ਕਲਾਮ (ਬਾਣੀ) ੩੧ ਰਾਗਾਂ ਵਿਚ ਅੰਕਿਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬਾਬ ਅਪਣਾਈ ਅਤੇ ਮਰਦਾਨੇ ਨੂੰ ਕੀਰਤਨ ਸਿਖਾਇਆ; ਜਿਥੇ ਗਏ, ਕੀਰਤਨ ਦੇ ਬਲ ਨਾਲ ਸਭ ਨੂੰ ਨਿਵਾਇਆ ਤੇ ਰੱਬ ਦੇ ਲੜ ਲਾਇਆ*।

* ਕਾਨੂੰਨ ਮੌਸੀਕੀ ਸਫਾ ੩੦੯ ਪਰ ਲਿਖਿਆ ਹੈ—ਔਰ ਬਾਜ਼ ਕਾ ਕੌਲ ਹੈ ਕਿ ਯਿਹ ਰਬਾਬ ਈਜਾਦ ਔਰ ਮੁਖਤਰਅ ਕੀਆ ਹੂਆ ਗੁਰੂ ਸ਼ਾਹ ਨਾਨਕ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੰਦਾ ਸਾਜ਼ ਤੋਰਿਆ; ਪ੍ਰੰਤੂ, "ਕਾਨੂੰਨ ਮੌਸੀਕੀ" ਦੇ ਕਰਤਾ ਨੇ ਪੰਨਾ ੩੦੬ ਉਤੇ ਲਿਖਿਆ ਹੈ ਕਿ–"ਸਰੰਦਾ ਈਜਾਦ ਕੀਆ ਹੂਆ ਗੁਰੂ ਅਮਰਦਾਸ ਜੀ ਕਾ ਹੈ।" ਤਾਊਸ ਭਾਈ ਕਾਨ੍ਹ ਸਿੰਘ ਜੀ ਰਾਗੀ ਪਟਿਆਲੇ ਵਾਲਿਆਂ ਨੇ ਈਜਾਦ ਤੇ ਪ੍ਰਚਲਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਵਿਸ਼ੇਸ਼ ਕਰਕੇ, ਸਿੱਖਾਂ ਨੂੰ ਸੰਗੀਤ ਵਿਦਿਆ ਤਥਾ ਕੀਰਤਨ ਵਿਚ ਪਰਬੀਨ ਕੀਤਾ ਅਤੇ ਮਨੋਹਰ ਧੁਨਾਂ ਰੱਚੀਆਂ। ਸ੍ਰੀ ਦਰਬਾਰ ਸਾਹਿਬ ਵਿਖੇ ਚਾਰ ਚੌਕੀਆਂ ਚੜ੍ਹਨ ਦੀ ਮਰਯਾਦਾ ਵੀ ਆਪ ਨੇ ਹੀ ਸਥਾਪਤ ਕੀਤੀ, ਜੋ ਅੱਜ ਤਕ ਜਾਰੀ ਹੈ।

ਗਿਆਨ ਰਤਨਾਵਲੀ ਦੇ ਕਰਤਾ ਭਾਈ ਮਨੀ ਸਿੰਘ ਜੀ ਲਿਖਦੇ ਹਨ:

"ਕਰਤਾਰਪੁਰ ਵਿਚ ਪਿਛਲੀ ਰਾਤਿ ਜਪੁ ਪੜੀਏ ਅਰ ਆਸਾ ਦੀ ਵਾਰ ਗਾਵੀਏ, ਸਵਾ ਪਹਿਰ ਦਿਨ ਚੜ੍ਹਿਆਂ ਤੀਕਰ ਬਾਣੀ ਚਰਚਾ ਹੋਵੇ, ਤੀਸਰੇ ਪਹਿਰ ਕੀਰਤਨ ਕਰੀਏ; ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਪਹਿਰ ਰਾਤ ਗਈ ਸੋਹਲਾ ਪੜ੍ਹੀਏ।"†

ਭਾਈ ਗੁਰਦਾਸ ਜੀ ਦਾ ਵੀ ਕਥਨ ਹੈ:

ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ (ਵਾਰ ੧, ਪਉੜੀ-੩੮) ਸਿੱਧ ਹੁੰਦਾ ਹੈ ਕਿ ਸਿੱਖਾਂ ਵਿਚ ਕੀਰਤਨ ਦਾ ਪਰਵਾਹ ਤੇ ਬਾਣੀ ਦੀ ਵਿਚਾਰ ਨਿਤਾਪ੍ਰਤਿ ਮੁੱਢ ਤੋਂ ਹੀ ਚਲਦੀ ਆਈ ਹੈ।

ਫਕੀਰ ਕਾ ਹੈ। ਇਸ ਇਲਮ ਮੇਂ ਉਨਕੋ ਨਿਹਾਇਤ ਦਖ਼ਲ ਥਾ, ਕਿ ਅਪਨੀ ਜਿੱਦਤ ਤਬਅ ਸੇ ਰਬਾਬ ਈਜਾਦ ਕੀਆ ਥਾ। (ਇਸ ਰਬਾਬ ਬਾਬਤ ਇਹੋ ਲੇਖਕ ਲਿਖਦਾ ਹੈ) ਕਿ ਇਹ ਛੇ ਤਾਰਾ ਹੁੰਦਾ ਹੈ; ਤਾਰ ਰੇਸ਼ਮੀ ਹੁੰਦੇ ਹਨ। ਸ਼ਹਿਰ ਰਾਮਪੁਰ ਦੇ ਵਿਚ ਇਸ ਦੇ ਵਜੱਦੇ ਵੀ, ਇਸੇ ਪੋਥੀ ਦੇ ਲੇਖਕ ਦੇ ਦੱਸੇ ਹਨ।

† 'ਗੁਰਮਤਿ ਮਾਰਤੰਡ', ਭਾਗ ਦੂਜਾ (੧੯੬੨) ਪੰਨਾ-੭੦੨

ਜਿਥੇ ਸਤਿਗੁਰਾਂ ਨੇ ਕੀਰਤਨ ਦੀ ਇਤਨੀ ਉਪਮਾ ਗਾਈ ਹੈ, ਉਥੇ ਗੰਦੇ ਗੀਤਾਂ ਨੂੰ ਰਾਗ ਵਿਚ ਪਾ ਕੇ ਗਾਇਣ ਕਰਨ ਦੀ ਸਖ਼ਤ ਮਨਾਹੀ ਵੀ ਕੀਤੀ ਹੈ। ਇਹ ਇਸ ਲਈ ਕਿ ਇਹਨਾਂ ਨਾਲ ਰਜੋ, ਸਤੋ ਤੇ ਤਮੋ ਗੁਣ ਪੈਦਾ ਹੁੰਦੇ ਹਨ ਤੇ ਮਨੁੱਖ ਦਾ ਜੀਵਨ ਨਾਸ਼ ਕਰਦੇ ਹਨ। ਉਹ ਹਰੀ ਤੋਂ ਦੂਰ ਹੋ ਜਾਂਦਾ ਹੈ। ਅਰਸ਼ਾਦ ਹੈ:

ਗੀਤ, ਰਾਗ, ਘਨ ਤਾਲਿ ਸਿ ਕੂਰੇ ॥
ਤ੍ਰਿਹੁ ਗੁਣ ਉਪਜੈ, ਬਿਨਸੈ ਦੂਰੇ ॥ (ਮ: ੧, ਪੰਨਾ-੮੩੨)

ਇਸ ਸੰਬੰਧ ਵਿਚ ਪੰਜਵੇਂ ਗੁਰਦੇਵ ਜੀ ਦੀ ਵਾਹਿਗੁਰੂ ਅੱਗੇ ਕੀਤੀ ਇਹ ਜੋਦੜੀ ਵਾਚਣ, ਵਿਚਾਰਨ ਤੇ ਧੁਰ ਅੰਦਰ ਵਸਾਉਣ ਯੋਗ ਹਨ:

ਮੇਰੇ ਮੋਹਨ। ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ, ਨਾਦ ਧੁਨਿ ਗਾਵਤ, ਬੋਲਤ ਬੋਲ ਅਜਾਏ ॥
(ਪੰਨਾ-੮੨੦)

ਕੀਰਤਨ ਨੂੰ ਸਹੀ ਅਰਥਾਂ ਵਿਚ ਸਫਲ ਅਥਵਾ ਫਲਪਰਦਾਤਾ ਬਨਾਉਣ ਲਈ ਜ਼ਰੂਰੀ ਹੈ ਕਿ:

੧. ਗੁਰਮਤਿ ਸੰਗੀਤ ਵਿਚ ਕੀਰਤਨੀਏ ਸਿੰਘ "ਡੰਡੋਤ ਬੰਦਨ" ਅਤੇ "ਅਨੰਦ-ਗੁਣ-ਨਿਧਾਨ ਅਲਾਪਣ", ਹੋਰ ਮੱਤਾਂ ਵਾਂਗ ਨਿਰੇ ਅਲਾਪ ਤੋਂ ਹੀ ਕੀਰਤਨ ਅਰੰਭ ਨਾ ਕਰਨ। ਰਾਗੀ ਸਿੰਘਾਂ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਵੀ ਜ਼ਰੂਰੀ ਹੈ ਕਿ ਗੁਰਮਤਿ ਵਿਚ ਰਾਗ ਦੇ ਸੱਤਾਂ ਅਧਿਆਵਾਂ ਵਿਚੋਂ ਇਹ ਛੇ ਪ੍ਰਵਾਨ ਹਨ; ਪ੍ਰੰਤੂ, ਸੱਤਵਾਂ "ਨ੍ਰਿੱਤ" ਦਾ ਅਧਿਆਏ ਪ੍ਰਵਾਨ ਨਹੀਂ। ਇਹ ਪ੍ਰਵਾਣਤ ਛੇ ਅਧਿਆਏ ਹਨ:

ਸੁਰ; ਰਾਗ; ਬਾਦੇ; ਪ੍ਰਬੰਧ; ਪ੍ਰੀਕਰਨ, ਤੇ ਤਾਲ ॥

੨. ਕੀਰਤਨ ਗਾਇਨ ਕਰਨ ਵਾਲੇ ਸੱਜਣਾਂ ਨੇ ਇਹ ਗੱਲ ਵੀ ਚੇਤੇ ਰੱਖਣੀ ਹੈ ਕਿ ਗੁਰਦੁਆਰਿਆਂ, ਤਖਤ ਸਾਹਿਬਾਂ ਤੇ ਦੀਵਾਨਾਂ ਵਿਚ, ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਉਥੇ ਹੇਠ ਲਿਖੀਆਂ

ਬਾਣੀਆਂ ਦਾ ਕੀਰਤਨ ਕਰਨਾ ਹੈ ਅਤੇ ਇਨ੍ਹਾਂ ਵਿਚੋਂ ਹੀ ਪ੍ਰਮਾਣ ਦੇਣੇ ਹਨ :

(੧) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
(੨) ਸ੍ਰੀ ਦਸਮੇਸ਼ ਜੀ ਦੀ ਬਾਣੀ ।
(੩) ਭਾਈ ਗੁਰਦਾਸ ਜੀ ਦੀ ਬਾਣੀ ।
(੪) ਭਾਈ ਨੰਦ ਲਾਲ ਜੀ ਦੀ ਬਾਣੀ ।

੩. ਕੀਰਤਨੀਏ ਸਿੰਘ ਆਪ ਰਹਿਣੀ-ਬਹਿਣੀ ਦੇ ਪੂਰੇ, ਕਰਣੀ ਦੇ ਸੂਰੇ ਤੇ ਮਨ, ਬਚਨ ਤੇ ਕਰਮ ਕਰਕੇ ਬਾਣੀ ਦੇ ਸ਼ਰਧਾਲੂ, ਸਿਦਕੀ ਤੇ ਰਜੀਏ ਹੋਣ ।

੪. ਕੀਰਤਨ ਕਰਨ ਸਮੇਂ ਉਹਨਾਂ ਵਲੋਂ ਕਿਸੇ ਪ੍ਰਕਾਰ ਦੀ ਚੰਚਲਤਾ ਦਾ ਪ੍ਰਗਟਾਵਾ ਨਾ ਹੋਵੇ । ਉਹ ਆਪ ਕੀਰਤਨ ਅਥਵਾ ਗੁਰਬਾਣੀ ਦੇ ਭਾਵਾਂ ਵਿਚ ਮੁਗਧ ਹੋਣ ਅਤੇ ਸਰੋਤੇ ਨੂੰ ਅਰਸ਼ੀ ਵਾਤਾਵਰਨ ਵਿਚ ਪਹੁੰਚਾ ਸਕਣ ਦੇ ਸਮਰਥ । ਗੁਰਬਾਣੀ ਗਾਇਨ ਕਰਨ ਦੀ ਥਾਂ "ਆ ਆ" ਦੇ ਅਲਾਪ ਵਿਚ ਪੈ ਜਾਣਾ ਕੀਰਤਨ ਦੀ ਮਿਠਾਸ ਨੂੰ ਮਾਰਨਾ ਤੇ ਸ਼ਬਦ ਦੇ ਭਾਵਾਂ ਵਿਚ ਖੁਭੀ ਸੁਰਤ ਨੂੰ ਚੰਚਲਤਾ ਵਿਚ ਲਿਆ ਖੜਾ ਕਰਨ ਤੁਲ ਹੈ । ਇਹ ਗੁਰਬਾਣੀ ਤੇ ਕੀਰਤਨ ਦੀ ਨਿਰਾਦਰੀ ਹੈ ।

੫. ਕੀਰਤਨੀਏ ਨੇ ਸਵੈਮਾਨ ਤੇ ਪ੍ਰਤਿਸ਼ਟਾ ਤੋਂ ਉਚੇਰੇ ਉਠਕੇ ਕੀਰਤਨ ਦੀ ਖੁਮਾਰੀ ਵਿਚ ਇਕ ਸੁਰ ਹੋਣਾ ਹੈ । ਹਉਮੈ ਆਸਰੇ ਸ਼ਬਦ-ਗਾਇਨ ਕਰਨ ਨਾਲ ਅੰਮ੍ਰਿਤ ਰਸ-ਗੜੂੰਦ ਨਹੀਂ ਹੋਈਦਾ । ਫੁਰਮਾਨ ਹੈ :

ਇਕ ਗਾਵਤ ਰਹੇ, ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ, ਬਿਰਥਾ ਜਾਇ ॥
ਗਾਵਣਿ ਗਾਵਹਿ, ਜਿਨ ਨਾਮ ਪਿਆਰੁ ॥
ਸਾਚੀ ਬਾਣੀ, ਸਬਦ ਵੀਚਾਰ ॥

ਗਾਵਤ ਰਹੈ, ਜੇ ਸਤਿਗੁਰ ਭਾਵੈ ॥
ਮਨੁ ਤਨੁ ਰਾਤਾ, ਨਾਮਿ ਸੋਹਾਵੈ ॥ (ਮ: ੩, ਪੰ: ੧੫੯)

੬. ਗੁਰਬਾਣੀ-ਉਚਾਰਨ ਸ਼ੁੱਧ ਤੇ ਸਪੱਸ਼ਟ ਹੋਵੇ, ਤਾਂ ਜੋ, ਸੰਗਤ ਗੁਰਬਾਣੀ ਦੇ ਭਾਵਾਂ ਨੂੰ ਸਮਝ ਕੇ ਵਿਚਾਰਕੇ ਮਨ ਵਿਚ ਵਸਾ ਸਕੇ। ਗੁਰਬਾਣੀ ਦੀ ਲਿਖਣ-ਸ਼ੈਲੀ ਤੇ ਵਿਆਕਰਣਕ-ਨੇਮਾਂ ਤੋਂ ਜਾਣੂ ਹੋਏ ਤੋਂ ਬਿਨਾਂ ਗੁਰਬਾਣੀ ਦਾ ਸ਼ੁੱਧ ਉਚਾਰਣ ਅਸੰਭਵ ਹੈ।

੭. ਕੀਰਤਨ ਸਮੇਂ ਸਾਜ਼ਾਂ ਦੀ ਆਵਾਜ਼ ਇਤਨੀ ਮੱਧਮ ਹੋਣੀ ਲੋੜੀਏ ਕਿ ਗੁਰਬਾਣੀ ਨੂੰ ਸਪੱਸ਼ਟ ਤੌਰ ਤੇ ਸੁਣਨ ਅਤੇ ਸਮਝਣ ਵਿਚ ਇਹ ਬਾਧਕ ਨਾ ਬਣੇ। ਸਾਜ਼ ਤਾਂ ਕੀਰਤਨ ਦੇ ਸਾਧਨ ਤੇ ਸਹਾਇਕ ਹਨ, ਮੰਤਵ ਜਾਂ ਮੰਜ਼ਲ ਨਹੀਂ।

੮. ਚੇਤੇ ਰਹੇ ਕਿ "ਕਰਤੇ" (ਵਾਹਿਗੁਰੂ) ਦੇ ਨਿਰਬਾਨ ਕੀਰਤਨ ਵਿਚ ਗੁਰੂ ਬਾਣੀ ਮੁੱਖ ਹੈ ਤੇ ਰਾਗ ਗਾਉਣ। ਇਸ ਲਈ ਰਾਗ ਨੂੰ ਗੁਰਬਾਣੀ ਉਤੇ ਹਾਵੀ ਕਰਨਾ ਕੀਰਤਨ ਦੇ ਆਸ਼ੇ ਨੂੰ ਗਵਾਉਣ ਤੁਲ ਹੈ। ਰਾਗ ਹਮੇਸ਼ਾਂ ਗੁਰਬਾਣੀ ਦੀ ਤਾਬਿਆ ਹੀ ਰਹਿਣਾ ਜੋਗ ਹੈ।

੯. ਕੁਝ ਸਮੇਂ ਤੋਂ ਕੀਰਤਨ ਵਿਚ ਹੋਰ ਸਬੰਧਤ ਪ੍ਰਮਾਣ ਦੇਣ ਦਾ ਰਿਵਾਜ ਪੈ ਗਿਆ ਹੈ। ਕਿਸੇ ਸਮੇਂ, ਹਦ ਬੰਨੇ ਵਿਚ ਦਿਤੇ ਅਜਿਹੇ ਪ੍ਰਮਾਣ ਗੁਰਬਾਣੀ ਦੇ ਭਾਵਾਂ ਨੂੰ ਉਜਾਗਰ ਤੇ ਸਪੱਸ਼ਟ ਕਰਨ ਵਿਚ ਸਹਾਈ ਹੋ ਸਕਦੇ ਹਨ; ਪ੍ਰੰਤੂ, ਬਹੁਤੀ ਵੇਰ ਪ੍ਰਮਾਣ ਹੀ ਕੀਰਤਨ ਦੀ ਥਾਂ ਲੈ ਲੈਂਦੇ ਹਨ। ਕੀਰਤਨ ਸਮੇਂ, ਕੀਰਤਨ ਦੀ ਹੀ ਪ੍ਰਧਾਨਤਾ ਹੋਣੀ ਚਾਹੀਦੀ ਹੈ। ਯਤਨ ਕਰਨਾ ਚਾਹੀਦਾ ਹੈ ਕਿ ਸ਼ਬਦ ਦੀ ਵਿਆਖਿਆ ਹਿੱਤ ਦਿਤੇ ਜਾਣ ਵਾਲੇ ਪ੍ਰਮਾਣ ਵੀ ਕਿਸੇ ਲੈਅ ਤੇ ਸੁਰ ਵਿਚ ਗਾਏ ਜਾਣ, ਤਾਂ ਜੋ ਰਾਗ ਦਾ ਪ੍ਰਭਾਵ ਤੇ ਰਸ ਬਾਕਾਇਦਾ ਕਾਇਮ ਰਹੇ, ਅਤੇ ਸਰੋਤੇ ਕੀਰਤਨ ਦੇ ਰਸ ਵਿਚ ਬਦਸਤੂਰ ਲੀਨ ਰਹਿ ਸਕਣ।

੧੦. ਕੀਰਤਨ ਵਿਚ ਸੰਖੇਪ, ਸੰਬੰਧਤ ਤੇ ਗੁਰਬਾਣੀ ਦੇ ਮਨੋਰਥ, ਭਾਵਾਂ ਤੇ ਆਸ਼ਿਆਂ ਨੂੰ ਉਘਾੜਨ ਵਾਲੀ ਸੰਖਿਪਤ ਵਿਆਖਿਆ ਕੀਤੀ ਜਾ ਸਕਦੀ ਹੈ। ਪਰ, ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਵਿਆਖਿਆ ਹਰੇਕ ਰਾਗੀ ਸਿੰਘ ਦੇ ਵੱਸ ਦੀ ਗੱਲ ਨਹੀਂ। ਇਸ ਲਈ, ਜਦ ਤਕ ਕੀਰਤਨੀਆਂ ਸੱਜਣ ਵਿਦਵਾਨ, ਗੁਰਬਾਣੀ ਦੇ ਗੂਹੜ ਭਾਵਾਂ ਤੇ ਰਹੱਸ ਤੋਂ ਜਾਣੂ ਤੇ ਇਸ ਕਲਾ ਵਿਚ ਨਿਪੁੰਨ ਨਾ ਹੋਵੇ,ਵਿਆਖਿਆ ਤੋਂ ਗੁਰੇਜ਼ ਹੀ ਕਰੇ।

੧੧. ਜਿਵੇਂ, ਰਾਗ ਗੁਰਬਾਣੀ ਦਾ ਸਹਾਇਕ ਹੈ, ਤਿਵੇਂ ਤਾਲ ਲਈ ਤਬਲਾ ਰਾਗ ਦਾ ਮਦਦਗਾਰ ਹੈ। ਪ੍ਰੰਤੂ, ਵੇਖਣ ਵਿਚ ਇਸ ਤਰ੍ਹਾਂ ਆਇਆ ਹੈ ਕਿ ਤਬਲਾ ਵਾਦਕ, ਤਬਲਾ ਵਾਦਨ ਦੇ ਜੌਹਰ ਵਿਖਾਉਣ ਲਈ ਦੁਗਣਾ ਤੇ ਤਿਗਣਾ ਵਜਾਉਂਦੇ ਅਤੇ ਬਾਰ ਬਾਰ ਤੋੜਾ ਦੇਂਦੇ ਹਨ, ਜਿਸ ਨਾਲ ਕੀਰਤਨ ਦੁਆਰਾ ਜੁੜੀ ਬਿਰਤੀ ਉਖੜ ਜਾਂਦੀ ਹੈ। ਅਜਿਹਾ ਕਰਨਾ ਉਚਿਤ ਨਹੀਂ।

੧੨. ਵੱਧ ਤੋਂ ਵੱਧ ਯਤਨ ਹੋਣਾ ਚਾਹੀਦਾ ਹੈ ਕਿ ਕੀਰਤਨ ਵਿਚ ਤੰਤੀ ਸਾਜ਼ਾਂ ਦੀ ਹੀ ਵਰਤੋਂ ਹੋਵੇ। ਇਹਨਾਂ ਨਾਲ ਕੀਰਤਨ ਵਿਚ ਮਧੁਰਤਾ ਦਾ ਪਰਵੇਸ਼ ਹੁੰਦਾ ਹੈ।

੧੩. ਕੀਰਤਨੀਏ ਸਿੰਘਾਂ ਨੂੰ ਸ਼ਬਦ ਭੇਟ ਦਾ ਅਰਦਾਸਾ ਇਕੋ ਵੇਰ ਇਕੱਠਾ ਹੀ ਕੀਰਤਨ ਦੀ ਸਮਾਪਤੀ ਉਪਰੰਤ, ਕਰਨਾ ਯੋਗ ਹੈ, ਅਤੇ ਬਿਨਾ ਕਿਸੇ ਦਾ ਨਾਮ ਲਏ ਦੇ। "ਸਤੀ ਦੇ, ਸੰਤੋਖੀ ਖਾਏ" ਵਾਲੇ ਅਮੋਲਕ ਸਿਧਾਂਤ ਨੂੰ ਸਦਾ ਕੰਠ ਪਰੋਈ ਰੱਖਣ ਦੀ ਲੋੜ ਹੈ। ਪਰੰਤੂ, 'ਵੇਖਣ ਵਿਚ ਆਇਆ ਹੈ ਕਿ ਕਈ ਕੀਰਤਨੀਏ ਸੱਜਣ, ਕੀਰਤਨ ਨੂੰ ਵਿਚ ਛੱਡ ਕੇ, ਕਈ ਕਈ ਵਾਰ, ਮਾਇਆ ਭੇਟ ਕਰਨ ਵਾਲਿਆਂ ਦੇ ਨਾਮ ਲੈ ਕੇ ਅਰਦਾਸੇ ਆਰੰਭ ਦੇਂਦੇ ਹਨ। ਅਜਿਹਾ ਕਰਨਾ ਨਾ ਕੇਵਲ ਗੁਰਬਾਣੀ ਅਥਵਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਹੈ, ਸਗੋਂ ਉਨ੍ਹਾਂ ਦਾ ਆਪਣਾ ਅਤੇ

ਹਉਮੈ-ਗ੍ਰਸਤ ਹੈ, ਅਰਦਾਸੇ ਕਰਵਾਉਣ ਵਾਲਿਆਂ ਦਾ ਵੀ। ਵਧੀਆ ਗੱਲ ਤਾਂ ਇਹ ਹੈ ਕਿ ਸ਼ਬਦ-ਭੇਟ ਵਾਲੀ ਕੁਲ ਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਇਕ ਨਿਵੇਕਲੀ ਥਾਂ ਜਮ੍ਹਾਂ ਹੁੰਦੀ ਰਹੇ ਅਤੇ ਕੀਰਤਨ ਦੀ ਸਮਾਪਤੀ ਉਪਰੰਤ ਗ੍ਰੰਥੀ ਸਾਹਿਬ (ਜਾਂ ਕੀਰਤਨੀਏ ਸਿੰਘ) ਵਲੋਂ, ਬਿਨਾਂ ਕਿਸੇ ਦਾ ਵੱਖਰਾ ਨਾਮ ਲਏ ਦੇ, ਸਮੂਹਕ ਤੇ ਅਤਿ ਸੰਖੇਪ ਅਰਦਾਸਾ ਕਰਕੇ ਕੀਰਤਨੀਆਂ ਵੀਰਾਂ ਨੂੰ ਦੇ ਦਿੱਤੀ ਜਾਵੇ।

ਇਸ ਸੰਬੰਧ ਵਿਚ ਸਾਨੂੰ ਚਿਸ਼ਤੀ ਸੰਪ੍ਰਦਾਇ ਦੇ ਸੂਫੀ ਗੱਦੀ-ਨਸ਼ੀਨਾਂ ਦੀ ਰੀਸ ਕਰਨੀ ਬਣਦੀ ਹੈ। ਜਿਨ੍ਹਾਂ ਨੇ ਉਨ੍ਹਾਂ ਦੀਆਂ ਸਮਾਅ (ਵਜਦ ਵਿਚ ਸਿਫਤ ਸਾਲਾਹ ਕਰਨ) ਦੀਆਂ ਮਹਿਫਲਾਂ ਦੇਖੀਆਂ ਹਨ, ਉਹ ਜਾਣਦੇ ਹਨ ਕਿ ਸਿਫਤ ਸਾਲਾਹ ਕਰਨ ਵਾਲੇ ਕੱਵਾਲਾਂ ਨੂੰ ਮਜਲਸ ਵਿਚ ਬੈਠੇ ਸਰੋਤਿਆਂ ਵਲੋਂ ਜੋ ਭੇਟਾ ਆਉਂਦੀ ਹੈ, ਉਹ ਕੱਵਾਲ ਆਪ ਵਸੂਲ ਨਹੀਂ ਕਰਦੇ; ਸਗੋਂ, ਇਸ ਮਹਿਫਲ ਉਤੇ ਸਦਾਰਤ (ਪ੍ਰਧਾਨਗੀ) ਕਰ ਰਿਹਾ ਗੱਦੀ-ਨਸ਼ੀਨ ਬੜੇ ਆਦਰ ਤੇ ਸਤਿਕਾਰ ਨਾਲ ਵਸੂਲ ਕਰਦਾ ਹੈ। ਆਈ ਭੇਟਾ (ਨਜ਼ਰਾਨੇ) ਨੂੰ ਉਹ ਪਹਿਲਾਂ ਚੁੰਮਦਾ ਤੇ ਮੱਥੇ ਨਾਲ ਲਾਉਂਦਾ ਹੈ, ਤੇ ਫਿਰ ਆਪਣੇ ਕੋਲ ਇਕ ਪਾਸੇ ਰੱਖੀ ਜਾਂਦਾ ਹੈ। ਮਹਿਫਲ ਬਰਖਾਸਤ ਹੋਣ ਉਤੇ ਉਹ ਇਕੱਠੀ ਹੋਈ ਰਕਮ ਕੱਵਾਲਾਂ ਨੂੰ ਭੇਟ ਕਰ ਦੇਂਦਾ ਹੈ। ਕੱਵਾਲ ਆਪਣੀ ਥਾਂ ਇਹ ਰਕਮ ਉਸੇ ਅਦਬ ਅਦਾਬ ਨਾਲ ਵਸੂਲ ਕਰਦੇ ਹਨ। ਨਾ ਕੋਈ ਦੇਣ ਵਾਲੇ ਦਾ ਨਾਂ ਲੈਂਦਾ ਹੈ, ਤੇ ਨਾ ਹੀ ਕਿਸੇ ਦੀ ਕਲਿਆਣ ਵਿਚ ਕੁੱਛ ਕਹਿਣ ਦੀ ਲੋੜ ਪੈਂਦੀ ਹੈ। ਜੋ ਕੁਝ ਹੁੰਦਾ ਹੈ, ਕਲਾਮ ਦੇ ਪੂਰੇ ਅਦਬ-ਅਦਾਬ ਵਿਚ ਹੁੰਦਾ ਹੈ। ਸਾਨੂੰ ਵੀ ਇਸ ਤਰ੍ਹਾਂ ਦੀ ਸਵੱਛ ਪਰੰਪਰਾ ਅਪਣਾਅ ਲੈਣੀ ਯੋਗ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਮਜਲਸ (ਸੰਗਤ) ਦਾ ਸਤਿਕਾਰ ਕਾਇਮ ਰਹੇਗਾ, ਉਥੇ ਵਜਦ (ਵਿਸਮਾਦ) ਵਿਚ ਸਰੋਤਿਆਂ ਦੇ ਆਨੰਦ ਤੇ ਸਰੂਰ ਵਿਚ ਵੀ ਵਿਘਨ ਨਹੀਂ ਪਵੇਗਾ।

੧੪. ਜੇ ਸੰਭਵ ਹੋਵੇ ਤਾਂ ਸ਼ਬਦ ਉਸੇ ਰਾਗ ਤੇ ਤਾਲ ਵਿਚ ਗਾਇਨ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿਚ ਉਸ ਦਾ ਵਿਧਾਨ ਕੀਤਾ ਗਿਆ ਹੈ।

ਕਿਸੇ ਸ਼ਬਦ ਦਾ ਕੀਰਤਨ ਆਰੰਭ ਕਰਨ ਤੋਂ ਪਹਿਲਾਂ ਉਸ ਸ਼ਬਦ ਦੇ ਰਚਨਹਾਰ ਦਾ ਨਾਉਂ ਦੱਸ ਕੇ ਸ਼ਬਦ ਦਾ ਪਾਠ, ਸਹਿਤ ਤੁੱਕਾਰਥ, ਕਰ ਦੇਣਾ ਲਾਹੇਵੰਦ ਰਹੇਗਾ। ਵੇਖਣ ਵਿਚ ਆਇਆ ਹੈ ਕਿ ਕੀਰਤਨ ਸਮੇਂ ਕਈ ਸਰੋਤੇ, ਸ਼ਬਦ ਦੀ ਸ਼ਬਦਾਵਲੀ ਤੇ ਭਾਵ ਅਰਥ ਤੋਂ ਅਨਜਾਣ ਹੋਣ ਦੇ ਕਾਰਣ, ਗੁਰ-ਆਸ਼ੇ ਨੂੰ ਸਮਝਣੋਂ ਤੇ ਗ੍ਰਹਿਣ ਕਰਨੋਂ ਅਸਮਰਥ ਰਹਿੰਦੇ ਹਨ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਗੁਰਸਿਖ ਨੇ ਬਾਣੀ ਨੂੰ ਵਿਚਾਰਨਾ ਤੇ ਫਿਰ ਉਸ ਵਿਚ ਦਿਤੀ ਸਿਖਿਆ ਨੂੰ ਅਮਲ ਵਿਚ ਲਿਆਉਣਾ ਤੇ ਸੱਚਾ ਆਚਾਰ ਘੜਨਾ ਹੈ। ਕੀਰਤਨ ਵੀ ਤਾਂ ਆਖ਼ਰ ਇਕ ਅਤਿ ਸ੍ਰੇਸ਼ਟ ਸਾਧਨ ਹੀ ਹੈ, ਨਾਮ ਅਥਵਾ ਪਰਮ ਪਦ ਦੀ ਪ੍ਰਾਪਤੀ ਦਾ। ਬਾਣੀ ਦੀ ਵਿਚਾਰ ਬਾਰੇ ਸਤਿਗੁਰਾਂ ਵਲੋਂ ਸਪੱਸ਼ਟ ਸੂਚਨਾ ਹੈ :

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥

(ਰਾਮਕਲੀ ਮ: ੧, ਪੰਨਾ ੯੩੫)

੧੫. ਰਾਗੀ ਸਾਹਿਬਾਨ ਨੂੰ ਇਹ ਗੱਲ ਵੀ ਮਨ ਵਿਚ ਧਾਰਨੀ ਜ਼ਰੂਰੀ ਹੈ ਕਿ ਕੀਰਤਨ ਦਾ ਅੰਤਿਮ ਲਾਭ ਸਤਿਗੁਰਾਂ ਦੀ ਇੱਛਾ ਤੇ ਹਦਾਇਤ ਅਨੁਸਾਰ "ਸ਼ਬਦ" ਨੂੰ ਯੁਕਤ ਸੰਗੀਤ ਵਿਚ ਗਾਇਣ ਕਰਨਾ ਹੈ। ਇਸ ਤਰ੍ਹਾਂ ਉਸ ਅੰਤਰੀਵ (ਪਰਮ) ਰਸ ਦੀ ਪ੍ਰਾਪਤੀ ਹੁੰਦੀ ਹੈ, ਜਿਸ ਵਿਚ ਮਗਨ ਹੋ ਕੇ ਸਰੋਤਾ, ਸਤਿਗੁਰਾਂ ਦੀ ਜੋਤ ਵਿਚ ਅਭੇਦ ਹੋਣ ਦੇ ਯੋਗ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਸ਼ਬਦਾਂ ਵਿਚ ਇਕ ਆਦਰਸ਼ਕ ਕੀਰਤੀਏ ਦਾ ਚਿੱਤਰ, ਚਾਹੇ ਉਹ ਕਿਸੇ ਮੱਤ ਦਾ ਵੀ ਕਿਉਂ ਨਾ ਹੋਵੇ, ਇਸ ਪ੍ਰਕਾਰ ਰੂਪਮਾਨ ਕਰਨ ਦਾ ਉਪਕਾਰ ਕੀਤਾ ਗਿਆ ਹੈ :

ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ; ਏਕੋ ਰਹਿਆ ਬਿਆਪੈ ॥
ਏਕਾ ਸੁਰਤਿ, ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ ॥੧॥
ਭਲੋ ਭਲੋ ਰੇ ਕੀਰਤਨੀਆ, ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥੧॥ਰਹਾਉ॥

ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣੁ, ਤਾਣੁ, ਤਜਿ ਤਾਨਾ, ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬ ਹੀ, ਏਕੁ ਸਬਦੁ ਬੰਧਿ ਪਾਲੈ ॥੨॥
ਨਾਰਦੀ ਨਰਹਰ ਜਾਣਿ ਹਦੂਰੇ ॥
ਘੂੰਘਰ ਖੜਕੁ ਤਿਆਗਿ ਵਿਸੂਰੇ ॥
ਸਹਜ ਅਨੰਦ ਦਿਖਾਵੈ ਭਾਵੈ ॥
ਇਹੁ ਨਿਰਤਿਕਾਰੀ, ਜਨਮਿ ਨ ਆਵੈ ॥੩॥
ਜੇ ਕੋ ਅਪਨੇ ਠਾਕੁਰ ਭਾਵੈ ॥
ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧ ਸੰਗਤਿ ਕੀ ਜਾਵਉ ਟੇਕ ॥
ਕਹੁ ਨਾਨਕ, ਤਿਸੁ ਕੀਰਤਨੁ ਏਕ ॥੪॥

(ਮ: ੫, ਪੰਨਾ ੮੮੫)

ਭਾਵਾਰਥ :–ਰੱਬੀ ਕੀਰਤਨੀਆਂ (ਅਸਲੀ ਰਾਸਧਾਰੀਆ) ਇੱਕੋ ਵਾਹਿਗੁਰੂ ਦੀ ਧੁਨੀ ਲਾਉਂਦਾ, ਇਕ ਓਸੇ ਦਾ ਰਾਗ ਅਲਾਪਦਾ, ਓਸ ਇਕੋ ਦੇ ਦੇਸ (ਚਰਨਾਂ) ਵਿਚ ਟਿਕਦਾ ਅਤੇ ਕੇਵਲ ਉਸ ਇਕੋ ਪ੍ਰਭੂ ਦੇ ਦਰਸ਼ਨ ਕਰਾਉਂਦਾ ਹੈ, ਜੋ ਹਰ ਥਾਂ ਵਿਆਪਕ ਹੈ। ਉਹ ਪੂਰਨ ਗੁਰੂ ਤੋਂ ਸਿਖਿਆ ਲੈ ਕੇ ਇਕ ਪ੍ਰਮਾਤਮਾ ਵਿਚ ਸੁਰਤਿ ਟਿਕਾਈ ਰੱਖਦਾ ਅਤੇ ਉਸ ਇਕ ਦੀ ਸੇਵਾ (ਭਗਤੀ, ਮਨੁੱਖ ਮਾਤ੍ਰ ਨਾਲ ਪਿਆਰ) ਵਿਚ ਤੱਤਪਰ ਰਹਿੰਦਾ ਹੈ।

ਹੇ ਭਾਈ ! ਜਿਹੜਾ ਕੀਰਤਨੀਆ ਮਾਇਆ ਦੇ ਲਾਲਚ ਤੋਂ ਉਪਰ ਉੱਠ ਕੇ ਸਰਬ-ਵਿਆਪਕ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਉਹੀ ਸਭ ਤੋਂ ਸ੍ਰੇਸ਼ਟ ਕੀਰਤਨੀਆ ਹੈ।

ਐਸੇ ਰੱਬੀ ਕੀਰਤਨੀਏ ਨੂੰ ਤਾਕੀਦ ਹੈ ਕਿ ਉਹ ਸਤਿ, ਸੰਤੋਖ ਆਦਿ ਗੁਣਾਂ ਨੂੰ ਪੰਜ ਪ੍ਰਕਾਰ ਦੇ ਵਾਜੇ (ਸਾਜ਼) ਬਣਾਵੇ, ਅਤੇ ਲੈਅ (ਲਿਵਲੀਨਤਾ) ਨੂੰ ਸੱਤ ਸੁਰਾਂ (ਸਾ ਰੇ ਗਾ ਮਾ...)।

ਉਸ ਪਾਸ ਮਾਣ ਦੇ ਤਿਆਗ ਦਾ ਵਾਜਾ ਤੇ ਤਾਣ (ਆਪਣੇ ਬਲ ਦੇ ਹੰਕਾਰ) ਨੂੰ ਤਿਆਗਣ ਦਾ ਤਾਨ ਪਲਟਾ ਹੋਵੇ, ਅਤੇ ਉਹ ਮੰਦੇ ਪਾਸੇ ਪੈਰ ਨਾ ਪਾਵੇ। ਜੇ ਅਜੇਹਾ ਕੀਰਤਨੀਆਂ ਸਤਿਗੁਰੂ ਦੇ ਸ਼ਬਦ ਨੂੰ ਪੱਲੇ ਬੰਨ੍ਹੀ ਰਖੇ ਤਾਂ ਉਹ ਕਦੀ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ।

ਪ੍ਰਭੂ ਨੂੰ ਅੰਗ-ਸੰਗ ਜਾਨਣਾ 'ਉਸ ਲਈ ਨਾਰਦ-ਭਗਤੀ ਵਾਲਾ ਨਾਚ ਹੋਵੇ ਅਤੇ ਝੋਰੇ ਤਿਆਗਣ ਵਿਚ ਘੁੰਘਰੂਆਂ ਦੀ ਛਣਕਾਰ। ਪ੍ਰਭੂ ਦੇ ਦਰ ਦਾ ਰਾਸਧਾਰੀਆ (ਕੀਰਤਨੀਆਂ) ਆਤਮਕ ਅਡੋਲਤਾ ਦਾ ਅਨੰਦ ਮਾਣਦਾ ਹੈ। ਅਜੇਹਾ ਨਿਰੱਤਕਾਰ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ।

ਹੇ ਭਾਈ! ਕਰੋੜਾਂ ਵਿਚੋਂ ਜੋ ਕੋਈ ਵਿਰਲਾ ਆਪਣੇ ਪ੍ਰਮਾਤਮਾ ਨੂੰ ਪਿਆਰਾ ਲੱਗਦਾ ਹੈ, ਉਹੀ ਪ੍ਰਭੂ ਦਾ ਅਜੇਹਾ ਕੀਰਤਨ ਗਾਂਦਾ ਹੈ।

ਹੇ ਨਾਨਕ! ਮੈਂ ਸਾਧ-ਸੰਗਤ ਦੀ ਟੇਕ ਲੈਂਦਾ ਹਾਂ, ਮੈਨੂੰ ਐਸੇ ਰੱਬੀ ਕੀਰਤਨ ਦਾ ਆਸਰਾ ਹੈ ਜੋ ਕੇਵਲ ਓਥੇ (ਸਾਧ ਸੰਗਤਿ ਵਿਚ) ਹੀ ਹੁੰਦਾ ਹੈ।

ਸੋ, ਇਕ ਓਅੰਕਾਰ ਦੀ ਐਸੀ "ਏਕ ਧੁਨਿ" ਪੈਦਾ ਕਰ ਸਕਣ ਵਾਲੇ ਕੀਰਤਨੀਏ ਪੈਦਾ ਕਰਨੇ ਤੇ ਸਤਿਕਾਰਨੇ ਪੰਥ ਦੀ ਇਕ ਅਤਿ ਅਹਿਮ ਸਮੱਸਿਆ ਹੈ। ਜਿਵੇਂ ਵਿਚਾਰਵਾਨਾਂ ਨੇ ਕਾਰਜ ਅਥਵਾ ਮੰਤਵ ਦੀ ਪੂਰਤੀ ਲਈ ਸਫਲ ਵਕਤੇ ਤੇ ਸਰੋਤੇ ਵਿਚ ਚੋਖਾਂ, ਚੋਖਾਂ ਗੁਣ ਹੋਣੇ ਲਾਜ਼ਮੀ ਕਰਾਰ ਦਿਤੇ ਹਨ, ਏਸੇ ਤਰ੍ਹਾਂ "ਗੁਰਬਾਣੀ-ਕੀਰਤਨ" ਨੂੰ ਸਹੀ ਅਰਥਾਂ ਵਿਚ ਫਲ ਪਰਦਾਤਾ ਬਨਾਉਣ ਲਈ ਆਦਰਸ਼ਕ ਕੀਰਤਨੀਏ ਤੇ ਸਰੋਤਾ ਸੰਗਤਿ ਵਿਚ ਸੁਮੇਲ ਹੋਣਾ ਅਤਿਅੰਤ ਜ਼ਰੂਰੀ ਹੈ। ਗੁਰਬਾਣੀ ਦੇ ਡੂੰਘੇ ਭਾਵਾਂ ਦੀ ਸੂਝ ਬੂਝ ਤੇ ਗੁਰਮਤਿ-ਸੰਗੀਤ ਲਈ ਡੂੰਘੀ ਰੁਚੀ ਰੱਖਣ ਵਾਲੀ ਸੰਗਤਿ ਹੀ ਉੱਤਮ ਤੇ ਸਰੇਸ਼ਟ ਕੀਰਤਨੀਏ ਪੈਦਾ ਕਰਨ ਦੀ ਜ਼ਾਮਨ ਹੋ ਸਕਦੀ ਹੈ।

ਉਪ੍ਰੋਕਤ ਨਿਸ਼ਾਨੇ ਦੀ ਪੂਰਤੀ ਵੱਲ ਕਿਵੇਂ ਵਧਿਆ, ਤੇ ਕਿਵੇਂ ਹਰ ਘਰ ਨੂੰ ਕੀਰਤਨੀ-ਧਰਮਸਾਲ ਵਿਚ ਬਦਲਿਆ ਜਾਵੇ, ਇਹ ਮਸਲਾ ਇਕ ਵੱਖਰੀ ਤੇ ਵਿਸ਼ੇਸ਼ ਵਿਚਾਰ ਦਾ ਮੁਥਾਜ ਹੈ।

ਕੀ ਪੰਥ ਕਲਜੁਗ ਵਿਚ* "ਪ੍ਰਧਾਨ ਕੀਰਤਨ-ਭਗਤੀ" ਦਾ ਬੋਲ ਬਾਲਾ ਕਰਨ ਦੀ ਵੱਡੀ ਵੰਗਾਰ ਨੂੰ ਪ੍ਰਵਾਨ ਕਰੇਗਾ ?

---

*ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥ (ਮਾਰੂ ਸੋਹਲੇ, ਪੰਨਾ ੧੦੭੫)

ਗੁਰੂ ਤੇ ਭਗਤ ਦਾ ਸੰਕਲਪ

ਧੁਰੋਂ ਆਈ ਬਾਣੀ ਦੀ ਰਚਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਦੁੱਤੀ ਸੰਪਾਦਨਾ ਸਮੇਂ, ਜਿਨ੍ਹਾਂ ਸ਼ਬਦਾਂ ਦਾ ਬਹੁਤੀ ਵੇਰ ਪ੍ਰਯੋਗ ਹੋਇਆ, ਉਹਨਾਂ ਚੋਂ ਇਹ ਕੁਝ ਕੁ ਖਾਸ ਤੌਰ ਉਤੇ ਵਰਨਣ ਯੋਗ ਹਨ :-

ਨਾਮ, ਹਰਿ, ਸਤਿ, ਗੁਰੂ ਤੇ ਭਗਤ।

"ਆਦਿ ਗ੍ਰੰਥ ਸ਼ਬਦ-ਅਨੁਕਰਮਨਿਕਾ" ਵਿਚ ਇਹਨਾਂ ਮਹਾਨ-ਭਾਵੀ ਸ਼ਬਦਾਂ ਦਾ ਕੇਵਲ ਹਵਾਲਾ ਦੇਣ ਲਈ ਹੀ ਕਰਮਵਾਰ ਅੰਦਾਜ਼ਨ ੧੪, ੧੩, ੧੧, ੧੦ ਤੇ ੭ ਪੰਨਿਆਂ ਦੀ ਵਰਤੋਂ ਕੀਤੀ ਗਈ ਹੈ।

ਭਾਵੇਂ, ਉਪ੍ਰੋਕਤ ਸਾਰੇ ਪਦ ਹੀ ਗੁਰਮਤਿ-ਵਿਚਾਰ ਦਾ ਧੁਰਾ, ਅਤੇ ਆਮ ਅਰਥ-ਭਾਵਾਂ ਕਰਕੇ ਇਕ ਦੂਜੇ ਦੇ ਸਮੀਪੀ ਹਨ; ਪ੍ਰੰਤੂ, ਇਥੇ ਸਾਡੀ ਵਿਚਾਰ, ਗੁਰਬਾਣੀ ਦੀ ਰੌਸ਼ਨੀ ਵਿਚ, ਕੇਵਲ ਗੁਰੂ ਦੇ ਭਗਤ ਦੇ ਸੰਕਲਪ ਤਕ ਹੀ ਸੀਮਤ ਰਹੇਗੀ।

ਸੋ, ਅਸੀਂ ਆਪਣੀ ਵਿਚਾਰ-ਲੜੀ ਨੂੰ ਇਹਨਾਂ ਤਿੰਨਾਂ ਹਿੱਸਿਆਂ ਵਿਚ ਵੰਡਦੇ ਹਾਂ :-

੧. ਗੁਰ ਤੇ ਭਗਤ ਪਦਾਂ ਦੇ ਕੋਸ਼ ਅਰਥ, ਗੁਣ ਅਤੇ ਲੱਛਣ;

੨. ਗੁਰਬਾਣੀ ਵਿਚ ਇਹਨਾਂ ਸ਼ਬਦਾਂ ਦੀ ਸਮਾਨ-ਅਰਥ-ਭਾਵੀ ਵਰਤੋਂ ਅਤੇ ਪਦ-ਪਦਵੀ ਦੀ ਸਾਂਝ;

੩. ਨਿਰਣੈ।

ਗੁਰੂ :–ਗੁਰੂ ਸੰਸਕ੍ਰਿਤ ਦੇ 'ਗ੍ਰੀ' ਧਾਤੂ ਤੋਂ ਬਣਿਆ ਹੈ। ਇਸ ਦੇ ਅਰਥ ਹਨ–ਨਿਗਲਣਾ ਜਾਂ ਸਮਝਾਉਣਾ। ਜੋ ਅਗਿਆਨ ਨੂੰ ਨਿਗਲ ਜਾਂਦਾ ਅਥਵਾ ਦੂਰ ਕਰਦਾ ਤੇ ਸਿੱਖ ਨੂੰ ਤੱਤ ਗਿਆਨ ਦੀ ਸੋਝੀ ਪਾਉਂਦਾ ਹੈ, ਉਹ ਗੁਰੂ ਹੈ। ਗੁਰੂ ਸ਼ਬਦ ਦੀ ਵਰਤੋਂ ਉਪਨਿਸ਼ਦ ਕਾਲ ਤੋਂ ਹੁੰਦੀ ਆਈ ਹੈ। ਇਹ ਬਹੁ-ਅਰਥਕ ਸ਼ਬਦ ਹੈ, ਤੇ ਇਸ ਦੇ ਖਾਸ ਖਾਸ ਅਰਥ ਹਨ :–

ਧਰਮ ਦੀ ਰੱਖਿਆ ਕਰਨ ਅਥਵਾ ਆਤਮ-ਗਿਆਨ ਦੇਣ ਵਾਲਾ ਆਚਾਰੀਆ, ਕਿਸੇ ਮੱਤ ਦਾ ਚਾਲਕ, ਵੱਡਾ ਜਾਂ ਭਾਰੀ, ਪੂਜਣ ਯੋਗ ਅਤੇ ਸਰੇਸ਼ਟ ਬੁੱਧੀ ਵਾਲਾ। ਕਿਸੇ ਪ੍ਰਕਾਰ ਦੀ ਦੁਨਿਆਵੀ ਵਿਦਿਆ ਪ੍ਰਦਾਨ ਕਰਨ ਵਾਲੇ ਵਿਅਕਤੀ ਨੂੰ ਵੀ ਉਸ ਵਿਦਿਆ ਦਾ ਗੁਰੂ ਕਰਕੇ ਸਤਿਕਾਰਿਆ ਜਾਂਦਾ ਹੈ।

ਸੰਪ੍ਰਦਾਈ ਗਿਆਨੀ ਗੁਰੂ ਪਦ ਦਾ ਅਰਥ ਇਉਂ ਵੀ ਕਰਦੇ ਹਨ :

"ਗੁ" ਕਹੀਏ ਅੰਧੇਰਾ (ਅਗਿਆਨਤਾ), "ਰੂ" ਕਹੀਏ ਪ੍ਰਕਾਸ਼। ਜੋ ਗਿਆਨ ਦੇ ਪ੍ਰਕਾਸ਼ ਨਾਲ ਅਗਿਆਨਤਾ ਦਾ ਅਭਾਵ ਕਰੇ, ਉਹੀ "ਗੁਰੂ" ਹੈ।

ਭਾਈ ਸਾਹਿਬ ਕਾਹਨ ਸਿੰਘ ਜੀ ਨੇ "ਗੁਰਮੱਤ-ਮਾਰਤੰਡ" ਦੇ ਪੰਨਾ ੩੭੩ ਉਤੇ "ਗੁਰੂ-ਪਦ" ਦੀ ਪ੍ਰੀਭਾਸ਼ਾ ਇਉਂ ਕੀਤੀ ਹੈ :–

"ਅਗਿਆਨ ਵਿਨਾਸ਼ਕ, ਸਤਿ ਤੇ ਹਿਤ ਉਪਦੇਸ਼ਟਾ ਦਾ ਨਾਉਂ ਗੁਰੂ ਹੈ; ਪਰ ਇਸ ਸ਼ਬਦ ਦੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰੂੜੀ (ਪ੍ਰਸਿੱਧੀ) ਸ਼ਕਤਿ ਹੈ, ਜੋ ਕਰਤਾਰ ਵਲੋਂ ਸੰਸਾਰ ਮਾਤਰ ਦੇ ਵਾਸਤੇ ਜਗਤ-ਗੁਰੂ ਥਾਪੇ ਗਏ।"

ਗੁਰਬਾਣੀ, ਉਪਬਾਣੀ ਅਥਵਾ ਸਿੱਖੀ-ਸਾਹਿਤ ਵਿਚ ਗੁਰੂ ਪਦ ਦੀ ਵਰਤੋਂ ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਦੇਵ ਅਤੇ ਉਹਨਾਂ ਦੀ ਜੋਤਿ ਬਾਕੀ ਗੁਰੂ ਸਾਹਿਬਾਨ ਲਈ ਕੀਤੀ ਗਈ ਹੈ। ਕਿਤੇ ਕਿਤੇ ਇਹ ਪਦ ਅਕਾਲ-

ਪੁਰਖ ਵਾਹਿਗੁਰੂ ਲਈ ਵਰਤਿਆ ਗਿਆ ਹੈ ਜਿਵੇਂ :-

(ੳ) ਤਤੁ ਨਿਰੰਜਨੁ ਜੋਤਿ ਸਬਾਈ, ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮ ਪਰਮੇਸਰੁ, ਨਾਨਕ ਗੁਰ ਮਿਲਿਆ ਸੋਈ ਜੀਉ ॥
(ਸੋਰਠਿ ਮ: ੧, ਪੰਨਾ ੫੯੯)

(ਅ) ਹਰਿ ਗੁਰ ਮੂਰਤਿ ਏਕਾ ਵਰਤੈ, ਨਾਨਕ ਹਰਿ ਗੁਰ ਭਾਇਆ ॥
(ਮਾਰੂ ਮ: ੧, ਪੰਨਾ-੧੦੪੩)

(ੲ) ਸਤਿਗੁਰ ਮੇਰਾ ਸਦਾ ਸਦਾ, ਨ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥
(ਸੂਹੀ ਮਹਲਾ ੪, ਪੰਨਾ ੭੫੯)

(ਸ) ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥ (ਬਚਿੱਤਰ ਨਾਟਕ)

ਭਾਈ ਗੁਰਦਾਸ ਜੀ ਨੇ ਵਾਰ ਵੀਹਵੀਂ ਦੀ ਪਉੜੀ ਪਹਿਲੀ ਵਿਚ ਨਿਖਾਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਤਾਂ ਅਕਾਲਪੁਰਖ ਵਲੋਂ ਆਪ ਉਪਾਇਆ "ਗੁਰੂ" ਕਰਕੇ ਲਿਖਿਆ ਹੈ; ਪ੍ਰੰਤੂ, ਬਾਕੀ ਗੁਰੂ ਸਾਹਿਬਾਨ ਨੂੰ "ਸਿੱਖ" ਤੋਂ ਗੁਰੂ ਪਦਵੀ ਪ੍ਰਾਪਤ ਕਰਨ ਵਾਲੇ ਵਿਅਕਤੀ :-

ਸਤਿਗੁਰ ਨਾਨਕ ਦੇਉ, ਆਪੁ ਉਪਾਇਆ ॥
ਗੁਰ ਅੰਗਦੁ ਗੁਰਸਿਖੁ, ਬਬਾਣੇ ਆਇਆ ॥
ਗੁਰਸਿਖੁ ਹੈ ਗੁਰ ਅਮਰੁ, ਸਤਿਗੁਰ ਭਾਇਆ ॥
ਰਾਮ ਦਾਸ ਗੁਰਸਿਖੁ, ਪਰਗਟੀ ਆਇਆ ॥
ਗੁਰਸਿਖ ਹਰਿ ਗੋਬਿੰਦੁ, ਨ ਲੁਕੈ ਲੁਕਾਇਆ ॥

ਗੁਰੂ ਦੇ ਲੱਛਣ, ਗੁਣ ਤੇ ਕਰਤੱਵ :-

ਗੁਰਬਾਣੀ ਵਿਚ ਬੜੀ ਸਰਲਤਾ ਤੇ ਸਾਫਗੋਈ ਨਾਲ ਕਾਮਿਲ-ਗੁਰੂ ਦੀ ਪ੍ਰੀਭਾਸ਼ਾ ਕੀਤੀ ਗਈ ਹੈ। ਬਾਣੀ ਦੇ ਆਸ਼ੇ ਅਨੁਸਾਰ ਸਹੀ ਗੁਰੂ ਉਹੀ

ਹੋ ਤੇ ਅਖਵਾ ਸਕਦਾ ਹੈ ਜਿਸ ਨੂੰ ਅਕਾਲ-ਪੁਰਖ ਦੀ ਲੱਖਤਾ* ਹੋਵੇ, ਜੋ ਅੰਤਰ ਆਤਮੇ ਵਾਹਿਗੁਰੂ ਨੂੰ ਜਾਣੇ ਤੇ ਉਸ ਨਾਲ ਅਭੇਦ ਹੋਵੇ, ਜਿਸ ਦੀ ਸੰਗਤ ਤੇ ਕਿਰਪਾ ਨਾਲ ਹਰੀ ਹਿਰਦੇ ਵਿਚ ਵੱਸ ਜਾਵੇ, ਦੁਬਿਧਾ† ਬਿਨਸੇ ਅਤੇ ਮਨ ਵੱਸ‡ ਵਿਚ ਆਕੇ ਸਦੀਵੀ ਤੌਰ ਉਤੇ ਅਨੰਦਤ ਰਹੇ ਅਤੇ ਸਿੱਖ ਪਰਮਪਦ ਨੂੰ ਪ੍ਰਾਪਤ ਹੋਵੇ। ਕਬੀਰ ਸਾਹਿਬ ਤਾਂ ਕੇਵਲ ਉਸ ਨੂੰ ਹੀ ਗੁਰੂ-ਪਦ ਦਾ ਅਧਿਕਾਰੀ ਗਿਣਦੇ ਹਨ, ਜਿਸਦੇ ਮਿਲਾਪ ਨਾਲ ਅੰਦਰੋਂ ਮੋਹ ਤੇ ਆਧਿ ਬਿਆਧਿ ਤੇ ਉਪਾਧਿ ਮਿਟ ਜਾਣ।

''ਕਬੀਰ, ਗੁਰ ਲਾਗਾ ਤਬ ਜਾਨੀਐ, ਮਿਟੈ ਮੋਹੁ ਤਨ ਤਾਪ ॥

(ਸਲੋਕ ੧੯੯, ਪੰਨਾ ੧੩੭੪)

ਪੂਰੇ ਗੁਰੂ ਦੀ ਇਕ ਵੱਡੀ ਸਿਫਤ ਇਹ ਹੈ ਕਿ ਉਹ ਸਿੱਖਾਂ ਦੇ ਮੂੰਹ ਪਾ ਕੇ ਵਿਗਸਦਾ ਹੈ, ਨਾ ਕਿ ਉਹਨਾਂ ਦਾ ਵਸਤ ਵਲੇਵਾ ਆਪਣੇ ਸੁਖ ਆਰਾਮ ਤੇ ਐਸ਼ ਲਈ ਸਮੇਟਕੇ। ਗੁਰਵਾਕ ਹੈ :–

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲ ਨਾਇ ॥
ਸਤਿਗੁਰ ਪ੍ਰੀਤਿ, ਗੁਰਸਿਖ ਮੁਖਿ ਪਾਇ ॥ (ਗਉੜੀ ਮ: ੪,ਪੰ: ੧੬੪)

ਤਥਾ–ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰ ਸਦਾ ਦਇਆਲ ॥
ਸਿਖ ਕੀ ਗੁਰ ਦੁਰਮਤਿ ਮਲੁ ਹਿਰੈ ॥

---

*ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੂ ਤਿਸਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ ॥(ਸੁਖਮਨੀ)

†ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੂ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮੁ ਪਦੁ ਲਹੀਐ ॥
(ਗਉੜੀ ਸੁਖਮਨੀ, ਪੰਨਾ ੧੬੯)

‡ਜਬ ਗੁਰੁ ਮਿਲਿਆ, ਤਬ ਮਨ ਵਸਿ ਆਇਆ ॥
ਧਾਵਤ ਪੰਚ ਰਹੇ, ਹਰਿ ਧਿਆਇਆ ॥ (ਮ: ੪, ਪੰ: ੧੬੪)

ਗੁਰਬਚਨੀ ਹਰਿ ਨਾਮੁ ਉਚਰੈ ॥
ਸਤਿਗੁਰ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥

(ਸੁਖਮਨੀ, ਅਸ਼ਟਪਦੀ ੧੮)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂਆਂ ਨੂੰ ਚੌਂਹ* ਸ੍ਰੇਣੀਆਂ ਵਿਚ ਵੰਡ ਕੇ ਦੀਪਕ ਗੁਰੂ ਨੂੰ ਸਰਬ-ਸਰੇਸ਼ਟ ਕਰਕੇ ਮੰਨਿਆ ਹੈ। ਜਿਵੇਂ ਦੀਪਕ ਵਿਚ ਹੋਰ ਅਨਿਕ ਦੀਪ ਜਗਾਉਣ ਦੀ ਸਮਰਥਾ ਹੁੰਦੀ ਹੈ। ਤਿਵੇਂ ਦੀਪਕ ਗੁਰੂ ਵੀ ਹੋਰ ਪ੍ਰਾਣੀਆਂ ਨੂੰ ਆਪਣੇ ਸਮਾਨ ਉਪਦੇਸ਼ ਤੇ ਕਲਿਆਨ ਦਾਤਾ ਬਣਾ ਸਕਦਾ ਹੈ। ਓਥੇ ''ਗੁਰ ਚੇਲਾ, ਚੇਲਾ ਗੁਰ ਹੋਈ'' ਵਾਲੀ ਅਭੇਦਤਾ ਵਾਪਰਦੀ ਹੈ।

ਭਗਤ :–ਲੱਛਣ ਤੇ ਗੁਣ ਆਦਿ

ਗੁਰਬਾਣੀ ਦੀ ਰੌਸ਼ਨੀ ਵਿਚ ਪੂਰਨ ਗੁਰੂ ਸੰਬੰਧੀ ਸੰਖੇਪ ਵਿਚ ਇੰਨਾ ਕੁ ਕਹਿ ਲੈਣ ਉਪਰੰਤ, ਆਓ ਹੁਣ ਭਗਤ ਦੀ ਪਦ-ਪਦਵੀ ਬਾਰੇ ਵਿਚਾਰ ਕਰੀਏ :

''ਭਗਤ'' ਪਦ, ਭਜ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ— ਵੰਡਣਾ, ਸੇਵਾ ਕਰਨਾ, ਸਿਮਰਨ ਕਰਨਾ। ਜੋ ਵਰਤਾ ਕੇ ਛਕਦਾ ਹੈ, ਸੰਸਾਰ ਦੀ ਸੇਵਾ ਕਰਦਾ ਹੈ ਅਤੇ ਕਰਤਾਰ ਨੂੰ ਮਨੋਂ ਨਹੀਂ ਵਿਸਾਰਦਾ, ਉਹ ਭਗਤ ਹੈ।'' (ਗੁਰਮਤ ਮਾਰਤੰਡ, ਪੰਨਾ ੧੨੪)

---

*ਭ੍ਰਿੰਗੀ ਗੁਰੂ, ਪਾਰਸ ਗੁਰੂ, ਬਾਵਨ ਗੁਰੂ, ਦੀਪਕ ਗੁਰੂ।

ਮਹਾਂ ਕੋਸ਼ ਅਨੁਸਾਰ ਇਸ ਦੇ ਅਰਥ ਹਨ :
ਭਗਤੀ ਵਾਲਾ ਸੇਵਕ, (ਕਰਤਾਰ ਦਾ) ਉਪਾਸ਼ਕ। (ਪੰਨਾ ੬੭੫)

ਉਪ੍ਰੋਕਤ ਅਰਥਾਂ ਦੀ ਪੁਸ਼ਟੀ ਵਿਚ ਗੁਰਬਾਣੀ ਦੀਆਂ ਇਹ ਤੁਕਾਂ ਗਹੁ ਨਾਲ ਵਾਚਨ ਦੀ ਲੋੜ ਹੈ।

੧. ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਚੈ,
ਜੋ ਅਨਦਿਨੁ ਹਰਿ ਗੁਣ ਗਾਵਣਿਆ ॥ (ਮ: ੩, ਪੰਨਾ ੧੨੩)

੨. ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥(ਮ: ੫, ਪੰਨਾ ੮੧੬)

੩. ਹਰਿ ਕਾ ਭਾਣਾ ਮੰਨੇ, ਸੋ ਭਗਤ ਹੋਇ ॥ (ਮ: ੩)

੪. ਸਬਦੇਂ ਹੀ ਭਗਤ ਜਾਪਦੇ, ਜਿਨ ਕੀ ਬਾਣੀ ਸਚੀ ਹੋਇ ॥
ਵਿਚਹੁ ਆਪੁ ਗਇਆ ਨਾਉ ਮੰਨਿਆ, ਸਚਿ ਮਿਲਾਵਾ ਹੋਇ ॥
(ਮ: ੩, ਪੰਨਾ ੪੨੯)

੫. ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ ॥
ਹਰਿ ਹਰਿ ਨਾਮਿ ਹਰਿ ਰਾਤਾ ॥ (ਮ: ੪, ਪੰਨਾ ੫੭੪)

੬. ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥
ਭਗਤਾਂ ਕੀ ਚਾਲ ਸਚੀ ਅਤਿ ਨਿਰਮਲ, ਨਾਮੁ ਸਚਾ ਮਨਿ ਭਾਇਆ ॥
ਨਾਨਕ ਭਗਤ ਸੋਹਹਿ ਦਰਿ ਸਾਚੈ, ਜਿਨੀ ਸਚੋ ਸਚੁ ਕਮਾਇਆ ॥
ਹਰਿ ਭਗਤਾਂ ਕੀ ਜਾਤਿ ਪਤਿ ਹੈ,
ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥ (ਮ: ੩, ਪੰਨਾ ੭੬੪)

੭. ਭਗਤਾਂ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰ ਤਜਿ ਤ੍ਰਿਸ਼ਨਾ, ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ (ਅਨੰਦ)

੮. ਕਥਨੀ ਬਦਨੀ ਕਰਤਾ ਫਿਰੈ, ਹੁਕਮੁ ਨ ਬੂਝੈ ਸਚੁ ॥

ਨਾਨਕ, ਹਰਿ ਕਾ ਭਾਣਾ ਮੰਨੇ, ਸੋ ਭਗਤੁ ਹੋਇ,
ਵਿਣੁ ਮੰਨੇ ਕਚੁ ਨਿਕਚੁ ॥ (ਮ: ੩, ਪੰਨਾ ੯੫੦)

੯. ਭਗਤਾਂ ਤੈ ਸੈਸਾਰੀਆਂ ਜੋੜੁ ਕਦੇ ਨ ਆਇਆ ॥ (ਮ: ੧, ਪੰਨਾ ੧੪੫)

੧੦. ਪੰਡਿਤ, ਸੂਰ, ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰੁ ਨ ਕੋਇ ॥ (ਬਿਲਾਵਲ, ਸ੍ਰੀ ਰਵਿਦਾਸ ਜੀ, ਪੰਨਾ ੮੫੮)

ਬਾਣੀ ਵਿਚੋਂ ਵੰਨਗੀ ਮਾਤਰ ਦਿਤੇ ਉਪਰੋਕਤ ਪ੍ਰਮਾਣਾਂ ਤੋਂ ਇਹ ਹਕੀਕਤ ਸੂਰਜ ਵੱਤ ਰੌਸ਼ਨ ਹੋ ਜਾਂਦੀ ਹੈ ਕਿ ਸ਼ਬਦ ਦੇ ਅਸਲੀ ਅਰਥਾਂ ਵਿਚ ਭਗਤ ਸਦਾਉਣ ਵਾਲੇ ਮਹਾਂਪੁਰਖ ਪ੍ਰਭੂ ਨਾਲ ਇਕ ਮਿਕ ਹਨ, ਅਭੇਦ ਹਨ, ਉਨ੍ਹਾਂ ਦੀ ਬਾਣੀ ਤਿੰਨ ਕਾਲ ਸਤਿ ਹੈ। ਉਹ ਦੁਖ ਸੁਖ ਵਿਚ ਸਮਾਨ ਬਿਰਤੀ ਦੇ ਧਾਰਨੀ ਹੁੰਦੇ ਤੇ ਹਰੀ ਨਾਮ ਦੁਆਰਾ ਅੰਦਰੋਂ ਹਉਮੈਂ ਦਾ ਅਭਾਵ ਕਰਦੇ ਹਨ, ਹਰੀ ਹੀ ਉਨ੍ਹਾਂ ਦੀ ਜਾਤ ਹੈ; ਤੇ ਹਰੀ ਹੀ ਪੱਤ; ਉਨ੍ਹਾਂ ਦੀ ਜੀਵਨ-ਤੋਰ ਮਨਮੁਖੀ ਸੰਸਾਰੀਆਂ ਤੋਂ ਵੱਖਰੀ ਹੋਣ ਕਰਕੇ ਉਹ ਲਬ, ਲੋਭ, ਅਹੰਕਾਰ ਤੇ ਤ੍ਰਿਸ਼ਨਾ ਤੋਂ ਪਾਕ ਹੁੰਦੇ ਹਨ; ਉਹ ਪ੍ਰਭੂ-ਭਾਣੇ ਵਿਚ ਅਨੰਦਤ ਹੋ ਵਿਚਰਦੇ ਹਨ; ਸ੍ਰੀ ਗੁਰੂ ਰਾਮਦਾਸ ਜੀ ਐਸੇ ਭਗਤਾਂ ਨੂੰ ਸਦਾ ਨਮਸਕਾਰ ਕਰਨ ਦੀ ਤਾਕੀਦ ਕਰਦੇ ਹਨ।

ਇਹ ਗੱਲ ਵੀ ਕਿਸੇ ਬਹੁਤੀ ਵਿਆਖਿਆ ਦੀ ਮੁਥਾਜ ਨਹੀਂ ਕਿ ਭਗਤ ਅਖਵਾਉਣ ਦਾ ਉਹੀ ਹੱਕਦਾਰ ਹੈ ਜੋ ਪ੍ਰਭੂ-ਭਗਤੀ ਵਿਚ ਅਨਿੰਨਤਾਈ ਦਾ ਪਦ ਪ੍ਰਾਪਤ ਕਰ ਚੁੱਕਾ ਹੈ। ਭਗਤੀ ਕੀ ਹੈ ? ਦੀ ਸਪੱਸ਼ਟਤਾ ਕਰਦੇ ਹੋਏ ਤੀਜੇ ਗੁਰਦੇਵ ਫ਼ੁਰਮਾਉਂਦੇ ਹਨ :

ਹਰਿ ਭਗਤਿ ? ਹਰਿ ਕਾ ਪਿਆਰੁ ਹੈ, ਜੇ ਗੁਰ ਮੁਖਿ ਕਰੇ ਬੀਚਾਰ ॥ (ਮ: ੩, ਪੰਨਾ ੨੮)

ਸੋ, ਸਹੀ ਅਰਥਾਂ ਵਿਚ ਭਗਤ ਉਹੀ ਹੈ ਜੋ ਪ੍ਰਭੂ-ਪਿਆਰ ਵਿਚ ਰੰਗੀਜਕੇ ਪ੍ਰਭੂ ਦਾ ਸਰੂਪ ਹੋ ਨਿਬੜਦਾ ਹੈ। ਭਾਈ ਨੰਦ ਲਾਲ ਜੀ 'ਗੋਇਆ'

ਪਿਆਰ ਦੀ ਇਸ ਦੂਵੱਲੀ ਖੇਡ ਨੂੰ ਇਉਂ ਬਿਆਨ ਕਰਦੇ ਹਨ :

ਦਿਲਿ ਆਸ਼ਕ, ਬਅੰਦਕਿ ਫੁਰਸਤੇ, ਮਾਸ਼ੂਕ ਮੇ ਗਰਦਦ।
ਸਰਾ ਪਾ ਜਾਂ ਸ਼ਵਦ, ਹਰ ਕਸ, ਕਿ ਬਾ ਜਾਨਾਨਾ ਮੇ ਸਾਜ਼ਦ।

ਭਾਵ-(ਗੁਰੂ ਅਥਵਾ ਪ੍ਰਭੂ ਦੇ) ਆਸ਼ਕ ਸਾਦਕ ਅਥਵਾ ਪ੍ਰੇਮੀ(ਭਗਤ) ਦਾ ਦਿਲ ਥੋੜੇ ਸਮੇਂ ਪਿਛੋਂ ਮਾਸ਼ੂਕ (ਮਹਿਬੂਬ) ਹੋ ਜਾਂਦਾ ਹੈ; ਕਿਉਂਕਿ ਜੇਹੜੇ ਪ੍ਰੀਤਮ ਨਾਲ ਪਿਆਰ ਪਾਉਂਦੇ ਹਨ, ਉਹ ਸਿਰ ਤੋਂ ਪੈਰਾਂ ਤਕ (ਪੂਰਨ ਤੌਰ ਉੱਤੇ) ਆਖਰ ਉਸੇ ਦਾ ਹੀ ਰੂਪ ਹੋ ਜਾਂਦੇ ਹਨ।

ਨਿਰਣਾ

ਗੁਰਬਾਣੀ ਵਿਚ, ਆਮ ਕਰਕੇ, ਗੁਰੂ, ਬ੍ਰਹਮ-ਗਿਆਨੀ, ਸੰਤ, ਸਾਧ ਭਗਤ ਆਦਿ ਸ਼ਬਦ ਸਮਾਨ ਅਰਥ-ਭਾਵਾਂ ਵਿਚ ਵਰਤੇ ਗਏ ਹਨ। ਜੇ ਗੁਰੂ ਅਥਵਾ ਗੁਰੂ ਨਾਨਕ ਦੇਵ ਜੀ ਨੂੰ ਪ੍ਰਭੂ ਨਾਲ ਅਭੇਦ ਤੇ "ਗੋਬਿੰਦ ਰੂਪ"* ਕਰਕੇ ਦਰਸਾਇਆ ਗਿਆ ਹੈ ਤਾਂ ਬ੍ਰਹਮਗਿਆਨੀ ਨੂੰ ਵੀ ਪ੍ਰਮੇਸ਼ਰ ਕਰਕੇ ਵਡਿਆਇਆ ਗਿਆ ਹੈ। ਜੇ ਸਾਧ (ਸੰਤ) ਤੇ ਪ੍ਰਭੂ ਵਿਚ ਕਿਸੇ ਪ੍ਰਕਾਰ ਦੀ ਦਵੈਤ† ਅਥਵਾ ਭੇਦ-ਭਾਵ ਦਾ ਕਤਅਨ ਅਭਾਵ ਦੱਸਿਆ ਗਿਆ ਹੈ ਤਾਂ ਭਗਤਾਂ‡ ਵਿਚ ਵੀ ਇਹ ਸ਼ਕਤੀ ਦੱਸੀ ਗਈ ਹੈ ਕਿ ਜੇ ਉਹ ਚਾਹੁਣ ਤਾਂ

*(ੳ) ਰਵਿਦਾਸ ਧਿਆਏ ਪ੍ਰਭ ਅਨੂਪ ॥
ਗੁਰ ਨਾਨਕ ਦੇਵ, ਗੋਵਿੰਦ ਰੂਪ ॥ (ਮ: ੫, ਪੰਨਾ ੧੧੯੨)

(ਅ) ਪਾਰਬ੍ਰਹਮ ਗੁਰ ਨਾਹੀ ਭੇਦ ॥ (ਮ: ੫, ਪੰਨਾ ੧੧੪੨)

(ੲ) ਗੁਰ ਗੋਵਿੰਦ ਗੁਰੂ ਹੈ, ਨਾਨਕ ਭੇਦੁ ਨ ਭਾਈ (ਮ: ੪, ਪੰਨਾ ੪੪੨)

(ਸ) ਨਾਨਕ ਬ੍ਰਹਮ ਗਿਆਨੀ ਆਪਿ ਪ੍ਰਮੇਸੁਰ ॥ (ਸੁਖਮਨੀ)

(ਹ) ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥

†ਸੰਤਨ ਕੀ ਮਹਿਮਾ ਕਵਨ ਵਖਾਨਉ ?
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥ (ਮ: ੫, ਪੰਨਾ ੧੯੧)

‡(ੳ) ਨਾ ਤੂ (ਪ੍ਰਮਾਤਮਾ) ਆਵਹਿ ਵਸਿ ਬਹੁਤੁ ਘਿਣਾਵਣੇ ॥
ਨ ਤੂ "ਆਵਹਿ ਵਸਿ ਬੇਦ ਪੜਾਵਣੇ ॥ (ਬਾਕੀ ਅਗਲੇ ਸਫੇ ਤੇ)

ਪ੍ਰਭੂ ਨੂੰ ਆਪਣੇ ਪ੍ਰੇਮ-ਬੰਧਨ ਵਿਚ ਬੰਨ੍ਹ ਲੈਣ ।

ਸੋ ਕਿਸੇ ਪੱਖੋਂ ਵੀ ਵੇਖਿਆ ਵਿਚਾਰਿਆ ਜਾਵੇ ਗੁਰੂ, ਭਗਤ ਤੇ ਸੰਤ ਆਦਿ ਸ਼ਬਦਾਂ ਦੀ ਵਰਤੋਂ ਸਮਾਨ ਸਰੇਸ਼ਟ ਹੈ । ਭਗਤੀ ਕਾਲ ਤੇ ਲਹਿਰ ਸਮੇਂ ਜਿਨ੍ਹਾਂ ਮਹਾਂ-ਪੁਰਸ਼ਾਂ ਨੇ ਕੇਵਲ ਗਿਆਨ, ਕਰਮ ਕਾਂਡ ਤੇ ਜੋਗ ਸਾਧਨਾਂ ਨਾਲੋਂ ਪ੍ਰੇਮਾ-ਭਗਤੀ ਨੂੰ ਪ੍ਰਭੂ ਪ੍ਰਾਪਤੀ ਦਾ ਸਾਧਨ ਬਣਾਇਆ ਤੇ ਪ੍ਰਚਾਰਿਆ, ਉਸ ਕਾਲ ਵਿਚ ਹੋਏ ਇਹਨਾਂ ਮਹਾਨ ਹਸਤੀਆਂ ਨੂੰ ਭਗਤ ਦੀ ਸੰਗਿਆ ਦਿਤੀ ਗਈ । ਗੁਰੂ ਦੀ ਰੂਢੀ ਵਰਤੋਂ ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਈ । ਪ੍ਰੰਤੂ ਉਹ ਆਪ ਮਿੱਠਤ ਤੇ ਨਿਮਰਤਾ ਦੇ ਪੁੰਜ ਹੋਣ ਕਰਕੇ ਬਾਣੀ ਵਿਚ ਬਾਰ ਬਾਰ ਆਪਣੇ ਆਪ ਲਈ ਸ਼ਾਇਰ, ਵਿਚਾਰਾ, ਗਰੀਬ, ਢਾਡੀ, ਦਾਸ, ਨੀਚੁ, ਕੂਕਰ ਪ੍ਰਭੂ-ਚਾਕਰਾਂ ਦੇ ਪੈਰਾਂ ਦੀ ਖ਼ਾਕ ਆਦਿ ਨਿਮਰ-ਭਾਵੀ ਸ਼ਬਦਾਂ ਦੀ ਵਰਤੋਂ ਕਰਦੇ ਹਨ ।

ਪੁਰਾਤਨ ਜਨਮ ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ

(ਪਿਛਲੇ ਫੁਟ ਨੋਟ ਦੀ ਬਾਕੀ)

ਨ ਤੂ ਆਵਹਿ ਵਸਿ ਤੀਰਥਿ ਨਾਈਐ ॥
ਨ ਤੂ ਆਵਹਿ ਵਸਿ ਧਰਤੀ ਧਾਈਐ ॥
ਨ ਤੂ ਆਵਹਿ ਵਸਿ ਕਿਤੈ ਸਿਆਣਪੈ ॥
ਨ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥
ਸਭੁ ਕੋ ਤੇਰੈ ਵਸਿ; ਅਗਮ ਅਗੋਚਰਾ ॥
ਤੂ ਭਗਤਾਂ ਕੈ ਵਸਿ ਭਗਤਾਂ ਤਾਣੁ ਤੇਰਾ ॥ (ਮਹਲਾ ੪, ੯੬੨)

(ਅ) ਦਾਸ ਅਨਿੰਨ ਮੇਰੋ ਨਿਜ ਰੂਪ... ... ...
ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ, ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥
(ਸ੍ਰੀ ਨਾਮ ਦੇਵ ਜੀ, ੧੨੫੨)

(ੲ) ਜਉ ਹਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬਧਨਿ ਤੁਮ ਬਾਧੇ ॥
(ਸ੍ਰੀ ਰਵਿਦਾਸ ਜੀ, ਪੰਨਾ ੬੫੮)

"ਪਾਰਬ੍ਰਹਮ ਦਾ ਨਿਜ ਭਗਤ" ਕਿਹਾ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਧੇਰੇ ਕਰਕੇ ਭਗਤਾਂ ਦੀ ਬਾਣੀ ਨੂੰ ਇਕੱਤ੍ਰ ਕਰਨਾ ਅਤੇ ਪੰਜਵੇਂ ਗੁਰਦੇਵ ਜੀ ਦਾ ਇਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹਨਾ ਤੇ ਵਿਸ਼ੇਸ਼ ਸਨਮਾਨ ਤੇ ਸਮਾਨ ਪਦ ਪਦਵੀ ਦੇਣਾ ਹੀ ਇਸ ਗੱਲ ਦਾ ਪ੍ਰਮਾਣ ਹੈ ਕਿ ਪੰਚਮ ਗੁਰਦੇਵ ਦੇ ਹਿਰਦੇ ਅੰਦਰ ਭਗਤਾਂ ਲਈ ਕਿਤਨਾ ਸਤਿਕਾਰ ਸੀ। ਬਾਣੀ ਦੇ ਨਿਖੇੜ ਲਈ ਜਿਥੇ ਸਤਿਗੁਰਾਂ ਲਈ "ਮਹਲਾ" ਸ਼ਬਦ ਦੀ ਵਰਤੋਂ ਕੀਤੀ ਗਈ, ਉਥੇ ਸ੍ਰੀ ਕਬੀਰ ਜੀ ਆਦਿ ਭਗਤਾਂ ਲਈ "ਬਾਣੀ ਭਗਤਾਂ ਦੀ" ਦਾ ਸਿਰਲੇਖ ਵਰਤਿਆ ਗਿਆ। ਇਸ ਵਿਚ ਕੋਈ ਬੜਾਈ ਛੋਟਾਈ ਦੀ ਗੱਲ ਨਹੀਂ।

ਕਿਸੇ ਵਿਅਕਤੀ ਦਾ ਵਕਤੀ ਜੋਸ਼ ਵਿਚ ਭਗਤ ਜਿਹੇ ਪਿਆਰੇ, ਪਰਵਾਣਿਤ ਤੇ ਭਾਵਪੂਰਤ ਸ਼ਬਦ ਦਾ ਇਸ ਲਈ ਤਿਆਗ ਕਰਨਾ ਕਿ ਇਸ ਦੀ ਵਰਤੋਂ ਨਾਲ ਕਿਸੇ ਭਗਤ ਦਾ ਮਹਾਨ ਤੇ ਦੈਵੀ ਰੁਤਬਾ ਘਟ ਹੁੰਦਾ ਹੈ, ਭਗਤ ਸ਼ਬਦ ਨਾਲ ਧੱਕਾ ਕਰਨ ਵਾਲੀ ਗੱਲ ਹੈ। ਹਾਂ, ਜੇ ਕੋਈ ਸਹਿਵਨ ਸ਼ਰਧਾ ਪੂਰਬਕ ਤੇ ਸਤਿਕਾਰ ਵਜੋਂ ਕਿਸੇ ਭਗਤ ਨੂੰ ਆਪਣਾ ਗੁਰੂ ਕਰਕੇ ਸੱਦਣਾ ਤੇ ਪਰਮੇਸ਼ਰ ਤੁਲ ਪਦਵੀ ਦੇਣਾ ਯੋਗ ਸਮਝਦਾ ਹੈ, ਤਾਂ ਉਸ ਨੂੰ ਮੁਬਾਰਿਕ ਹੈ; ਪ੍ਰੰਤੂ, ਜੇ ਉਹ ਅੰਨ-ਲੋਕਾਂ ਨਾਲ ਰੋਸ ਕਰੇ ਕਿ ਉਹ ਵੀ ਉਸਦੀ ਪੈਰਵੀ ਕਿਉਂ ਨਹੀਂ ਕਰਦੇ ਤਾਂ ਮੁਨਾਸਬ ਨਹੀਂ। ਅਜੇਹੀ ਸੰਕੀਰਣ ਸੋਚਣੀ ਤੇ ਹੀਣਤਾ-ਭਾਵ ਸੰਬੰਧਤ ਭਗਤ ਦੇ ਸਤਿਕਾਰ ਵਿਚ ਵਾਧਾ ਕਰਨ ਵਾਲੀ ਗੱਲ ਨਹੀਂ ਹੋਵੇਗੀ।

ਅੰਤ ਵਿਚ, ਲੇਖਕ ਸ਼ੇਕਸਪੀਅਰ ਵੱਲੋਂ ਪ੍ਰਗਟਾਈ ਇਹ ਸਚਾਈ ਅੰਕਿਤ ਕਰਨ ਦੀ ਖੁਲ੍ਹ ਲੈਂਦਾ ਅਤੇ ਆਪਣੇ ਬਿਆਨ ਨੂੰ ਸਮਾਪਤ ਕਰਦਾ ਹੈ :

What is in a name?
Give a rose any other name, yet will it smell
as sweet,

ਮੈਂ ਬਧੀ ਸਚ ਧਰਮਸਾਲ ਹੈ

ਸ੍ਰੀ ਗੁਰੂ ਨਾਨਕ ਦੇਵ ਜੀ ਅਥਵਾ ਉਹਨਾਂ ਦੀ ਜੋਤਿ ਬਾਕੀ ਗੁਰੂ ਸਾਹਿਬਾਨ; ਸਦਾ ਅਕਾਲ ਪੁਰਖ ਨਾਲ ਇਕ ਸੁਰ ਹੋ ਵਿਚਰੇ। ਇਸ ਵਿਸਮਾਦਤ ਅਵਸਥਾ ਵਿਚ ਅਕਾਲ ਪੁਰਖ ਦੀ ਪ੍ਰੇਰਨਾ ਨਾਲ "ਸਗਲੀ ਚਿੰਤ" ਮਿਟਾ ਦੇਣ ਵਾਲੀ ਜੋ "ਧੁਰ ਕੀ ਬਾਣੀ" ਪ੍ਰਗਟ ਹੋਈ ਉਸ ਨੂੰ "ਗੁਰਬਾਣੀ" ਦੀ ਸੰਗਿਆ ਦਿਤੀ ਗਈ। ਗੁਰਬਾਣੀ ਦੇ ਪਠਨ ਪਾਠ, ਕੀਰਤਨ ਤੇ ਵਿਚਾਰ ਲਈ ਸੰਗਤਾਂ ਕਾਇਮ ਹੋਈਆਂ, ਸੰਗਤਾਂ ਦੇ ਮਿਲ ਬੈਠਣ ਲਈ ਕਿਸੇ ਸਾਂਝੇ ਅਸਥਾਨ ਦੀ ਲੋੜ ਪਈ, ਜਿਸ ਨੂੰ ਧਰਮਸਾਲਾ ਦੀ ਸੰਗਿਆ ਦਿਤੀ ਗਈ। ਗੁਰਦੁਆਰਾ ਸ਼ਬਦ ਦੀ ਵਰਤੋਂ ਤੋਂ ਪਹਿਲਾਂ, ਪੁਰਾਣੇ ਗਰੰਥਾਂ ਵਿਚ ਸ਼ਬਦ "ਧਰਮਸਾਲ" ਹੀ ਵਰਤਿਆ ਗਿਆ ਹੈ।

ਸੋ, ਸਿੱਖ ਧਰਮ ਵਿਚ ਧਰਮਸਾਲ ਅਥਵਾ ਗੁਰਦੁਆਰਾ ਉਹ ਅਸਥਾਨ ਹੈ ਜਿਥੇ ਸ੍ਰੀ ਗੁਰੂ ਸਾਹਿਬਾਨ ਦੇ ਦਸਾਂ ਸਰੂਪਾਂ ਵਿਚੋਂ ਕਿਸੇ ਇਕ ਜਾਂ ਵੱਧ ਸਰੂਪਾਂ ਵਿਚ ਚਰਨ ਪਏ ਅਤੇ ਇਤਿਹਾਸਕ ਘਟਨਾ ਹੋਈ, ਅਥਵਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਿੱਖ ਧਰਮ ਦੇ ਨਿਯਮਾਂ ਦਾ ਪ੍ਰਚਾਰ ਕੀਤਾ ਜਾਂਦਾ ਅਤੇ ਵਿਸਰਾਮ, ਲੰਗਰ, ਵਿਦਿਆ, ਕਥਾ ਕੀਰਤਨ ਆਦਿ ਦਾ ਗੁਰਮਰਯਾਦਾ ਅਨੁਸਾਰ ਪ੍ਰਬੰਧ ਹੈ। ਸਿੱਖ ਧਰਮ ਵਿਚ ਗੁਰਬਾਣੀ, ਸੰਗਤ ਤੇ ਧਰਮਸਾਲ ਦਾ ਇਹ ਅਤਿ ਅਹਿਮ ਸੰਗਮ ਹੀ ਸਿੱਖ ਧਰਮ ਦੀ ਬੁਨਿਆਦ ਬਿਰਧੀ ਦਾ ਜ਼ਾਮਨ ਹੈ।

ਧਰਮਸਾਲ ਵਿਚ ਹਰੇਕ ਸਿੱਖ ਨੂੰ ਨਿਤਾਪ੍ਰਤਿ ਹਾਜ਼ਰ ਹੋਣ, ਸੰਗਤਾਂ ਨੂੰ ਜੁੜ ਬੈਠਣ ਤੇ ਸੱਚਾ-ਆਚਾਰ ਘੜਨ ਦੀ ਤਾਕੀਦ ਹੈ, ਪੰਜਵੇਂ ਗੁਰਦੇਵ ਦਾ

ਅਰਸ਼ਾਦ ਹੈ :

ਮੈਂ ਬਧੀ ਸਚੁ ਧਰਮਸਾਲ ਹੈ ॥ ਗੁਰ ਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾਂ ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥
(ਪੰਨਾ ੭੩)

ਆਪ ਜੀ ਦਾ ਤਰਲਾ ਹੈ :-

ਮੋਹਿ ਨਿਰਗੁਣ ਦਿਚੈ ਥਾਉਂ, ਸੰਤ ਧਰਮਸਾਲੀਐ ॥

ਭਾਈ ਗੁਰਦਾਸ ਜੀ ਨੇ ਧਰਮ ਸਾਲਾ ਦੀ ਮਹਿਮਾ ਬਿਆਨਣ ਵਿਚ ਜੋ ਕਮਾਲ ਕੀਤਾ ਹੈ, ਉਹ ਵੰਨਗੀ ਮਾਤ੍ਰ ਹਾਜ਼ਰ ਹੈ :

(ੳ) ਘਰ ਹੀ ਜੋਗ ਜੁਗਤਿ, ਬੈਸਣ ਧਰਮ ਸਾਲੀਐ ॥ (ਵਾਰ ੩,ਪਉੜੀ ੪)

(ਅ) ਧਰਮ ਸਾਲ ਹੈ ਮਾਨਸਰ, ਹੰਸ ਗੁਰਸਿਖ ਵਾਹ ॥
ਰਤਨੁ ਪਦਾਰਥ ਗੁਰੁ ਸ਼ਬਦ, ਕਰਿ ਕੀਰਤਨ ਖਾਹ ॥
(ਵਾਰ ੨੬, ਪਉੜੀ ੧੪)

(ੲ) ਗੁਰਸਿਖ ਲਖ ਅਸੰਖ ਜਗਿ, ਧਰਮਸਾਲ ਥਾਇ ਥਾਇ ਸੁਹਾਯਾ ॥
(ਵਾਰ ੩੩, ਪਉੜੀ ੨)

ਏਥੇ ਅੰਕ (ੲ) ਵਿਚ ਭਾਈ ਸਾਹਿਬ ਦਾ ਸਪਸ਼ਟ ਸੰਕੇਤ ਹੈ ਕਿ ਸਰਬ ਦੇਸ਼ਾਂ ਵਿਚ ਬੇਅੰਤ ਸਿੱਖ ਹੋਣ ਜੋ ਧਰਮਸਾਲ ਅਥਵਾ ਗੁਰਦੁਆਰੇ ਬਣਾ ਕੇ ਮਨੁਖ ਮਾਤ੍ਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਾਤ ਦੇ ਸਾਂਝੀਵਾਲ ਬਣਾਉਣ। ਉਹਨਾਂ ਦੀ ਦ੍ਰਿਸ਼ਟੀ ਵਿਚ ਤਾਂ ਸਤਿਗੁਰੂ ਦਾ ਮਿਸ਼ਨ ਤਦ ਹੀ ਸਫਲ ਤੇ ਸੰਪੂਰਨ ਹੁੰਦਾ ਹੈ ਜਦ ਹਰ ਗੁਰਸਿਖ ਦਾ ਘਰ ਧਰਮਸਾਲ ਵਿਚ ਬਦਲ ਜਾਵੇ :

ਘਰ ਘਰ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ ॥
(ਪਉੜੀ ੨੭, ਵਾਰ ੧)

ਜਿਸ ਧਰਮਸਾਲ ਅਥਵਾ ਗੁਰਦੁਆਰੇ ਦੀ ਇਤਨੀ ਮਹਿਮਾ ਹੈ, ਉਸ

ਵਿਚ ਹਾਜ਼ਰੀ ਭਰਨ ਸਮੇਂ ਮਨ ਦੀ ਅਵਸਥਾ ਵੀ ਐਸੀ ਹੋਣੀ ਲੋੜੀਏ :—

ਗੁਰਦੁਆਰੇ ਜਾਵੈ, ਮਾਰਗ ਮੈਂ ਬ੍ਰਹਮ-ਚਰਜ ਧਾਰੈ ॥

(ਰਹਤਨਾਮਾ ਭਾਈ ਦਯਾ ਸਿੰਘ)

ਗੁਰਦੁਆਰੇ ਜਾਂਦਿਆਂ ਰਾਹ ਵਿਚ ਹੀ ਐਸੀ ਅਵਸਥਾ ਦੇ ਧਾਰਨੀ ਹੋਣਾ ਤਾਂ ਬਹੁਤ ਉਚੇਰੀ ਅਵਸਥਾ ਹੈ, ਜੇ ਕਿਤੇ ਉਥੇ ਹਾਜ਼ਰ ਹੋ ਕੇ ਹੀ ਮਨ ਮਾਇਆ ਦੀ ਮਾਰ ਤੋਂ ਬਚ ਸਕੇ, ਤਾਂ ਵੀ ਵੱਡੇ ਭਾਗਾਂ ਦੀ ਗੱਲ ਹੈ। ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਦੀ ਇਹ ਚੇਤਾਵਨੀ ਕੰਠ ਪਰੋ ਰੱਖਣ ਜੋਗ ਹੈ :—

ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ,
ਨਾਉ ਮੈ ਜੋ ਆਗ ਲਾਗੈ ਕੈਸੇ ਬੁਝਾਈਐ।
ਬਾਹਰ ਸੇ ਭਾਗ ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈਂ ਜੋ ਲੂਟ ਲੀਜੈ, ਕਹੋ ਕਤ ਜਾਈਐ ?
ਚੋਰਨ ਕੇ ਤ੍ਰਾਸ ਜਾਇ ਸ਼ਰਨ ਗਹੇ ਨਰਿੰਦ,
ਵਾਰੇ ਮਹੀਪਤਿ, ਜੀਉ ਕੈਸੇ ਕੈ ਬਚਾਈਐ ?
ਮਾਯਾ ਡਰ ਡਰਪਤ ਹਾਰ ਗੁਰਦੁਆਰੇ ਜਾਵੈ,
ਤਹਾਂ ਜੋ ਮਾਯਾ ਬਿਆਪੈ, ਕਹਾਂ ਠਹਿਰਾਈਐ। (੫੪੪)

ਜਿਸ ਧਰਮਸਾਲ ਦਾ ਗੁਰਸਿੱਖ ਦੇ ਜੀਵਨ ਵਿਚ ਇਤਨਾ ਅਹਿਮ ਅਸਥਾਨ ਹੈ, ਉਸ ਦੇ ਸੇਵਾਦਾਰ, ਟਹਿਲੀਏ, ਗ੍ਰੰਥੀ ਅਥਵਾ ਧਰਮਸਾਲੀਏ ਦੇ ਉੱਤਮ ਗੁਣ, ਰਹਿਤਨਾਮਾ ਭਾਈ ਚੌਪਾ ਸਿੰਘ ਵਿਚ ਇਉਂ ਅੰਕਿਤ ਹਨ :

''ਧਰਮਸਾਲੀਆ ਪੀਰ ਔਰ ਮਸੰਦ ਨਾ ਬਣੇ। ਗੁਰੂ ਕਾ ਸਿੱਖ ਜੋ ਧਰਮਸਾਲੀਆ ਹੋਵੈ ਸੋ ਕੈਸਾ ਹੋਵੈ ? ਨਿਰਲੋਭੀ, ਨਿਰਮਾਨੀ, ਜਤੀ ਸਤੀ, ਪਰਸੁਆਰਥੀ, ਧੀਰਜੀ ਉਦਾਰ, ਦਯਾਵਾਨ, ਤੱਪੀਆ, ਅਨੰਦੀ, ਰਹਤਮਾਨ, ਮਤਸਰ ਬਿਨਾ, ਪੜ੍ਹਦੇ ਕੱਜੂ, ਸੁਚੇਤ, ਦੇਹ ਪਵਿੱਤਰ, ਟਹਿਲ ਕਰੇ, ਵੰਡ ਖਾਏ ਪ੍ਰਦੇਸੀ ਸਿੱਖ ਕੀ ਚੀਜ਼ ਵਸਤੂ ਦੀ ਸੁਚੇਤੀ ਰੱਖੇ, ਦਰਦਵੰਦ ਹੋਵੈ; ਜਿਸ

ਵਿਚ ਇਹ ਗੁਣ ਹੋਣ, ਉਹ ਧਰਮਸਾਲੀਆ ਹੈ।

ਉਪ੍ਰੋਕਤ ਸੰਖੇਪ ਪ੍ਰੰਤੂ ਅਤਿ ਅਹਿਮ ਵਿਚਾਰ ਤੋਂ ਇਹ ਤੱਥ ਭਲੀ ਭਾਂਤ ਉੱਘੜ ਕੇ ਸਾਹਮਣੇ ਆ ਜਾਂਦਾ ਹੈ ਕਿ ਸਿੱਖ ਦੇ ਚੱਲਣ ਦੀ ਘਾੜਤ ਅਤੇ ਧਰਮ ਪ੍ਰਚਾਰ ਵਿਚ ਗੁਰਦੁਆਰੇ ਦੇ ਮੁਖ-ਸੇਵਕ (ਗ੍ਰੰਥੀ ਜੀ) ਦਾ ਅਸਥਾਨ ਅਤਿ ਅਹਿਮ ਤੇ ਉਚੇਰਾ ਹੈ। ਵਾਸਤਵ ਵਿਚ, ਗੁਰਬਾਣੀ ਅਤੇ ਧਰਮਸਾਲ ਨੇ ਆਪਣਾ ਉਚ-ਭਾਵੀ ਕਰਤੱਵ ਅਜਿਹੇ ਗੁਰਸਿੱਖ ਟਹਿਲੀਏ ਦੇ ਰਾਹੀਂ ਹੀ ਪ੍ਰਗਟਾਉਣਾ ਹੈ। ਜੇ ਕਿਤੇ ਦੁਰਭਾਗ-ਵਸ ਗ੍ਰੰਥੀ ਜੀ ਉਪ੍ਰੋਕਤ ਗੁਣਾ ਅਥਵਾ ਗੁਰਮੁਖੀ ਜੀਵਨ ਤੋਂ ਵਿਰਵੇ ਹੋਣ, ਤਾਂ ਫਿਰ ਉਥੇ ਸਹੀ ਅਰਥਾਂ ਵਿਚ ਨਾ ਧਰਮ ਰਹਿੰਦਾ ਹੈ, ਨਾ ਧਰਮਸਾਲ।

ਸਤਿਗੁਰੂਆਂ ਨਾਲ ਸਬੰਧਤ ਹਰ ਇਤਿਹਾਸਕ ਗੁਰਦੁਆਰਾ, ਆਮ ਕਰਕੇ ਕਿਸੇ ਨਾ ਕਿਸੇ ਘਟਨਾ ਜਾਂ ਉਹਨਾਂ ਦੀ ਚਰਨ-ਛੁਹ ਦੀ ਉਪਜ ਹੈ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਇਕ ਅਜੇਹਾ ਗੁਰ ਅਸਥਾਨ ਅਥਵਾ ਧਰਮਸਾਲ ਹੈ, ਜਿਸ ਦੀ ਇਮਾਰਤੀ ਬਣਤਰ ਨੂੰ ਗੁਰਮਤਿ-ਸਿਧਾਂਤਾਂ ਅਨੁਕੂਲ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ, ਨਮੂਨੇ ਵਜੋਂ, ਬਾਕਾਇਦਾ ਵਿਉਂਤਿਆ ਤੇ ਸੰਪੂਰਨ ਕੀਤਾ। ਆਪ ਜੀ ਨੇ ਅੱਜ ਤੋਂ ਪੌਣੇ ਚਾਰ ਕੁ ਸਾਲ ਪਹਿਲਾਂ ਸੱਚ ਦੀ ਇਸ ਮਾਨਵ-ਧਰਮਸਾਲ ਨੂੰ ਬੱਧਾ ਅਤੇ ਪੂਰਬੀ ਤੇ ਪੱਛਮੀ ਮੱਤਾਂ ਦੀ ਰੀਤ ਦੇ ਐਨ ਵਿਪਰੀਤ, ਇਸ ਦੇ ਚੌਹੀਂ ਪਾਸੀਂ ਚਾਰ ਦਰਵਾਜ਼ੇ ਰੱਖੇ, ਜੋ ਇਸ ਸਚਾਈ ਦੇ ਪ੍ਰਤੀਕ ਹਨ ਕਿ ਵਾਹਿਗੁਰੂ ਸਭ ਥਾਂ, ਸਭ ਪਾਸੇ, ਸਮਾਨ ਵਿਆਪਕ ਹੈ ਅਤੇ ਸਾਰਿਆਂ ਪਾਸਿਆਂ ਤੋਂ, ਸਭ ਵਰਣਾਂ, ਜਾਤਾਂ, ਜਮਾਤਾਂ, ਮੱਤਾਂ ਤੇ ਨਸਲਾਂ ਦੇ ਲੋਕ ਰੂਹਾਨੀਅਤ ਦੇ ਵਹਿਦਤ ਦੇ ਇਸ ਚਸ਼ਮੇ ਤੋਂ ਤ੍ਰਿਪਤ ਹੋ ਸਕਦੇ ਹਨ। ਜਿਵੇਂ ਹਰਿਮੰਦਰ ਸਾਹਿਬ ਦੀ ਇਨਕਲਾਬੀ ਬਣਤਰ ਗੁਰੂ ਸਾਹਿਬਾਨ ਦੇ ਦੈਵੀ ਮੰਤਵ, ਸੰਦੇਸ਼ ਤੇ ਆਦਰਸ਼ ਦੀ ਪੂਰਤੀ ਦਾ ਪਰਮ ਸਾਧਨ ਤੇ ਸੂਚਕ ਹੈ, ਤਿਵੇਂ ਹੀ ਅਜੇਹੇ ਲੋਕ-ਮੰਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੇ ਸਾਂਝੇ ਧਰਮ-ਗ੍ਰੰਥ ਦਾ ਸੁਭਾਇਮਾਨ ਹੋਣਾ

ਨਾ ਕੇਵਲ ਇਹ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਾਂ ਸਦੀਆਂ (ਭਗਤ ਜੈ ਦੇਵ ਜਨਮ ੧੧੭੦ ਈਸਵੀ ਅਤੇ ਨੌਵੇਂ ਸਤਿਗੁਰੂ ਦੀ ਸ਼ਹਾਦਤ ੧੬੭੫ ਈਸਵੀ) ਵਿਚ ਵਿਚਰੇ ਮਹਾਨ ਸਤਿਗੁਰੂਆਂ, ਸੰਤਾਂ, ਮਹੰਤਾਂ ਤੇ ਭਗਤਾਂ ਦਾ ਅਨੁਭਵ, ਆਤਮਕ ਗਿਆਨ, ਜੋਤ ਅਥਵਾ ਪ੍ਰਕਾਸ਼ ਹੈ, ਸਗੋਂ ਇਸ ਦੀ ਵੱਡੀ ਵਿਸ਼ੇਸ਼ਤਾ ਇਸ ਵਿਚ ਵੀ ਹੈ ਕਿ ਇਸ ਨੂੰ ਪੰਜਵੇਂ ਸਤਿਗੁਰੂ ਵਲੋਂ ਪ੍ਰਮਾਣੀਕਤਾ ਦੀ ਛਾਪ ਪ੍ਰਾਪਤ ਹੈ। ਸੰਸਾਰ ਦੇ ਹੋਰ ਵੱਡੇ ਮੱਤਾਂ ਦੇ ਧਰਮ ਗ੍ਰੰਥਾਂ ਬਾਰੇ ਇਹ ਗੱਲ ਕੁਝ ਹੋਰ ਤਰ੍ਹਾਂ ਹੈ।

ਜਦ ਸੰਮਤ ੧੬੬੧ ਵਿਚ ਇਸ ਅਦੁੱਤੀ ਮਾਨਵ ਮੰਦਰ ਵਿਚ ਸੁਸ਼ੋਭਤ "ਭਾਵਕ ਏਕਤਾ" ਤੇ "ਸਹਿਵਾਸ" ਦੇ ਪਰਤੀਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਖ-ਟਹਿਲੀਏ ਅਥਵਾ ਗ੍ਰੰਥੀ ਦੀ ਨਿਯੁਕਤੀ ਦਾ ਸਮਾਂ ਆਇਆ ਤਾਂ ਬਾਬਾ ਬੁੱਢਾ ਜੀ, ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਗੁਰੂ ਜੀ ਤਕ ਦੇ ਦਰਸ਼ਨ ਕਰਨ ਅਤੇ ਗੁਰ-ਗੱਦੀ-ਤਿਲਕ ਦੇਣ ਦਾ ਮਾਣ ਤੇ ਸੁਭਾਗ ਪ੍ਰਾਪਤ ਸੀ, ਨੂੰ ਇਸ ਕੇਂਦਰੀ ਧਰਮਸਾਲ ਦਾ ਪਹਿਲਾ ਧਰਮ-ਸਾਲੀਆ ਥਾਪਿਆ ਗਿਆ। ਇਉਂ ਕਰਨ ਵਿਚ ਜਿਥੇ ਬਾਬਾ ਬੁੱਢਾ ਜੀ ਦਾ ਸਤਿਕਾਰ ਕਰਨਾ ਮਕਸੂਦ ਸੀ, ਓਥੇ ਸਤਿਗੁਰਾਂ ਨੇ ਸਮਸਤ ਸੰਸਾਰ ਉਤੇ, ਸਦਾ ਸਦਾ ਲਈ, ਇਹ ਹਕੀਕਤ ਵੀ ਪ੍ਰਗਟ ਕਰਨੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗ੍ਰੰਥੀ ਦੀ ਪਦਵੀ ਕਿਤਨੀ ਮਹਾਨ ਹੈ। ਇਸ ਉਤੇ ਕੋਈ ਆਦਰਸ਼ਕ ਇਨਸਾਨ; ਨਿਰਭੈ ਨਿਰਵੈਰ, ਸੱਚਾ ਆਚਾਰੀ, ਬ੍ਰਹਮ ਗਿਆਨੀ ਅਥਵਾ ਗੁਰਮੁਖ ਹੀ ਸੁਭਾਇਮਾਨ ਹੋ ਸਕਦਾ ਹੈ, ਹਾਰੀ ਸਾਰੀ ਨਹੀਂ।

ਬਾਬਾ ਬੁੱਢਾ ਜੀ ਦੇ ਘਰਾਣੇ ਵਿਚ ਇਹ ਉੱਚਤਮ ਸੇਵਾ ਉਨ੍ਹਾਂ ਦੇ ਯੋਗ ਸਪੁੱਤਰ—ਭਾਈ ਭਾਨਾ ਜੀ—(ਦਿਹਾਂਤ ਸੰਮਤ ੧੭੦੧) ਤਕ ਜਾਰੀ ਰਹੀ। ਪ੍ਰੰਤੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰੋਂ ਚਲੇ ਜਾਣ ਉਪਰੰਤ ਕੁਝ ਸਮੇਂ ਲਈ ਇਹ ਸੇਵਾ ਸੋਢੀ ਮੇਹਰਬਾਨ ਤੇ ਫੇਰ ਉਸ ਦੇ ਪੁੱਤਰ ਸੋਢੀ ਹਰਿ ਜੀ ਨੇ ਸੰਭਾਲੀ। ਕਿਉਂਕਿ, ਪ੍ਰਿਥੀ ਚੰਦ ਦੀ ਔਲਾਦ ਦਾ

ਮੁੱਖ ਮੰਤਵ ਸੇਵਾ ਸੰਭਾਲ ਦੀ ਥਾਂ, ਕੇਵਲ ਪੂਜਾ ਪ੍ਰਾਪਤ ਕਰਨਾ ਸੀ, ਇਸ ਲਈ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਬਕਾਲੇ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਆਏ, ਤਾਂ ਉਨ੍ਹਾਂ ਨੇ ਕਬਜ਼ਾ ਖੁੱਸ ਜਾਣ ਦੇ ਵਹਿਮ ਕਾਰਨ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਵਾਜ਼ੇ ਬੰਦ ਕਰ ਲਏ।

ਸਿੱਖੀ ਸਿਦਕ ਤੇ ਸੇਵਾ-ਭਾਵ ਦੇ ਅਭਾਵ ਪੂਜਾ ਦੇ ਧਾਨ ਦੀ ਵੰਡ ਕਾਰਨ ਜਦ ਇਨ੍ਹਾਂ ਦੀ ਆਪਸ ਵਿਚ ਡਾਢੀ ਲੜਾਈ ਹੋਈ ਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੰਗਤ ਵਲੋਂ ਅਰਜ਼ੀ ਭੇਜਣ ਉੱਤੇ ਸ੍ਰੀ ਦਸਮੇਸ਼ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਗ੍ਰੰਥੀ ਥਾਪਿਆ। ਉਹ ਇਸ ਸੇਵਾ ਨੂੰ ਭਲੀ ਭਾਂਤ ਨਿਭਾਉਣ ਦੇ ਨਾਲ ਨਾਲ, ਸਮੇਂ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵੀ ਭਰਦੇ ਰਹਿੰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਛੱਡਣ ਸਮੇਂ ਉਹ ਸਤਿਗੁਰਾਂ ਦੀ ਹਜ਼ੂਰੀ ਵਿਚ, ਉਥੇ ਹੀ ਸਨ। ਭਾਈ ਮਨੀ ਸਿੰਘ ਜੀ ਦਾ ਜੀਵਨ, ਸ਼ਰਧਾ, ਸਿਦਕ ਵਿਦਵਤਾ ਤੇ ਬੰਦ ਬੰਦ ਕਟਵਾ ਕੇ ਸ਼ਹਾਦਤ ਦੇਣਾ ਵੀ ਇਸ ਗੱਲ ਦੀ ਭਰਵੀਂ ਉਗਾਹੀ ਭਰਦਾ ਹੈ ਕਿ ਹਰੀ ਦੇ ਇਸ ਮੰਦਰ ਅਥਵਾ ਸਿੱਖਾਂ ਦੀ ਸਾਂਝੀ ਤੇ ਕੇਂਦਰੀ ਧਰਮਸਾਲਾ ਦਾ ਮੁੱਖ ਟਹਿਲੀਆ (ਗ੍ਰੰਥੀ) ਕਿੰਨਾ ਦੁਰਲੱਭ ਗੁਣਾਂ ਦਾ ਧਾਰਨੀ ਹੋਣਾ ਲੋੜੀਏ।

ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਉਪ੍ਰੰਤ, ਬਿਖੜੇ ਅਤੇ ਘੱਲੂਘਾਰਿਆਂ ਦੇ ਵਕਤ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਸੰਭਾਲ ਨਿਰੰਤਰ ਜਾਰੀ ਨਾ ਰਹਿ ਸਕੀ। ਇਤਿਹਾਸ ਤੋਂ ਇਤਨਾ ਕੁ ਪਤਾ ਹੀ ਲਗਦਾ ਹੈ ਕਿ ਇਸ ਅਤਿ ਬਿਖੜੇ ਭਾਈ ਗੁਪਾਲ ਦਾਸ ਉਦਾਸੀ ਨੇ, ਜਿਥੋਂ ਤੱਕ ਸੰਭਵ ਹੋ ਸਕਿਆ, ਇਸ ਸੇਵਾ ਨੂੰ ਨਿਭਾਇਆ। ਅਬਦਾਲੀ ਵਲੋਂ ਫੱਗਣ ਸੰਮਤ ੧੮੧੮ ਦੇ ਹਮਲੇ ਸਮੇਂ ਹਰਿਮੰਦਰ ਸਾਹਿਬ ਨੂੰ ਢਾਹ ਤੇ ਸਰੋਵਰ ਨੂੰ ਪੂਰ ਦਿਤਾ ਗਿਆ; ਪ੍ਰੰਤੂ ਸ: ਜੱਸਾ ਸਿੰਘ ਆਹਲੂਵਾਲੀਆ ਨੇ, ੧੧ ਫੱਗਣ ਸੰਮਤ ੧੮੨੧ ਨੂੰ, ਫੇਰ ਇਸ ਦੀ ਉਸਾਰੀ ਪਹਿਲੇ ਨਕਸ਼ੇ ਅਨੁਸਾਰ ਹੀ ਕਰਾਈ। ਸ੍ਰੀ ਹਰਿਮੰਦਰ ਸਾਹਿਬ ਤਿਆਰ ਹੋ ਜਾਣ ਉਪ੍ਰੰਤ,

ਪ੍ਰਿੰਸੀਪਲ ਤੇਜਾ ਸਿੰਘ ਜੀ ਅਨੁਸਾਰ, ਗ੍ਰੰਥੀ ਦੀ ਉੱਚਤਮ ਸੇਵਾ ਭਾਈ ਚੰਚਲ ਸਿੰਘ ਨੇਰਨਾ (nail-parer) ਨੂੰ ਬਖਸ਼ੀ ਗਈ। ਭਾਈ ਸਾਹਿਬ ਦਾ ਇਸ ਪਦਵੀ ਉੱਤੇ ਨਿਯੁਕਤ ਹੋਣਾ ਇਸ ਹਕੀਕਤ ਦਾ ਅਕੱਟ ਪ੍ਰਗਟਾ ਹੈ ਕਿ ਮਿਸਲਾਂ ਦੇ ਸਮੇਂ ਤੱਕ, ਜਾਤ ਪਾਤ ਤੇ ਊਚ ਨੀਚ-ਰਹਿਤ, ਉਹ ਸਾਂਝ ਸਮਾਨਤਾ ਵਰਤਦੀ ਰਹੀ, ਜੋ ਗੁਰੂ ਸਾਹਿਬਾਨ ਦਾ ਆਦਰਸ਼ ਸੀ ਅਤੇ ਜਿਸ ਦਾ ਸਿੱਖ ਰਾਜ ਦੇ ਸਮੇਂ ਤੋਂ ਲੈ ਕੇ ਅੱਜ ਤਕ ਮੁੜ ਪੂਰਨ ਪ੍ਰਕਾਸ਼ ਨਹੀਂ ਹੋ ਸਕਿਆ।

ਜੇ ਗਹੁ ਨਾਲ ਵੇਖਿਆ ਜਾਏ ਤਾਂ ਸਤਿਗੁਰਾਂ ਤੋਂ ਬਾਅਦ ਤੇ ਸਿੱਖ ਰਾਜ ਦੇ ਵਿਚਕਾਰਲੇ ਸਮੇਂ ਦਾ ਇਤਿਹਾਸ ਬਹੁਤ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੀ ਸੱਚੀ ਧਰਮਸਾਲ ਦਾ ਇਤਿਹਾਸ ਹੈ। ਜਰਵਾਣੇ, ਸਿੱਖਾਂ ਦੇ ਇਸ ਜੀਵਨ ਸੋਮੇ ਨੂੰ ਬੰਦ ਕਰਨਾ ਚਾਹੁੰਦੇ ਸਨ ਅਤੇ ਸਿੰਘ ਇਸ ਨੂੰ ਜੁੱਗੋ ਜੁੱਗ ਅਟੱਲ ਤੇ ਜਾਰੀ ਰੱਖਣਾ। ਭਾਈ ਮਨੀ ਸਿੰਘ, ਭਾਈ ਮਹਿਤਾਬ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਆਦਿ ਸੂਰਮੇ ਸਿੰਘਾਂ ਦੀਆਂ ਸ਼ਹਾਦਤਾਂ ਇਸ ਗੱਲ ਦੀ ਭਰਵੀਂ ਗਵਾਹੀ ਭਰਦੀਆਂ ਹਨ।

ਸਹੀ ਗੱਲ ਤਾਂ ਇਹ ਹੈ ਕਿ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਭੇਤ ਧਰਮਸਾਲ ਚਾਹੇ ਉਹ ਇਤਿਹਾਸਕ ਹੈ ਜਾਂ ਗੈਰ-ਇਤਿਹਾਸਕ, ਦੀ ਸਹੀ ਸੇਵਾ ਸੰਭਾਲ ਵਿਚ ਬੰਦ ਹੈ, ਉਸਦੀ ਝਾਕ ਵਿਚ ਨਹੀਂ। ਝਾਕ (ਪੂਜਾ) ਨੂੰ ਤਾਂ ਭਾਈ ਗੁਰਦਾਸ ਜੀ ਖੰਡ ਵਿਚ ਲਪੇਟਿਆ ਜ਼ਹਿਰ ਦੱਸਦੇ ਹਨ :

ਤਿਉ ਧਰਮ ਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ ॥

(ਵਾਰ ੩੫, ਪਉੜੀ ੧੨)

ਰਹਿਤਨਾਮਿਆਂ ਵਿਚ ਸਪੱਸ਼ਟ ਸੂਚਨਾ ਹੈ ਕਿ "ਜੋ ਕੋਈ ਸਿੱਖ ਧਰਮਸਾਲੀਆ ਹੋਵੇ, ਸੋ ਵੀ ਪੂਜਾ ਅਧਿਕ ਨਾ ਲਹੈ, ਨਿਰਬਾਹ ਮਾਤਰ ਲੈ ਲੇਵੈ।"

ਅੱਜ ਕਲ ਹਰਿਮੰਦਰ ਸਾਹਿਬ ਵਿਚ ਇਕ ਦੀ ਥਾਂ ਪੰਜ ਗ੍ਰੰਥੀ

ਸਾਹਿਬਾਨ ਨਿਯੁਕਤ ਹਨ; ਪ੍ਰੰਤੂ, ਵੇਖਣਾ ਇਹ ਹੈ ਕਿ ਕੀ ਵਰਤਮਾਨ ਗੁਰਦੁਆਰਾ ਐਕਟ ਨੇ ਗ੍ਰੰਥੀ ਸਾਹਿਬਾਨ ਦੀ ਉਹੀ ਪੁਜੀਸ਼ਨ ਬਰਕਰਾਰ ਰਹਿਣ ਦਿਤੀ ਹੈ ਜੋ ਬਾਬਾ ਬੁੱਢਾ ਜੀ ਤੇ ਭਾਈ ਮਨੀ ਸਿੰਘ ਜੀ ਆਦਿ ਦੇ ਸਮੇਂ ਸੀ ? ਅਤੇ, ਕੀ ਅੱਜ ਗ੍ਰੰਥੀ ਸਾਹਿਬਾਨ ਪੰਥਕ ਆਗੂਆਂ ਤੇ ਸਿੱਖ ਜਨਤਾ ਉਤੇ ਉਹੀ ਜਬ੍ਹਾ ਅਤੇ ਆਜ਼ਾਦਾਨਾ ਪੰਥਕ ਫ਼ੈਸਲੇ ਕਰਨ ਤੇ ਅਗਵਾਈ ਦੇਣ ਦਾ ਅਧਿਕਾਰ ਸਤਿਕਾਰ ਰੱਖਦੇ ਹਨ, ਜੋ ਇਸ ਪਦਵੀ ਦੇ ਮਹਾਨ ਮੌਢੀ ਵਾਰਸਾਂ ਦਾ ਕਦੀ ਹੱਕ ਸੀ ? ਵਰਤਮਾਨ ਗੁਰਦੁਆਰਾ ਐਕਟ ਤੇ ਸਰਵਿਸ ਨੇਮਾਂ ਨੇ ਇਹ ਗੱਲ ਧੁੰਦਲੀ ਕਰ ਛੱਡੀ ਹੈ। ਏਥੇ ਇਸ ਗੱਲ ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਜਿਥੇ ਕਿਸੇ ਮਹਾਨ ਪਦਵੀ ਕਾਰਨ ਉਸ ਨਾਲ ਸੰਬੰਧਤ ਵਿਅਕਤੀ ਮਹਾਨ ਤੇ ਸਤਿਕਾਰ ਯੋਗ ਬਣਦਾ ਹੈ, ਉਥੇ ਮਹਾਨ ਸ਼ਖਸੀਅਤ ਨਾਲ ਹੀ ਸੰਬੰਧਤ ਪਦਵੀ ਤੇ ਅਸਥਾਨ ਦਾ ਆਦਰ, ਸਤਿਕਾਰ ਬਰਕਰਾਰ ਰਹਿੰਦਾ ਹੈ।

ਅੱਜ ਵੀ, ਜੇ ਪ੍ਰਚਾਰ ਦੀ ਗੱਲ ਤੁਰਨੀ ਹੈ ਤਾਂ ਉਸ ਦਾ ਧੁਰਾ, ਅਵੱਸ਼, ਜੇ ਅਜੇ "*ਘਰ ਘਰ ਧਰਮਸਾਲ ਨਹੀਂ", ਤਾਂ ਹਰ ਦੇਸ਼, ਸ਼ਹਿਰ, ਨਗਰ ਵਿਚ ਸਾਂਝੀਆਂ ਧਰਮਸਾਲਾਵਾਂ ਨੂੰ ਬਚਾਉਣਾ ਪਵੇਗਾ। ਹਾਂ, ਇਹ ਧਰਮ ਪਵਿੱਤਰ ਸਿੱਖੀ ਜੀਵਨ-ਉਪਜਾਊ ਵਾਤਾਵਰਣ ਪਹਿਲਾਂ ਇਤਿਹਾਸਕ, ਕੇਂਦਰੀ ਤੇ ਪ੍ਰਸਿੱਧ ਧਰਮਸ਼ਾਲਾਵਾਂ ਵਿਚ ਪੈਦਾ ਹੋਵੇ; ਉਪ੍ਰੰਤ ਪਿੰਡ ਪਿੰਡ, ਮੁਹੱਲੇ ਮੁਹੱਲੇ ਤੇ ਘਰ ਘਰ ਬਣੇ ਗੁਰ ਅਸਥਾਨਾਂ ਵਿਚ।

ਕਿਤਿਉਂ ਆਰੰਭ ਕਰੋ ਤੇ ਕਿਵੇਂ ਸੋਚੋ, ਸਿੱਖ ਧਰਮ ਦੀ ਪ੍ਰਚਾਰ ਲਹਿਰ ਦੀ ਸਫਲਤਾ ਦੇ ਸਾਰੇ ਯਤਨ, ਵਰਤਮਾਨ ਗੁਰਦੁਆਰਾ ਪ੍ਰਬੰਧ-ਢਾਂਚਾ ਘੋਖੇ ਤੇ ਬਦਲੇ ਬਿਨਾਂ, ਏਵੇਂ ਤੋਹ ਕੱਟਣ ਜਾਂ ਕੱਚੀ ਸਰੋਂ ਪੀੜਨ ਤੁਲ ਹਨ। ਰਾਜਨੀਤੀ ਪ੍ਰਧਾਨ ਗੁਰਦੁਆਰਾ ਪ੍ਰਬੰਧ ਨਹੀਂ ਸਗੋਂ ਧਰਮ ਵਲੋਂ ਮਿਥੀ ਮੰਜ਼ਲ ਉਤੇ ਪਹੁੰਚਾ ਤੇ ਉਹਨਾਂ ਵਲ ਸਨਮੁਖ ਬਣਾ ਸਕਦਾ ਹੈ।

---

*ਘਰ ਘਰ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ॥
(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੨੭)

ਅਮਲੀ ਜੀਵਨ

ਜ਼ਿੰਦਗੀ : ਵਿਚਾਰਾਂ, ਸੰਕਲਪਾਂ ਵਿਕਲਪਾਂ ਅਤੇ ਅਮਲਾਂ ਦੇ ਸੰਗ੍ਰਹਿ ਅਤੇ ਉਧੇੜ ਬੁਣ ਦਾ ਨਾਮ ਹੈ। "ਵੀਚਾਰਾਂ ਨੂੰ ਅਮਲ, ਅਥਵਾ ਕਰਣੀ ਦਾ ਪਿਤਾ ਮੰਨਿਆ ਗਿਆ ਹੈ। ਪ੍ਰੰਤੂ ਜੋ ਵਿਚਾਰ ਅਮਲ ਵਿਚ ਆ ਕੇ ਦੂਜਿਆਂ ਲਈ ਸੰਭਵਤਾ ਦਾ ਰਾਹ-ਦੀਪ ਨਹੀਂ ਬਣਦੇ, ਉਹ ਉਸ ਫੂਲ ਡੋਡੀ ਸਮਾਨ ਹਨ ਜੋ ਬਿਨਾ ਖਿੜੇ ਖਤਮ ਹੋ ਜਾਵੇ, ਜਾਂ ਜੰਗਲ ਬੀਆਬਾਨ ਵਿਚ ਖਿੜੇ; ਪ੍ਰੰਤੂ ਉਸਦੀ ਸੁਗੰਧੀ ਤੇ ਖੇੜੇ ਨੂੰ ਕੋਈ ਮਾਣ ਨਾ ਸਕੇ।*

ਗੁਰਮਤਿ ਵਿਚ ਅਮਲ-ਹੀਣ ਜ਼ਿੰਦਗੀ ਦੀ ਰੱਜ ਕੇ ਨਿੰਦਾ ਤੇ ਨਿਖੇਧੀ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਮਨੌਤ (Profession) ਨਾਲੋਂ "ਸੱਚੇ ਆਚਾਰ" ਨੂੰ ਉਚੇਰਾ ਮੰਨਿਆ ਹੈ, ਅਤੇ ਸਿੱਖ ਨੂੰ ਰਿਦਿਓਂ ਸੱਚੇ, ਸੁੱਚੇ ਹੋਣ ਦੀ ਵੱਡੀ ਤਾਕੀਦ ਕੀਤੀ ਹੈ। ਆਪ ਦਾ ਫੁਰਮਾਨ ਹੈ :

"ਸਚਹੁ ਓਰੈ ਸਭ ਕੋ, ਉਪਰਿ ਸਚੁ ਆਚਾਰੁ।"

(ਸਿਰੀ ਮ: ੧, ਪੰਨਾ ੬੨)

ਅਤੇ "ਸਚੁ ਤਾਂ ਪਰੁ ਜਾਣੀਐ, ਜਾਂ ਰਿਦੈ ਸਚਾ ਹੋਇ।
ਕੂੜ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ।" (ਆਸਾ ਦੀ ਵਾਰ)

---

*ਜਿਊ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥

(ਕਬੀਰ, ੩੩੬)

ਇਸ ਸੰਬੰਧ ਵਿਚ ਵਿਦਵਾਨ ਸ਼ਾਰਪ (Sharpe) ਦਾ ਵਿਚਾਰ ਵਾਚਣ-ਯੋਗ ਹੈ: It is vain to expect any advantage from our profession of truth, if we be not sincerely just and honest in our action", (ਭਾਵ, ਜਿਨਾ ਚਿਰ ਸਾਡੇ ਅਮਲਾਂ ਵਿਚ ਨਿਆਂ, ਨੇਕ ਨੀਤੀ ਤੇ ਸਚਾਈ ਨਹੀਂ ਆਉਂਦੇ, ਸੱਚ ਦੀ ਕੇਵਲ ਮਨੌਤ, ਨਿਰਾਰਥ ਹੈ)।

ਅਮਲ-ਹੀਨ ਕਥਨੀ ਬਾਰੇ ਗੁਰੂਦੇਵ ਦਾ ਅਰਸ਼ਾਦ ਹੈ:

ਗਿਆਨ ਗਿਆਨ ਕਥੈ ਸਭ ਕੋਈ ॥
ਕਥਿ ਕਥਿ ਬਾਦੁ ਕਰੇ, ਦੁਖੁ ਹੋਈ ॥
ਕਥਿ ਕਹਣੈ ਤੇ, ਰਹੈ ਨ ਕੋਈ ॥
ਬਿਨੁ ਰਸ ਰਾਤੇ, ਮੁਕਤਿ ਨ ਹੋਈ ॥
ਗਿਆਨ ਧਿਆਨੁ ਸਭ ਗੁਰ ਤੇ ਹੋਈ ॥
ਸਾਚੀ ਰਹਤ, ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ, ਪਰ ਰਹਤ ਨ ਹੋਈ ॥

(ਬਿਲਾਵਲ ਮਹਲਾ ੫, ਪੰਨਾ ੮੩੧)

ਸਤਿਗੁਰੂ ਜੀ ਦੀ ਦ੍ਰਿਸ਼ਟੀ ਵਿਚ ਤਾਂ ਕਰਨੀ ਤੇ ਗੁਰਮਤਿ ਅਨੁਕੂਲ ਰਹਿਣੀ ਸਭ ਵਸਤਾਂ ਤੋਂ ਸਰੇਸ਼ਟ ਹੈ, ਬਾਕੀ ਸਭ ਗੱਲਾਂ ਖ਼ਾਮ ਤੇ ਥੋਥੀਆਂ ਹਨ। ਆਪ ਜੀ ਦਾ ਨਿਰਣਾ ਹੈ:

"ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ।" (ਮ: ੧, ਪੰ: ੫੬)

ਤਥਾ-"ਭਣਤਿ ਨਾਨਕੁ, ਬੂਝੈ ਕੋ ਵੀਚਾਰੀ ॥
ਇਸੁ ਜੁਗ ਮਹਿ, ਕਰਣੀ ਸਾਰੀ ॥ (ਸੋਰਠ ਮ, ੧, ਪੰਨਾਂ ੫੯੯)

ਹੋਰ-ਜਗਿ ਗਿਆਨੀ, ਵਿਰਲਾ ਆਚਾਰੀ ॥
ਜਗਿ ਪੰਡਿਤੁ, ਵਿਰਲਾ ਵੀਚਾਰੀ ॥ (ਆਸਾ ਮ: ੧, ਪੰਨਾ ੪੧੩)

ਗੁਰਦੇਵ, ਨਾਮ ਦੇ ਬੀਜ ਨੂੰ ਜਿਥੇ ਸੱਚ ਦਾ ਪਾਣੀ ਦੇਣ ਦਾ ਮਸ਼ਵਰਾ

ਦੇ'ਦੇ ਹਨ, ਉਥੇ ਇਸ ਅਮੋਲਕ ਬੀਜ ਲਈ ਅਮਲ-ਰੂਪੀ ਧਰਤੀ ਦੀ ਸਿਫਾਰਸ਼ ਵੀ ਕਰਦੇ ਹਨ :

"ਅਮਲੁ ਕਰਿ ਧਰਤੀ, ਬੀਜ ਸਬਦੋ ਕਰਿ,
ਸਚ ਕੀ ਆਬ, ਨਿਤ ਦੇਹਿ ਪਾਣੀ ॥...
ਤਥਾ-ਮਤੁ ਜਾਣ ਸਹਿ ਗੱਲੀਂ ਪਾਇਆ ॥" (ਸਿਰੀ ਮ: ੧, ਪੰਨਾ ੨੩)

ਸ੍ਰੀ ਗੁਰੂ ਅਮਰਦਾਸ ਜੀ, ਕੇਵਲ ਕਥਨੀ ਦੁਆਰਾ ਵੱਧ ਚੜ੍ਹ ਕੇ ਗੱਲਾਂ ਕਰਨ ਅਤੇ ਸ਼ਬਦ (ਨਾਮ) ਦਾ ਚਿੰਤਨ ਨ ਕਰਨ ਨੂੰ, ਇਉਂ ਨਿੰਦਦੇ ਹਨ :

ਸਬਦ ਨ ਚੀਨੈ, ਕਥਨੀ ਬਦਨੀ ਕਰੇ, ਬਿਖਿਆ ਮਾਹਿ ਸਮਾਨੁ ॥
(ਪੰਨਾ ੩੯)

ਏਸੇ ਤਰ੍ਹਾਂ ਪੰਜਵੇਂ ਗੁਰਦੇਵ ਅਮਲੀ ਜ਼ਿੰਦਗੀ ਨੂੰ ਸੱਚਾ ਅਤੇ ਸ੍ਰੇਸ਼ਟ ਜੀਵਨ ਦਸਦੇ ਹੋਏ ਫੁਰਮਾਉਂਦੇ ਹਨ :

ਬੋਲੈ ਝੂਠ, ਕਮਾਵੈ ਅਵਰਾ, ਤ੍ਰਿਸਨ ਨ ਬੂਝੈ, ਬਹੁਤੁ ਹੋਇਆ ॥
(ਰਾਮਕਲੀ ਮ: ੫, ਪੰਨਾ ੯੦੦)

ਗਾਵਨ ਹਾਰੀ ਗਾਵੈ ਗੀਤ ॥ ਤੇ ਉਧਰੇ; ਬਸੇ ਜਿਹ ਚੀਤ ॥
ਕਾਹਨ ਕਹਾਵਨ ਸਗਲ ਜੰਜਾਰ ॥ ਨਾਨਕ ਦਾਸ ਸਚੁ ਕਰਣੀ ਸਾਰ ॥
(ਕਾਨੜਾ ਮ: ੫, ਪੰਨਾ ੧੨੯੯)

ਗੁਰਬਾਣੀ ਅਤੇ ਗੁਰਮਤ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ, ਅਮਲੀ-ਜੀਵਨ ਦੀ ਮਹਿਮਾ ਨੂੰ, ਬਹੁਤ ਹੀ ਢੁਕਵੇਂ ਪ੍ਰਮਾਣਾਂ ਸਹਿਤ, ਇਉਂ ਬਿਆਨ ਕਰਦੇ ਹਨ :

ਖਾਂਡ ਖਾਂਡ ਕਹੈ ਜਿਹਬਾ ਨ ਸਵਾਦ ਮੀਠੋ ਆਵੈ,
ਅਗਨਿ ਅਗਨਿ ਕਹੈ, ਸੀਤ ਨ ਬਨਾਸ ਹੈ।
ਬੈਦ ਬੈਦ ਕਹੈ ਰੋਗ ਕਾਹੂੰ ਕੋ ਮਿਟਤ ਨਾਹਿ,
ਦ੍ਰਬ ਦ੍ਰਬ ਕਹੈ, ਦ੍ਰਬੈ ਨ ਬਿਲਾਸ ਹੈ।

ਚੰਦਨ ਚੰਦਨ ਕਹੈ, ਹੋਤ ਨ ਸੁਬਾਸ ਬਾਸ,
ਚੰਦ ਚੰਦ ਕਹੈ, ਉਜੀਆਰੋ ਨ ਪ੍ਰਕਾਸ ਹੈ।
ਤੈਸੇ, ਗਿਆਨ ਗੋਸ਼ਟਿ ਕਹਿਤ, ਨ ਰਹਿਤ ਪਾਵੈ,
ਕਰਨੀ ਪ੍ਰਧਾਨ ਭਾਨੁ ਉਦਿਤ ਆਕਾਸ ਹੈ। (ਪੰਨਾ ੪੩੭)

ਤਥਾ :—

ਪੂਛਤ ਪੱਥਕ, ਤਿਹ ਮਾਰਗ ਨ ਧਾਰੈ ਪਗ,
ਪ੍ਰੀਤਮ ਕੈ ਦੇਸ, ਕੈਸੇ ਬਾਤਨ ਸੇ ਜਾਈਐ।
ਪੂਛਤ ਹੈ ਬੈਦ, ਖਾਤ ਔਖਧ ਨ ਸੰਜਮ ਸੇ,
ਕੈਸੇ ਮਿਟੈ ਰੋਗ, ਸੁਖ ਸਹਜ ਸਮਾਈਐ।
ਪੂਛਤ ਸੁਹਾਗਨਿ, ਹੈਂ ਕਰਮ ਦੁਹਾਗਨਿ ਕੈ,
ਰਿਦੈ ਬਿਭਚਾਰ, ਕੱਤ ਸਿਹਜਾ ਬੁਲਾਈਐ।
ਗਾਏ, ਸੁਨੇ, ਆਖੇਂ ਮੀਚੇ, ਪਾਈਐ ਨ ਪਰਮਪਦ,
ਗੁਰ ਉਪਦੇਸ਼ ਗਹਿ, ਜੌ ਲੌ ਨ ਕਮਾਈਐ। (ਪੰਨਾ ੪੩੯)

ਸਿਖਾਂ ਨੇ ਇਕ ਵੇਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਪ੍ਰਸ਼ਨ ਕੀਤਾ ਕਿ ਮਹਾਰਾਜ, ਭਾਈ ਲਾਲੂ ਤੇ ਭਾਈ ਨਿਹਾਲੂ ਤੋਂ ਕਥਾ ਕੀਰਤਨ ਸੁਣ ਕੇ ਸਭ ਦਾ ਮਨ ਕਿਉਂ ਇਤਨਾ ਸ਼ਾਂਤ ਤੇ ਇਕਾਗਰ ਹੋ ਜਾਂਦਾ ਏ ? ਸ੍ਰੀ ਗੁਰੂ ਜੀ ਵਲੋਂ ਪਵਿੱਤਰ ਬਚਨਾਂ ਰਾਹੀਂ ਦਿਤੇ ਗਏ ਉੱਤਰ ਨੂੰ ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਵਿਚ ਇਉਂ ਅੰਕਿਤ ਕੀਤਾ ਹੈ :

ਸ੍ਰੀ ਮੁਖ ਤੇ ਬੋਲੇ ਵਚ ਪੂਤ। (ਪਵਿੱਤਰ ਵਚਨ)
ਜੋ ਨਰ ਕਰਹਿ ਭਲੀ ਕਰਤੂਤ।
ਜਿਸ ਅਰਪਨ ਉਪਦੇਸ਼ ਉਚਾਰੇ। ਤਿਸ ਨਿਸਚੈ ਅਪਨੇ ਮਹਿ ਧਾਰੇ।
ਤਿਸ ਕੀ ਛਾਯਾ ਸਭ ਪਰ ਜਾਇ। ਸੁਨਹਿ ਬਾਕ ਜੋ ਰਿਦੈ ਬਸਾਇ।
ਬਹੁਤਨ ਕੋ ਉਧਾਰਬੋ ਕਰੇ। ਇਸ ਪਰ ਤੁਕ ਸ੍ਰੀ ਮੁਖਹ ਉਚਰੇ।
ਪਹਿਲੋ ਦੇ ਜੜ ਅੰਦਰਿ ਜੰਮੈ, ਤਾਂ ਉਪਰਿ ਹੋਵੈ ਛਾਉ। (ਮ: ੧)

ਸੰਸਾਰ ਵਿਚ ਇਸ ਅਹਿਮ ਮਸਲੇ ਉਤੇ, ਸਭ ਵੀਚਾਰਵਾਨ, ਸਦਾ ਸਹਿਮਤ ਰਹੇ ਹਨ ਕਿ ਸ਼ੁਭ ਕਰਣੀ-ਪ੍ਰਧਾਨ-ਜੀਵਨ ਹੀ ਸਫਲ ਜੀਵਨ ਹੈ। ਭਲਾ ਸੋਚੋ, ਜੇ ਸੰਸਾਰ ਦੀ ਕੁਲ ਕਾਇਨਾਤ ਵਿਚ ਨਿਯਮ-ਬਧ ਅਮਲ ਖਲੋ ਜਾਵੇ, ਸਭ ਹੱਥ ਤੇ ਹੱਥ ਧਰ ਕੇ ਬਹਿ ਜਾਣ ਤੇ ਜ਼ਬਾਨੀ ਜਮ੍ਹਾ ਖਰਚ ਕਰੀ ਜਾਣ ਤਾਂ ਸ੍ਰਿਸ਼ਟੀ ਦਾ ਇਹ ਸਾਰਾ ਢਾਂਚਾ ਛਿਨ ਵਿਚ ਢਹਿ ਢੇਰੀ ਹੋ ਜਾਵੇਗਾ।

ਡਾਕਟਰ ਇਕਬਾਲ ਨੇ ਵੀ ਅਮਲੀ ਜ਼ਿੰਦਗੀ ਦੀ ਉਪਮਾ ਵਿਚ ਇਉਂ ਲਿਖਿਆ ਹੈ:

(ੳ) ਅਮਲ ਸੇ ਜ਼ਿੰਦਗੀ ਬਨਤੀ ਹੈ, ਜੰਨਤ ਭੀ ਜਂ ਨ ਭੀ,
ਯੇ ਖਾਕੀ ਆਪਨੀ ਫ਼ਿਤਰਤ ਸੇ, ਨੂਰੀ ਹੈ ਨ ਨਾਰੀ ਹੈ।
(ਅ) ਜ਼ਿੰਦਗਾਨੀ ਕੇ ਲੀਏ ਦਰਕਾਰ ਹੈ ਜੌਕਿ ਅਮਲ,
ਮੌਤ ਹੈ ਤੇਰਾ ਸਕੂੰ, ਤੇਰੀ ਰਵਾਨੀ ਜ਼ਿੰਦਗੀ।
(ੲ) ਨਾਮੀ ਕੋਈ, ਬਗੈਰ ਮੁਸ਼ੱਕਤ ਨਹੀਂ ਹੂਆ।
ਸੌ ਬਾਰ ਜਬ ਅਕੀਕ (ਹੀਰਾ) ਕਟਾ, ਤੋ ਨਗੀਂ ਹੂਆ।

ਬ-ਹਰ ਸੂਰਤ ਜ਼ਿੰਦਗੀ ਵਿਚ ਅਮਲ ਅਥਵਾ ਕਰਣੀ ਹੀ ਪ੍ਰਧਾਨ ਹੈ, ਜਾਂ ਇਉਂ ਆਖ ਲਵੋ ਕਿ ਅਮਲ ਹੀ ਜ਼ਿੰਦਗੀ ਦਾ ਦੂਸਾ ਨਾਮ ਹੈ। ਫਿਲਾਸਫਰ ਕਾਰਲਾਇਲ ਦਾ ਕਥਨ ਹੈ: "The end of man is action, and not thought, though it be of the noblest."

(ਭਾਵ- ਆਦਮੀ ਦੀ ਮੰਜ਼ਲ ਅਥਵਾ ਟੀਚਾ ਅਮਲ ਹੈ; ਕਥਨੀ ਨਹੀਂ, ਭਾਵੇਂ ਉਹ ਕਿਤਨੀ ਵੀ ਉੱਚ-ਭਾਵੀਂ ਕਿਉਂ ਨ ਹੋਵੇ।) ਅਮਲੀ ਜਾਂ ਕਰਣੀ ਵਾਲੀ ਜ਼ਿੰਦਗੀ ਬਾਰੇ ਜਦ ਵੀਚਾਰ ਕੀਤੀ ਜਾਂਦੀ ਹੈ ਤਾਂ ਭਾਵ ਸ਼ੁਭ ਅਮਲਾਂ ਭਰਪੂਰ ਜ਼ਿੰਦਗੀ ਤੋਂ ਹੀ ਹੁੰਦਾ ਹੈ। ਇਹ ਸੱਚ ਹੈ ਕਿ ਮਨੁੱਖ ਦਾ ਕੀਤਾ ਪੁਰਸ਼ਾਰਥ, ਉਦਮ; ਕਈ ਵੇਰ ਉਸ ਲਈ ਦੁਖ ਦਾ ਕਾਰਨ ਵੀ ਬਣ

ਜਾਂਦਾ ਹੈ, ਪ੍ਰੰਤੂ, ਇਹ ਹਕੀਕਤ ਵੀ ਝੁਠਲਾਈ ਨਹੀਂ ਜਾ ਸਕਦੀ ਕਿ ਸਾਰੇ ਸੁਖ ਤੇ ਪ੍ਰਾਪਤੀਆਂ ਵੀ ਮਨੁੱਖ ਵਲੋਂ ਕੀਤੇ ਪੁਰਸ਼ਾਰਥ ਦੀ ਦੇਣ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਥਾਂ ਸੰਤੁਲਿਤ ਅਥਵਾ ਬਹੁ-ਪੱਖੀ ਉਦਮ ਦਾ ਮਸ਼ਵਰਾ ਦੇਂਦੇ ਹੋਏ ਫੁਰਮਾਉਂਦੇ ਹਨ :

ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ॥

(ਮ: ੫, ਪੰਨਾ ੫੨੨)

ਸ੍ਰੀ ਗੁਰੂ ਨਾਨਕ ਦੇਵ ਜੀ ਤਾਂ "ਕਰਣੀ" ਨੂੰ ਵਡਿਆਉਂਦੇ ਹੋਏ ਏਥੋਂ ਤਕ ਫੁਰਮਾਉਂਦੇ ਹਨ ਕਿ ਇਨਸਾਨ ਵਿਚ ਸਹੀ ਸੂਝ ਬੂਝ ਅਥਵਾ ਨਿਰਮਲ ਤੇ ਬਿਬੇਕ ਬੁੱਧੀ ਦਾ ਵਾਸਾ ਹੀ ਤਾਂ ਹੁੰਦਾ ਹੈ, ਜੇ ਉਹ ਕਰਣੀ ਦਾ ਸੂਰਾ ਅਥਵਾ ਅਮਲ ਦੇ ਮੈਦਾਨ ਦਾ ਮਰਦ ਹੋਵੇ। ਕੇਵਲ ਗੱਲਾਂ ਨਾਲ ਹੀ ਆਕਾਸ਼ ਸਰ ਕਰਨ ਵਾਲੇ ਬਾਤੂਨੀ ਲੋਕਾਂ ਵਿਚ ਪੂਰੀ ਮੱਤ ਅਥਵਾ ਗਿਆਨ ਦਾ ਪ੍ਰਕਾਸ਼ ਅਸੰਭਵ ਹੈ; ਸਗੋਂ, ਅਜੇਹਾ ਸੋਚਣਾ ਹੀ ਇਕ ਘਟੀਆ ਤੇ ਖੇਹ ਖੁਆਰੀ ਵਾਲੀ ਗੱਲ ਹੈ।

ਸੋ, ਆਓ ਵਾਚੀਏ ਅਤੇ ਧੁਰ ਹਿਰਦੇ ਵਿਚ ਵਸਾ ਕੇ ਅਮਲਾਈਏ ਨਿਰੰਕਾਰੀ ਸਤਿਗੁਰੂ ਦਾ ਸੰਖੇਪ ਵਿਚ ਦਿੱਤਾ ਇਹ ਅਮਰ ਉਪਦੇਸ਼ ਅਤੇ ਬ੍ਰਹਮ-ਵੀਚਾਰ:

ਜਹ ਕਰਣੀ, ਤਹ ਪੂਰੀ ਮਤਿ ॥
ਕਰਣੀ ਬਾਝਹੁ, ਘਟੇ ਘਟਿ ॥ (ਸ੍ਰੀ ਰਾਗ ਮ: ੧, ਪੰਨਾ ੨੫)

ਹਲੂਣਾ

ਜੀਵਨ ਇਕ ਸੰਗ੍ਰਾਮ ਹੈ, ਕਸ਼ਮਕਸ਼ ਹੈ; ਦੈਵੀ ਅਤੇ ਅਸੁਰੀ ਸ਼ਕਤੀਆਂ ਵਿਚਕਾਰ। ਇਹੋ ਹੈ, ਨੇਕੀ ਅਤੇ ਬਦੀ ਦਾ ਇਕ ਨਿਰੰਤਰ ਘੋਲ। ਇਹ ਦੋਵੇਂ ਵਿਰੋਧੀ ਗੁਣ ਜਿਵੇਂ ਕਾਦਰ ਦੀ ਕੁਦਰਤ ਵਿਚ* ਇਕੱਠੇ ਰਖੇ ਗਏ ਹਨ, ਤਿਵੇਂ ਹੀ ਮਨੁੱਖ ਦੇ ਸੁਭਾਵ ਵਿਚ ਵੀ ਓਤ ਪੋਤ (ਤਾਣਾ ਪੇਟਾ) ਹੋ ਵਰਤ ਰਹੇ ਹਨ। ਇਹੀ ਕਾਰਨ ਹੈ ਕਿ ਮਨੁੱਖ ਜੋ ਇਸ ਛਿਨ ਫਰਿਸ਼ਤਾ-ਸੀਰਤ ਹੋ† ਅਕਾਸ਼ਾਂ ਉਤੇ ਉੱਡ ਰਿਹਾ ਹੁੰਦਾ ਹੈ, ਤਾਂ ਓਹੀ, ਦੂਜੀ ਛਿੱਨ, ਗਿਰਾਵਟ ਦੇ ਪਾਤਾਲ ਪੁੱਜਾ, ਸ਼ੈਤਾਨ ਦਾ ਬਿਕਰਾਲ ਰੂਪ ਧਾਰ ਲੈਂਦਾ ਹੈ। ਏਸੇ ਲਈ ਸੰਸਾਰ ਵਿਚ ਪ੍ਰਗਟੇ ਮਹਾਪੁਰਸ਼ਾਂ ਨੇ ਸੰਕਲਪਾਂ, ਵਿਕਲਪਾਂ, ਉਤਾਰ ਚੜ੍ਹਾ ਅਤੇ ਸੰਸਿਆਂ ਦੇ ਕੇਂਦਰ, ਪ੍ਰੰਤੂ ‡ਖੁਟਹਰ ਤੇ ਬੇਪਰਤੀਤੇ ਮਨ ਨੂੰ ਜਿੱਤਣ ਅਥਵਾ ਵੱਸ ਕਰਨ ਉਤੇ ਇਤਨਾ ਜ਼ੋਰ ਦਿੱਤਾ ਹੈ।

---

*ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥
(ਆਸਾ ਮ: ੧, ਪੰਨਾ ੩੫੦)

†ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾਂ ਭਾਲੇ ॥
(ਰਾਮਕਲੀ ਮ: ੧, ਪੰਨਾ ੮੭੬)

‡ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂ ਮਹਾ ਉਦਮਾਦਾ ॥
ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ ॥
(ਬਿਲਾਵਲੁ ਮ: ੫, ਪੰਨਾ ੮੧੫)

ਮਨੁੱਖ ਨੂੰ ਜੀਵਨ ਮੰਤਵ ਤੇ ਜੀਵਨ-ਜਾਚ ਦਰਸਾਉਣ ਹਿਤ, ਜਗਤ ਵਿਚ, ਸਮੇਂ ਸਮੇਂ ਪ੍ਰਗਟੇ ਰਿਸ਼ੀਆਂ, ਮੁਨੀਆਂ, ਅਵਤਾਰਾਂ, ਪੀਰਾਂ, ਪੈਗੰਬਰਾਂ ਦੀ ਲੰਮੀ ਚੌੜੀ ਸੂਚੀ ਵਿਚ* 'ਇਕਾ ਜੋਤਿ ਤੇ ਜੁਗਤਿ' ਹੋ ਵਰਤੇ ਸ੍ਰੀ ਗੁਰੂ ਨਾਨਕ ਆਦਿ ਦਸ ਗੁਰੂ ਸਾਹਿਬਾਨ ਨੂੰ ਇਸ ਲਈ ਇਕ ਵਿਸ਼ੇਸ਼ ਅਸਥਾਨ ਪ੍ਰਾਪਤ ਹੈ ਕਿ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ, ਨੇ ਇਕ ਅਕਾਲ ਪੁਰਖ ਦੇ ਨਾਮ ਦੀ ਸੱਚੀ ਟਕਸਾਲ ਵਿਚ, ਸੱਚੇ ਸੁੱਚੇ ਆਚਾਰ ਦੀ ਜੋ ਘਾੜਤ ਰਾਵੀ ਦੇ ਬੇਲਿਆਂ ਤੋਂ ਘੜਨੀ ਆਰੰਭੀ ਸੀ, ਉਹ ਦੋ ਸੌ ਤੀਹ ਸਾਲ ਦੇ ਲੰਮੇ ਸਮੇਂ ਦੇ ਕਹਿਰਾਂ, ਕਸ਼ਟਾਂ, ਸ਼ਹੀਦੀਆਂ ਆਦਿ ਦੇ ਝੱਖੜਾਂ, ਤੂਫਾਨਾਂ ਦੀ ਕਰੜੀ ਪ੍ਰੀਖਿਆ ਵਿਚ ਦੀ ਘੜੀਂਦੀ, ਪੱਕੀਂਦੀ ਆਖਰ ਸੰਮਤ ੧੭੫੬ ਦੀ ਵੈਸਾਖੀ ਦੇ ਪਾਵਨ ਦਿਹਾੜੇ "ਪੂਰਨ ਮਨੁੱਖ ਖਾਲਸਾ"–ਦੇ ਰੂਪ ਵਿਚ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਈ। ਖਾਲਸੇ ਦੀ ਸਿਰਜਨਾ ਵਰਗੀ ਮਹਾਨ ਤੇ ਅਲੌਕਿਕ ਘਟਨਾ ਉੱਤੇ ਮਨੁੱਖਤਾ, ਬਜਾਅ ਤੌਰ ਉਤੇ, ਸਦਾ ਨਾਜ਼ ਕਰਦੀ ਰਹੇਗੀ। ਗੁਰੂ ਰੂਪ "ਖਾਲਸਾ" ਕਿਵੇਂ ਆਪਣੇ ਸਿਰਜਣਹਾਰ ਸਤਿਗੁਰੂਆਂ ਦੇ ਵਿਸ਼ਵਾਸ ਦਾ ਪਾਤਰ ਬਣਿਆ, ਇਹ ਹਕੀਕਤ ਵੀ ਕਿਸੇ ਲੰਮੇ ਚੌੜੇ ਬਿਆਨ ਦੀ ਮੁਥਾਜ ਨਹੀਂ। ਬ੍ਰਿਛ ਆਪਣੇ ਫਲ ਤੋਂ ਪਛਾਣਿਆ ਜਾਂਦਾ ਹੈ ਅਤੇ ਇਤਿਹਾਸ ਇਸ ਫਲ ਦੇ ਬਹੁ-ਪੱਖੀ ਗੁਣਾਂ ਦੀ ਭਰਵੀਂ ਉਗਾਹੀ ਭਰਦਾ ਹੈ।

ਪ੍ਰੰਤੂ, ਅੱਜ ਖਾਲਸੇ ਦੀ ਵਰਤਮਾਨ ਸਥਿਤੀ ਨੂੰ ਨੀਝ ਨਾਲ ਤੱਕਿਆਂ ਸਾਡੇ ਸਾਹਮਣੇ ਸਵਾਲਾਂ ਦਾ ਸਵਾਲ ਇਹ ਹੈ ਕਿ ਜਿਸ ਮੰਤਵ ਲਈ ਅਜੇਹੇ ਸੰਤੁਲਿਤ ਜੀਵਨ ਵਾਲੇ ਦੈਵੀ ਮਨੁੱਖ ਦੀ ਸਿਰਜਣਾ ਕੀਤੀ ਗਈ ਸੀ, ਕੀ ਹੁਣ ਉਹ ਪੂਰਾ ਹੋ ਚੁੱਕਾ ਹੈ ? ਕੀ ਨੇਕੀ ਨੇ ਬਦੀ ਉਤੇ ਸਦੀਵੀ ਜਿੱਤ ਪ੍ਰਾਪਤ ਕਰ ਲਈ ਹੈ ? ਕੀ ਹੁਣ ਕੂੜ ਦੀ ਮੱਸਿਆ ਦੇ ਘੁੱਪ ਹਨੇਰੇ ਵਿਚ ਸੱਚ ਦੇ ਚੰਦਰਮਾ ਦਾ ਪ੍ਰਕਾਸ਼ ਹੋ ਰਿਹਾ ਹੈ ? ਕੀ ਹੁਣ ਦੀ ਦੁਨੀਆਂ ਸੱਚੇ ਸਾਲਿਕਾਂ

---

*ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥

(ਰਾਮਕਲੀ, ਪੰਨਾ ੯੬੬)

ਅਤੇ ਸੁਹਿਰਦ *ਮਿੱਤਰਾਂ ਨਾਲ ਭਰ ਗਈ ਹੈ ? ਕੀ ਖਾਲਸਾ ਕੇਵਲ ਕਿਸੇ ਵਕਤੀ ਉਦੇਸ਼ ਦੀ ਪੂਰਤੀ ਲਈ ਸੀ ਜਾਂ ਜੁਗੋ ਜੁੱਗ ਅਟੱਲ ਵਿਚਰਦਾ ਹੋਇਆ ਸਦਾ ਸਦਾ ਲਈ ਮਨੁੱਖੀ ਕਲਿਆਣ ਅਤੇ ਸੁਖ ਸ਼ਾਂਤੀ ਦਾ ਚਾਮਨ ?

ਹਾਂ, ਜੇ ਸਾਡਾ ਈਮਾਨਦਾਰੀ ਨਾਲ ਇਹ ਨਿਸਚਾ ਹੈ ਕਿ ਖਾਲਸਾ ਇਕ ਸਦੀਵੀ ਆਦਰਸ਼ ਹੈ, ਸੰਤ ਸਿਪਾਹੀਆਂ ਦੇ ਇਸ ਟੋਲੇ ਨੇ, ਇਸ ਦੇ ਸਿਰਜਣ-ਹਾਰਾਂ ਦੇ ਅਮਰ ਉਪਦੇਸ਼ਾਂ ਅਤੇ ਉਦੇਸ਼ਾਂ ਵਾਂਗ ਜੁਗੋ ਜੁੱਗ ਅਟੱਲ ਰਹਿਣਾ ਹੈ ਤਾਂ ਗੁਰਬਾਣੀ, ਅਦੁੱਤੀ ਇਤਿਹਾਸ ਤੇ ਗੁਰਾਂ ਦੇ ਪ੍ਰਕਾਸ਼-ਉਤਸਵ ਸਾਨੂੰ ਗਫ਼ਲਤ ਤੇ ਅਵੇਸਲੇਪਣ ਦੀ ਘੋਰ ਨਿੰਦਰਾ ਤੋਂ ਜਗਾਉਂਦੇ, ਟੁੰਬਦੇ, ਝੰਜੋੜਦੇ ਅਤੇ ਚੇਤਾਵਨੀ ਕਰਾਉਂਦੇ ਹਨ ਕਿ, ਐ ਗੁਰਸਿਖ–

(੧) ਤੂੰ ਕੇਵਲ ਉਸ ਇਕ ਤੇ ਇਕ ਅਕਾਲ ਪੁਰਖ ਦੀ ਜਾਗਦੀ ਜੋਤਿ ਦਾ ਪੁਜਾਰੀ ਹੈਂ, ਜੋ ਸਤਿ ਹੈ, ਅਦੁੱਤੀ ਹੈ ਅਜੂਨੀ ਹੈ; ਨਿਰਭਉ, ਨਿਰਵੈਰ ਅਤੇ ਲਾ-ਮਹਦੂਦ ਹੈ। ਤੂੰ ਐਸੇ ਨਿਰੰਕਾਰ ਦੀ ਸਿਫ਼ਤ ਸਲਾਹ ਕਰਕੇ ਅਥਵਾ ਉਸ ਦੇ ਗੁਣ ਗਾ ਕੇ, ਉਸ ਗੁਣੀ (ਵਾਹਿਗੁਰੂ) ਵਰਗੇ ਹੋਣਾ ਹੈ। "ਗੁਣ ਕਹਿ ਗੁਣੀ ਸਮਾਵਣਿਆ" ਦਾ ਗੁਰਵਾਕ ਤੇਰੀ ਗੁੜ੍ਹਤੀ ਹੈ। ਯਾਦ ਰੱਖ–ਤੂੰ ਫ਼ਰਜ਼ੀ ਨਹੀਂ, ਅਰਸ਼ੀ ਹੈਂ; ਨਾਰੀ ਨ ਹੀਂ, ਨੂਰੀ ਹੈਂ।

ਵੇਖ; ਅੰਮ੍ਰਿਤ ਦਾਤਾ ਸਤਿਗੁਰੂ ਤੇਰੀ ਪਰਿਭਾਸ਼ਾ ਤੇ ਰੂਪ-ਰੇਖਾ ਕਿਵੇਂ ਚਿਤ੍ਰਦੇ ਹਨ :

(ੳ) ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨਾ ਆਨੈ ॥
†ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ, ਮੜ੍ਹੀ ਮਟ ਭੂਲ ਨ ਮਾਨੈ ॥

---

*ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥
ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨ ਗਵਾਇਆ॥
ਸਾਲਕੁ=ਰਹਬਰ, ਸੱਚਾ ਗੁਰੂ। (ਸਲੋਕ ਮ: ੧, ਪੰਨਾ ੧੪੧੦)

†ਦੁਬਿਧਾ ਨ ਪੜਉਂ, ਹਰਿ ਬਿਨੁ,
ਹੋਰਨ ਪੂਜਉਂ, ਮੜੈ ਮਸਾਣਿ ਨ ਜਾਈ ॥ (ਮ: ੧, ਪੰਨਾ ੬੩੪)

ਤੀਰਥ ਨਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮਹਿ, ਤਬ ਖਾਲਸਾ ਤਾਹਿ ਨਖਾਲਸ ਜਾਨੈ ॥

(ਅ) ਖਾਲਸਾ ਖਾਸ ਕਹਾਵੈ ਸੋਈ ॥
ਜਾ ਕੇ ਹਿਰਦੇ ਭਰਮ ਨ ਹੋਈ ॥
ਭਰਮ ਭੇਖ ਤੇ ਰਹੇ ਨਿਆਰਾ ॥
ਸੋ ਖਾਲਸ ਸਤਿਗੁਰੂ ਹਮਾਰਾ ॥

(ਗੁਰ ਸੋਭਾ, ਪੰਨਾ ੧੩੨, ਸ਼੍ਰੋਮਣੀ ਕਮੇਟੀ)

(੨) ਜਦ ਸਭ ਦਾ ਕਰਤਾ ਕੇਵਲ ਇਕ ਅਕਾਲ ਪੁਰਖ, ਅਕੁਲ ਨਿਰੰਜਨ ਹੈ ਤਾਂ ਫੇਰ ਮਨੁੱਖ ਵਿਚ ਕੁੱਲ, ਜਾਤਿ ਪਾਤ, ਨਸਲ, ਦੇਸ਼ ਆਦਿ ਦੇ ਵਿਤਕਰੇ ਕਿਉਂ ? ਤੇਰਾ ਦਾਅਵਾ, ਉਦੇਸ਼ ਤੇ ਜ਼ੁੰਮੇਵਾਰੀ ਤਾਂ ਅਜੇਹੀਆਂ ਗੈਰ-ਕੁਦਰਤੀ ਕੰਧਾਂ ਢਾਉਣ ਤੇ ਵਿਥਾਂ ਦੂਰ ਕਰਨ ਦਾ ਸੀ; ਪ੍ਰੰਤੂ, ਸਮੇਂ ਦਾ ਗੇੜ ਤੇ ਧੱਕਾ ਵੇਖ ਕਿ ਤੂੰ ਆਪ ਹੀ ਇਹਨਾਂ ਮਾਰੂ ਵਿਤਕਰਿਆਂ ਦੇ ਸੰਗਲਾਂ ਵਿਚ ਜਕੜਿਆ ਬੇਬਸ ਤੇ ਬੇਹਿਸ ਕਰਾਹ ਰਿਹਾ ਹੈਂ :

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥

ਦੇ ਅਮਰ ਗੁਰ-ਉਪਦੇਸ਼ ਉਤੇ ਅਮਲ-ਪੈਰਾ ਹੋਣਾ ਤਾਂ ਇਕ ਪਾਸੇ ਰਿਹਾ, ਤੂੰ ਉਸ ਨਾਲ ਵੀ ਜਾਤਿ-ਪਾਤ, ਕੁਲ ਆਦਿ ਦੇ ਭਾਵ ਨਹੀਂ ਮੇਟ ਸਕਿਆ, ਜਿਸ ਨੇ ਤੇਰੇ ਨਾਲ ਇਕੋ ਬਾਟੇ ਖੰਡੇ ਦੀ ਪਾਹੁਲ ਪੀ ਕੇ ''ਖੰਡਾ ਕੁਲ ਛੱਤਰੀ'' ਅਥਵਾ ਸ੍ਰੀ ਦਸਮੇਸ਼ ਜੀ ਦੇ 'ਨਾਦੀ ਪੁੱਤਰ' ਹੋਣ ਦੇ ਨਾਤੇ, ਸਕੇ ਵੀਰਾਂ ਤੋਂ ਵੱਧ ਨੇੜਤਾ ਪੈਦਾ ਕੀਤੀ ਹੈ। ਤੂੰ ਤਾਂ 'ਨਾਨਕ ਨਿਰੰਕਾਰੀ' ਸਮਾਜਵਾਦ ਦਾ ਝੰਡਾ ਬਰਦਾਰ ਹੋ ਕੇ ਜਾਤੀ-ਰਹਿਤ (Caste-less) ਅਤੇ ਸ਼ਰੇਣੀ-ਰਹਿਤ (Class-less) ਸਮਾਜ ਦੀ ਨੀਂਹ ਰਖਣੀ ਤੇ ਸੱਚੀ ਸਮਾਨਤਾ ਦੀ ਸ਼ਮਾਅ ਜਗਾਉਣੀ ਸੀ; ਪ੍ਰੰਤੂ, ਕੁਦਰਤ ਦਾ ਕਹਿਰ, ਤੂੰ ਪਹਿਲੇ ਨਾਲੋਂ ਵੀ ਵਧੀਕ ਮਜ਼ਬੂਤੀ ਨਾਲ ਆਪਣੇ ਆਪ ਨੂੰ ਜਾਤਾਂ ਪਾਤਾਂ ਆਦਿ ਦੀਆਂ ਜੰਜ਼ੀਰਾਂ ਵਿਚ ਨਰੜ ਲਿਆ ਏ। ਫਿਰ ਤੂੰ ਹੀ ਦਸ, ਐਸੀ ਖੇਦ-ਭਰਪੂਰ ਤੇ ਲੱਜਾ-ਰਹਿਤ

ਦਸ਼ਾ ਵਿਚ ਤੇਰਾ 'ਖਾਲਸੇ' ਵਾਲਾ ਧਰਮ ਕੌਣ ਨਿਭਾਊ ? *ਆਖਰ ਜਦ ਉਮਰ ਦੀ ਡੋਰ ਟੁੱਟ ਗਈ (ਜੋ ਨਿਸਚੇ ਟੁੱਟ ਜਾਣੀ ਹੈ), ਤਾਂ ਤੂੰ ਮੋਹਰਾਂ ਤੇ ਦਰਦਾਂ-ਭਰੇ, ਸਰਬ ਸਾਂਝੇ ਤੇ ਪਿਆਰੇ ਗੁਰੂ ਨਾਨਕ–ਗੋਬਿੰਦ ਸਿੰਘ ਦੇ ਦਰਬਾਰ ਵਿਚ ਕੀ ਮੂੰਹ ਲੈ ਕੇ ਜਾਏਂਗਾ ? ਤੂੰ ਆਪ ਹੀ ਸੋਚ ਤੇ ਨਿਰਣਾ ਕਰ ਲੈ।

(ਤ) ਚੇਤੇ ਰੱਖ ਕਿ ਦੇਹਾਂ ਤਾਂ ਸਭ ਦੀਆਂ ਪੰਜ ਭੂਤਕ ਹੋਣ ਕਰਕੇ ਸਮਾਨ ਹਨ। ਇਹ ਸਦਾ ਬਣਦੀਆਂ ਤੇ ਬਿਣਸਦੀਆਂ ਰਹਿਣਗੀਆਂ; ਪ੍ਰੰਤੂ†, 'ਸ਼ਬਦ', 'ਬਾਣੀ' ਅਥਵਾ ਸਾਧ-ਬਚਨ ਦੀ ਸ਼ਕਤੀ ਥਿਰ ਰਹੇਗੀ। ਇਸੇ ਲਈ ਨਿਰੰਕਾਰੀ ਬਾਬੇ ਨੇ ਸਿਖਾਂ ਨੂੰ 'ਸ਼ਬਦ' ਦੇ ਲੜ ਲਾਇਆ‡ ਤੇ, 'ਸ਼ਬਦ'

---

*ਈਂ ਉਮਰਿ ਗਿਰਾਂ ਮਾਯਾ, ਗਨੀਮਤ ਸ਼ੁਮਰ ਆਖ਼ਰ।
ਮਾ ਸੁਬਹ ਨ ਦੀਦੇਮ, ਕਿ ਓ ਸ਼ਾਮ ਨ ਦਾਰਦ।
(ਭਾਈ ਨੰਦ ਲਾਲ ਗੋਯਾ)

(ਭਾਵ–ਇਹ ਅਮੋਲਕ ਜੀਵਨ ਨੂੰ ਦੁਰਲਭ ਜਾਣ। (ਕਿਉਂਕਿ) ਅਸਾਂ ਅਜੇਹੀ ਕੋਈ ਸਵੇਰ ਨਹੀਂ ਵੇਖੀ, ਜਿਸ ਦੀ ਸ਼ਾਮ ਨਾ ਹੋਵੇ।)

(ੳ) ਚਾਰਿ ਬਿਨਾਸੀ, ਖਟਹਿ ਬਿਨਾਸੀ, ਇਕ ਸਾਧ ਬਚਨ ਨਿਹਚਲਾਧਾ। (ਅਰਥ–ਚਾਰੇ ਵੇਦ ਤੇ ਛੇ ਸ਼ਾਸਤਰ ਨਾਸ ਹੋ ਜਾਣਗੇ, ਪ੍ਰੰਤੂ ਸਤਿ ਵਿਹਾਰ ਵਾਲੇ ਮਹਾਂ ਪੁਰਖ ਦਾ ਬਚਨ (ਸ਼ਬਦ, ਬਾਣੀ) ਸਦਾ ਅਟਲ ਰਹੇਗੀ। (ਮ: ੪, ਪੰਨਾ ੧੨੦੪)

†(ਅ) ਰਹੇਗੀ ਆਬੋ ਹਵਾ ਮੇ ਖਿਆਲ ਕੀ ਸ਼ਕਤੀ।
ਜੋ ਮੁਸ਼ਤਿ ਖਾਕ (ਮਿੱਟੀ ਦੀ ਮੁਠ, ਸਰੀਰ) ਹੈ ਫਾਨੀ,
ਰਹੇ, ਰਹੇ, ਨਾ ਰਹੇ।

‡(ੳ) ਸਬਦੁ ਗੁਰੂ ਸੁਰਤਿ ਧੁਨਿ ਚੇਲਾ। (ਮ: ੧, ਪੰਨਾ ੯੪੩)
(ਅ) ਸਬਦ ਗੁਰ ਪੀਰਾ ਗਹਿਰ ਗੰਭੀਰਾ,
ਬਿਨੁ ਸਬਦੈ ਜਗੁ ਬਉਰਾਨੰ॥
(ਸੋਰਠਿ ਮ: ੧, ਪੰਨਾ ੬੩੫)

ਨੂੰ ਗੁਰੂ ਕਰਕੇ ਮੰਨਿਆ, ਅਤੇ ਇਸ ਵਿਚ* 'ਸੁਰਤਿ' ਨੂੰ ਜੋੜਨ ਦੀ ਤਾਕੀਦ ਕੀਤੀ ਹੈ। ਦੇਹ-ਧਾਰੀ ਗੁਰੂ ਨਾਲੋਂ, ਜੀਵਨ-ਸੰਗ੍ਰਾਮ ਵਿਚ ਪੁੱਗੇ ਹੋਏ ਮਹਾਂਪੁਰਸ਼ਾਂ ਦਾ ਕਲਾਮ (ਸ਼ਬਦ) ਇਸ ਲਈ ਵੀ ਸ੍ਰੇਸ਼ਟ ਹੈ ਕਿ ਉਨ੍ਹਾਂ ਦੇ ਕਿਰਦਾਰ ਦੀ ਕਿਸ਼ਤੀ ਕੰਢੇ ਲੱਗ ਚੁੱਕੀ ਹੈ, ਜਦ ਕਿ ਇਹਨਾਂ ਜੀਉਂਦਿਆਂ ਦੀ ਅਜੇ ਜੀਵਨ-ਸਾਗਰ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀਆਂ ਲਹਿਰਾਂ ਦੇ ਥਪੇੜੇ ਖਾ ਰਹੀ ਹੁੰਦੀ ਹੈ। ਇਹੀ ਕਾਰਨ ਹੈ ਕਿ ਹਰੇਕ ਗੁਰੂ ਵਿਅਕਤੀ, ਆਪਣੇ ਤੋਂ ਪਹਿਲੇ ਹੋ ਵਿਚਰੇ ਸਤਿਗੁਰਾਂ ਦੀ 'ਗੁਰਬਾਣੀ' ਦਾ ਸਤਿਕਾਰ ਆਪਣੇ ਤੋਂ ਵੀ ਕਿਤੇ ਵੱਧ ਕਰਿਆ ਕਰਦੇ ਸਨ।

ਸਤਿਗੁਰੂ ਜੀ ਦਾ ਸਿਖ ਨੂੰ 'ਸ਼ਬਦ' ਦੇ ਲੜ ਲਾਉਣਾ ਕੋਈ ਮੂਲੋਂ ਹੀ ਨਵੀਂ ਜਾਂ ਅਲੋਕਾਰ ਗੱਲ ਨਹੀਂ ਸੀ। ਜੋ ਲੋਕ ਦੇਹ-ਧਾਰੀ ਗੁਰੂ ਜਾਂ ਉਨ੍ਹਾਂ ਦੇ ਅਨੁਜਾਈ, ਸਵਾਰਥ ਵੱਸ ਹੋ, ਇਤਨੇ ਜ਼ੋਰ ਨਾਲ ਸ਼ਬਦ-ਗੁਰੂ ਦਾ ਖੰਡਨ ਕਰਦੇ ਹਨ, ਜ਼ਰਾ ਗਹੁ ਨਾਲ ਵੀਚਾਰਨ ਕਿ ਵੇਦ, ਸ਼ਾਸਤਰ, ਅੰਜੀਲ, ਕੁਰਾਨ ਤੇ ਗੀਤਾ ਆਦਿ ਸਮੂਹ ਗ੍ਰੰਥ 'ਸ਼ਬਦ' ਰੂਪ ਵਿਚ ਹੀ ਸੰਬੰਧਤ ਪੈਗੰਬਰਾਂ, ਅਵਤਾਰਾਂ ਜਾਂ ਰਿਸ਼ੀਆਂ ਦੇ ਬਹੁਮੁੱਲੇ ਵੀਚਾਰਾਂ ਦਾ ਸੰਗ੍ਰਹਿ ਹਨ। ਸ਼ਾਮੀ ਮਤ-ਵਾਲਿਆਂ ਨੂੰ ਤਾਂ ਕਿਹਾ ਹੀ 'ਅਹਿਲਿ ਕਿਤਾਬ' (ਕਿਤਾਬ ਵਾਲੇ ਅਥਵਾ ਆਪਣੇ ਗ੍ਰੰਥ ਨੂੰ ਮੰਨਣ ਵਾਲੇ ਲੋਕ) ਜਾਂਦਾ ਹੈ। 'ਮਛਿੰਦ੍ਰ-ਗੋਰਖ ਪ੍ਰਬੋਧ' ਵਿਚ ਮਛਿੰਦਰ ਤੇ ਗੋਰਖ ਜੀ ਦਾ ਪ੍ਰਸ਼ਨੋਤ੍ਰ ਇਸ ਨੁਕਤੇ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ–

ਪ੍ਰਸ਼ਨ—ਗੋਰਖ : ਸੁਆਮੀ ! ਕੌਣ ਮੂਲ ਕੌਣ ਬੇਲਾ ॥
ਕੌਣ ਗੁਰੂ ਕੌਣ ਚੇਲਾ ॥
ਉੱਤਰ—ਮਛੰਦਰ : ਅਵਧੂ ! ਮਨ ਮੂਲ, ਪਵਨ ਬੇਲਾ ॥
ਸਬਦ ਗੁਰੂ, ਸੁਰਤਿ ਚੇਲਾ ।

---

*ਨਾਨਕ ਵੈਸਾਖੀ ਪ੍ਰਭੁ ਭਾਵੈ,
ਸੁਰਤਿ ਸਬਦਿ ਮਨੁ ਮਾਨਾ ॥ (ਤੁਖਾਰੀ ਮ: ੧, ਪੰਨਾ ੧੧੦੮)

ਜੇ ਸੋਚਿਆ ਜਾਵੇ ਤਾਂ ਦੇਹ-ਧਾਰੀ ਗੁਰੂ ਵੀ ਆਪਣੇ 'ਵੀਚਾਰ' ਅਥਵਾ 'ਉਪਦੇਸ਼' 'ਬਾਣੀ' ਜਾਂ 'ਸ਼ਬਦ' ਰਾਹੀਂ ਹੀ ਆਪਣੇ ਸਿੱਖਾਂ ਸੇਵਕਾਂ ਤਕ ਪਹੁੰਚਾਉਂਦੇ ਹਨ। ਉਨ੍ਹਾਂ ਨੂੰ ਵੀ ਅ ਖਰ ਆਸਰਾ 'ਸ਼ਬਦ' ਦਾ ਹੀ ਲੈਣਾ ਪੈਂਦਾ ਹੈ। ਹਰੇਕ ਦੇਹ-ਧਾਰੀ ਗੁਰੂ ਦਾ ਇਹ ਦਾਅਵਾ ਹੈ ਕਿ ਉਸ ਦਾ ਮੱਤ ਅਥਵਾ-ਸਿਧਾਂਤ ਸਾਰੇ ਸੰਸਾਰ ਦੇ ਜੀਵਾਂ ਲਈ ਕਲਿਆਨਕਾਰੀ ਹੈ। ਭਲਾ, ਜੇ ਉਸ ਦੀ ਸਿਖੀ ਸੇਵਕੀ ਘੱਟ ਤੋਂ ਘੱਟ ਸਾਡੇ ਸੰਸਾਰ (Universes) (ਹੁਣ ਵਿਗਿਆਨਿਕ ਖੋਜ ਤਾਂ ਹੋਰ ਅਰਬਾਂ ਖਰਬਾਂ ਬ੍ਰਹਮੰਡਾਂ (Universes) ਦਾ ਪਤਾ ਬਹੁ ਦੇਂਦੀ ਹੈ) ਦੇ ਕੋਨੇ ਕੋਨੇ ਤਕ ਫੈਲ ਜਾਵੇ, ਤਾਂ ਦੇਹ-ਧਾਰੀ ਗੁਰੂ ਹਰੇਕ ਸ਼ਿਸ਼ ਪਾਸ ਪਹੁੰਚ ਕੇ, ਦਰਸ਼ਨ ਦੀਦਾਰ ਕਿਵੇਂ ਦੇਵੇਗਾ ਤੇ ਕੰਨ ਵਿਚ "ਕੰਨਾ ਮੰਨਾ ਕੁਰ, ਤੂੰ ਮੇਰਾ ਚੇਲਾ ਤੇ ਮੈਂ ਤੇਰਾ ਗੁਰ" ਦਾ ਮੰਤ੍ਰ ਕਿਵੇਂ ਫੂਕੇਗਾ? ਅਸੰਭਵ! ਤਿੰਨ ਕਾਲ ਅਸੰਭਵ!!

ਸੋ, ਤੂੰ ਕਦੀ ਨਹੀਂ ਭੁਲਣਾ ਕਿ ਸ਼ਬਦ-ਗੁਰੂ ਵਾਲਾ ਵਿਗਿਆਨਿਕ ਤੇ ਵੀਚਾਰ-ਸ਼ੀਲ ਸਿਧਾਂਤ ਹੀ ਅਟੱਲ ਤੇ ਹੱਕੀ ਹੈ। ਬਾਕੀ ਹਨ ਸੁਆਰਥੀ ਆਗੂਆਂ ਤੇ ਉਨ੍ਹਾਂ ਦੇ ਭੋਲੇ ਸੇਵਕਾਂ ਦੀਆ ਕੂੜੀਆਂ ਗੱਲਾਂ ਤੇ ਥੋਥੇ ਦਾਅਵੇ।

(੪) ਤੇਰੇ ਲਈ ਹਦਾਇਤ ਹੈ ਕਿ ਤੂੰ 'ਪੂਜਾ ਅਕਾਲ ਕੀ', 'ਪਰਚਾ ਸ਼ਬਦ ਕਾ' ਤੇ 'ਦੀਦਾਰ ਖਾਲਸੇ ਕਾ' ਨੂੰ ਸਿਖੀ ਦੀ ਆਧਾਰ-ਸ਼ਿਲਾ ਮੰਨਣਾ ਤੇ ਬਣਾਉਣਾ ਹੈ, ਅਤੇ 'ਧਰਮ ਦੀ ਕਿਰਤ ਕਰਨ', 'ਨਾਮ ਜਪਣ' ਅਤੇ 'ਵੰਡ ਛਕਣ' ਨੂੰ ਸਿਖੀ ਦੇ ਮੁਖ ਅੰਗ। ਇਹ ਤੇਰੇ ਜੀਵਨ-ਰੱਥ ਨੂੰ ਪਾਸ ਨਹੀਂ ਪੈਣ ਦੇਣਗੇ। ਇਸ ਨਾਲ ਤੇਰਾ ਵਿਹਾਰ, ਅਹਾਰ, ਵੀਚਾਰ ਤੇ ਅਚਾਰ ਗੰਗਾ ਦੇ ਨੀਰ ਵਤ ਨਿਰਮਲ ਰਹੇਗਾ। ਮੰਦੇ ਅਹਾਰ ਨਾਲ ਤੇਰਾ ਦਿਲ ਵੀ ਗੰਦਾ ਹੋ ਜਾਵੇਗਾ ਤੇ ਇਸ ਦਾ ਮੰਦ-ਪ੍ਰਭਾਵ ਤੇਰੇ ਵਿਚਾਰ ਤੇ ਆਚਾਰ [ਚਲਣ] ਉਤੇ ਅਵੱਸ਼ ਪਵੇਗਾ। ਗੁਰੂ ਜੀ ਦਾ ਮਹਾਂਵਾਕ—"ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ" ਵੀ ਇਹੋ ਭਾਵ ਦ੍ਰਿੜ੍ਹਾਉਂਦਾ ਹੈ। ਸ਼ੇਖ ਸਾਅਦੀ ਵੀ ਇਸ ਵੀਚਾਰ ਨੂੰ ਇਉਂ ਅੰਕਿਤ ਕਰਦਾ ਹੈ:

ਪਰਾਗੰਦਾ* ਰੋਜ਼ੀ, ਪਰਾਗੰਦਾ ਦਿਲ ॥

ਇਹੀ ਕਾਰਣ ਹੈ ਕਿ ਗੁਰਬਾਣੀ ਵਿਚ ਹੱਕ ਹਲਾਲ ਦੀ ਕਮਾਈ ਦੀ ਇਤਨੀ ਮਹਿਮਾ ਗਾਈ ਗਈ ਹੈ।

ਐ ਗੁਰਸਿਖ ! ਗੁਰੂ ਵਲ ਸਨਮੁਖ ਰਹਿਣ ਲਈ ਤੂੰ ਸਵੈ-ਪੜਚੋਲ ਕਰਕੇ ਆਪੇ ਹੀ ਲੇਖਾ ਜੋਖਾ ਕਰ ਲੈ ਕਿ ਤੇਰੀ ਕਿਰਤ ਕਮਾਈ, ਭਾਈ ਲਾਲੋ ਦੀ ਕਿਰਤ ਕਮਾਈ ਨਾਲ ਮੇਲ ਖਾਂਦੀ ਹੈ ਜਾਂ ਮਲਕ ਭਾਗੋ ਦੇ ਪੂੜਿਆਂ ਨਾਲ ? ਕੀ ਤੂੰ ਬਹੁ ਪ੍ਰਪੰਚ ਦੁਆਰਾ ਧਨ ਇਕੱਤਰ ਕਰਕੇ, 'ਸੁਤ ਦਾਰਾ'† ਜਾਂ 'ਆਪਣੇ ਐਸ਼-ਇਸ਼ਰਤ' ਉਤੇ ਹੀ ਤਾਂ ਨਹੀਂ ਲੁਟਾ ਰਿਹਾ ?

(੫) ਤੈਨੂੰ ਉਪਕਾਰੀ ਸਤਿਗੁਰਾਂ ਨੇ 'ਰਹਤ' ਬਖਸ਼ੀ ਹੈ। ਤਨ ਦੀ ਵੀ ਤੇ ਮਨ ਦੀ ਵੀ। ਇਹ ਤੇਰੇ ਚਲਣ, ਚੱਜ ਆਚਾਰ ਲਈ ਇਕ ਵਾੜ ਹੈ। ਅੰਦਰਲੀ 'ਰਹਤ', ਬਾਹਰਲੀ 'ਰਹਤ' ਦੁਆਰਾ ਪ੍ਰਗਟ ਹੁੰਦੀ ਹੈ ਅਤੇ ਬਾਹਰਲੀ ਰਹਤ, ਅੰਦਰਲੇ ਸਿਦਕ, ਵਿਸ਼ਵਾਸ ਦਾ ਪ੍ਰਗਟਾਅ ਕਰਦੀ ਹੈ। ਅੱਜ ਕਲ੍ਹ ਤੂੰ ਬਾਹਰਲੀ ਰਹਤ ਤੋਂ ਕੁਝ ਵਧੇਰੇ ਬੇਜ਼ਾਰ ਦਿੱਸਦਾ ਹੈਂ, ਅਤੇ ਦਲੀਲ ਦੀ ਖਾਤਰ, ਦਲੀਲ ਇਹ ਦੇਂਦਾ ਹੈ ਕਿ ਸਿਖ ਤਾਂ ਦਿਲੋਂ ਹੋਣਾ ਹੈ, ਬਾਹਰਲੀ ਰਹਤ ਬਹਤ ਨਾਲ ਇਸ ਦਾ ਕੀ ਸੰਬੰਧ ? ਇਹ ਚੁਚਰ-ਬਾਜ਼ੀ ਇਸੇ ਤਰ੍ਹਾਂ ਹੈ ਜਿਸ ਤਰ੍ਹਾਂ ਕੋਈ ਇਹ ਕਹੇ ਕਿ ਮੈਂ ਫੌਜ, ਪੁਲਸ ਆਦਿ ਜਥੇਬੰਦੀ ਵਿਚ ਸ਼ਾਮਿਲ ਤਾਂ ਹੋਣਾ ਹੈ; ਪ੍ਰੰਤੂ, ਉਸ ਦੀ ਬਰਦੀ ਤੇ ਜ਼ਬਤ ਦੀ ਪਾਬੰਦੀ ਨਹੀਂ ਕਰਨੀ।

ਵੇਖ, ਕੁਦਰਤ ਦਾ ਸਾਰਾ ਪ੍ਰਬੰਧ ਕਿਸੇ ਜ਼ਬਤ [ਭੈ] ਤੇ ਸੂਤ ਵਿਚ ਚਲ ਰਿਹਾ ਹੈ। ਕਿਤੇ ਆਪ-ਹੁਦਰੀ ਨਹੀਂ। ਜੇ ਧਰਤੀ ਸੂਰਜ ਤੋਂ ਨੌਂ ਕ੍ਰੋੜ ਤੀਹ

---

*ਗੰਦੀ-ਜ਼ੋਰ, ਜਬਰ, ਬੇਈਮਾਨੀ ਨਾਲ ਕਮਾਈ ਰੋਜ਼ੀ ਨਾਲ ਆਤਮਾ ਵੀ ਗੰਦੀ [ਅਪਵਿਤਰ] ਹੋ ਜਾਂਦੀ ਹੈ। (ਜੈਸਾ ਅੰਨ, ਤੈਸਾ ਮਨ)।

†ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥ (ਕਬੀਰ ਸੋਰਠਿ, ਪੰਨਾ ੬੫੬)

ਲੱਖ ਮੀਲ ਦੀ ਵਿਥ ਉੱਤੇ ਹੋਣ ਦੇ ਕਾਰਨ ਸਾਢੇ ਅਠਾਰਾਂ ਮੀਲ ਪ੍ਰਤੀ ਸੈਕੰਡ ਚਲਦੀ ਹੈ ਤਾਂ ਪਲੂਟੋ, ਜੋ ਸੂਰਜ ਤੋਂ ਤਿੰਨ ਅਰਬ ਛਿਆਠ ਕ੍ਰੋੜ ਸੱਠ ਲੱਖ ਮੀਲ ਦੀ ਦੂਰੀ ਉਤੇ ਹੈ, ਕੇਵਲ ਤਿੰਨ ਮੀਲ ਫ਼ੀ ਸੈਕੰਡ ਚਲਦਾ ਅਤੇ ੨੪੯ ਸਾਲ ਵਿਚ ਸੂਰਜ ਦੇ ਗਿਰਦ ਇਕ ਚੱਕਰ ਪੂਰਾ ਕਰਦਾ ਹੈ। ਜੇ ਸੂਰਜ, ਧਰਤੀ ਅਥਵਾ ਹੋਰ ਤਾਰੇ ਜਾਂ ਹੋਰ ਤੱਤ, ਬੱਝੇ-ਜ਼ਬਤ ਵਿਚ ਨ ਰਹਿਣ ਤਾਂ ਸਭ ਪਾਸੇ ਤਤਛਿਨ ਪਰਲੋ ਆ ਜਾਵੇ।

ਵਾਸਤਵ ਵਿਚ ਪਾਬੰਦੀ ਅੰਦਰ ਰਹਿਣਾ ਹੀ ਆਜ਼ਾਦੀ ਦੀ ਵੱਡੀ ਸ਼ਰਤ ਹੈ। ਚੇਤੇ ਰੱਖਣ ਵਾਲੀ ਗੱਲ ਹੈ ਕਿ :

ਸ਼ਰਤਿ ਆਜ਼ਾਦੀ ਹੈ, ਆਜ਼ਾਦੀ ਕੀ ਕੁਛ ਪਾਬੰਦੀਆਂ।
ਇਨ ਕਾ ਜੋ ਪਾਬੰਦ ਹੈ, ਵੁਹ ਅਸਲ ਮੇਂ ਆਜ਼ਾਦ ਹੈ।

'ਕੇਸ਼ਾਂ' ਦੀ ਰਹਤ ਰਖਣ ਜਾਂ ਨ ਰਖਣ ਬਾਰੇ ਕੁਝ ਵਧੇਰੇ ਹੀ ਚਰਚਾ ਹੈ। ਅਸਲ ਵਿਚ ਕੇਸ਼ਾਂ ਦੀ ਰਹਿਤ ਸਬੰਧੀ ਕਿਸੇ ਉਚੇਚ ਜਾਂ ਤਰੱਦਦ ਦੀ ਲੋੜ ਨਹੀਂ, ਸਾਧਕ ਅਥਵਾ ਸਿਖ ਨੇ ਤਾਂ ਕੇਵਲ ਇਤਨਾ ਹੀ ਕਰਨਾ ਹੈ ਕਿ ਇਨ੍ਹਾਂ ਨੂੰ ਫ਼ੈਸ਼ਨ ਜਾਂ ਅਨੁਚਿਤ ਰੁਚੀਆਂ ਅਧੀਨ ਕਟਾਵੇ ਨਾ। ਫੇਰ, ਰਹਿਤ ਤਾਂ ਆਪੇ ਰਹਿ ਜਾਵੇਗੀ। ਜੇ ਕਿਸੇ ਦੇ ਘਰ ਕੋਈ ਬਾਲ ਹੋਵੇ ਤੇ ਉਹ ਉਸ ਨੂੰ ਜਿਵੇਂ ਹੈ, ਤਿਵੇਂ ਰਹਿਣ ਦੇਵੇ, ਤਾਂ ਵੱਡਾ ਹੋ ਕੇ ਉਹ ਸੁਤੇ ਸਿਧ ਹੀ ਸਿਖ ਅਥਵਾ ਸਕੇਸ਼ ਦਿਸ ਆਵੇਗਾ। ਫ਼ੈਸ਼ਨ : ਬਣਾਵਟ, ਝੂਠ ਤੇ ਛੋਛੇਪਨ ਦੀ ਨਿਸ਼ਾਨੀ ਹੈ, ਜਦ ਕਿ ਸਾਦਗੀ : ਸੱਚ, ਗੰਭੀਰਤਾ ਤੇ ਵਿਚਾਰਸ਼ੀਲਤਾ ਦੀ।

(੬) ਐ ਗੁਰਸਿਖ, ਤੂੰ ਘਟ ਤੋਂ ਘਟ ਦਿਨ ਵਿਚ ਦੋ ਵੇਲੇ ਅਰਦਾਸ ਵਿਚ ਉਹਨਾਂ ਗੁਰਮੁਖਾਂ, ਸੂਰਬੀਰਾਂ, ਸਿੰਘਾਂ ਸਿੰਘਣੀਆਂ ਦੀ ਕਮਾਈ ਦਾ ਸਦਕਾ, 'ਸਿਦਕ ਤੇ ਭਰੋਸੇ' ਲਈ ਜਾਚਨਾ ਕਰਦਾ ਹੈਂ, ਜਿਹਨਾਂ ਨੇ ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਤਨ ਚਿਰਵਾ ਲਏ, ਉਬਲਦੀਆਂ ਦੇਗਾਂ ਵਿਚ ਬੈਠੇ, ਚਰਖੜੀਆਂ ਉਤੇ ਚੜ੍ਹੇ, ਤੂੰਬਾ ਤੂੰਬਾ ਉਡਣਾ ਪਰਵਾਨ ਕਰ ਲਿਆ; ਪ੍ਰੰਤੂ, "ਸਿਖੀ ਸਿਦਕ ਕੇਸਾਂ ਸਵਾਸਾਂ ਨਾਲ

ਨਿਭਾਇਆ।" ਕੀ ਤੂੰ ਮਹਿਸੂਸ ਕਰਦਾ ਹੈਂ ਕਿ ਤੇਰਾ ਵੀ ਸਤਿਗੁਰੂ ਉਤੇ ਵੈਸਾ ਹੀ ਅਤੁੱਟ ਵਿਸ਼ਵਾਸ ਹੈ, ਪੂਰਨ ਸਿਦਕ ਹੈ। ਜੇ ਹੈ ਤਾਂ ਕੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਰਸ਼ੀ ਕਥਨ—

ਜਾਂਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥

ਅਨੁਸਾਰ ਤੇਰੇ ਹਿਰਦੇ ਵਿਚ ਗਿਆਨ ਦਾ ਪ੍ਰਗਾਸ ਹੈ ? ਕੀ ਤੈਨੂੰ 'ਸਤਿ', 'ਅਸਤਿ' ਦੀ ਸੋਝੀ ਪੈ ਚੁੱਕੀ ਹੈ ? ਤੂੰ ਗੁਰੂ ਦਾ ਸਿਖ ਏਂ ਤੇ ਤੈਨੂੰ ਇਹ ਵੀ ਪਤਾ ਹੋਵੇਗਾ ਕਿ ਸਿਖ ਦੀ ਤਾਰੀਫ ਕੀ ਹੈ। ਜੇ ਨਹੀਂ, ਤਾਂ ਆ, ਸੰਖੇਪਤਾ ਨਾਲ ਇਥੇ ਵਾਚੀਏ :

"ਸਿਖ ਉਹ ਹੈ ਜਿਸ ਦਾ ਸ੍ਰੀ ਅਕਾਲ ਪੁਰਖ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ—ਦਸਾਂ ਸਤਿਗੁਰਾਂ, ਉਨ੍ਹਾਂ ਦੀ ਬਾਣੀ, ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖੰਡੇ ਦੀ ਪਾਹੁਲ ਉਤੇ ਪੂਰਨ ਨਿਸਚਾ ਹੋਵੇ ਅਤੇ ਉਹ ਹੋਰ ਕਿਸੇ ਮੱਤ ਨੂੰ ਨ ਮੰਨਦਾ ਹੋਵੇ।"

ਹੋਰ ਸੁਣ, ਸਿਖ ਤਾਂ ਹੈ ਹੀ ਉਹ ਜੋ ਸਬਰ ਸਿਦਕ ਦਾ ਪੁਤਲਾ ਹੋਵੇ। ਵੇਖ ਭਾਈ ਗੁਰਦਾਸ ਜੀ ਇਸ ਨੁਕਤੇ ਨੂੰ ਸਮਝਣ ਵਿਚ ਤੇਰੀ ਕਿਵੇਂ ਸਹਾਇਤਾ ਕਰਦੇ ਹਨ :

ਮੁਰਦਾ ਹੋਇ ਮੁਰੀਦ, ਨ ਗੱਲੀਂ ਹੋਵਣਾ ॥
ਸਾਬਰ, ਸਿਦਕ, ਸ਼ਹੀਦ, ਭਰਮ ਭਉ ਖੋਵਣਾ ॥...

ਸਿਆਣਿਆਂ ਦਾ ਕਥਨ ਹੈ : 'ਸਿਦਕ ਦੇ ਬੇੜੇ ਪਾਰ ਹੁੰਦੇ ਹਨ।' ਤੂੰ ਵੀ ਉਠ, ਸੰਭਲ ਅਤੇ ਦੇਹ ਸਿਦਕ ਦੀ ਫੀਸ ਕਲਗੀਆਂ ਵਾਲੇ ਪਾਤਸ਼ਾਹ ਨੂੰ, ਤਿਆਗ ਦੇਹ ਬੇ-ਪ੍ਰਤੀਤੀ ਤੇ ਮਨ ਦੇ ਵਿਸਵਿਸੇ, ਫੇਰ ਪਾਤਸ਼ਾਹ ਆਪ ਕ੍ਰੂੜ*

*ਚਰਨ ਸਰਨ ਗੁਰ ਏਕ ਪੈਂਡ ਜਾਇ ਚਲ।
ਸਤਿਗੁਰ, ਕੋਟ ਪੈਂਡ ਆਗੈ ਹੋਇ ਲੇਤ ਹੈ। (ਭਾਈ ਗੁਰਦਾਸ)

ਕਦਮ ਅਗੇ ਹੋ ਕੇ ਤੈਨੂੰ ਗਲਵਕੜੀ ਵਿਚ ਲਵੇਗਾ, ਤੇਰੀ ਸੰਭਾਲ ਕਰੇਗਾ, ਤੇਰੇ ਕਾਜ ਕਿਰਤ ਲਈ ਉਹ ਆਪ ਉੱਠ ਧਾਵੇਗਾ*।

ਉਸ ਦਾ ਬਿਰਦ †ਭਗਤ-ਵਛਲ ਹੈ। ਉਹ ਆਪੇ ਇਸ ਬਿਰਦ ਨੂੰ ਪਿਆ ਪਾਲੇਗਾ। ਜੀਵਨ ਸਫ਼ਰ ਵਿਚ ਸਿਦਕ ਦੀ ਫ਼ੀਸ ਤਾਰਨ ਉਪ੍ਰੰਤ ਤੂੰ ਬੇਸ਼ਕ ਨਿਸਚਿੰਤ ਹੋ, ਸੌਂ ਰਹੀਂ, ਬਾਂਹ ਸਿਰਹਾਣੇ ਦੇ ਕੇ, ਪੂਰੀ ਬੇਫ਼ਿਕਰੀ ਨਾਲ; ਕਾਮ ਕ੍ਰੋਧ ਆਦਿ ਚੋਰ ਉੱਚਕਿਆਂ ਵਲੋਂ। ਵੇਖ, ਇਕ ਨਾਮੀ ਸ਼ਾਇਰ ਤੈਨੂੰ ਸਿਦਕੀ ਹੋਣ ਲਈ ਕਿਵੇਂ ਪ੍ਰੇਰਨਾ ਦਿੰਦਾ ਹੈ :-

ਸੁਨ; ਐ ਤਹਜ਼ੀਬਿ ਹਾਜ਼ਰ ਕੇ ਪ੍ਰਸਤਾਰ।
ਗੁਲਾਮੀ ਸੇ ਬੱਦ ਤਰ ਹੈ ਬੇ ਯਕੀਨੀ। (ਇਕਬਾਲ)

(ਭਾਵ—ਐ ਨਵੀਂ ਸਭਯਤਾ ਦੇ ਪੁਜਾਰੀ (ਮੁਦੱਈ)! ਸੁਣ : ਬੇਭਰੋਸਗੀ (ਸਿਦਕ-ਹੀਣਤਾ) ਗੁਲਾਮੀ ਨਾਲੋਂ ਮਾੜੀ ਤੇ ਬੁਰੀ ਹੈ)।

(੭) ਅੰਤ ਵਿਚ ਇਕ ਅਤਿਅੰਤ ਜ਼ਰੂਰੀ ਤੇ ਸੂਖਮ ਮਸਲੇ ਵਲ ਤੈਨੂੰ ਰੁੱਚਿਤ ਕਰਦਾ ਹਾਂ। ਸਿੱਖ ਸਤਿਗੁਰੂਆਂ ਨੇ ਅਤਿ ਨਿਰਮਾਣਤਾ ਨਾਲ ਜੀਵਨ-ਗੁੰਝਲਾਂ ਨੂੰ ਖੋਲ੍ਹਿਆ ਅਤੇ ਜੀਵਨ ਜੁਗਤੀ ਦੱਸੀ ਹੈ। ਉਹ ਅਕਾਲ‡ ਰੂਪ ਤੇ ਗੋਬਿੰਦ ਰੂਪ[] ਹੁੰਦਿਆਂ ਸੁੰਦਿਆਂ ਵੀ ਆਪਣੇ ਆਪ ਨੂੰ ਸੰਤਾਂ ਸਾਧਾਂ ਅਤੇ ਰੱਬ ਦੇ ਚਾਕਰਾਂ ਤੇ ਸੇਵਕਾਂ ਦੇ ਪੈਰਾਂ ਦੀ ਧੂੜ ਬਣਨ ਵਿਚ ਮਾਨ

---

*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾਂ ਤਹਾਂ ਉਠਿ ਧਾਵੈ ॥
(ਆਸਾ ਮ: ੫, ਪੰਨਾ ੪੦੩)

†ਭਗਤਿ ਵਛਲੁ ਹਰਿ ਬਿਰਦੁ, ਲਾਜ ਰਖਾਇਆ ॥
(ਮ: ੪, ਪੰਨਾ ੪੪੯)

‡ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
(ਭਾਈ ਗੁਰਦਾਸ)

[]ਗੁਰ ਨਾਨਕ ਦੇਵ: ਗੋਵਿੰਦ ਰੂਪ।
(ਬਸੰਤ ਮ: ੫, ਪੰਨਾ ੧੧੯੨)

ਵਡਿਆਈ ਮਹਿਸੂਸਦੇ ਹਨ। *ਪ੍ਰਭੂ ਦੇ ਦਾਸ, †ਸ਼ਾਇਰ ਤੇ ‡ਢਾਢੀ ਅਖਵਾਣ ਵਿਚ ਵੀ ਫਖਰ ਸਮਝਦੇ ਹਨ। ਸਗੋਂ, "ਨੀਚਾ ਅੰਦਰ() ਨੀਚ ਜਾਤਿ" ਹੋਣ ਵਿਚ ਸੰਤੁਸ਼ਟ ਹਨ। ਜੇ ਕੋਈ "ਬੇਤਾਲਾ" ਤੇ ਭੂਤਨਾ[] ਵੀ ਕਹਿ ਦੇਂਦਾ ਹੈ ਤਾਂ ਗੁੱਸਾ ਗਿਲਾ ਨਹੀਂ ਕਰਦੇ। "ਪ੍ਰੇਮ"** ਨੂੰ ਪ੍ਰਭੂ ਪ੍ਰਾਪਤੀ ਦਾ ਸਭ ਤੋਂ ਵੱਡਾ ਵਸੀਲਾ ਕਰਾਰ ਦਿੰਦੇ ਹਨ। "ਮਿੱਠਤ"o ਨੂੰ ਸਾਰਿਆਂ ਗੁਣਾਂ ਦਾ ਤੱਤ ਮਿੱਥਦੇ ਹਨ। ਉਹ ਸਿਦਕੀ ਸਿੱਖ ਲਈ ਨ ਕੇਵਲ ਬੇਕਰਾਰ ਹੀ ਹਨ, ਸਗੋਂ, ਉਸ ਲਈ ਆਪਾ ਤੇ ਸਰਬੰਸ ਵਾਰਨੋਂ ਵੀ ਸੰਕੋਚ ਨਹੀਂ ਕਰਦੇ। ਐਸੇ ਗੁਣ-ਨਿਧਾਨ ਸਤਿਗੁਰੂਆਂ ਨੂੰ ਪ੍ਰਾਪਤ ਕਰਨਾ ਈ' ਤਾਂ ਤੂੰ ਵੀ ਭਾਈ ਨੰਦ ਲਾਲ ਜੀ ਦਾ ਇਹ ਮਸ਼ਵਰਾ ਦਿਲ ਤੇ ਜਾਨ ਨਾਲ ਸੁਣ, ਤੇ ਘੁੱਟ ਕੇ ਪੱਲੇ ਬੰਨ੍ਹ :-

'ਜਾਂ ਅੱਗਰ ਹਸਤ, ਨਸਾਰਿ ਕਦਮਿ ਜਾਨਾ ਕੁਨ।
ਦਿਲ ਬਦਿਲਹਾਰ ਬਦੇਹ; ਤਾਂ ਤੋ ਦਿਲਦਾਰ ਸ਼ਵੀ।

---

*ਮੈਂ ਹੂ ਪਰਮ ਪੁਰਖ ਕਾ ਦਾਸਾ ॥ ਦੇਖਨ ਆਇਓ ਜਗਤ ਤਮਾਸਾ ॥
(ਦਸਮੇਸ਼ ਜੀ)

†ਨਾਨਕ ਸ਼ਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥
(ਧਨਾਸਰੀ ਮਹਲਾ ੧, ਪੰਨਾ ੬੬੦)

‡ਹਉ ਢਾਢੀ ਵੇਕਾਰੁ ਕਾਰੈ ਲਾਇਆ ॥ (ਮਾਝ, ੧੫੦, ਮ: ੧)

()ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆਂ ਸਿਉਂ ਕਿਆ ਰੀਸ ॥
(ਸ੍ਰੀ ਰਾਗ-੧੫, ਮਹਲਾ ੧)

[]ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ, ਨਾਨਕੁ ਵੇਚਾਰਾ ॥ (ਮਾਰੂ ੯੯੧, ਮ: ੧)

**ਸਾਚ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥
(ਸੁਧਾ ਸਵਯੇ)

(ਬਾਕੀ ਅਗਲੇ ਸਫੇ ਤੇ)

ਭਾਵ–ਜੇ ਜ਼ਿੰਦਗੀ ਰਖਦਾ ਹੈਂ (ਤਾਂ ਉਸਨੂੰ) ਮਿੱਤਰ (ਸਤਿਗੁਰ) ਦੇ ਚਰਨਾਂ ਤੋਂ ਕੁਰਬਾਨ ਕਰ ਦੇਹ। ਇਹ ਦਿਲ ਪਿਆਰੇ ਸਤਿਗੁਰੂ ਨੂੰ ਅਰਪਨ ਕਰ ਦੇਣ ਨਾਲ ਤੂੰ ਖੁਦ ਸਤਿਗੁਰੂ ਦਾ ਦਿਲਦਾਰ (ਪਿਆਰਾ) ਹੋ ਜਾਵੇਂਗਾ।''

ਗੁਰਵਾਕ ਹੈ–'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ,
ਹੁਕਮਿ ਮੰਨਿਐ ਪਾਈਐ ॥ (ਅਨੰਦ)

(੮) ਇਹ ਵੀ ਚੇਤੇ ਰੱਖੀਂ ਕਿ ਭੁਲੇ ਭਟਕੇ ਜੀਵਾਂ ਨੂੰ ਗੁਰਮਤਿ ਦੇ ਗਾਡੀ ਰਾਹੇ ਪਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਆਦਿ ਗੁਰੂ ਜੋਤੀਆਂ ਰੋਜ਼ ਰੋਜ਼ ਸੰਸਾਰ ਵਿਚ ਪ੍ਰਗਟ ਨਹੀਂ ਹੁੰਦੀਆਂ। ਤੇਰਾ ਇਹ ਸੁਭਾਗ ਹੈ ਕਿ ਤੈਨੂੰ ਗੁਰਬਾਣੀ ਤੇ 'ਬਾਬਾਣੀਆਂ ਕਹਾਣੀਆਂ' ਦੁਆਰਾ ਰਬ-ਵਰਗੇ ਰਹਿਬਰਾਂ ਦੀ ਰਹਿਬਰੀ ਪ੍ਰਾਪਤ ਹੋਣੀ ਹੈ। ਵੇਖ, ਭਾਈ ਨੰਦ ਲਾਲ ਜੀ 'ਗੋਇਆ' ਐਸੇ ਬਾਰੇ ਮਹਾਂ ਪੁਰਸ਼ਾਂ ਕਿਸ ਹਕੀਕਤ ਦਾ ਪ੍ਰਗਟਾਵਾ ਕਰਦੇ ਹਨ :–

ਦਰ ਦਹਰ ਮਰਦਾਨਿ ਹਕ, ਆਮਦਾਅੰਦ।
ਬਰ ਗੁਮਸ਼ੁਦਗਾਂ, ਰਾਹਨੁਮਾ, ਆਮਦਾਅੰਦ।
'ਗੋਯਾ' ਅਗਰ ਈਂ ਚਸ਼ਮਿ ਤੋਂ ਮੁਸ਼ਤਾਕਿ ਖੁਦਾਸਤ।
ਮਰਦਾਨਿ ਖੁਦਾ, ਖੁਦਾ ਨੁਮਾ, ਆਮਦਾਅੰਦ।
(ਰੁਬਾਈ ਦੀਵਾਨਿ ਗੋਇਆ 'ਚੋਂ)

(ਪਿਛਲੇ ਫੁਟ ਨੋਟ ਦੀ ਬਾਕੀ)

०(ੳ) ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ॥
(ਮ: ੧, ਆਸਾ ਦੀ ਵਾਰ)

(ਅ) It is pride that changed angels into devils, it is humility that makes men as angels. (Augustine) ਅਰਥ–ਹਉਮੈਂ, ਹੰਕਾਰ ਨੇ ਫਰਿਸ਼ਤਿਆਂ, ਨੂੰ ਸ਼ੈਤਾਨਾਂ ਵਿਚ ਬਦਲ ਦਿਤਾ ਸੀ, ਜਦ ਕਿ ਨਿਮਰਤਾ ਆਦਮੀਆਂ ਨੂੰ ਦੇਵਤੇ ਬਣਾ ਦਿੰਦੀ ਹੈ।

(ਅਰਥ–[ਇਸ] ਦੁਨੀਆਂ ਵਿਚ ਰੱਬ ਦੇ ਬੰਦੇ, ਰਾਹੋਂ ਭਟਕਿਆਂ ਨੂੰ ਰਾਹ ਵਿਖਾਉਣ ਆਉਂਦੇ ਹਨ। 'ਗੋਇਆ', ਜੇ ਤੇਰੀ ਇਹ ਅੱਖ ਪ੍ਰਭੂ ਦੀਦਾਰ-ਲਈ ਸ਼ੌਕ ਰਖਦੀ ਹੈ, [ਤਾਂ ਤੂੰ ਵੇਖੇਂਗਾ ਕਿ] ਰੱਬ ਦੇ ਬੰਦੇ, ਰੱਬ ਦਾ ਰੂਪ ਹੀ ਆਏ ਹਨ।)

(੯) ਅੰਤ ਵਿਚ : ਕਲਗੀਆਂ ਵਾਲੇ ਅਦੁੱਤੀ ਸਤਿਗੁਰੂ ਦੇ ਮੁਸਤਾਕ, 'ਗੋਯਾ' ਜੀ, ਜਿਸ ਸਿਦਕ ਪਿਆਰ ਤੇ ਪ੍ਰਤੀਤ ਦਾ ਜ਼ਿਕਰ ਦੀਵਾਨਿ 'ਗੋਯਾ' ਵਿਚ ਕਰਦੇ ਹਨ; ਅਸੀਂ ਉਸ ਨੂੰ 'ਤੇਰੇ' ਲਾਭ ਤੇ ਸਦੀਵੀ ਅਗਵਾਈ ਲਈ ਅੰਕਿਤ ਕਰਦੇ ਹੋਏ ਇਸ ਸੰਖਿਪਤ ਚੇਤਾਵਨੀ ਨੂੰ ਹਿਰਦੇ ਰੂਪੀ ਤਖਤੀ ਉਤੇ ਸਦੀਵ ਕਾਲ ਲਈ ਉਕਰੇ ਜਾਣ ਦੀ ਲਾਲਸਾ ਨਾਲ ਸਮਾਪਤ ਕਰਦੇ ਹਾਂ :-

ਮਬਰ, ਐ ਬਾਦ, ਖ਼ਾਕਮ, ਅਜ਼ ਦਰਿ ਦੋਸਤ ॥
ਦੁਸ਼ਮਨਮ ਸਰ ਜ਼-ਨਦ, ਕਿ ਹਰਿਜਾਈਸਤ ॥ (ਸਾਚੀ ਪ੍ਰੀਤਿ 'ਚੋਂ)

(ਭਾਵ–ਐ ਹਵਾ, [ਮੇਰੇ ਮਨ ਪਿਛੋਂ] ਮੇਰੇ ਮਿੱਤਰ [ਸ੍ਰੀ ਗੁਰੂ ਗੋਬਿੰਦ ਸਿੰਘ ਜੀ] ਦੇ ਦਰ ਤੋਂ ਮੇਰੀ ਖਾਕ ਵੀ ਕਿਧਰੇ ਉਡਾ ਕੇ ਨ ਲਿਜਾਵੀਂ, ਜੇ ਤੂੰ ਅਜੇਹਾ ਕੀਤਾ ਤਾਂ ਮੇਰੇ ਦੁਸ਼ਮਨ ਮੈਨੂੰ ਇਹ ਤਾਅਨਾ ਦੇਣਗੇ ਕਿ ਮੈਂ ਥਾਂ ਥਾਂ ਪ੍ਰੀਤਾਂ ਪਾਉਣ ਵਾਲਾ ਹਰਜਾਈ ਸਾਂ।

*ਇਕ ਚੇਤਾਵਨੀ ਭਗਤ ਕਬੀਰ ਜੀ ਵੀ ਦੇਂਦੇ ਹਨ :-

'ਕਬੀਰ, ਇਹ ਚੇਤਾਵਨੀ, ਮਤ ਸਹਸਾ ਰਹਿ ਜਾਇ ॥
ਪਾਛੇ ਭੋਗ ਜੁ ਭੋਗਵੇ, ਤਿਨ ਕੋ ਗੁੜੁ ਲੈ ਖਾਹਿ ॥ (ਸਲੋਕ ੧੩੬੯)

ਯਾਦ ਰੱਖੀਂ, ਜੇ ਮੇਰੇ ਦਿਲ ਦੀਆਂ ਗਹਿਰਾਈਆਂ ਵਿਚੋਂ ਨਿਕਲੇ ਉਪ੍ਰੋਕਤ ਸ਼ਬਦ ਤੈਨੂੰ ਗਫਲਤ ਤੇ ਲਾਪਰਵਾਹੀ ਦੀ ਮਾਰੂ ਨੀਂਦ ਤੋਂ ਹਲੂਣ ਕੇ ਆਪਣੇ ਅਸਲੇ ਤੇ ਖਾਲਸਈ ਕਰਤਵ ਵਲ ਸਾਵਧਾਨ ਨ ਕਰ ਸਕੇ ਤਾਂ

---

*ਕਬੀਰ ਜੀ ਦੀ ਇਹ ਚੇਤਾਵਨੀ ਚੇਤੇ ਰੱਖ, ਮਤਾਂ ਭੁਲੇਖੇ ਵਿਚ ਤਾਂ ਹੁਣ ਤਕ ਜੋ ਭੋਗ ਭੋਗੇ ਹਨ, ਉਹਨਾਂ ਦਾ ਇਕ ਭੋਰਾ ਭਰ ਗੁੜ ਲੈ ਕੇ ਦਸ, ਭਾਵ ਸਭ ਬੇਅਰਥ ਹਨ।

ਮੈਂ, ਜਿਥੇ ਆਪਣੀ ਨ-ਅਹਿਲਤਾ (ਅਯੋਗਤਾ) ਉਤੇ ਝੂਰਾਂਗਾ, ਉਥੇ, ਉਸੇ ਤਿਹਾਏ ਅਭਾਗੀ ਮਨੁੱਖ ਵਾਂਗ ਤੇਰੇ ਵੀ ਵੱਡੇ ਦੁਰਭਾਗ ਸਮਝਾਂਗਾ, ਜੋ ਗੁਰੂ-ਸਾਗਰ ਦੇ ਅੰਮ੍ਰਿਤ-ਕੁੰਡ-ਕੰਢੇ ਖੜਾ, ਤੇਹ ਨਾਲ ਦਮ ਤੋੜ ਰਿਹਾ ਹੋਵੇ।

ਦੁਆ ਹੈ ਕਿ ਸੱਚਾ ਪਾਤਸ਼ਾਹ ਤੇਰੀ ਬਹੁੜੀ ਕਰੇ ਤੇ ਤੂੰ ਭਾਗਸ਼ਾਲੀ ਥੀਵੇਂ, ਅਤੇ ਇਹ ਹਕੀਕਤ ਤੈਨੂੰ ਸਦਾ ਟੁੰਬਦੀ ਤੇ ਹਲੂਣਦੀ ਰਹੇ।

(ੳ) ਸਕੂੰਨਿ ਬੇਕਰਾਰੀ ਮੌਤ ਕਾ ਪੈਗਾਮ ਹੈ, ਗੁਰਸਿੱਖ !
ਕਿ ਦਿਲ ਕੀ ਧੜਕਨੋਂ ਜ਼ਿੰਦਗਾਨੀ ਨਾਮ ਹੈ, ਗੁਰਸਿੱਖ !

(ਅ) ਅਗਰ ਖੋ ਗਿਆ ਇਕ ਨਸ਼ੀਮਨ ਤੋ ਕਿਆ ਗ਼ਮ,
ਮਕਾਮਾਤਿ ਆਹੋ ਫ਼ੁਗਾਂ ਔਰ ਭੀ ਹੈਂ।
ਤੂ ਸ਼ਾਹੀਂ ਹੈਂ ਪਰਵਾਜ਼ ਹੈ ਕਾਮ ਤੇਰਾ,
ਤੇਰੇ ਸਾਹਮਣੇ ਆਸਮਾਂ ਔਰ ਭੀ ਹੈਂ। (ਇਕਬਾਲ)

(ੲ) ਇਲਮ ਕੀ ਹਦ ਸੇ ਪਰੇ ਬੰਦਾਇ ਮੋਮਨ ਕੇ ਲੀਏ,
ਲੱਜ਼ਤਿ ਸ਼ੌਕ ਭੀ ਹੈ, ਨੇਅਮਤਿ ਦੀਦਾਰ ਭੀ ਹੈ। (ਇਕਬਾਲ)

ਉੱਠੋ ਗੁਰ ਕੇ ਸਿੱਖੋ !

ਉੱਠੋ ਗੁਰ ਕੇ ਸਿੱਖੋ, ਉੱਠੋ ੧ਜਾਂ-ਨਿਸਾਰੋ।
ਗੁਰੂ ਕੇ ੨ਫ਼ਲਕ ਪੇ ਚਮਕਤੇ ਸਿਤਾਰੋ।
ਹੈ ੩ਨਗ਼ਮਾਏ ਤੌਹੀਦ, ਜੁ ਨਾਨਕ ਗੁਰੂ ਕਾ,
ਵੁਹ ਘਰ ਘਰ ਮੇਂ ਪਹੁਚਾਓ, ਗੁਰ ਕੇ ਪਿਆਰੋ।
ਜੋ ਗਾਇਆ ਥਾ ਨਾਨਕ ਨੇ ਨਾਦਿ ਅਲਾਹੀ,
ਵੁਹ ਮਨ ਮੇ ਬਸਾ ਕਰ, ਦੋ ਆਲਮ ਕੋ ਤਾਰੋ।
ਇਨਸਾਂ ਕੋ ਹੈਂ ਜਿ ਜੋ ਇਨਸਾਂ ਸੇ ਝਗੜੇ,
ਵੁਹ ੪ਅਜ਼ਲੀ ਮੁਹੱਬਤ ਕੇ ਨੁਸਖੇ ਸੇ ਜਾਰੋ।
ਨਹੀਂ ਇਸ ਸੇ ਬੜ੍ਹ ਕਰ ਇਬਾਦਤ ਜਹਾਂ ਮੇਂ,
ਨਾਨਕ ਕੇ "ਏਕੇ" ਕੋ ਹਿਰਦੇ ਮੇਂ ਧਾਰੋ।
ਕਹਾਂ ਕੋਈ ੫ਮੁਰਸ਼ਦ ਹੂਆ ਉਸ ਸੇ ਆਲਾ,
੬ਪਰਚਮ ਗੁਰੂ ਕਾ ਫ਼ਲਕ ਪੇ ਉਭਾਰੋ।
ਜੁ ਖ਼ੁਦਾ ਸੇ ਮਿਲਾਏ, ੭ਖ਼ੁਦੀ ਵੋਹ ਮੁਬਾਰਿਕ,
ਜੋ ਅਰਸ਼ੋਂ ਗਿਰਾਏ, ਖ਼ੁਦੀ ਵੋਹ ਨ ਧਾਰੋ।
ਜੋ ਮਾਰੇ ਖ਼ੁਦੀ ਕੋ ਵੁਹ ਖ਼ੁਦ ਕੋ ਹੈ ਮਿਲਤਾ,
੭ਖ਼ੁਦੀ ਜਿ: ਪਿਆਰੋ, ੮ਖ਼ੁਦੀ ਵੋਹ ਬਿਸਾਰੋ।
ਜਿ: ਦੰਭੀ, ਜਿ: ਭੇਖੀ, ਜਿ: ਬਹੁ-ਰੂਪ ਧਾਰੀ,
ਇਨ ਕੇ ਸ਼ਿਕੰਜੇ ਸੇ ਮਾਨਵ ਉਧਾਰੋ।
ਬਦਲ ਦੋ ਜਿ: ਦੁਨੀਆ ਗੁਰੂ ਕੇ ਸ਼ਬਦ ਸੇ,
ਜੋ ਅਹਿਸਾਂ ਗੁਰੂ ਕਾ, ਯੂੰ ਸਰ ਸੇ ਉਤਾਰੋ।

(ਹਰਿਭਜਨ ਸਿੰਘ)

੧ਜਾਨ ਕੁਰਬਾਨ ਕਰਨ ਵਾਲਿਓ। ੨ਆਕਾਸ਼। ੩ਇਕ ਓਅੰਕਾਰ ਦਾ ਗੀਤ। ੪ਮੁੱਢ ਕਦੀਮੀ। ੫ਗੁਰੂ, ਪੀਰ। ੬ਝੰਡਾ। ੭ਅਣਖ, ਗੌਰਵਤਾ। ੮ਹਉਮੈਂ।

"ਸਚੁ ਸਭਨਾ ਹੋਇ ਦਾਰੂ"

ਮਨੁੱਖ ਦੀ ਮਨੋ-ਵਿਗਿਆਨਕ ਬਣਤਰ ਬਾਰੇ ਕੋਈ ਵੀਚਾਰ-ਦਰਸ਼ਨ ਵੀ ਉਤਨਾ ਚਿਰ ਸੰਪੂਰਨ ਨਹੀਂ ਕਿਹਾ ਜਾ ਸਕਦਾ, ਜਿਤਨਾ ਚਿਰ ਉਹ ਇਸ ਦੇ ਸੁਭਾ ਵਿਚ ਵਰਤ ਰਹੇ ਬਦੀ ਦੇ ਅੰਸ਼ ਨੂੰ ਵੀ, ਵੀਚਾਰ-ਅਧੀਨ ਨਹੀਂ ਲਿਆਉਂਦਾ। ਪਾਪ ਤੇ ਪੁੰਨ ਇੱਕੋ ਹੀ ਤਸਵੀਰ ਦੇ ਦੋ ਪਾਸੇ ਹਨ। ਜੀਵਨ-ਸੰਘਰਸ਼ ਅਤੇ ਸੰਸਾਰ ਦੀ ਤੋਰ ਲਈ ਇਨ੍ਹਾਂ ਦੋਹਾਂ ਵਿਰੋਧੀ ਭਾਵਾਂ ਦਾ ਮੇਲ ਇਵੇਂ ਹੀ ਕੁਦਰਤੀ ਪ੍ਰਤੀਤ ਹੁੰਦਾ ਹੈ, ਜਿਵੇਂ ਕੁਦਰਤ ਵਿਚ ਜਲ-ਅਗਨੀ ਦੀ ਸਾਂਝ*।

ਮਨੁੱਖ, ਆਦਿ ਕਾਲ ਤੋਂ ਹੀ, 'ਬੁਰਾਈ' ਨਾਲ ਵੱਡਾ ਘੋਲ ਘੁਲਦਾ ਆ ਰਿਹਾ ਹੈ। ਪੁਰਾਤਨ ਸਾਖੀਆਂ, ਦੇਵਤਿਆਂ ਤੇ ਦੈਂਤਾਂ ਦੇ ਆਪੋ ਵਿਚ ਦੇ ਜੁੱਧ-ਜੰਗ ਤੇ ਅੰਜੀਲ ਅਨੁਸਾਰ ਮੁੱਢਲੇ ਮਨੁੱਖ ਦਾ ਆਪਣੇ ਰਚਨਹਾਰੇ ਦੀ ਅਵੱਗਿਆ ਕਰਨ ਦੇ ਅਪਰਾਧ ਵਿਚ ਸੁਰਗੋਂ ਕਢੇ ਜਾਣਾ, ਬੁਰਾਈ ਦੀ ਹੋਂਦ ਨੂੰ ਆਦੀ ਦਰਸਾਉਂਦਾ ਹੈ। ਹਰੇਕ ਮੱਤ ਨੇ ਇਸ ਨੂੰ ਇਕ ਜਾਂ ਦੂਜੀ ਸ਼ਕਲ ਵਿਚ ਸਵੀਕਾਰ ਕੀਤਾ ਹੈ। ਕਿਸੇ ਨੇ ਇਸ ਦਾ ਨਾਉਂ 'ਮਾਇਆ' ਰੱਖ ਲਿਆ ਹੈ ਕਿਸੇ ਨੇ 'ਸ਼ੈਤਾਨ' ਤੇ ਕਿਸੇ ਨੇ ਅਹਿਰਮਨ।

ਸਾਰੇ ਫਲਸਫੇ, ਸਿਧਾਂਤਕ ਤੌਰ ਉਤੇ, ਇਸ ਗੱਲ ਉਤੇ ਸਹਿਮਤ ਹਨ ਕਿ ਪੁੰਨ ਤੇ ਪਾਪ ਜ਼ਿੰਦਗੀ ਵਿਚ ਧੁੱਪ ਤੇ ਛਾਂ ਦੀ ਨਿਆਂਈਂ ਇਕ ਦੂਜੇ ਦੀ ਹੋਂਦ ਨੂੰ ਚਮਕਾਉਣ ਹਿਤ ਜ਼ਰੂਰੀ ਹਨ। ਅਸਲ ਵਿਚ ਰੋਸ਼ਨੀ ਦੀ ਨਿਆਂਈਂ,

---

*ਪਉਣੁ ਉਪਾਇ ਧਰੀ ਸਭ ਧਰਤੀ, ਜਲ ਅਗਨੀ ਕਾ ਬੰਧੁ ਕੀਆ ॥
(ਆਸਾ ਮ: ੧, ਪੰਨਾ ੩੫੦)

ਹੋਂਦ ਤਾਂ ਕੇਵਲ 'ਸੱਚ' ਦੀ ਹੀ ਹੈ; ਪ੍ਰੰਤੂ, ਇਸ ਨੂੰ ਇਸ ਦੇ ਵਿਰੋਧੀ ਗੁਣ ਤੋਂ ਬਿਨਾਂ ਅਨੁਭਵ ਜਾਂ ਪ੍ਰਕਾਸ਼ ਕਰ ਸਕਣਾ ਸੰਭਵ ਨਹੀਂ। ਬੁਰਾਈ, ਅਸਲ ਵਿਚ, ਚੰਗਿਆਈ ਦੀ ਘਾਟ ਜਾਂ ਪ੍ਰਗਟ ਰੂਪ ਵਿਚ ਅਲੋਪਤਾ ਦਾ ਨਾਮ ਹੈ। ਇਹ ਵਿਰੋਧੀ ਪੱਖ ਇਕ ਨਹੀਂ, ਅਨੇਕ ਰੂਪਾਂ ਰੰਗਾਂ ਵਿਚ ਵੇਖਣ ਵਿਚ ਆਉਂਦਾ ਹੈ। ਜ਼ਿੰਦਗੀ ਤੇ ਮੌਤ, ਧੁੱਪ ਤੇ ਛਾਂ, ਦਿਨ ਤੇ ਰਾਤ ਪ੍ਰਗਟ ਕਰਦੇ ਹਨ ਕਿ ਇਹ ਵਿਰੋਧੀ ਪੱਖ ਵਾਲੀ ਅਵਸਥਾ ਕਿਵੇਂ ਵਾਪਰ ਰਹੀ ਹੈ। ਪ੍ਰਤੀਤ ਹੁੰਦਾ ਹੈ ਕਿ ਇਸ ਨਿਯਮ ਨੇ ਜੀਵ ਦੇ ਅਸਥੂਲ ਤੇ ਮਾਨਸਕ ਮੰਡਲਾਂ ਉਤੇ ਕਬਜ਼ਾ ਕੀਤਾ ਹੋਇਆ ਹੈ। ਪ੍ਰੰਤੂ, ਡੂੰਘੇ ਵਿਸ਼ਲੇਸ਼ਣ ਤੇ ਅਧਿਅਨ ਤੋਂ ਸਿੱਧ ਹੋਵੇਗਾ ਕਿ ਇਹ ਮਨੁੱਖੀ ਮਨ ਦੇ ਭੁਲੇਖੇ ਹਨ। ਅਸਲ ਵਿਚ ਇਹ ਦਿਸਦੀ ਅਨੇਕਤਾ, ਦਵੈਤ ਨਹੀਂ, ਸਗੋਂ ਏਕਤਾ ਹੈ ਅਤੇ ਏਹੀ ਗੁਣ 'ਵਾਹਿਗੁਰੂ' ਦਾ ਸਦੀਵੀ ਤੇ ਸੁਭਾਵਕ ਨੇਮ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਦਵੈਤ-ਭਾਵ ਵਾਲੀ ਅਵਸਥਾ ਸ੍ਰਿਸ਼ਟੀ ਵਿਚ ਇਕ ਸੂਖਮ ਤੇ ਬਲਵਾਨ ਸ਼ਕਤੀ ਬਣ ਕੇ ਵਾਪਰ ਰਹੀ ਹੈ। ਮਨੁੱਖਤਾ, ਮਾਇਆ ਮੋਹ ਦੀ ਨਿੰਦਰਾ ਵਿਚ, ਧੁੰਧਲਾ ਰਹੀ ਹੈ ਅਤੇ ਜਿਤਨਾ ਚਿਰ ਇਸ ਲੋਰੀ ਤੋਂ ਸੁਚੇਤ ਨਹੀਂ ਹੁੰਦੀ, ਉਤਨਾ ਚਿਰ ਇਹ ਜੀਵਨ ਤੇ ਮੌਤ, ਪਾਪ-ਪੁੰਨ ਤੇ ਸ਼ਾਂਤੀ-ਅਸ਼ਾਂਤੀ ਦੇ ਪੰਘੂੜੇ ਵਿਚ ਏਧਰ ਓਧਰ ਡੋਲਦੀ ਰਹੇਗੀ। ਵਿਗਿਆਨਕ ਦ੍ਰਿਸ਼ਟੀਕੋਨ ਤੋਂ ਵੇਖਿਆਂ ਪਤਾ ਲੱਗਦਾ ਹੈ ਕਿ ਇਹ ਦਿਸਦੀ ਦਵੈਤ ਕੋਈ ਅਟੱਲ, ਆਦੀ ਜਾਂ ਸਦੀਵੀ ਸਥਿਤੀ ਨਹੀਂ। ਅਸੀਂ ਸਾਧਾਰਨ ਤੌਰ ਉਤੇ ਦਿਨ-ਰਾਤ ਤੇ ਧੁੱਪ-ਛਾਂ ਆਖਦੇ ਹਾਂ; ਪ੍ਰੰਤੂ, ਵਧੇਰੀ ਦੀਰਘ-ਦ੍ਰਿਸ਼ਟੀ ਤੇ ਪੜਚੋਲ ਨਾਲ ਵੇਖਣ ਉਪ੍ਰੰਤ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਸਲ ਵਿਚ ਹੈ ਕੇਵਲ ਧੁੱਪ, ਜਾਂ ਧੁੱਪ ਦੀ ਅਣਹੋਂਦ। ਪੂਰਨ ਅੰਧਕਾਰ ਕੋਈ ਵਸਤੂ ਨਹੀਂ। ਚਾਨਣ ਦੀਆਂ ਲਹਿਰਾਂ ਹਰ ਸਮੇਂ ਹਰ ਥਾਂ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ। ਇਹ ਪ੍ਰਗਟ ਜਾਂ ਅਦ੍ਰਿਸ਼ਟ ਰੂਪ ਵਿਚ ਹਰ ਥਾਂ ਮੌਜੂਦ ਹਨ। ਵਾਸਤਵ ਵਿਚ ਇਸ ਸਭ ਪਸਾਰੇ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਹੈ। ਇਹੋ ਹਾਲ ਪੁੰਨ ਤੇ ਪਾਪ ਸ਼ਕਤੀ ਦਾ ਹੈ। ਵਿਗਿਆਨਕ ਦ੍ਰਿਸ਼ਟੀ-ਕੋਨ

ਅਨੁਸਾਰ ਵੀ ਚੰਗਿਆਈ ਸਾਰੇ ਪਸਰ ਰਹੀ ਹੈ। ਬੁਰਿਆਈ (ਪਾਪ) ਤਾਂ ਚੰਗਿਆਈ ਦੇ ਘੱਟ ਵੱਧ ਹੋਣ ਦਾ ਹੀ ਨਾਂ ਹੈ। ਇਸ ਲਈ ਇਸ ਦੀ ਆਪਣੀ ਕੋਈ ਹਸਤੀ ਨਹੀਂ। ਬਾਕੀ ਵਿਰੋਧੀ ਗੁਣਾਂ ਵਾਲੇ ਜੋੜਿਆਂ ਉਤੇ ਵੀ ਇਹ ਨਿਯਮ ਲਾਗੂ ਹੁੰਦਾ ਹੈ। ਇਸ ਤੋਂ ਅਸੀਂ ਇਸ ਸਿੱਟੇ ਉਤੇ ਪੁੱਜਦੇ ਹਾਂ ਕਿ ਹੋਂਦ ਕੇਵਲ ਪਾਜ਼ਿਟਿਵ (Positive) ਵਸਤੂ ਦੀ ਹੀ ਹੁੰਦੀ ਹੈ, ਨੈਗਿਟਿਵ (Negative) ਦੀ ਨਹੀਂ। ਵਾਹਿਗੁਰੂ ਅਥਵਾ ਸੱਚ ਪਾਜ਼ਿਟਿਵ ਹੈ ਜਦ ਕਿ ਕੂੜ ਤੇ ਇਸ ਦਾ ਪਸਾਰਾ ਨੈਗੇਟਿਵ।

ਜੇ ਹੋਰ ਪ੍ਰਬੀਨਤਾ ਨਾਲ ਵੇਖਿਆ ਵਿਚਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਮਨੁੱਖੀ ਮਨ ਵਿਚ ਇਹ ਸ਼ਕਤੀ ਨਹੀਂ ਕਿ ਇਹ ਪੂਰਨ ਪ੍ਰਕਾਸ਼ ਦੀ ਪ੍ਰਸੰਸਾ ਜਾਂ ਇਸ ਨੂੰ ਪ੍ਰਤੀਤ ਕਰ ਸਕੇ। ਅੰਧੇਰਾ ਹੀ ਇਸ ਚਾਨਣ ਨੂੰ ਪ੍ਰਕਾਸ਼ ਜਾਂ ਦਿਸਦਾ-ਰੂਪ ਦੇਣ ਦਾ ਸਾਧਨ ਹੈ। ਇਸ ਲਈ ਇਹ ਅੰਧੇਰਾ, ਪਾਪ ਜਾਂ ਬੁਰਾਈ ਨਹੀਂ, ਸਗੋਂ ਚੰਗਿਆਈ ਨੂੰ ਪ੍ਰਗਟ ਕਰਨ ਦਾ ਵਸੀਲਾ ਹੈ। ਇਹ ਅੰਧਕਾਰ ਧਰਤੀ ਉਤੇ ਇਸ ਪ੍ਰਕਾਸ਼ ਦਾ ਜਨਮ-ਦਾਤਾ* ਕਿਹਾ ਜਾ ਸਕਦਾ ਹੈ। ਇਹ ਪ੍ਰਕਾਸ਼ ਤੇ ਅੰਧਕਾਰ ਵਾਸਤਵ ਵਿਚ ਓਤ ਪੋਤ ਤੇ ਇਕ ਹਨ, ਤੇ ਸ੍ਰਿਸ਼ਟੀ-ਰਚਨਾ ਦੇ ਆਦਿ ਕਾਲ ਤੋਂ ਇਸੇ ਤਰ੍ਹਾਂ ਤੁਰੇ ਆਏ ਹਨ, ਅਤੇ ਅਗੋਂ ਲਈ ਵੀ, ਜਦ ਤਕ ਸ੍ਰਿਸ਼ਟੀ-ਰਚਨਾ ਹੈ, ਇਕੱਠੇ ਕਰੰਗੜੀ ਪਾਈ ਤੁਰੇ ਜਾਣਗੇ।

ਜੇ ਅਸੀਂ ਸੰਸਾਰ ਵਿਚ ਪਾਪ ਦੀ ਹੋਂਦ ਨੂੰ ਵੀਚਾਰੀਏ ਤਾਂ ਵਰਤ ਰਹੇ ਜੁੱਗ ਦੀ ਸੂਝ ਬੂਝ ਦਾ ਇਸ ਦੇ ਘੱਟ ਵੱਧ ਹੋਣ ਵਿਚ ਕਾਫੀ ਹੱਥ ਹੈ। ਫਿਲਾਸਫਰ ਪਲੇਟੋ ਇਸ ਚੱਕਰ ਨੂੰ ਦੋ ਹਿੱਸਿਆਂ-'ਉਪਜਾਊ ਜੁੱਗ' ਤੇ 'ਵੀਰਾਨਾ ਜੁੱਗ' ਵਿਚ ਵੰਡਦਾ ਹੈ। ਜਦ 'ਤਾਰਾ-ਪ੍ਰਕਾਸ਼' ਦਾ ਚੱਕਰ 'ਦੇਵੀ

---

*ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ, ਸੁੰਨ ਸਮਾਧਿ ਲਗਾਇਦਾ ॥
(ਮਾਰੂ ਮਃ ੧, ਪੰਨਾ ੧੦੩੫)

ਆਤਮਾ ਨਾਲ ਇਕ-ਸੁਰ ਹੁੰਦਾ ਹੈ ਤਾਂ ਉਸ ਵੇਲੇ ਅਸੀਂ ਉਪਜਾਊ-ਜੁੱਗ (ਸਤਿਜੁਗ) ਦੇ ਚੱਕਰ ਵਿਚ ਹੁੰਦੇ ਹਾਂ ਤੇ ਸੰਸਾਰ ਉਤੇ ਸੁਖ ਤੇ ਸ਼ਾਂਤੀ ਹੁੰਦੀ ਹੈ। ਅਜਿਹੇ ਸਮੇਂ ਬ੍ਰਿਛਾਂ, ਪਸ਼ੂਆਂ ਤੇ ਧਾਤ ਦੀਆਂ ਗੁਪਤ ਸ਼ਕਤੀਆਂ, ਕੁਦਰਤ ਵਿਚ ਵਰਤ ਰਹੀਆਂ ਉਚੇਰੀਆਂ ਆਤਮ-ਰੌਆਂ ਦੀਆਂ ਸਹਾਇਕ ਹੋ ਕੇ, ਇਕ-ਸੁਰਤਾ ਪੈਦਾ ਕਰਦੀਆਂ ਹਨ; ਪ੍ਰੰਤੂ, ਵੀਰਾਨੇ-ਜੁਗ (ਕਲਿਜੁਗ) ਵਿਚ ਬਹੁ-ਗਿਣਤੀ ਅਜਿਹੇ ਮਨੁੱਖਾਂ ਦੀ ਹੁੰਦੀ ਹੈ ਜਿਨ੍ਹਾਂ ਦੀ ਆਤਮਕ ਦ੍ਰਿਸ਼ਟੀ ਧੁੰਧਲਾ ਕੇ 'ਆਪੇ' ਦੀਆਂ ਉੱਚੀਆਂ ਤਾਕਤਾਂ ਨੂੰ ਨਹੀਂ ਲੱਖ ਸਕਦੀ।

ਇਕ ਗੱਲ ਹੋਰ

ਸ੍ਰੀ ਗੁਰੂ ਨਾਨਕ ਦੇਵ ਜੀ ਜੁੱਗਾਂ ਦੀ ਕਲਪਤ ਵੰਡ ਅਥਵਾ ਆਮਦ ਨੂੰ ਨਹੀਂ ਮੰਨਦੇ ਅਤੇ ਨਾ ਹੀ ਇਸ ਮਨੌਤ ਨੂੰ ਮੰਨਦੇ ਹਨ ਕਿ ਜੁਗਾਂ ਦੀ ਤਬਦੀਲੀ ਨਾਲ ਮਨੁੱਖੀ ਸੁਭਾਵ ਵਿਚ ਸੁਤੇ ਸਿੱਧ ਮਾੜੀ ਜਾਂ ਚੰਗੀ ਤਬਦੀਲੀ ਆ ਵਾਪਰਦੀ ਹੈ। ਉਨ੍ਹਾਂ ਦਾ ਨਿਰਣਾ ਹੈ ਕਿ ਜੇਹੇ ਜਿਹੇ ਮਾੜੇ ਚੰਗੇ ਮਨੁੱਖ ਹੁੰਦੇ ਹਨ, ਓਹੋ ਜਿਹਾ ਉਸ ਜੁਗ ਜਾਂ ਸਮੇਂ ਦਾ ਨਾਮ ਪੈ ਜਾਂਦਾ ਹੈ। ਆਪ ਜੀ ਦਾ ਅੰਮ੍ਰਿਤ ਫੁਰਮਾਨ ਹੈ :

ਸੋਈ ਚੰਦੁ, ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ, ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ ?
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ, ਕਰਹਿ ਧਿਙਾਣਾ, ਕਲਿ ਲਖਣ ਵੀਚਾਰਿ ॥ਰਹਾਉ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ, ਮਹਲ ਉਸਾਰਿ ਨ ਬੈਠਾ ॥
ਜੇ ਕੋ ਸਤੁ ਕਰੇ ਸੋ ਛੀਜੈ, ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ, ਕਲਿ ਕੇ ਲਖਣ ਏਈ ॥

(ਪੰਨਾ ੯੦੨)

ਕਿਤਨਾ ਵਿਗਿਆਨਿਕ ਤੇ ਅਰਥ-ਭਰਪੂਰ ਹੈ ਗੁਰਮਤਿ ਦਾ ਇਹ ਸਿਧਾਂਤ।

ਅਸੀਂ ਅੱਜ ਕਲ੍ਹ ਇਕ ਅਜਿਹੇ ਵਿਗਿਆਨਕ ਤੇ ਮਾਦਾ-ਪ੍ਰਸਤੀ ਦੇ 'ਵੀਰਾਨੇ ਜੁਗ' ਵਿਚ ਦੀ ਲੰਘ ਰਹੇ ਹਾਂ ਜਿਸ ਵਿਚ ਨਾਸਤਕਤਾ ਦੀ ਬੀਮਾਰੀ ਵੱਧ ਰਹੀ ਹੈ। ਆਤਮ-ਸੂਝ ਉੱਤੇ ਪੜਦਾ ਪਿਆ ਹੋਇਆ ਹੈ, ਅਤੇ ਪਸ਼ੂ ਵੀਚਾਰ ਧਾਰਾ ਪ੍ਰਧਾਨ ਹੈ। ਮਨੁੱਖ, ਨਸਲਾਂ, ਕਬੀਲਿਆਂ, ਸੰਸਥਾਵਾਂ, ਜਾਤਾਂ-ਪਾਤਾਂ ਤੇ ਕੌਮੀਅਤਾਂ ਦੀ ਵੰਡ ਵਿਚ ਵੰਡਿਆ ਜਾ ਕੇ, ਆਪੋ ਵਿਚ ਦੀ ਗੁੱਥਮ-ਗੁੱਥਾ ਹੋ ਰਿਹਾ ਹੈ। ਮੱਕੜੀ ਵਾਂਗ ਆਪਣੇ ਤਣੇ ਮਾਇਆ-ਜਾਲ ਵਿਚ ਉਲਝ ਕੇ ਆਪਣਾ ਵਿਨਾਸ਼ ਕਰ ਰਿਹਾ ਹੈ। ਇਹ, 'ਸੱਚ' ਤੇ 'ਸੱਚੇ-ਆਚਾਰ' ਦੀ ਘਾਟ ਕਰਕੇ, ਬੇ-ਇਤਬਾਰੀ, ਅਸ਼ਾਂਤੀ ਤੇ ਈਰਖਾ ਦੀ ਭੱਠੀ ਵਿਚ ਦਗਧ ਹੋ ਰਿਹਾ ਹੈ। ਕੇਵਲ ਸੁਵੇਦ ਜਗਤ-ਗੁਰੂ ਨਾਨਕ ਦੇਵ ਜੀ ਦਾ ਦੱਸਿਆ ੧ਓਅੰਕਾਰ, 'ਸੱਚ' ਸਮਾਨਤ ਤੇ ਸਾਂਝੀਵਾਲਤਾ ਦਾ ਨੁਸਖਾ ਹੀ ਮਨੁੱਖ ਨੂੰ ਅਧੋਗਤੀ ਵਾਲੀ ਇਸ ਦੀਨ-ਦਸ਼ਾ ਵਿਚੋਂ ਕੱਢ ਕੇ ਪਰਮ-ਸੁਖ ਮਾਨਣ ਦੇ ਯੋਗ ਬਣਾ ਸਕਦਾ ਹੈ।

ਕਿਤਨਾ ਅਭਾਗਾ ਹੈ ਇਹ ਇਨਸਾਨ : ਸਭ ਸਾਧਨ ਹਨ ਇਸ ਦੇ ਪਾਸ ਸੁਖ ਦੇ; ਪ੍ਰੰਤੂ, 'ਸੱਚ' ਤੇ ਸੱਚੇ-ਆਚਾਰ ਦੀ ਅਣਹੋਂਦ ਕਰਕੇ ਇਹੀ ਸਾਧਨ ਇਸ ਦੇ ਨਾਸ਼, ਬਰਬਾਦੀ ਤੇ ਅੱਠੇ ਪਹਿਰ ਭਟਕਣ ਦਾ ਕਾਰਨ ਬਣ ਰਹੇ ਹਨ। ਸੰਸਾਰ-ਰੂਪੀ ਕਮਰੇ ਵਿਚ ਇਸ ਦੇ ਸੁਖ ਆਰਾਮ ਲਈ ਸਜਿਆ ਸਾਮਾਨ ਹੀ, ਇਕ 'ਸੱਚ' ਦੀ ਬੱਤੀ ਗੁਲ ਹੋਣ ਕਰਕੇ, ਠੋਕਰਾਂ ਦਾ ਕਾਰਨ ਬਣ, ਇਸ ਨੂੰ ਮੂਧੇ ਮੂੰਹ ਸੁੱਟਣ ਤੇ ਪੀੜਤ ਕਰਨ ਦਾ ਕਾਰਨ ਬਣ ਰਿਹਾ ਹੈ। ਇਸ ਅਭਾਗੇ ਦੀ ਮੰਜ਼ਲ* ਹਰ ਕਦਮ ਉਤੇ ਦੂਰ ਹੁੰਦੀ ਜਾ ਰਹੀ ਹੈ।

ਇਹ ਦੀਨ ਦਸ਼ਾ ਉਤਨਾ ਚਿਰ ਨਹੀਂ ਹਟ ਸਕਦੀ ਜਦ ਤਕ ਅਸੀਂ ਮਾਇਆ (ਮਾਦੇ ਦੀਆਂ ਜੰਮੀਆਂ ਤਹਿਆਂ) ਨੂੰ ਪਰ੍ਹਾਂ ਹਟਾ ਕੇ, ਆਪਣੇ 'ਨਿੱਜ-ਸਰੂਪ' ਨੂੰ ਲੱਖ ਕੇ ਤੇ ਅੰਤਰ-ਮੁਖੀ ਹੋ ਕੇ ਨਹੀਂ ਵਿਚਰਦੇ, ਆਪਣੇ

*ਹਰ ਗਾਮ ਪੇ ਦੂਰ ਹੁਈ ਜਾਤੀ ਹੈ ਮੰਜ਼ਲ ਮੇਰੀ।
ਮੈਂ ਭੀ ਸਫ਼ਰ ਮੇਂ ਹੂੰ ਮੇਰੀ ਮੰਜ਼ਲ ਭੀ ਸਫ਼ਰ ਮੇਂ ਹੈ।

ਉੱਤੇ ''ਮੈਂ ਕੌਣ ਹਾਂ'' ਦਾ ਸਵਾਲ ਨਹੀਂ ਕਰਦੇ। ਹਠ-ਕਰਮਾਂ ਦੁਆਰਾ, ਕੇਵਲ ਇੰਦਰੇ ਵੱਸ ਹੋ ਜਾਣ ਨਾਲ, ਇਸ ਭਟਕਣ ਤੋਂ ਸਾਡੀ ਬੰਦ-ਖਲਾਸੀ ਹੋਣਾ ਅਸੰਭਵ ਹੈ। 'ਤ੍ਰਿਸ਼ਨਾ' ਦੁੱਖਾਂ ਦਾ ਮੂਲ ਕਾਰਨ ਹੈ। ਇਸ ਤੋਂ ਛੁਟਕਾਰਾ ਪਾਉਣ ਉੱਤੇ ਹੀ ਸਮੁੱਚੇ ਸੰਸਾਰ ਵਿਚ ਮਨੁੱਖੀ-ਬਰਾਦਰੀ ਕਾਇਮ ਹੋ ਸਕਦੀ ਹੈ।

ਮਨੁੱਖੀ ਅਸਮਾਨਤਾ, ਵੈਰ ਵਿਰੋਧ ਤੇ ਲੋਭ ਲਾਲਚ ਜੀਵਨ ਦੇ ਕਠਨ ਪ੍ਰਸ਼ਨ ਹਨ। ਬਹੁਤੇ ਮਨੁੱਖ ਇਹਨਾਂ ਸਵਾਲਾਂ ਵਲੋਂ, ਕਬੂਤਰ ਵਾਂਗ ਅੱਖਾਂ ਮੀਟ ਕੇ, ਇਹ ਕਹਿ ਕੇ ਹੀ ਸੰਤੁਸ਼ਟ ਹੋ ਲੈਂਦੇ ਹਨ ਕਿ 'ਕੁਦਰਤ' ਨੂੰ ਆਪਣੇ ਰਾਹ ਤੁਰਨ ਦਿਓ, 'ਸਭ ਅੱਛਾ ਹੈ'। ਕਬੂਤਰ ਵਾਂਗ ਅੱਖਾਂ ਮੀਟ ਕੇ ਬਿੱਲੀ ਟਾਲਣ ਦਾ ਨਿਰਾਰਥ ਜਤਨ ਕਰਦੇ ਹਨ। ਪ੍ਰੰਤੂ, ਵਧੇਰੇ ਸੂਝ ਵਾਲੀ ਆਤਮਾ ਮਹਿਸੂਸ ਕਰਦੀ ਹੈ ਕਿ ਉਸ ਦੇ ਪੈਰ ਧਰਤੀ ਵਿਚ ਗੱਡੇ ਪਏ ਹਨ ਤੇ ਮਨ ਜੰਮ ਕੇ ਪੱਥਰ ਹੁੰਦਾ ਜਾ ਰਿਹਾ ਹੈ। ਨਿਰਸੰਦੇਹ ਸੰਸਾਰ ਦੀ ਅੱਜ ਦੀ ਦਸ਼ਾ ਐਸੀ ਘਿਨਾਉਣੀ ਹੈ ਜੋ ਇਕ ਉੱਚੀ ਅਵਸਥਾ ਵਿਚ ਅਸਥਿਤ ਆਤਮਾ ਨੂੰ ਵੀ ਚਿੰਤਾਤੁਰ ਕਰਨ ਲਈ ਕਾਫੀ ਹੋਵੇ। ਅਕਾਰਨ ਜਬਰ, ਵੱਧ ਰਹੀਂ ਨਸਲੀ ਨਫ਼ਰਤ, ਧਰਮ ਦੇ ਨਾਂ ਤੇ ਧੱਕਾ, ਰੋਟੀ ਤੋਂ ਭੁਖੇ ਰੋਂਦੇ ਬਿਰਧਾਂ, ਬੇਕਾਰਾਂ ਤੇ ਬੱਚਿਆਂ ਵਲੋਂ ਲਾ-ਪ੍ਰਵਾਹੀ ਤੇ ਕਾਣੀ ਵੰਡ, ਲੋਭ ਤੇ ਕੌਮੀਅਤ ਦੇ ਨਾਂ ਉਤੇ ਲੁੱਟ-ਖਸੁੱਟ ਦਿਲ ਤੇ ਦਿਮਾਗ਼ ਨੂੰ ਚਕਰਾ ਰਹੇ ਹਨ। ਦਾਤੇ ਦੀ ਅਗੰਮੀ ਸ਼ਕਤੀ ਤੋਂ ਬਿਨਾਂ ਮਨੁੱਖਤਾ ਦਾ ਇਸ ਰਸਾਤਲ ਵਿਚੋਂ ਬਚ ਨਿਕਲਣਾ ਕਠਿਨ ਹੈ, ਅਤੀ ਕਠਿਨ।

ਪਰ ਕੀ ਅਜਿਹੀ ਦਸ਼ਾ ਵੇਖ ਤੇ ਉਦਾਸ ਹੋ ਕੇ ਢੇਰੀ ਢਾਹ ਬਹਿਣਾ ਉੱਚਿਤ ਹੈ? ਨਹੀਂ, ਕਦਾਚਿਤ ਨਹੀਂ। ਅਸੀਂ ਜਾਣਦੇ ਹਾਂ ਕਿ ਹਰੇਕ ਵਸਤੂ ਵਿਚ ਨੇਕੀ ਦਾ ਅੰਸ਼ ਹੈ। ਸਾਨੂੰ ਵਿਸ਼ਵਾਸ ਹੈ ਕਿ ਮਨੁੱਖਤਾ ਨੇ ਅਵੱਸ਼ ਉਚੇਰੇ ਉੱਠਣਾ ਹੈ। ਜੇ ਸਾਡੇ ਨੇਤਾ, ਆਪਣਾ ਮਨ ਬਦਲ ਕੇ, ਤੇ ਸੁਆਰਥੀ ਗੱਲਾਂ ਤੋਂ ਉਚੇ ਹੋ ਕੇ, ਇਸ ਪਾਸੇ ਜੁੱਟ ਪੈਣ ਤਾਂ ਜਨਤਾ ਪਿਛੇ ਲੱਗ ਤੁਰੇਗੀ। ਉਹ ਵਿਸ਼ਵਾਸੀ ਹੈ। ਇਸ ਲਈ ਸਰਬ-ਸਾਂਝੀ ਵਿਦਿਆ ਦੀ ਲੋੜ ਹੈ। ਫੇਰ

ਉਹੀ ਨਿਯਮ ਤੇ ਸ਼ਕਤੀਆਂ, ਜੋ ਬੁਰਾਈ ਲਈ ਸਹਾਇਕ ਹੋ ਰਹੀਆਂ ਹਨ, ਭਲੇ ਲਈ ਵਰਤੀਆ ਜਾ ਸਕਣਗੀਆਂ। ਹਰੇਕ ਦੇਸ਼ ਜਾਂ ਜਾਤੀ ਵਿਚ ਰੌਸ਼ਨ-ਮੁਨਾਰੇ ਹਨ ਜੋ ਭਟਕਦੇ ਜੀਵਨਾਂ ਨੂੰ ਰਾਹ ਵਿਖਾ ਰਹੇ ਹਨ। ਸਾਡਾ ਫਰਜ਼ ਇਨ੍ਹਾਂ ਨੂੰ ਪ੍ਰਜੱਵਲਤ ਰੱਖਣਾ ਹੈ। ਅਸਾਂ ਨਾਸਤਕਤਾ ਵਿਰੁੱਧ ਜਹਾਦ ਕਰਨਾ ਤੇ ਸੱਚ ਉਤੇ ਡਟਣਾ ਹੈ। ਹਰੇਕ ਸਤਿਵਾਦੀ ਆਸਤਕ ਨੇ 'ਸਚਿਆਰਾਂ' ਦੇ ਜੁੜਨ ਲਈ ਇਕ ਮਿਕਨਾਤੀਸੀ ਕੇਂਦਰ ਬਣਨਾ ਹੈ। ਉਸ ਨੇ ਆਪਣੇ ਆਲੇ-ਦੁਆਲੇ ਸ਼ੁਭ ਖਿਆਲਾਂ ਦਾ ਇਕ ਛੱਟਾ ਦੇਣਾ ਹੈ। ਮਿੱਠ-ਬੋਲੜੇ ਬਣ ਕੇ ਢਹਿੰਦਿਆਂ ਤੇ ਜ਼ਖਮੀ ਮਨਾਂ ਉਤੇ ਪਿਆਰ ਦੀ ਮਲ੍ਹਮ ਲਾਉਣੀ ਹੈ। ਇਸ ਤਰ੍ਹਾਂ ਉਹ ਕੂੜ ਉਤੇ ਪ੍ਰਭਾਵ ਪਾ ਸਕਣਗੇ। ਹੋ ਸਕਦਾ ਹੈ 'ਕਈਆਂ' ਨੂੰ ਆਪਣੀ ਚੰਦਨੀ ਸੁਗੰਧੀ ਨਾਲ ਅਮਰ-ਸੁਗੰਧਾਂ ਵਾਲੇ ਬਣਾ ਸਕਣ। ਇਸ ਨਾਲ ਬਾਕੀ ਨਿਰਬਲਾਂ ਨੂੰ ਉਤਸ਼ਾਹ ਅਤੇ ਜੱਕੋ ਤੱਕੇ ਕਰਨ ਵਾਲਿਆਂ ਨੂੰ ਦ੍ਰਿੜ੍ਹਤਾ ਪ੍ਰਾਪਤ ਹੋਵੇਗੀ।

ਇਹ ਜ਼ਰੂਰੀ ਨਹੀਂ ਕਿ ਦੌੜ 'ਤੇਜ਼ ਨੱਠਣ ਵਾਲਾ' ਹੀ ਜਿੱਤੇ ਜਾਂ ਜਿੱਤ ਸਦਾ ਬਹੁਗਿਣਤੀ ਦੀ ਹੀ ਹੋਵੇ। ਇਤਿਹਾਸ ਗਵਾਹ ਹੈ ਕਿ 'ਸੱਚ' ਉਤੇ ਤੁਰ ਰਹੇ ਇਕੱਲੇ ਇਕੱਲੇ ਦ੍ਰਿੜ੍ਹ ਇਨਸਾਨ ਨੇ ਕੌਮਾਂ ਤੇ ਸੰਸਾਰ ਦੀ ਕਾਇਆਂ ਪਲਟ ਦਿਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਦੇ ਜਗਤ-ਕਲਿਆਣ ਹਿਤ ਨਿਕਲਣ ਸਮੇਂ ਕਿਤਨੇ ਕੁ ਸਾਥੀ ਸਨ? ਕਿਨ੍ਹਾਂ ਹਾਲਾਤ ਤੇ ਕਿਸ ਜੁਗ-ਗਰਦੀ ਵਿਚ ਨਿਰੰਕਾਰੀ ਬਾਬਾ ਜਗਤ-ਜਲੰਦੇ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਲਈ ਘਰੋਂ ਨਿਕਲਿਆ ਸੀ? ਸਾਨੂੰ ਢਹਿੰਦੀਆਂ ਕਲਾਂ ਵਿਚ ਨਹੀਂ ਜਾਣਾ ਚਾਹੀਦਾ। ਸਾਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ 'ਪਿਆਰ' ਤੇ 'ਨੇਕੀ' ਦਾ ਇਕ ਫੁਰਨਾ ਵੀ ਸੰਸਾਰ ਦੀ ਫਜ਼ਾ ਵਿਚ ਅਕਾਰਥ ਨਹੀਂ ਗੁਆਚਦਾ। ਅਸਾਂ ਇਸ ਮਾਇਆਵਾਦ ਦੇ ਘੋਲ ਵਿਚ ਸੱਚ ਦਾ ਪੱਲਾ ਨਹੀਂ ਛੱਡਣਾ। ਸਾਡਾ ਕੰਮ ਹੈ ਆਤਮਕ ਬੀਜ ਦਾ, ਦੂਰ ਨੇੜੇ, ਛੱਟਾ ਦੇਣਾ। ਇਸ ਦਾ ਸਿੱਟਾ ਕਦੋਂ, ਕੀ ਨਿਕਲਦਾ ਹੈ, ਇਹ ਗੱਲ 'ਸਭ ਦੀ ਚਿੰਤਾ ਕਰਨ ਵਾਲੇ' ਪ੍ਰਭੂ ਉਤੇ ਛੱਡ ਦਿਉ।

ਸਮਾਂ, ਸਿੱਖ ਨੌਜਵਾਨਾਂ ਦਰਦ-ਮੰਦ ਪੰਥਕ ਨੇਤਾਵਾਂ ਤੋਂ 'ਕੁਝ' ਕਰਨ ਦੀ ਮੰਗ ਕਰ ਰਿਹਾ ਹੈ। ਉਨ੍ਹਾਂ ਦੇ ਕੰਮ ਦਾ ਖੇਤਰ ਵਧੇਰੇ ਕਰਕੇ ਧਾਰਮਿਕ ਤੇ ਸਮਾਜਕ ਹੋਣਾ ਚਾਹੀਏ। ਜਦ ਧਰਮ ਚਲੇਗਾ, ਇਸ ਦੀ ਜੈ ਹੋਵੇਗੀ ਤਾਂ ਹੋਰ ਸਭ ਅੜਿੱਕੇ ਤੇ ਉਲਝਣਾਂ ਆਪਣੇ ਆਪ ਦੂਰ ਹੋ ਜਾਣਗੀਆਂ। ਸੰਸਾਰ ਦੀਆਂ ਕੁਲ ਸੰਸਥਾਵਾਂ ਨੂੰ, ਜੋ 'ਜੋਤ', 'ਜੀਵਨ' ਤੇ 'ਪ੍ਰੇਮ' ਵਿਚ ਨਿਸਚਾ ਰੱਖਦੀਆਂ ਹਨ, ਇਕ ਦੂਜੇ ਦੀਆਂ ਮਿੱਤਰ ਬਣ ਕੇ ਇਸ ਮਹਾਨ ਕਾਰਜ ਦੀ ਪੂਰਤੀ ਲਈ ਸਾਂਝਾ ਬਲ ਲਾਉਣਾ ਚਾਹੀਦਾ ਹੈ। ਉਹ ਆਪਣੀ ਆਪਣੀ ਥਾਂ ਉਤੇ ਜਿਥੇ ਕਿਥੇ ਵੀ ਹਨ, ਮਿਲ ਕੇ ਹਮਲਾ ਮਾਰਨ ਤੇ ਅਗਿਆਨਤਾ ਦੀਆਂ ਪਿਛਾਂਹ-ਖਿੱਚੂ ਸ਼ਕਤੀਆਂ ਨਾਲ ਲੋਹਾ ਲੈ ਕੇ 'ਜੀਵਨ-ਜੋਤਿ' ਦੇ ਪ੍ਰਕਾਸ਼ ਲਈ ਰਾਹ ਸਾਫ ਕਰਨ ਤੇ ਆਪਣੇ ਦੈਵੀ ਗਲਿਆਂ ਵਿਚੋਂ ਸਦਾ ਚੜ੍ਹਦੀ ਕਲਾ ਵਾਲਾ, ਇਹ ਨਾਦ ਗੁੰਜਾਉਣ :

ਬੁਰਾ ਨਹੀਂ ਸਭੁ ਭਲਾ ਹੀ ਹੈ ਰੇ, ਹਾਰ ਨਹੀਂ ਸਭ ਜੇਤੈ ॥

(ਕਾਨੜਾ ਮ: ੫, ਪੰਨਾ ੧੩੦੨)

ਤਥਾ—ਆਗਾਹੂ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ ॥
ਨਾਨਕ, ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ ॥

(ਮ: ੫, ਪੰਨਾ ੧੦੯੬)

ਦੁਖ-ਸੁਖ ਤੇ ਸਿੰਘ-ਕਰਤੱਵ

ਵਿਦਿਆ ਤੇ ਵਿਗਿਆਨ ਦੇ ਖੇਤਰ ਵਿਚ ਮਨੁੱਖ ਨੇ ਅੱਜ ਬੁੱਧੀ ਨੂੰ ਚਕ੍ਰਿਤ ਕਰਨ ਵਾਲੀ ਜੋ ਉੱਨਤੀ ਕੀਤੀ ਹੈ, ਉਸ ਦੇ ਫਲ-ਸਰੂਪ ਉਸ ਦਾ ਜੀਵਨ ਹਰ ਪੱਖੋਂ ਸੌਖਾ, ਸੁਖੀ ਅਤੇ ਚਿੰਤਾ ਤੇ ਖੁੜ-ਰਹਿਤ ਹੋ ਜਾਣਾ ਚਾਹੀਦਾ ਸੀ। ਉਸ ਦੀ ਬਾਹਰੀ ਪੋਚਾ-ਪਾਚੀ ਤੇ ਚਟਕ ਮਟਕ ਸਰਸਰੀ ਨਜ਼ਰ ਨਾਲ ਤੱਕਣ ਵਾਲੇ ਨੂੰ ਅਵੱਸ਼ ਇਹ ਭਾਉਲਾ ਪਾਉਂਦੀ ਹੈ ਜੋ ਮਨੁੱਖ ਆਪਣੀਆਂ ਮਾਇਕ ਤੇ ਮਾਦੀ ਪ੍ਰਾਪਤੀਆਂ ਕਾਰਨ ਸੁਖੀ ਤੇ ਸੰਤੁਸ਼ਟ ਹੈ; ਉਸ ਦਾ ਜੀਵਨ ਇਕ ਸਦ-ਬਹਾਰ ਹੈ। ਵਰਤਮਾਨ ਯੁਗ ਦੇ ਇਸ ਅਲਬੇਲੇ ਸ਼ਹਿਜ਼ਾਦੇ ਦੀ ਭੱਜ ਨੱਠ, ਕਾਰਾਂ, ਕਲੱਬਾਂ, ਉਡਾਨਾਂ ਤੇ ਮਨੋਰੰਜਨਾਂ ਦੇ ਸਾਜ਼-ਸਮਾਨ ਨੂੰ ਵੇਖ ਕੇ ਗੁਮਾਨ ਹੁੰਦਾ ਹੈ ਕਿ ਪੁਰਾਣੇ ਜੁੱਗ ਦੇ ਲੋਕ ਤਾਂ ਇਸ ਧਰਤੀ ਉਤੇ ਹਨ੍ਹੇਰਾ ਢੋਣ ਹੀ ਆਏ ਸਨ; ਖੂਹ ਦੇ ਡੱਡੂ ਸਮਾਨ ਜੂਨ ਕੱਟੀ, ਤੇ ਤੁਰਦੇ ਹੋਏ। ਵਿਚਾਰਿਆਂ ਪਾਸ ਨਾ ਅੱਜ ਵਰਗੇ ਲੀੜੇ ਲੱਤੇ ਹੀ ਸਨ ਅਤੇ ਨਾ ਹੀ ਦਿਲ-ਪਰਚਾਵੇ ਤੇ ਐਸ਼ ਦੇ ਏਨੇ ਵਧੀਆ ਸਾਧਨ ਤੇ ਸਮੱਗਰੀ।

ਪ੍ਰੰਤੂ, ਰਤਾ ਡੂੰਘੇਰੀ ਨਜ਼ਰ ਨਾਲ ਤੱਕਿਆਂ ਪਤਾ ਚਲੇਗਾ ਕਿ ਹਕੀਕਤ ਇੰਜ ਨਹੀਂ। ਮਾਇਆ ਦੇ ਇੰਦਰ-ਜਾਲ ਵਿਚ ਗਲ ਗਲ ਧੁਸੇ ਅਜੋਕੇ ਮਨੁੱਖ ਨੂੰ ਨੀਝ ਲਾ ਕੇ ਜ਼ਰਾ ਨੇੜਿਓਂ ਵੇਖਿਆਂ, ਅਤੇ ਉਸ ਦੇ ਮਨ ਦੀ ਪੱਟੀ ਵਧੇਰੇ ਗਹੁ ਨਾਲ ਪੜ੍ਹਿਆਂ ਪਤਾ ਲੱਗਦਾ ਹੈ ਕਿ "ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ" ਦੇ ਵਾਕ ਅਨੁਸਾਰ ਇਹ ਅੰਦਰੋਂ ਅਤਿ ਬੇਚੈਨ, ਪ੍ਰੇਸ਼ਾਨ ਤੇ ਅਸ਼ਾਂਤ ਹੈ। ਇਹ, ਮਾਇਆ ਕਾਰਨ ਉਪਜੀ ਭਾਵਨਾ ਅਤੇ ਮਾਦਾ-ਪ੍ਰਸਤੀ ਤੇ ਅਸੰਤੁਸ਼ਟਤਾ ਦੇ ਗੰਦੇ ਨਦੀ ਨਾਲਿਆਂ ਤੇ ਛੱਪੜਾਂ ਵਿਚ ਗੋਤੇ ਖਾ ਖਾ

ਨਿਢਾਲ ਹੋ ਰਿਹਾ ਹੈ। ਜੇ ਸੁੱਖ ਤੇ ਸੰਤੁਸ਼ਟਤਾ ; ਰੂਪਕ *ਸੁੰਦਰਤਾ, ਕੁਲੀਨਤਾ, ਚਤੁਰਤਾ, ਧਨ ਤੇ ਕੇਵਲ ਮਾਨਸਿਕ ਗਿਆਨ ਦੀ ਪ੍ਰਾਪਤੀ ਵਿਚ ਲੱਭ ਸਕਦੇ, ਤਾਂ ਅੱਜ ਇਹਨਾਂ ਸਭ ਵਸੀਲਿਆਂ ਦੇ ਹੁੰਦਿਆਂ ਸੁੰਦਿਆਂ ਅਮਰੀਕਾ ਤੇ ਯੂਰਪ ਦੇ ਲੋਕ, ਹਿੱਪੀ ਬਣ ਕੇ ਭੰਗ, ਅਫੀਮ, ਚਰਸ, ਗਾਂਜਾ, ਸ਼ਰਾਬ ਆਦਿ ਮਾਰੂ ਨਸ਼ਿਆਂ ਦੇ ਆਰਜ਼ੀ ਅਮਲਾਂ ਦਾ ਆਸਰਾ ਨਾ ਲੈਂਦੇ। ਸੁੱਖ ਦੀ ਭਾਲ ਵਿਚ ਉਹ, ਸੁਰਗਾਂ ਵਰਗੇ ਦੇਸ਼ ਛੱਡ ਕੇ, ਪ੍ਰਦੇਸਾਂ ਵਿਚ ਘੱਟਾ ਨਾ ਛਾਣਦੇ ਫਿਰਦੇ, ਅਤੇ ਨੀਪਾਲ ਆਦਿ ਦੇਸ਼ ਦੀਆਂ ਗੰਦੀਆਂ ਬਸਤੀਆਂ ਵਿਚ ਰਹਿ ਕੇ ਆਪਣੀ ਜੁਆਨੀ ਤੇ ਰੂਪ ਰੋਲਣ ਉਤੇ ਮਜਬੂਰ ਨਾ ਹੁੰਦੇ। ਰੋਜ਼ ਨਿੱਤ ਨਵੇਂ ਦਿਲ-ਪ੍ਰਚਾਵੇ ਦੇ ਸਾਧਨਾਂ ਲਈ ਮਨੁੱਖ ਦੀ ਭੱਜ-ਦੌੜ ਤੇ ਲਾਲਸਾ ਇਸ ਗੱਲ ਦਾ ਸਬੂਤ ਹੈ ਕਿ ਉਹ ਅਸ਼ਾਂਤ ਹੈ, ਦੁਖੀ ਹੈ। ਕਦੀ ਸ਼ਾਂਤ ਤੇ ਸੁਖੀ ਇਨਸਾਨ ਵੀ ਐਸੇ ਛਿਨ-ਭੰਗਰ ਸੁਖਾਂ ਲਈ ਬੇਤਾਬ ਹੁੰਦਾ ਹੈ ?

ਇਹ ਮੰਨਣਾ ਪਵੇਗਾ ਕਿ ਮਨੁੱਖ ਨੂੰ 'ਸਹੀ ਸੁੱਖ' ਦੀ ਭਾਲ ਦੀ ਖੋਹ ਸੁਭਾਵਕ ਤੇ ਕੁਦਰਤੀ ਹੈ ; ਪਰੰਤੂ, ਖੇਦ ਦੀ ਗੱਲ ਇਹ ਹੈ ਕਿ ਉਹ ਇਸ ਨੂੰ ਅੰਦਰੋਂ ਲੱਭਣ ਦੀ ਥਾਂ ਬਾਹਰੀਂ †ਅੱਖੀਆਂ ਰਾਹੀਂ ਦੇਸ਼-ਦੇਸਾਂਤਰਾਂ ਦੇ ਰੰਗ-

---

*ਅਤਿ ਸੁੰਦਰ, ਕੁਲੀਨ, ਚਤੁਰ ਮੁਖਿ-ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ, ਜਿਹ ਪ੍ਰੀਤਿ ਨਹੀ ਭਗਵੰਤ ॥
(ਮ: ੫, ਪੰਨਾ ੨੫੩)

†ਅੱਖੀਂ ਵੇਖ ਨ ਰੱਜੀਆਂ, ਬਹੁ ਰੰਗ ਤਮਾਸੇ ॥
ਉਸਤਤਿ ਨਿੰਦਾ ਕੰਨਿ ਸੁਣ, ਰੋਵਣ ਤੇ ਹਾਸੇ ॥
ਸਾਦੀ ਜੀਭ ਨ ਰੱਜੀਆ, ਕਰਿ ਭੋਗ ਬਿਲਾਸੇ ॥
ਨੱਕ ਨ ਰੱਜਾ ਵਾਸੁ ਲੈ, ਦੁਰਗੰਧ ਸੁਵਾਸੇ ॥
ਰਜਿ ਨ ਕੋਈ ਜੀਵਿਆ, ਕੂੜੇ ਭਰਵਾਸੇ ॥
ਪੀਰ ਮੁਰੀਦਾਂ ਪਿਰਹੜੀ, ਸੱਚੀ ਰਹਰਾਸੇ ॥
(ਭਾਈ ਗੁਰਦਾਸ, ਵਾਰ ੨੭-੧੦)

ਤਮਾਸ਼ੇ ਵੇਖ ਕੇ, ਕੰਨਾਂ ਰਾਹੀਂ ਰਾਗ-ਰੰਗ ਤੇ ਉਸਤਤਿ-ਨਿੰਦਿਆ ਸੁਣ ਕੇ, ਜੀਭ ਰਾਹੀਂ ਸਵਾਦਿਸ਼ਟ ਭੋਜਨ ਛੱਕ ਕੇ ਅਤੇ ਨੱਕ ਰਾਹੀਂ ਸੁਗੰਧੀਆਂ ਸੁੰਘ-ਸੁੰਘ ਕੇ ਪ੍ਰਾਪਤ ਕਰਨ ਦਾ ਜਤਨ ਕਰਦਾ ਹੈ। ਜਿਵੇਂ ਜਿਵੇਂ ਉਹ ਸੁਖ ਦੀ ਭਾਲ ਵਿਚ ਤ੍ਰਿਪਤੀ ਲਈ ਆਪਣੇ ਇੰਦਰਿਆਂ ਦੀ ਅਗਨੀ ਉਤੇ ਪਦਾਰਥਾਂ ਤੇ ਭੋਗ ਬਿਲਾਸ ਆਦਿ ਦੇ ਕੱਖ ਪਾਉਂਦਾ* ਹੈ, ਤਿਵੇਂ ਤਿਵੇਂ ਇਨ੍ਹਾਂ ਪਦਾਰਥਾਂ ਲਈ ਉਸ ਦੀ ਭੁੱਖ ਹੋਰ ਭੜਕਦੀ ਏ। ਇਹ ਅਭਾਗਾ ਮਨੁੱਖ, ਤਾਲੋਂ ਘੁੱਥੀ ਡੂਮਣੀ ਵਾਂਗ, ਪਿਆ ਆਲ ਪਤਾਲ ਬੋਲਦਾ ਤੇ ਭਟਕਦਾ, ਅਤੇ ਸੁੱਖ-ਮੰਜ਼ਲ ਉੱਤੇ ਪਹੁੰਚਣ ਲਈ ਅੱਕੀਂ ਪਲਾਹੀਂ ਹੱਥ ਪਾਉਂਦਾ ਹੈ। ਇਸ ਦੀ ਬਦ-ਕਿਸਮਤੀ ਇਹ ਹੈ ਕਿ ਮੰਜ਼ਲ ਦੇ ਨੇੜੇ ਪਹੁੰਚਣ ਦੀ ਥਾਂ, ਕੁਮਾਰਗ-ਗਾਮੀ ਹੋਣ ਕਰਕੇ, ਇਹ ਹਰ ਕਦਮ ਉਸ ਤੋਂ ਹੋਰ ਦੂਰ ਹੁੰਦਾ ਜਾਂਦਾ ਹੈ।

ਸ਼ਾਇਦ, ਕਿਸੇ ਅਜਿਹੇ ਬਦਕਿਸਮਤ ਤੇ ਭੂਲੇ ਭਟਕੇ, ਭੁੱਲੜ ਵਿਅਕਤੀ ਲਈ ਹੀ ਸ਼ਾਇਰ ਨੇ ਕਿਹਾ ਹੈ :

ਹਰ †ਗਾਮ ਪੇ ਦੂਰ ਹੂਈ ਜਾਤੀ ਹੈ ਮੰਜ਼ਲ ਮੇਰੀ,
ਮੈਂ ਭੀ ਸਫ਼ਰ ਮੇਂ ਹੂੰ, ਮੇਰੀ ਮੰਜ਼ਲ ਭੀ ਸਫ਼ਰ ਮੇਂ ਹੈ।

ਇਸ ਤਰਸਯੋਗ ਦਸ਼ਾ ਦਾ ਵੱਡਾ ਕਾਰਨ ਹੈ : ਮਨੁੱਖ ਵਿਚ ਬਿਬੇਕ-ਬੁੱਧ ਦਾ ਅਭਾਵ। ਇਸ ਵਿਚ ਸਾਧਾਰਨ ਬੁੱਧੀ ਤਾਂ ਹੈ, ਪ੍ਰੰਤੂ ਨਿਰਮਲ ਬੁੱਧ, ਜੋ ਸਤਿ-ਅਸਤਿ, ਭਲੇ-ਬੁਰੇ ਅਤੇ ਦੈਵੀ ਤੇ ਅਸੁਰੀ ਬਿਰਤੀਆਂ ਵਿਚ ਨਿਰਣਾ ਕਰ ਸਕੇ, ਦੀ ਘਾਟ ਹੈ। ਵੇਖੋ, ਆਦਿ ਗੁਰੂ ਨਾਨਕ ਦੇਵ ਜੀ, ਪੁਕਾਰ ਪੁਕਾਰ ਕੇ, ਮਨੁੱਖ ਨੂੰ ਅਸਲੀਅਤ ਤੋਂ ਕਿਵੇਂ ਜਾਣੂ ਅਤੇ ਖਤਰੇ ਤੋਂ ਬਾਖਬਰ ਕਰ ਰਹੇ ਹਨ :

---

*(ੳ) ਜਿਉ ਪਾਵਕ ਈਧਨ ਨਹੀ ਧ੍ਰਾਪੈ ॥
(ਜਿਵੇਂ ਅੱਗ ਲੱਕੜਾਂ ਨਾਲ ਨਹੀਂ ਰੱਜਦੀ)
(ਅ) Desire grows by indulgence. (ਅਰਥ-ਪਵਿਰਤ-ਹੋਣ ਨਾਲ ਖਾਹਸ਼ਾਂ ਹੋਰ ਵਧਦੀਆਂ ਹਨ।) †ਕਦਮ।

(ੳ) ਧਨੁ ਜੋਬਨੁ ਅਰੁ ਫੁਲੜਾ, ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ, ਢਲਿ ਢੁਲਿ ਜੁੰਮਣਹਾਰ ॥
(ਸ੍ਰੀ ਰਾਗ, ਪੰਨਾ ੨੩)

(ਅ) ਧਨੁ ਜੋਬਨੁ ਆਕ ਕੀ ਛਾਇਆ, ਬਿਰਧਿ ਭਏ ਦਿਨ ਪੁੰਨਿਆ ॥
(ਪੰਨਾ ੬੮੯)

(ੲ) ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥
(ਪੰਨਾ ੩੫੬)

(ਸ) ਆਚਾਰੀ, ਨਹੀ ਜੀਤਿਆ ਜਾਇ ॥
ਪਾਠ ਪੜੈ, ਨਹੀ ਕੀਮਤਿ ਪਾਇ ॥ (ਆਸਾ, ਪੰਨਾ ੩੫੫)

(ਹ) ਹਉਮੈ ਮਾਰੇ, ਸਬਦੇ ਜਾਗੈ ॥ ਐਥੈ ਓਥੈ, ਸਦਾ ਸੁਖ ਆਗੈ ॥
(ਪੰਨਾ ੪੧੫)

(ਕ) ਹਰਿ ਕੇ ਨਾਮ ਬਿਨਾ ਜਗੁ ਧੰਧਾ ॥ (ਆਸਾ, ਪੰਨਾ ੩੫੯)

(ਖ) ਸੰਸਾਰ ਰੋਗੀ, ਨਾਮੁ ਦਾਰੂ, ਮੈਲ ਲਾਗੈ ਸਚ ਬਿਨਾ ॥ (ਪੰਨਾ ੬੮੭)

(ਗ) ਸਬਦੁ ਬੀਚਾਰਿ, ਭਏ ਨਿਰੰਕਾਰੀ ॥ (ਰਾਮਕਲੀ, ਪੰਨਾ ੯੦੪)

ਮਨੁੱਖ ਦੀ ਇਹ ਵੱਡੀ ਮੂਰਖਤਾ ਤੇ ਭੁੱਲ ਹੈ ਕਿ ਇਹ ਮਾਇਕ ਪਦਾਰਥਾਂ ਵਿਚ ਉਲਝ ਕੇ ਆਨੰਦਮਈ ਜੀਵਨ ਦੀ ਲੋਚਾ ਕਰਦਾ ਹੈ। ਇਹ ਤਾਂ *ਕਿੱਕਰ ਬੀਜ ਕੇ ਅੰਗੂਰ ਖਾਣ ਦੀ ਆਸ ਕਰਨ ਵਾਲੀ ਭੁਲ ਹੈ। ਸ਼ੇਖ਼ ਸਾਅਦੀ ਨੇ ਕਿਸੇ ਅਜਿਹੇ ਭੁਲੜ ਨੂੰ ਕੁਰਾਹੇ ਪਏ ਵੇਖ ਕੇ ਹੀ ਆਖਿਆ ਸੀ :

'ਈਂ' ਰਾਹ ਕਿ ਮੇਂ ਰਵੀ, ਬਤੁਰਕਿਸਤਾਨ ਅਸਤ।

(ਭਾਵ—ਜਿਸ ਰਾਹੇ ਤੂੰ ਪਿਆ ਹੋਇਆ ਹੈਂ ਇਹ ਤਾਂ ਤੁਰਕਿਸਤਾਨ ਨੂੰ (ਉਜਾੜ ਵਲ) ਜਾਂਦਾ ਹੈ।)

---

*ਫਰੀਦਾ, ਲੋੜੈ ਦਾਖ ਬਿਜਉਰੀਆਂ; ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ, ਪੈਧਾ ਲੋੜੈ ਪਟੁ ॥ (ਸਲੋਕ ਫਰੀਦ ਜੀ)

ਧਨ, ਪਦਾਰਥ ਇਸਤ੍ਰੀ ਪੁੱਤਰ, ਹੁਸਨ ਹਕੂਮਤ ਆਦਿ ਸਭ ਮਾਇਆ ਦੇ ਹੀ ਰੂਪ ਹੋਣ ਕਰਕੇ ਇਹ ਹਰ ਛਿਨ ਬਦਲ ਤੇ ਬਿਨਸ ਰਹੇ ਹਨ। ਇਸ ਨੂੰ ਗੁਰਦੇਵ ਮਾਇਆ-ਛਲ ਦਾ ਨਾਮ ਦੇਂਦੇ ਅਤੇ ਅਸਲੀਅਤ ਨੂੰ, ਇਉਂ ਦ੍ਰਿੜ੍ਹ ਕਰਾਉਂਦੇ ਹਨ :

ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ, ਮੇਘ ਕੀ ਛਾਇਆ;
ਗੋਬਿੰਦ ਭਜਨ ਬਿਨੁ, ਹੜ ਕਾ ਜਲੁ ॥ (ਟੋਡੀ ਮ: ੫, ਪੰਨਾ ੭੧੭)

ਪੰਜਵੇਂ ਗੁਰਦੇਵ ਸ੍ਰੀ ਸੁਖਮਨੀ ਸਾਹਿਬ ਦੀ ਪੰਜਵੀਂ ਅਸਟਪਦੀ ਵਿਚ ਮਾਇਆ ਦੀ ਅਸਥਿਰਤਾ ਅਤੇ ਪਦਾਰਥਾਂ ਦੇ ਮਿਥਿਆ ਹੋਣ ਦੀ ਹਕੀਕ਼ਤ ਨੂੰ ਸਵਿਸਥਾਰ ਇਉਂ ਪ੍ਰਗਟ ਕਰਦੇ ਹਨ :

ਅਨਿਕ ਭਾਤਿ, ਮਾਇਆ ਕੇ ਹੇਤ ॥
ਸਰਪਰ ਹੋਵਤ ਜਾਨੁ ਅਨੇਤ ॥
ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
ਓਹ ਬਿਨਸੈ ਉਹੁ ਮਨਿ ਪਛੁਤਾਵੈ ॥
ਜੋ ਦੀਸੈ ਸੋ ਚਾਲਨਹਾਰੁ ॥
ਲਪਟਿ ਰਹਿਓ ਤਹ ਅੰਧ ਅੰਧਾਰੁ ॥
ਬਟਾਊ ਸਿਉ ਜੋ ਲਾਵੈ ਨੇਹ ॥
ਤਾ ਕਉ ਹਾਥਿ ਨ ਆਵੈ ਕੇਹ ॥
ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥
ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥
ਮਿਥਿਆ ਹਉਮੈ ਮਮਤਾ ਮਾਇਆ ॥
ਮਿਥਿਆ ਰਾਜ ਜੋਬਨ ਧਨ ਮਾਲ ॥
ਮਿਥਿਆ ਕਾਮ ਕ੍ਰੋਧ ਬਿਕਰਾਲ ॥

ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥
ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥
ਮਿਥਿਆ ਧ੍ਰੋਹ ਮੋਹ ਅਭਿਮਾਨੁ ॥
ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥
ਅਸਥਿਰੁ ਭਗਤਿ ਸਾਧ ਕੀ ਸਰਨ ॥
ਨਾਨਕ, ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥
ਮਿਥਿਆ ਰਸਨਾ ਭੋਜਨ ਅਨਸ੍ਵਾਦ ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥
ਮਿਥਿਆ ਮਨ ਪਰ ਲੋਭ ਲੁਭਾਵਹਿ ॥
ਮਿਥਿਆ ਤਨ ਨਹੀ ਪਰਉਪਕਾਰਾ ॥
ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ, ਮਿਥਿਆ ਸਭ ਭਏ ॥
ਸਫਲ ਦੇਹ, ਨਾਨਕ, ਹਰਿ ਹਰਿ ਨਾਮ ਲਏ ॥੫॥

ਕਿਤਨਾ ਸੁੰਦਰ, ਸਰਲ, ਭਾਵ-ਪੂਰਤ ਤੇ ਸੁਖੈਨ ਚਿਤਰ ਖਿੱਚਿਆ ਹੈ ਪੰਚਮ ਪਾਤਸ਼ਾਹ ਨੇ, ਮਿਥਿਆ ਪਦਾਰਥਾਂ ਤੇ ਅਨੁਚਿਤ ਮਾਨਸਿਕ ਰੁਚੀਆਂ ਦਾ, ਜਿਨ੍ਹਾਂ ਦਾ ਮਾਰਿਆ ਜੀਵ ਅਨੇਕ ਜੂਨਾ ਵਿਚ ਭਟਕਦਾ ਅਤੇ ਦੁਖ ਭੋਗਦਾ ਹੈ। ਉਪ੍ਰੋਕਤ ਤਿੰਨਾਂ ਪਦਾਂ ਵਿਚ, ਗੁਰੂ ਜੀ ਕੇਵਲ ਵਰਜਤ ਤੇ ਮਿਥਿਆ ਪਦਾਰਥਾਂ ਦਾ ਹੀ ਵਰਨਣ ਨਹੀਂ ਕਰਦੇ; ਸਗੋਂ, ਹਰ ਪਦੇ ਦੇ ਅਖ਼ੀਰ ਉਤੇ ਸੁਖ ਸ਼ਾਂਤੀ ਤੇ ਕਲਿਆਣ ਦਾ ਰਾਹ ਦੱਸਣ ਦਾ ਉਪਕਾਰ ਵੀ ਕਰਦੇ ਹਨ। ਪਦ ਅੰਕ (੩) ਦੇ ਅੰਤ ਵਿਚ ਉਪਦੇਸ਼ ਹੈ ਕਿ ਕੇਵਲ ਹਰੀ ਦੀ ਪ੍ਰੀਤ ਹੀ ਸੁਖਦਾਈ ਹੈ; ਜਿਸ ਉਤੇ ਵਾਹਿਗੁਰੂ ਦੀ ਮਿਹਰ ਹੁੰਦੀ ਹੈ, ਉਸ ਨੂੰ ਉਹ ਪ੍ਰਭੂ-ਪਿਆਰ ਦੀ ਬਖਸ਼ਿਸ਼ ਕਰਦਾ ਹੈ। ਪਦ (੪) ਦੀਆਂ

ਅਖੀਰਲੀਆਂ ਸਤਰਾਂ ਵਿਚ ਫੁਰਮਾਨ ਹੈ ਕਿ ਸੱਤ ਪੁਰਸ਼ਾਂ ਦੀ ਸੰਗਤਿ ਵਿਚ ਕੀਤੀ ਪ੍ਰਭੂ-ਭਗਤੀ ਹੀ ਥਿਰ ਰਹਿਣ ਵਾਲੀ ਹੈ। ਕੋਈ ਐਸਾ ਰੱਬ ਦਾ ਪਿਆਰਾ ਹੀ ਹਰੀ ਦੇ ਚਰਨ (ਨਾਮ) ਹਿਰਦੇ ਵਿਚ ਵਸਾ ਕੇ ਸਹੀ ਅਰਥਾਂ ਵਿਚ ਜਿਊਂਦਿਆਂ ਵਿਚ ਗਿਣਿਆ ਜਾਂਦਾ ਹੈ। ਪੰਜਵੇਂ (੫) ਪੱਦੇ ਦੇ ਅਖੀਰ ਵਿਚ ਮਿਥਿਆ (ਨਾਸਵੰਤ) ਪਦਾਰਥਾਂ ਦਾ ਜ਼ਿਕਰ ਕਰ ਕੇ ਮੁੜ ਇਹ ਸਚਾਈ ਦ੍ਰਿੜਾਈ ਗਈ ਹੈ ਕਿ ਕੇਵਲ ਹਰੀ ਦਾ ਨਾਮ (ਜੋ ਸਭ ਸੁਖਾਂ ਦਾ ਸੋਮਾ ਹੈ) ਹਿਰਦੇ ਵਿਚ ਵਸਾਉਣ ਵਾਲੀ ਦੇਹ ਹੀ ਸਫਲ ਅਤੇ ਸੁਖਦਾਈ ਹੋ ਸਕਦੀ ਹੈ।

ਸੰਸਾਰਿਕ ਸੁਖ* ਦੁਖ ਧੁੱਪ ਤੇ ਛਾਂ ਸਮਾਨ ਮਨੁੱਖ ਦੇ ਜੀਵਨ ਵਿਚ ਆਉਂਦੇ ਜਾਂਦੇ ਹਨ। 'ਗੁਰਮਤਿ' ਵੀ, ਇਸ ਗੱਲ ਦੀ ਗਰੰਟੀ ਨਹੀਂ ਦਿੰਦੀ, ਕਿ ਮਨੁੱਖ ਦੇ ਦੁਨਿਆਵੀ ਹਾਲਾਤ ਵਿਚ ਕਦੇ ਉਤਾਰ ਚੜ੍ਹਾ ਨਹੀਂ ਆਵੇਗਾ, ਜਾਂ ਉਸ ਨੂੰ ਕਦੀ ਦੁਖ ਤੇ ਸੋਗ ਨਹੀਂ ਵਿਆਪੇਗਾ। ਹਾਂ, ਉਹ ਇਸ ਗੱਲ ਦੀ ਭਰਵੀਂ ਸਾਖ ਭਰਦੀ ਹੈ ਕਿ †'ਗੁਰਮੁਖ' (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਚਲਾਏ 'ਗਾਡੀ ਰਾਹ' ਉਤੇ ਪਿਆਂ ਮਨੁੱਖ ਨੂੰ ਦੁਖ, ਦੁਖ ਹੋ ਕੇ ਨਹੀਂ ਵਿਆਪੇਗਾ; ਬਾਹਰਲੇ ਹਾਲਾਤ ਚਾਹੇ ਕਿਤਨੇ ਹੀ ਅਣਸੁਖਾਵੇਂ ਹੋ ਜਾਣ। ਇਹ ਦਾਅਵਾ ਨਿਰਾ ਥਾਤੂਲੀ ਨਹੀਂ; ਸਗੋਂ, ਆਰਿਆਂ ਨਾਲ ਤਨ ਚਿਰਾਉਣ, ਬੰਦ ਬੰਦ ਕਟਾਉਣ, ਰੰਬੀ ਨਾਲ ਖੋਪਰੀਆਂ ਲੁਹਾਉਣ, ਦੇਗਾਂ ਵਿਚ ਉਬਲਣ ਅਤੇ ਹੋਰ ਅਕਹਿ ਤੇ ਅਸਹਿ ਤਸੀਹੇ ਸਹਾਰਨ ਵਾਲੇ ਗੁਰਮੁਖ ਸਿਖਾਂ ਨੇ ਸਿੱਧ ਕਰ ਕੇ ਵਿਖਾ ਛੱਡਿਆ ਹੈ ਕਿ ਜਿਸ ਦੇ ਅੰਦਰ ਆਪ ਗੁਰੂ, ਕਰਤਾਰ ਵੱਸ ਜਾਂਦਾ ਹੈ, ਉਹ ਸ਼ਹੀਦਾਂ ਦੇ ਸਿਰਤਾਜ, ਸ੍ਰੀ ਗੁਰੂ ਅਰਜਨ ਦੇਵ ਮਹਾਰਾਜ,

---

*ਨਾਨਕ, ਬੋਲਣੁ ਝਖਣਾ, ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
(ਮਾਝ ਮ: ੧, ਪੰਨਾ ੧੪੯)

†ਗੁਰਮੁਖਿ ਗਾਡੀ ਰਾਹ ਚਲਾਯਾ ॥ (ਭਾਈ ਗੁਰਦਾਸ ਜੀ)

ਦੇ ਇਸ ਸ਼ਬਦ ਵਿਚ ਦਰਸਾਈ ਸਚਾਈ ਨੂੰ ਸਤਿ ਕਰ ਵਿਖਾਉਣ ਅਤੇ ਸੁਖ ਦੀ ਸਹੀ ਰਮਜ਼ ਸਮਝਾਉਣ ਦੇ ਸਮਰਥ ਹੋ ਨਿਬੜਦਾ ਹੈ :

ਕਾਨੜਾ ਮਹਲਾ ੫

ਕਹਨ ਕਹਾਵਨ ਕਉ ਕਈ ਕੇਤੈ ॥
ਐਸੋ ਜਨੁ ਬਿਰਲੋ ਹੈ ਸੇਵਕੁ, ਜੋ ਤਤ ਕਉ ਖੇਤੈ ॥੧॥ਰਹਾਉ ॥
ਦੁਖ ਨਾਹੀ, ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥
ਬੁਰਾ ਨਹੀ, ਸਭੁ ਭਲਾ ਹੀ ਹੈ ਰੇ, ਹਾਰ ਨਾਹੀ ਸਭ ਜੇਤੈ ॥
ਸੋਗ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ,
ਕਤ ਆਵੈ ਕਤ ਰਮਤੈ ॥ (ਪੰਨਾ ੧੩੦੨)

ਇਸ 'ਹੋਕੇ' ਅਥਵਾ 'ਕੂਕ' ਉਪਰੰਤ ਵੀ ਜੇ ਕੋਈ ਸੁਖ ਤੇ ਦੁਖ ਦੇ ਭੇਦ ਨੂੰ ਨਾ ਸਮਝੇ ਤਾਂ ਫੇਰ ਉਸ ਭਾਗ-ਹੀਨ ਦਾ ਨਿਕਰਮਣ 'ਰੱਬ ਹੀ ਰਾਖਾ' ਹੈ। ਭਗਤ ਕਬੀਰ ਜੀ ਦੇ ਕਥਨ ਅਨੁਸਾਰ ਅਜਿਹਾ ਵਿਅਕਤੀ ਹੱਥ ਵਿਚ ਦੀਵਾ ਫੜ ਕੇ ਖੂਹ ਵਿਚ ਡਿੱਗਦਾ ਹੈ :

ਕਬੀਰ, ਮਨੁ ਜਾਨੈ ਸਭ ਬਾਤ ॥ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ? ਹਾਥ ਦੀਪੁ ਕੂਏ ਪਰੈ ॥੨੧੬॥
(ਪੰਨਾ ੧੩੭੬)

ਗੁਰਬਾਣੀ ਦੇ ਅਮੁਲ ਗਿਆਨ-ਭੰਡਾਰ ਤੇ ਸੱਚ-ਰੂਪੀ ਸੂਰਜ ਦੇ ਹੁੰਦਿਆਂ ਸੁੰਦਿਆਂ, ਇਸ ਸਮੇਂ ਸੰਸਾਰ ਉਤੇ ਜੋ ਪਾਪ ਦੀ ਘੁੱਪ ਹਨੇਰੀ ਰਾਤ ਪਸਰ ਰਹੀ ਹੈ; ਉਸ ਵਿਚ ਜੇ ਕੋਈ ਆਸ ਦੀ ਕਿਰਨ ਦਿਖਾਈ ਦਿੰਦੀ ਹੈ ਤਾਂ ਉਹ ਆਦਿ ਗੁਰੂ ਨਾਨਕ ਦੇਵ ਜੀ ਦੀ ਆਪਣੀ ਤੇ ਉਨ੍ਹਾਂ ਦੇ ਉੱਤਰ-ਅਧਿਕਾਰੀ ਗੁਰੂ ਸਾਹਿਬਾਨ ਦੀ ਪਾਕ ਜ਼ਾਤ ਅਤੇ ਉਹਨਾਂ ਦੇ ਦੱਸੇ ਮਾਰਗ ਚਲ ਕੇ ਪੁੱਗੇ ਗੁਰਮੁਖ ਸਿਖਾਂ ਦਾ ਕਿਰਦਾਰ ਹੀ ਹੈ। ਕੌਣ ਨਹੀਂ ਜਾਣਦਾ ਕਿ ਸਤਿਗੁਰੂ ਜੀ ਦੇ ਪ੍ਰਗਟ ਹੋਣ ਸਮੇਂ ਹਰ ਪਾਸੇ ਕੂੜ ਦੀ ਪ੍ਰਧਾਨਤਾ ਤੇ ਸੱਚ ਦਾ ਕਾਲ ਸੀ।

ਰਾਜੇ ਪਾਪੀ, ਪਰਜਾ ਅਗਿਆਨੀ ਤੇ ਕਾਜ਼ੀ ਲੋਕ ਰਿਸ਼ਵਤੀ* ਸਨ। ਨਿਆਂ ਕਰਨ ਦੀ ਥਾਂ ਵੱਢੀ ਲੈ ਕੇ ਨਾਹੱਕ ਫੈਸਲੇ ਕਰਦੇ ਸਨ। ਕਰਮ-ਕਾਂਡੀ ਤੇ ਵਿਤਕਰੇ-ਪਾਊ ਬ੍ਰਾਹਮਣ ਜੀਵਾਂ ਦਾ ਘਾਤਕ ਤੇ ਜੋਗੀ ਜੁਗਤ-ਹੀਨ† ਸੀ। ਪਰਜਾ ਗਿਆਨ-ਹੀਨ ਅਤੇ ਇਸਤ੍ਰੀ ਪੁਰਸ਼ ਦਾ ਕੇਵਲ ਪੈਸੇ ਨਾਲ ਪਿਆਰ ਸੀ, ਚਾਹੇ ਉਹ ਕਿਸੇ ਤਰ੍ਹਾਂ ਪ੍ਰਾਪਤ ਹੋ ਜਾਵੇ। ਇਸ ਸਭ ਕੂੜ ਦੇ ਫਲਸਰੂਪ ਦੁਨੀਆਂ ਵਿਚ ਇਕ ਅਜੀਬ ਕੁਹਰਾਮ ਮੱਚ ਰਿਹਾ ਸੀ।

ਤਾਂ ਕੀ ਫੇਰ ਅਗਿਆਨਤਾ ਤੇ ਕੂੜ ਦੀ ਕਾਲੀ ਬੋਲੀ ਰਾਤ ਨੂੰ ਵੇਖ ਕੇ ਨਿਰੰਕਾਰੀ ਬਾਬਾ ਨਿਰਾਸ ਹੋ, ਢੇਰੀ ਢਾਹ ਬੈਠਾ? ਕੀ ਓਹ ਸੋਚਾਂ ਦੇ ਸਾਗਰ ਵਿਚ ਡੁੱਬ ਗਿਆ ਕਿ ਉਹ ਤਨ-ਤਿਨਹਾ ਸੰਸਾਰ ਦੀ ਇਸ ਅਤਿ ਬਿਗੜੀ ਤਾਣੀ ਨੂੰ ਕਿਵੇਂ ਸੁਲਝਾਵੇਗਾ? ਨਹੀਂ; ਕਦਾਚਿਤ ਨਹੀਂ।

'ਬਾਬੇ' ਨੂੰ ਤਾਂ ਅਕਾਲ ਪੁਰਖ ਵਾਹਿਗੁਰੂ ਨੇ ਧਰਤੀ ਉਪਰ ਭੇਜਿਆ ਹੀ ਧਰਤੀ ਦੀ ਪੁਕਾਰ ਸੁਣ ਕੇ ਸੀ। ਫੇਰ ਉਹ ਮਨੁੱਖ ਦੀ ਇਹ ਤਰਸਯੋਗ ਦਸ਼ਾ, ਵੇਖ ਕੇ ਖਾਮੋਸ਼ ਕਿਵੇਂ ਬੈਠ ਸਕਦਾ ਸੀ? ਉਸ ਅੰਦਰ ਲੋਹੜੇ ਦਾ ਸਾਹਸ ਤੇ ਸੋਜ਼ ਸੀ। ਉਹ ਉਠਿਆ ਤੇ 'ਨੌ ਨਿਧ ਨਾਮ' ਅਤੇ 'ਗਰੀਬੀ' (ਨਿਮਰਤਾ) ਦੀ ਗਦਾ ਜਿਹੇ ਹਥਿਆਰਾਂ ਨਾਲ ਲੈਸ ਹੋ ਕੇ, ਕੇਵਲ ਆਲਾ ਦੁਆਲਾ ਹੀ ਨਹੀਂ; ਸਗੋਂ, ਸਾਰੀ ਧਰਤੀ ਦੀ ਲੋਕਾਈ ਨੂੰ ਸੋਧਣ ਲਈ ਚੜ੍ਹ ਪਿਆ।

---

*ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤੁ ਮੁਖਹੁ ਅਲਾਈ ॥...
ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕ ਗਵਾਈ ॥
ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ ॥
(ਪਉੜੀ ੩੦, ਵਾਰ ੧)

†ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥
(ਧਨਾਸਰੀ ਮ: ੧, ਪੰਨਾ ੬੬੨)

ਸਰਬੱਤ ਦੇ ਸਾਂਝੇ ਬਾਬੇ ਅੰਦਰ ਸੱਚ ਦੀ ਟੇਕ ਸੀ। ਸਭ ਨੇ ਉਨ੍ਹਾਂ ਨੂੰ ਆਪਣਾ ਗੁਰੂ, ਪੀਰ ਤੇ ਮੁਰਸ਼ਦ ਕਰ ਜਾਤਾ, ਜਗਤ-ਗੁਰੂ ਕਰਕੇ ਨਮਸਕਾਰਿਆ।

ਧਰਮ ਦੇ ਪ੍ਰਚਾਰ ਦੀ ਜੋ ਸਮੱਸਿਆ ਸਤਿਗੁਰਾਂ ਦੇ ਸਮੇਂ ਸੀ, ਉਹੀ ਅੱਜ ਹੈ। ਗੁਰੂ ਜੀ ਦਾ ਕੰਮ ਤਾਂ ਬਿਖੜਾ ਸੀ, ਜਦ ਕਿ ਅਜੋਕੇ ਯੁੱਗ ਵਿਚ ਪ੍ਰਚਾਰ ਅਤੇ ਆਵਾਜਾਈ ਦੇ ਸੌਖੇ ਸਾਧਨ ਪ੍ਰਾਪਤ ਹੋਣ ਨਾਲ ਕੰਮ 'ਬਾਬੇ ਜੀ' ਦੇ ਸਮੇਂ ਨਾਲੋਂ ਸਹਿਲ ਹੈ। ਵੈਸੇ, ਮਨੁੱਖ, ਅੱਜ ਵੀ, ਫਿਤਰਤ (ਸੁਭਾਵ) ਕਰਕੇ, ਉਹਨਾਂ ਹੀ ਕਮਜ਼ੋਰੀਆਂ ਦਾ ਸ਼ਿਕਾਰ ਹੈ, ਜਿਨ੍ਹਾਂ ਦਾ ਅੱਜ ਤੋਂ ਪੰਜ ਸੌ ਸਾਲ ਪਹਿਲੇ ਸੀ। ਜਿਥੇ ਅਜੋਕੇ ਯੁੱਗ ਵਿਚ ਮਨ ਨੂੰ ਭੜਕਾਉਣ ਤੇ ਅਸ਼ਾਂਤ ਕਰਨ ਵਾਲੀਆਂ ਰੁਚੀਆਂ ਤੇ ਵਸੀਲਿਆਂ ਦਾ ਵਾਧਾ ਅਤੇ ਵਫ਼ਾ, ਹਯਾ ਦੇ ਪਰਦੇ ਦੀ ਥਾਂ ਫੈਸ਼ਨ, ਨੰਗੇਜ ਤੇ ਸਰੀਰਕ-ਅੰਗਾਂ ਦੀ ਪ੍ਰਦਰਸ਼ਨੀ ਬੋਲ-ਬਾਲਾ ਹੈ, ਉਥੇ ਜੇ ਕੋਈ ਸੱਚੇ ਤੇ ਸਾਊ ਆਚਾਰ ਦਾ ਬਾਨ੍ਹਣੂ ਬੰਨ੍ਹਣ ਵਾਲਾ ਹੋਵੇ, ਤਾਂ ਪ੍ਰੈਸ, ਰੇਡੀਓ, ਟੈਲੀਵੀਯਨ, ਸਕਰੀਨ, ਮੂਵੀਜ਼ ਅਤੇ ਆਵਾਜਾਈ ਦੀਆਂ ਸਹੂਲਤਾਂ, ਸ਼ੁਭ ਵੀਚਾਰਾਂ ਦੇ ਪ੍ਰਚਾਰ ਲਈ ਪੁੱਜ ਕੇ ਸਹਾਇਕ ਵੀ ਹੋ ਸਕਦੇ ਹਨ। ਹਾਂ, ਪ੍ਰਚਾਰ ਦੇ ਸੰਸਾਰ ਦੇ ਉਪ੍ਰੋਕਤ ਵਸੀਲੇ, ਦੋ-ਧਾਰੇ ਖੰਡੇ ਸਮਾਨ ਦੋਹੀਂ ਪਾਸੀਂ ਮਾਰ ਕਰਦੇ ਹਨ। ਇਨ੍ਹਾਂ ਦੀ ਅਯੋਗ ਵਰਤੋਂ ਉਤਨੀ ਹੀ ਖ਼ਤਰਨਾਕ ਤੇ ਹਾਨੀਕਾਰਕ ਹੈ ਜਿੰਨੀ ਯੋਗ ਵਰਤੋਂ ਲਾਭਦਾਇਕ ਤੇ ਕੁਸ਼ਲ।

ਸੋ, ਆਖ਼ਰ, ਤੋੜਾ, ਸਰਕਾਰਾਂ, ਸਮਰਥ ਲੋਕਾਂ ਤੇ ਧਾਰਮਿਕ ਆਗੂਆਂ ਆਦਿ ਦੀਆਂ ਰੁਚੀਆਂ ਤੇ ਨੀਤਾਂ ਉਤੇ ਆ ਝੜਦਾ ਹੈ। ਵੇਖਣਾ ਇਹ ਹੈ ਕਿ ਉਹ ਇਹਨਾਂ ਸਾਧਨਾਂ ਰਾਹੀਂ ਸਮਾਜ ਦੀ ਸੁਚੱਜੀ ਤੇ ਅਧਿਆਤਮਕ ਘਾੜਤ ਘੜਨ ਲਈ ਕੀ ਤੇ ਕਿਵੇਂ ਉਪਰਾਲਾ ਕਰਦੇ ਹਨ।

ਮਨੁੱਖ ਦਾ ਇਹ ਦੁਰਭਾਗ ਸਮਝੋ ਜਾਂ ਅਣਗਹਿਲੀ ਤੇ ਅਗਿਆਨਤਾ ਕਿ ਉਹ ਬੀਤੀਆਂ ਘਟਨਾਵਾਂ—ਕੌਮਾਂ ਤੇ ਰਾਜਸ਼ਾਹੀਆਂ ਦੇ ਜ਼ਵਾਲ (ਅਵ੍ਨੱਤੀ) ਤੋਂ ਕੋਈ ਇਬਰਤ (ਨਸੀਹਤ) ਨਹੀਂ ਲੈਂਦਾ। ਉਹ ਜਾਣਦਾ ਹੈ ਕਿ ਇਨ੍ਹਾਂ ਦੀ ਬਰਬਾਦੀ ਦਾ ਵੱਡਾ ਕਾਰਨ ਸ਼ਰਾਬ, ਕਬਾਬ ਤੇ ਸ਼ਬਾਬ ਸਨ। ਉਹ ਸ਼ਰਾਬ ਦੀ ਪਿਆਲੀ ਵਿਚ ਸਲਤਨਤਾਂ ਗਰਕ ਹੋਣ ਦਾ ਬਿਰਤਾਂਤ

ਪੜ੍ਹਦਾ ਹੈ; ਪ੍ਰੰਤੂ, ਫੇਰ ਵੀ ਇਸ ਤੋਂ ਤੋਬਾ ਨਹੀਂ ਕਰਦਾ। ਉਸ ਨੇ ਸਗੋਂ ਪਹਿਲਾਂ ਤੋਂ ਵੀ ਵੱਧ ਵਿਸ਼ਿਆਂ ਵਿਕਾਰਾਂ ਦੇ ਮਨੋਰੰਜਨਾਂ ਨੂੰ ਜੀਵਨ-ਮਨੋਰਥ ਮਿਥ ਲਿਆ ਹੈ। ਉਹ ਮਣਾਂ-ਮੂੰਹੀ ਅਸ਼ਲੀਲ ਸਾਹਿਤ ਪੜ੍ਹਦਾ ਤੇ ਕਾਮ ਨੂੰ ਉਤੇਜਤ ਕਰਨ ਵਾਲੇ ਚਿੱਤ੍ਰ ਵੇਖਦਾ ਹੈ। ਫੇਰ ਇਹ ਕਿਵੇਂ ਹੋ ਸਕਦਾ ਹੈ ਕਿ ਇਸ ਦੇ ਦਿਲ ਦਿਮਾਗ ਉੱਤੇ ਪ੍ਰਾਗੰਦਾ ਵੀਚਾਰਾਂ ਦਾ ਗ਼ਲਬਾ ਨਾ ਹੋਵੇ ਅਤੇ ਇਹ ਹਰ ਵੇਲੇ ਦੁਰ-ਵਿਵਹਾਰ ਤੇ ਕਾਰ ਲਈ ਤਤਪਰ ਨਾ ਰਹੇ? ਸਿਆਣਿਆਂ ਦਾ ਕਥਨ ਹੈ ਕਿ ਜੋ ਮੰਨਣਾ ਤੇ ਕਰਨਾ ਖ਼ਤਰਨਾਕ ਹੈ, ਉਹ ਸੁਣਨਾ ਹੀ ਖ਼ਤਰਨਾਕ ਹੈ; ਕਿਉਂਕਿ ਜਦ ਸਾਡੇ ਕੰਨ ਬਾਰ ਬਾਰ ਕੋਈ ਵਿਚਾਰ ਸੁਣਦੇ ਹਨ ਤਾਂ ਅਵਸ਼ ਉਸ ਦੇ ਕਾਇਲ ਹੋ ਜਾਂਦੇ ਹਨ :

What is dangerous to be convinced of, it is dangerous to hear; for our ears are so much of a machine that it becomes impossible to resist when once they are perpectually assailed.

ਇਹੋ ਕਾਰਨ ਹੈ ਕਿ ਸਤਿਗੁਰਾਂ ਨੇ ਨਿਸਦਿਨ ⌒ ਗੁਰਬਾਣੀ ਪੜ੍ਹਨ ਤੇ ਸਤਿਸੰਗ ਕਰਨ ਉੱਤੇ ਜ਼ੋਰ ਦਿੱਤਾ ਹੈ। ੧ ੳ ਸਤਿਨਾਮੁ ਵਾਹਿਗੁਰੂ ਦਾ ਜਾਪ, ਗੁਰਬਾਣੀ ਤੇ ਭਲੇ ਪੁਰਸ਼ਾਂ ਦੀ ਸੰਗਤ ਅਤੇ ਸ਼ੁਭ ਵੀਚਾਰਾਂ ਦਾ ਚਿੰਤਨ ਹੀ ਮਨੁੱਖ ਨੂੰ ਕੂੜ ਕੁਸਤਿ ਤੇ ਆਚਾਰ-ਹੀਣਤਾ ਦੀ ਡੂੰਘੀ ਖੱਡ ਵਿਚੋਂ ਕੱਢ ਕੇ ਸਹੀ ਸੁਖ ਤੇ ਸ਼ਾਂਤੀ ਦੇ ਸਿੰਘਾਸਨ ਉੱਤੇ ਬਿਠਾ ਸਕਦੇ ਹਨ।

ਸਿਖੀ ਵਿਚ ਇਸਤ੍ਰੀ ਨੂੰ ਆਦਮੀ ਦਾ ਈਮਾਨ ਕਾਇਮ ਰੱਖਣ ਵਾਲੀ ਕਰਕੇ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਇਸ ਨੂੰ ਮਨੁੱਖ ਅੰਦਰ ਬੰਧਾਨ (ਜ਼ਬਤ) ਕਾਇਮ ਰੱਖਣ ਵਾਲੀ ਸਾਬਤ ਕਰ ਕੇ ਦਰਸਾਇਆ ਹੈ।...'ਭੰਡਿ ਹੋਵੈ ਬੰਧਾਨੁ॥' ਅੱਜ ਬੰਧਾਨ, ਜ਼ਬਤ, ਸੰਜਮ ਤੇ ਰਹਿਤ ਆਦਿ ਸ਼ਬਦ ਜਵਾਨੀ ਦੀ ਮਸਤੀ, ਵਿਕਾਰਾਂ ਦੇ ਚੱਕਰ ਤੇ ਭੋਗਾਂ ਦੀ ਲਾਲਸਾ ਹੋਣ ਕਰਕੇ ਕੌੜੇ ਲਗਦੇ ਹਨ। ਪਤਾ ਓਦੋਂ ਹੀ ਲੱਗਦਾ ਹੈ ਜਦ ਇਹ ਭੋਗ, ਭੋਗੀ ਨੂੰ ਭੋਗ ਕੇ ਨੁਚੜੇ ਨਿੰਬੂ ਸਮਾਨ ਬਾਹਰ ਸੁੱਟ ਦੇਂਦੇ

ਹਨ। ਮਜ਼ੇ ਦੀ ਗੱਲ ਇਹ ਹੈ ਕਿ ਮਾਇਆ ਦੇ ਅਨੇਕ ਰੰਗਾ ਰੂਪਾਂ ਦੇ ਪ੍ਰਭਾਵ ਤੇ ਖੇਖਣਾਂ ਵੱਸ ਹੋਇਆ ਇਨਸਾਨ, ਗਵਾਢੀਆਂ ਤੇ ਦੂਜਿਆਂ ਦੇ ਭੈੜੇ ਅੰਤ ਤੋਂ ਵੀ ਕੋਈ ਸਿਖਿਆ ਤੇ ਇਬਰਤ ਪ੍ਰਾਪਤ ਨਹੀਂ ਕਰਦਾ।

ਭਾਵੇਂ ਸਮਸਤ ਸੰਸਾਰ ਦੇ ਨੇਕ ਤੇ ਮਾਨਵੀ-ਭਾਵ ਰੱਖਣ ਵਾਲੇ ਦਰਦ-ਮੰਦ ਲੋਕਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਮਨੁੱਖ ਨੂੰ ਇਸ ਬੇਯਕੀਨੀ* ਤੇ ਬੇਪ੍ਰਤੀਤੀ ਦੀ ਦੀਨ-ਦਸ਼ਾ ਦੀ ਜਿਲ੍ਹਣ ਵਿਚੋਂ ਕੱਢਣ ਦਾ ਉਪਰਾਲਾ ਕਰਨ, ਅਤੇ 'ਸੰਜਮਿ', 'ਸਹਿਜ' ਤੇ 'ਰਹਿਤ' ਦੇ ਜੀਵਨ ਦਾ ਧਾਰਨੀ ਬਨਾਉਣ; ਪ੍ਰੰਤੂ, ਵਿਸ਼ੇਸ਼ ਕਰਕੇ, ਇਹ ਜ਼ਿੰਮੇਵਾਰੀ ਸ੍ਰੀ ਗੁਰੂ ਨਾਨਕ ਨਾਮ-ਗੁਰਸਿਖਾਂ ਉੱਤੇ ਆਇਦ ਹੁੰਦੀ ਹੈ। ਜੇ ਉਹ ਇਸ ਵਿਚ ਕੋਤਾਹੀ ਕਰਨ ਤਾਂ ਫੇਰ 'ਓਹਨਾਂ' ਅਤੇ ਹੋਰ ਚੁਰਾਸੀ ਵਿਚ ਕੀ ਫ਼ਰਕ ਹੋਇਆ ? ਖਾਲਸਾ ਸਰਬ-ਸ੍ਰੇਸ਼ਟ ਤੇ ਸ਼੍ਰੋਮਣੀ ਹੈ, ਮਨੁੱਖਤਾ ਦਾ ਸਿਰਤਾਜ ਹੈ। ਇਸ ਨਾਤੇ ਇਸ ਦੀਆਂ ਜ਼ਿੰਮੇਵਾਰੀਆਂ ਵੀ ਹੋਰਨਾਂ ਨਾਲੋਂ ਵਧੇਰੇ ਤੇ ਵਿਸ਼ੇਸ਼ ਹਨ। ਇਸ ਪਾਸ 'ਧੁਰ ਕੀ ਬਾਣੀ' ਦਾ ਪ੍ਰਚੰਡ ਪ੍ਰਕਾਸ਼ ਅਤੇ ਅਦੁੱਤੀ ਇਤਿਹਾਸ ਦਾ ਮਹਾਨ ਖਜ਼ਾਨਾ ਹੈ। ਇਸ ਨੂੰ ਨਾ ਕੇਵਲ ਆਪ ਨਾਮ ਜਪਣ ਦੀ ਤਾਕੀਦ ਹੈ; ਸਗੋਂ, 'ਵੰਡ ਕੇ ਛਕਣ' ਦੇ ਸਿਧਾਂਤ ਅਨੁਸਾਰ ਹੋਰਨਾਂ ਨੂੰ ਨਾਮ ਜਪਾਉਣ† ਦੀ ਵੀ। ਸਿੱਖ ਲਈ ਕੇਵਲ ਆਪਣੀ ਜ਼ਾਤ ਕਰਕੇ ਨੇਕ ਹੋਣਾ ਕਾਫ਼ੀ ਨਹੀਂ। ਇਸ ਨੇ ਖੰਡਿਓ‡ ਤਿੱਖੇ ਤੇ ਵਾਲੋਂ ਨਿੱਕੇ ਸਿਖੀ ਦੇ ਮਾਰਗ ਉਤੇ ਤੁਰਨ ਦੀ

---

*ਸੁਨ ਐ ਤਹਜ਼ੀਬਿ ਹਾਜ਼ਰ ਕੇ ਗ੍ਰਿਫ਼ਤਾਰ।
ਗੁਲਾਮੀ ਸੇ ਬਦਤਰ ਹੈ ਬੇਯਕੀਨੀ। (ਇਕਬਾਲ)

†ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
(ਗਉੜੀ ਮ: ੪, ਪੰਨਾ ੩੦੫)

‡ਖੰਨਿਅਹੁ ਤਿਖੀ ਵਾਲਹੁ ਨਿਕੀ, ਏਤੁ ਮਾਰਗਿ ਜਾਣਾ॥
(ਅਨੰਦ ਸਾਹਿਬ)

ਪ੍ਰਤੱਗਿਆ ਕੀਤੀ ਸੀ। ਇਸ ਦੀ ਪਾਲਣਾ ਲਈ ਇਸ ਨੂੰ ਸ੍ਰੀ ਦਸਮੇਸ਼ ਜੀ ਦਾ ਇਹ ਫੁਰਮਾਨ ਹਰ ਦਮ ਕੰਨ ਪਰ ਰੱਖਣ ਦੀ ਲੋੜ ਹੈ :

ਹਮੂ ਮਰਦ ਬਾਯਦ, ਸ਼ੱਵਦ ਸੁਖਨਵਰ ॥
ਨ ਸ਼ਿਕਮੇ ਦਿਗਰ, ਦਰ ਦਹਾਨੇ ਦਿਗਰ ॥ (ਜ਼ਫਰਨਾਮਾ)

(ਮਰਦ ਨੂੰ ਚਾਹੀਦਾ ਹੈ ਕਿ ਬਚਨ ਦਾ ਸੂਰਾ ਹੋਵੇ, ਉਸ ਦੇ ਮੂੰਹ ਵਿਚ ਹੋਰ ਤੇ ਦਿਲ ਵਿਚ ਹੋਰ ਗੱਲ ਨਾ ਹੋਵੇ।)

ਸੋ, ਐ ਗੁਰਸਿੱਖ! ਮਾਰੂ ਗ਼ਫ਼ਲਤ ਤੇ ਘੋਰ ਨਿੰਦਰਾ ਤੋਂ ਜਾਗ ਅਤੇ ਆਪਣੇ ਅਰਸ਼ੀ ਕਰਤੱਵ ਨੂੰ ਸੰਭਾਲ। ਜੇ ਤੂੰ ਸੜਦੇ ਲਾਹੌਰ ਨੂੰ ਭਾਈ ਤਾਰੇ ਵਾਂਗ ਬਚਾਉਣ ਦਾ ਜਤਨ ਕਰਨ ਸਮਾਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਦ੍ਵੈਖ ਆਦਿ ਵਿਕਾਰਾਂ ਦੀ ਅੱਗ ਨਾਲ ਦਗਧ ਹੋ ਰਹੇ ਸਮਸਤ ਸੰਸਾਰ ਨੂੰ ਪੂਰਨ ਤੌਰ ਉਤੇ ਨਾ ਵੀ ਬਚਾ ਸਕੇਂਗਾ, ਤਾਂ ਵੀ ਤੇਰੀ ਘਾਲ ਭਾਈ ਸਾਹਿਬ ਵਾਂਗ, ਗੁਰੂ ਘਰ, ਥਾਇ ਪਵੇਗੀ, ਤੂੰ ਕਬੂਲ ਥੀਵੇਂਗਾ। ਦੁਖਾਂਤ ਇਹ ਨਹੀਂ ਕਿ ਤੂੰ ਪਰਵਾਨੇ ਵਾਂਗ, ਸੱਚ ਤੇ ਸੇਵਾ ਦੀ ਸ਼ਮ੍ਹਾ ਤੋਂ ਕੁਰਬਾਨ ਨਹੀਂ ਹੋ ਰਿਹਾ; ਸਗੋਂ, ਸ਼ਿਕਾਇਤ ਹੈ ਕਿ ਤੇਰੇ ਅੰਦਰ ਸਿਮਰਨ ਤੇ ਸੇਵਾ ਦੀ ਸ਼ਮ੍ਹਾ ਲਈ ਸੋਜ਼ ਤੇ ਤੜਪ ਦਾ ਹੀ ਅਭਾਵ ਹੋ ਚੁੱਕਾ ਹੈ।

ਸੁਣ : ਜੋ ਜਲ ਕਰ ਖ਼ਾਕ ਹੋ ਜਾਏ, ਵੁਹ ਖੁਸ਼ਕਿਸਮਤ ਸਹੀ, ਲੇਕਿਨ,
ਜੋ ਜਲਨੇ ਕੇ ਲੀਏ ਤੜਪੇ, ਵੁਹ ਪਰਵਾਨਾ ਭੀ ਅੱਛਾ ਹੈ।

ਸੋ, ਗੁਰੂ ਦੇ ਲਾਲ, ਹੋਸ਼ ਕਰ, ਤੂੰ ਆਪਣੀ ਵਰਤਮਾਨ ਰਵਸ਼ ਨਾਲ ਨਾ ਕੇਵਲ ਖਾਲਸੇ ਨੂੰ ਵਿਸ਼ੇਸ਼ ਗੁਣਾਂ-ਭਰਪੂਰ ਬਖਸ਼ਿਆ 'ਨਿਆਰਾਪਨ' ਹੀ ਗਵਾ ਰਿਹਾ ਹੈਂ, ਸਗੋਂ ਸਤਿਗੁਰੂਆਂ ਦੇ ਅਮਰ ਉਪਦੇਸ਼, ਉਹਨਾਂ ਦੀ ਅਰਸ਼ੀ ਗੁਰੂਬਾਣੀ ਅਤੇ ਅਦੁੱਤੀ ਸਿੱਖ ਇਤਿਹਾਸ ਨੂੰ ਵੀ ਸ਼ੱਕੀ ਤੇ ਕਲੰਕਤ ਕਰਨ ਦਾ ਦੋਸ਼ੀ ਬਣ ਰਿਹਾ ਹੈਂ। ਜੇ ਸ੍ਰੀ ਗੁਰੂ ਨਾਨਕ ਜੀ ਜਿਹੇ ਦੈਵੀ ਸਾਕੀ ਦੇ 'ਨਾਮ-ਮੱਦ' ਨਾਲ ਭਰਪੂਰ, ਸੰਗਤਿ ਰੂਪੀ ਮੈਖ਼ਾਨੇ ਵਿਚ ਪੈਰ ਪਾਇਆ ਈ, ਤਾਂ ਫੇਰ ਮਾਰਫ਼ਤ ਦੀ ਮੈਂ ਏਨੀ ਪੀ, ਏਨੀ ਪੀ, ਕਿ 'ਨਾਮ ਦੀ ਖ਼ੁਮਾਰੀ' ਦਿਨ

ਰਾਤ ਇਕ-ਸਾਰ ਚੜ੍ਹੀ* ਰਹੇ, ਅਤੇ ਕੂੜੇ ਮੱਦ ਲਈ ਭਟਕਣ ਮੁਕ ਜਾਵੇ।

ਸਤਿਗੁਰੂ ਦਿਆਲੂ ਹੈ, ਅਨਿੰਨ ਸਿਖਾਂ ਸੇਵਕਾਂ ਲਈ ਬੇਤਾਬ ਹੈ। ਭੋਲਿਆ, ਤੂੰ ਸਿਦਕ-ਦਿਲੀ ਨਾਲ ਉਸ ਵਲ ਮਨ-ਰੂਪੀ ਕਾਸਾ ਵਧਾ ਕੇ ਕੁਝ ਇਉਂ ਜੋਦੜੀ ਤਾਂ ਕਰ ਵੇਖ :

ਉੱਠ ਸਾਕੀਆ, ਨਾਨਕ, ਤੂੰ ਉੱਠ, ਰਹਿਮਤ ਦਾ ਭਰ ਕੇ ਜਾਮ ਦੇ।
ਹਰ ਘੜੀ ਦੇ, ਹਰ ਪਹਿਰ ਦੇ, ਹਰ ਸੁਬਹ ਦੇ, ਹਰ ਸ਼ਾਮ ਦੇ।
ਜ਼ੱਰਾ ਹੂੰ ਮੈਂ, ਸੂਰਜ ਬਣਾ, ਕਤਰਾ ਹੂੰ ਮੈਂ, ਸਾਗਰ ਬਣਾ।
ਖ਼ੁਦੀਆਂ ਦੇ ਸੰਗਲ ਤੋੜ ਦੇ, ਬੇਖ਼ੁਦ ਬਣਾ, ਨਿਜਧਾਮ ਦੇ।
ਦਾਤਾ ਮਿਰੇ, ਤੇਰੇ ਬਿਨਾ, ਬਾਲਾਈਆਂ ਭੀ ਪਸਤੀਆਂ।
ਮੱਟਾਂ ਦੇ ਮੱਟ ਦੇ ਰੋੜ੍ਹ; ਕਰ ਦੇ ਮਸਤੀਆਂ ਹੀ ਮਸਤੀਆਂ।

ਤਥਾ : ਬਯਾ, ਐ ਸਾਕੀਇ ਰੰਗੀਨ, ਜ਼ਿ ਮੈ ਪੁਰ ਕੁਨ ਅੱਯਾਗ ਈਂ ਜਾ।
ਨਸ਼ਾਇ ਲਾਲਿ ਮੈ ਗੁਨਤ, ਕਿ ਹੱਕ ਬਖ਼ਸ਼ਦ ਸੁਰਾਗ ਈ ਜਾ। (ਗੋਯਾ)

(ਭਾਵ–ਹੇ ਅਲਬੇਲੇ ਸਾਕੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ)! ਆ (ਤੇ) ਏਥੇ (ਮੈਨੂੰ ਨਾਮ ਦੀ) ਮੱਦ (ਸ਼ਰਾਬ, ਮਸਤੀ) ਦਾ ਇਕ ਪਿਆਲਾ (ਜਾਮ) ਭਰ ਦੇ, (ਕਿਉਂਕਿ) ਤੇਰੇ ਲਾਲ ਰੰਗ ਦੀ ਸ਼ਰਾਬ ਦਾ ਸਰੂਰ ਵਾਹਿਗੁਰੂ ਦੇ ਭੇਦ ਖੋਲ੍ਹਦਾ ਹੈ।)

ਯਾਦ ਰਖੀਂ, ਤੇਰੀ ਕਥਨੀ ਤੋਂ ਨਹੀਂ, ਤੇਰੇ ਕਿਰਦਾਰ ਤੋਂ, ਤੇਰੇ ਸਤਿਗੁਰੂ ਦਾ ਰੁਤਬਾ ਪਰਖਿਆ ਜਾਣਾ ਈ। ਸੋ, ਜੇ ਐਸੇ ਕਥਨੀ ਤੇ ਕਰਨੀ

---

*(ੳ) ਪੋਸਤ, ਭੰਗ, ਅਫ਼ੀਮ ਮਦ, ਉਤਰ ਜਾਤ ਪ੍ਰਭਾਤ॥
ਨਾਮ ਖੁਮਾਰੀ ਨਾਨਕਾ, ਚੜ੍ਹੀ ਰਹੇ ਦਿਨ ਰਾਤ॥
(ਜਨਮ ਸਾਖੀਆਂ ਵਿਚੋਂ)

(ਅ) ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ॥
(ਆਸਾ ਮ: ੧, ਪੰਨਾ ੩੬੦)

ਦੇ ਸੂਰੇ ਤੇ ਕਾਮਲ ਮੁਰਸ਼ਦ ਨਾਲ ਲਾਈਆਂ ਈ ਤਾਂ ਤੋੜ ਨਿਭਾਵੀਂ ? ਲਗੀਆਂ ਦੀ ਲਾਜ ਰੱਖੀਂ ਵੇਖੀਂ, ਕਿਤੇ ਤੇਰੀ ਸਿਖੀ ਕਲੰਕਤ ਨਾ ਹੋਵੇ ।

ਵੇਖ, ਇਕ ਹੋਰ ਸ਼ਾਇਰ ਵੀ ਤੈਨੂੰ ਟੁੰਬਣ ਤੇ ਵਿਅੰਗ-ਮਈ ਢੰਗ ਨਾਲ, ਉਭਾਰਨ ਲਈ ਕਿਵੇਂ ਕੋਸ਼ਾਂ ਹੈ, ਜਤਨ-ਸ਼ੀਲ ਹੈ :

ਯਾ ਨਾਮ ਨ ਲੇ ਮੈਖਾਨੇ ਕਾ, ਯਾ *ਗਰਕ ਮਏ ਇਰਫਾਂ ਹੋ ਜਾ,
ਪੀਨੇ ਮੇਂ ਰਹੇ ਕੁਛ ਹੋਸ਼ ਅਗਰ, ਤੌਹੀਨ ਹੈ ਯੇ ਮੈਖਾਨੇ ਕੀ ।

ਤਥਾ : ਗਰ ਇਸ਼ਕ ਕੀਆ ਹੈ ਤੋ ਇਸ਼ਕ ਕੋ ਬਦਨਾਮ ਨ ਕਰ,
ਯਾ ਤੋ ਬੇ ਹੋਸ਼ ਨ ਹੋ, ਹੋ, ਤੋ ਫਿਰ ਨ ਹੋਸ਼ ਮੇਂ ਆ ॥

---

*ਮਾਰਫ਼ਤ (ਗਿਆਨ) ਦੀ ਸ਼ਰਾਬ ।

ਜਿਤੁ ਪੀਤੈ ਮਤਿ ਦੂਰ ਹੋਇ......

ਸੰਸਾਰ ਵਿਚ ਮੈਂ ਤੇ ਤੂੰ ਦਾ ਭੇਦ ਮਿਟਾਉਣ ਲਈ 'ਸ਼ਬਦ' ਤੇ 'ਸ਼ਰਾਬ' ਦੇ ਦੋਵੇਂ ਨਸ਼ੇ ਜਗਤ-ਪ੍ਰਸਿੱਧ ਹਨ। ਫਰਕ ਇਤਨਾ ਹੈ ਕਿ ਜਿਥੇ 'ਸ਼ਰਾਬ' ਮੱਤ ਮਾਰ ਕੇ, ਸੁਰਤਹੀਨ ਕਰਕੇ ਐਸੀ ਅਵਸਥਾ ਪੈਦਾ ਕਰਦੀ ਹੈ, ਉਥੇ 'ਸ਼ਬਦ' ਮੱਤ ਅਥਵਾ ਸੁਰਤ ਨੂੰ ਸਾਵਧਾਨ, ਉਚੇਰਾ ਤੇ ਉਜੱਲਾ ਕਰਕੇ। ਪਹਿਲਾ ਨਸ਼ਾ ਸੁਗਿਆਨ ਦਾ ਪ੍ਰਕਾਸ਼ ਕਰਦਾ ਹੈ ਜਦ ਕਿ ਦੂਜਾ ਗਿਆਨ ਦਾ ਅਭਾਵ। ਸ਼ਬਦ (ਨਾਮ) ਦੀ ਖੁਮਾਰੀ ਸਦਾ, ਇਕ ਰੱਸ ਚੜ੍ਹੀ ਰਹਿੰਦੀ ਹੈ, ਜਦ ਕਿ ਸ਼ਰਾਬ ਦੀ ਮਸਤੀ ਵਕਤੀ ਤੇ ਤੋਟ ਪੈਦਾ-ਕਰੂ ਹੈ। ਇਸ ਹਕੀਕਤ ਨੂੰ ਗੁਰੂ ਜੀ ਇਉਂ ਸਪੱਸ਼ਟ ਕਰਦੇ ਹਨ :

ਜਿਤੁ ਪੀਤੈ ਮਤਿ ਦੂਰ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥

(ਮ: ੩, ਪੰਨਾ ੫੫੪)

ਪੰਜਵੇਂ ਗੁਰਦੇਵ ਜੀ ਦਾ ਫੁਰਮਾਨ ਹੈ :

ਦੁਰਮਤਿ ਮਦੁ ਜੋ ਪੀਵਤੇ, ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ ॥ (ਆਸਾ ੩੯੯)

(ਭਾਵ ਅਰਥ–ਖੋਟੀ ਮਤ ਦੇ ਅਧੀਨ ਹੋ ਕੇ ਜੋ ਸ਼ਰਾਬ ਪੀਂਦੇ ਹਨ, ਉਹ ਕਮਲੀ ਤੇ ਵਿਭਚਾਰਨ ਇਸਤ੍ਰੀ ਦੇ ਪਤੀ ਸਮਾਨ ਹਨ। ਅਸਲੀ ਅਮਲੀ ਉਹੀ ਹਨ ਜੋ ਨਾਮ-ਰੂਪੀ ਸ਼ਰਾਬ ਨਾਲ ਖੀਵੇ ਰਹਿੰਦੇ ਹਨ।)

ਜੋਗੀ, ਭੁਲੇਖੇ ਵਿਚ, ਮਨ ਦੀ ਇਕਾਗਰਤਾ ਤੇ ਇਸਥਿਤੀ ਲਈ ਸ਼ਰਾਬ ਆਦਿ ਨਸ਼ਿਆਂ ਦੀ ਵਰਤੋਂ ਕਰਦੇ ਸਨ। ਜਦ ਭਰਥਰੀ ਜੋਗੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ, ਸਮਾਧੀ ਹਿਤ, ਨਸ਼ਿਆਂ ਦੀ ਵਕਾਲਤ ਕੀਤੀ ਤਾਂ ਸਤਿਗੁਰੂ ਜੀ ਵਲੋਂ ਉਸ ਨੂੰ ਇਸ ਸੰਬੰਧ ਵਿਚ ਦਿੱਤਾ ਇਹ ਉੱਤਰ ਵਾਚਣ, ਵਿਚਾਰਨ ਤੇ ਅਮਲਾਉਣ ਯੋਗ ਹੈ :

ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ, ਪ੍ਰੇਮ ਕਾ ਪੋਚਾ, ਇਤੁ ਰਸਿ ਅਮਿਉ ਚੁਆਈਐ ॥
ਬਾਬਾ, ਮਨੁ ਮਤਵਾਰੋ, ਨਾਮ ਰਸੁ ਪੀਵੈ, ਸਹਿਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ,ਸਬਦੁ ਅਨਾਹਦ ਗਹਿਆ॥ਰਹਾਉ॥
ਪੂਰਾ, ਸਾਚੁ ਪਿਆਲਾ ਸਹਿਜੇ, ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ ॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ, ਮੁਕਤਿ, ਬੈਕੁੰਠੈ ਕਰੈ ਕਿਆ ॥
ਸਿਫਤੀ ਰੱਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ ॥
ਕਹੁ ਨਾਨਕ, ਸੁਣਿ ਭਰਥਰ ਜੋਗੀ, ਖੀਵਾ ਅੰਮ੍ਰਿਤ ਧਾਰੈ ॥

(ਪੰਨਾ ੩੬੦)

ਵੇਖੋ, ਉਪ੍ਰੋਕਤ ਰਚਨਾ ਵਿਚ ਕਿਤਨੀ ਨਿਖੇਧੀ ਕੀਤੀ ਗਈ ਹੈ ਮਤ ਮਾਰਨ ਵਾਲੀ ਖੋਟੀ ਸ਼ਰਾਬ ਦੀ ਅਤੇ ਕਿਤਨੀ ਤਾਕੀਦ ਹੈ ਨਾਮ-ਮੈਅ ਦੇ ਅੰਮ੍ਰਿਤ ਰਸ ਵਿਚ ਖੀਵਾ ਰਹਿਣ ਦੀ। ਨਾਲ ਹੀ ਗੁਰਦੇਵ ਇਸ ਨੂੰ ਤਿਆਰ ਕਰਨ ਦੀ ਵਿਧੀ ਵੀ ਸਮਝਾਂਦੇ ਹਨ : ਗੁੜ ਦੀ ਥਾਂ ਗਿਆਨ, ਧਾਵੈ (ਮਹੂਏ) ਦੇ ਫੁੱਲਾਂ ਦੀ ਥਾਂ ਵਾਹਿਗੁਰੂ ਜੀ ਵਿਚ ਧਿਆਨ ਜੋੜਨਾ ਅਤੇ ਕਿੱਕਰ ਦੇ ਸੱਕਾਂ ਦੀ ਥਾਂ ਸ਼ੁਭ ਅਮਲਾਂ ਨੂੰ ਹਿਰਦੇ ਰੂਪੀ ਮਟਕੀ ਵਿਚ ਪਾਵੋ। ਸ਼ਰਧਾ ਅਥਵਾ ਭਾਵਨਾ ਦੀ ਭੱਠੀ ਬਣਾਉ ਤੇ ਪ੍ਰੇਮ ਦਾ ਪੋਚਾ ਦਿਓ। ਇੰਝ ਤਿਆਰ ਹੋਏ ਅੰਮ੍ਰਿਤ ਨੂੰ ਸੱਚ ਦੇ ਪਿਆਲੇ ਵਿਚ ਪੀਓ। ਜਦ ਐਸੀ ਨਾਮ-ਰਸਾਇਣ ਦਾ ਅਬਦੀ (ਸਦੀਵੀ) ਨਸ਼ਾ ਆਵੇਗਾ, ਤਾਂ ਹੋਛਿਆਂ ਨਸ਼ਿਆਂ ਦੇ ਸਭ ਰਸ

ਵਿੱਚ ਪੈ ਜਾਣਗੇ।

ਜਦ ਕਦੀ ਭਾਈ ਨੰਦ ਲਾਲ ਜੀ 'ਗੋਇਆ' ਆਪਣੇ ਪਵਿੱਤਰ ਕਲਾਮ ਵਿਚ ਕਲਗੀਆਂ ਵਾਲੇ ਪਾਤਸ਼ਾਹ ਪਾਸੋਂ 'ਮੈਅ' (ਸ਼ਰਾਬ) ਦੇ ਜਾਮ ਅਥਵਾ ਪਿਆਲੇ ਦੀ ਜਾਚਨਾ ਕਰਦੇ ਹਨ ਤਾਂ ਆਪ ਜੀ ਦੀ ਤੜਪ ਤੇ ਜੋਦੜੀ ਵੀ ਨਾਮ ਰੂਪੀ ਐਸੀ ਸ਼ਰਾਬ ਲਈ ਹੀ ਹੁੰਦੀ ਹੈ, ਜੋ ਉਨ੍ਹਾਂ ਉੱਤੇ ਵਾਹਿਗੁਰੂ ਦੇ ਭੇਦ ਖੋਲ੍ਹੇ ਤੇ ਉਸ ਨਾਲ ਅਭੇਦ ਕਰ ਦੇਵੇ।

(ੳ) ਬਯਾ, ਐ ਸਾਕੀਏ ਰੰਗੀਨ, ਜ਼ਿ ਮੈ ਪੁਰ ਕੁਨ ਅੱਯਾਗ ਈਂ ਜਾ।
ਨਸ਼ਾਇ ਲਾਲਿ ਮੈ ਗੂਨਤ, ਕਿ ਹਕ ਬਖਸ਼ਦ ਸੁਹਾਗ ਈਂ ਜਾ।
(ਗਜ਼ਲ ੪)

(ਭਾਵ—ਐ ਮੇਰੇ ਅਲਬੇਲੇ ਸਾਕੀ (ਕਲਗੀਆਂ ਵਾਲੇ ਪਾਤਸ਼ਾਹ), ਆਓ, ਤੇ ਸਾਨੂੰ ਨਾਮ ਦੀ ਸ਼ਰਾਬ ਦਾ ਪਿਆਲਾ ਭਰ ਦਿਓ। ਤੇਰੀ ਲਾਲ ਰੰਗ ਦੀ ਸ਼ਰਾਬ ਦਾ ਸਰੂਰ ਸਾਡੇ ਉੱਤੇ ਹੱਕ (ਵਾਹਿਗੁਰੂ) ਦੇ ਭੇਦ ਖੋਲ੍ਹਦਾ ਹੈ।)

(ਅ) ਸਾਕੀਆ ਬਰਖੇਜ਼, ਵ ਹਾਂ ਪੁਰ ਕੁਨ ਅੱਯਾਗ।
ਤਾ ਜ਼ਿ ਨੋਸ਼ਿ ਊ, ਕੁਨਮ ਰੰਗੀ ਦਿਮਾਗ। (ਗਜ਼ਲ ੪੭)

(ਭਾਵ—ਹੇ ਸਾਕੀ (ਕਲਗੀਆਂ ਵਾਲੇ ਪਾਤਸ਼ਾਹ), ਉਠ, ਤੇ ਨਾਮ ਦੀ ਸ਼ਰਾਬ ਦਾ ਪਿਆਲਾ ਭਰ ਦੇ, ਤਾਂ ਜੋ ਉਸ ਦੇ ਪੀਣ ਨਾਲ ਮੈਂ ਆਪਣੇ ਦਿਮਾਗ ਨੂੰ ਪੂਰ੍ਰ ਰੰਗ-ਰੱਤਾ ਕਰ ਲਵਾਂ।)

ਵੈਸੇ ਤਾਂ ਹਰ ਜੁਗ ਵਿਚ ਹੀ ਸ਼ਰਾਬ ਦੀ ਕਿਸੇ ਨਾ ਕਿਸੇ ਰੂਪ ਵਿਚ ਥੋੜ੍ਹੀ ਬਹੁਤੀ ਵਰਤੋਂ ਹੁੰਦੀ ਆਈ ਹੈ; ਪ੍ਰੰਤੂ, ਇਸ ਦੀ ਦੁਰਵਰਤੋਂ ਕਾਰਨ ਜੋ ਘਿਨਾਉਣੇ ਸਿੱਟੇ ਅਜੋਕੇ ਸਮੇਂ ਉਜਾਗਰ ਹੋ ਰਹੇ ਹਨ, ਉਹਨਾਂ ਨੇ 'ਜੋਤਿ ਸਰੂਪ' ਮਨੁੱਖ ਦਾ ਸਿਰ ਲੱਜਾ ਨਾਲ ਨੀਵਾਂ ਕਰ ਛੱਡਿਆ ਹੈ। ਹਰ ਪਾਸੇ ਪ੍ਰਗਟ ਜਾਂ ਗੁਪਤ ਤੌਰ ਉੱਤੇ ਸ਼ਰਾਬ, ਕਬਾਬ ਤੇ ਸ਼ਬਾਬ ਦੇ ਹੀ ਚਰਚੇ ਸੁਣੇ, ਵੇਖੇ ਜਾ ਰਹੇ ਹਨ। ਧਰਮ ਦੀ ਗੱਲ ਬਹੁਤੀ ਰਸਮੀ ਹੀ ਰਹਿ ਗਈ ਹੈ।

ਨਹੀਂ ਤਾਂ, ਕੋਈ ਕਾਰਨ ਨਹੀਂ ਦਿੱਸਦਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਸਿਖ, ਬਾਬੇ ਦੀ ਦਾਇਮੀ ਸਰੂਰਾਂ ਵਾਲੀ ਨਾਮ ਦੀ ਮੈਅ ਨੂੰ ਤਿਆਗ ਕੇ, ਝੂਠੀ, ਮੱਤਾਂ ਮਾਰਨ ਵਾਲੀ ਤੇ ਸਾਰੇ ਪੁਆੜਿਆਂ, ਫਸਾਦਾਂ, ਕਤਲਾਂ ਦੀ ਜੜ੍ਹ ਸ਼ਰਾਬ, ਨੂੰ ਸ਼ਾਮ ਸਵੇਰੇ ਅੰਧਾ ਧੁੰਦ ਗੱਟਾ ਗੱਟ ਨੋਸ਼ ਫੁਰਮਾਉਣ ਵਿਚ ਗੁਆਂਢੀ ਕੌਮਾਂ ਨੂੰ ਮਾਤ ਪਾ ਦੇਣ।

ਇਹ ਵਿਸ਼ਾ ਗੰਭੀਰ ਹੋਣ ਕਰਕੇ ਪੰਥ ਦੇ ਸਮੂਹ ਦਰਦ-ਮੰਦ ਆਗੂਆਂ ਵਿਦਵਾਨਾਂ, ਲੇਖਕਾਂ, ਪ੍ਰਚਾਰਕਾਂ ਤੇ ਸੰਤਾਂ ਮਹੰਤਾਂ ਦੇ ਉਚੇਰੇ ਧਿਆਨ ਦਾ ਮੁਥਾਜ ਹੈ। ਸ਼ਰਾਬ ਦੀ ਬਿੱਦਤ ਤੇ ਹੋਰ ਮਾਰੂ ਨਸ਼ਿਆਂ ਦੀ ਵਰਤੋਂ ਸੁਰਾਲ (ਅਜ਼ਦਹੇ) ਵਾਂਗ ਮੂੰਹ ਪਸਾਰੀ ਕੌਮ ਨੂੰ ਨਿਗਲੀ ਜਾ ਰਹੀ ਹੈ। ਸਿੱਖ ਨੂੰ ਤਾਂ ਅਮਲ ਕੇਵਲ ਪ੍ਰਸ਼ਾਦੇ ਦਾ ਹੀ ਰੱਖਣ ਦੀ ਤਾਕੀਦ ਕੀਤੀ ਗਈ ਸੀ। ਫੇਰ ਇਹ ਮਾਰੂ ਮੈਅ ਪੀਣ ਦੀ ਆਦਤ ਤੇ ਅਵੱਗਿਆ ਕਿਉਂ ?

ਜਿਵੇਂ ਸੱਚੇ ਸੁੱਚੇ ਆਚਾਰ, ਵਿਵਹਾਰ ਤੇ ਕਾਰ ਤੋਂ ਬਿਨਾ ਕੇਵਲ ਰਸਨਾ ਦੁਆਰਾ ਨਾਮ ਜਪੀ ਜਾਣਾ ਅਰਥ-ਹੀਨ ਹੈ, ਤਿਵੇਂ ਨਸ਼ਿਆਂ ਕਾਰਨ ਨਿੱਘਰ ਰਹੀ ਕੌਮ ਨੂੰ, ਇਹਨਾਂ ਵਲੋਂ ਹੋੜਨ ਦੀ ਥਾਂ, ਹੋਰ ਹੋਰ ਪ੍ਰਚਾਰ ਕਰਨਾ, ਬੇਸੂਦ ਹੈ। ਜੇ ਕੌਮ ਸ਼ਰਾਬ ਦੀ ਪਿਆਲੀ, ਅਫੀਮ ਦੇ ਗੋਲੇ ਤੇ ਧੂਮਰਪਾਨ (ਤੰਬਾਕੂ) ਜਿਹੀ ਵਰਜਤ ਬਿੱਖ ਦੀ ਭੁਖ ਤੇ ਲੋਰ ਵਿਚ ਊਂਘਦੀ ਊਂਘਦੀ ਨਿੱਘਰ ਗਈ ਤਾਂ ਫੇਰ ਕੌਣ ਸੁਣੇਗਾ ਸਾਡੇ ਰਸਮੀ ਉਪਦੇਸ਼ਾਂ ਨੂੰ, ਅਤੇ ਇਹ ਭਾਸ਼ਨ ਕਾਟ ਕਿਸ ਨੂੰ ਕਰਨਗੇ ? ਸ਼ਾਇਰ ਨੇ ਕਿਸੇ ਐਸੀ ਸਥਿਤੀ ਦੇ ਸੰਬੰਧ ਵਿਚ ਹੀ ਕਿਹਾ ਸੀ :

ਖੈਰ, ਤੂ ਸਾਕੀ ਸਹੀ, ਲੇਕਨ ਪਿਲਾਏਗਾ ਕਿਸੇ ?
ਨਾ ਵੁਹ ਮੈਕਸ਼ ਰਹੇ ਬਾਕੀ, ਨਾ ਮੈਖਾਨੇ ਰਹੇ। (ਇਕਬਾਲ)

ਸਿਆਣਿਆਂ ਦਾ ਵਿਚਾਰ ਹੈ ਕਿ ਜੇ ਕਿਸੇ ਬਾਲਕ ਹੱਥੋਂ ਕੋਈ ਖਤਰਨਾਕ ਵਸਤੂ ਜਾਂ ਹਥਿਆਰ ਖੋਹਣਾ ਹੋਵੇ ਤਾਂ ਉਸ ਨੂੰ ਬਦਲੇ ਵਿਚ ਕੋਈ ਹੋਰ ਖਿਡੌਣਾ ਦੇਣਾ ਪੈਂਦਾ ਹੈ, ਏਸੇ ਤਰ੍ਹਾਂ ਨਸ਼ਿਆਂ ਦੀ ਅੰਨ੍ਹੀ ਵਰਤੋਂ ਵਿਚ ਗ੍ਰਸੇ

ਅਭਾਗੇ ਵੀਰਾਂ ਨੂੰ ਵੀ ਬਦਲੇ ਵਿਚ ਉਸਾਰੂ ਕੰਮ ਤੇ ਮਨ ਪ੍ਰਚਾਵੇ ਦੇ ਲਾਭ-ਦਾਇਕ ਸਾਧਨ ਦੇਣੇ ਪੈਣਗੇ।

ਇਹ ਸਾਧਨ ਕੀ ਹੋਣ? ਓਹੀ ਜੋ ਇਨ੍ਹਾਂ ਨਸ਼ਿਆਂ ਤੇ ਫੈਸ਼ਨਾਂ ਦੀ ਹਨੇਰੀ ਝੁੱਲਣ ਤੋਂ ਪਹਿਲਾਂ ਸ਼ਹਿਰਾਂ ਤੇ ਪਿੰਡਾਂ ਵਿਚ ਪ੍ਰਚੱਲਤ ਸਨ; ਓਹੀ ਜਿਸ ਦੀ ਸਿੰਘ ਸਭਾ ਲਹਿਰ ਦੇ ਵੇਲੇ ਘਰ ਘਰ ਡਾਢੀ ਚਰਚਾ ਹੋਈ ਤੇ ਗੂੰਜ ਉਠੀ ਸੀ। ਅੱਜ ਫੇਰ ਗੁਰਬਾਣੀ ਤੇ ਜੋਟੀਆਂ ਦੇ ਸ਼ਬਦਾਂ ਦੀ ਹਰ ਪਿੰਡ ਵਿਚੋਂ ਧੁਨੀ ਉਠਾਣ ਦੀ ਆਵੱਸ਼ਕਤਾ ਹੈ। ਪੇਂਡੂ ਖੇਡਾਂ ਤੇ ਕਸਰਤਾਂ ਨਾਲ ਲਿਸ਼ਕਦੇ ਪਿੰਡਿਆਂ ਵਾਲੇ ਗੱਭਰੂਆਂ ਦੀ ਲੋੜ ਹੈ। ਹਰ ਸ਼ਾਮ ਨੂੰ 'ਪੀਣ' ਦੇ ਅਧੁੱਕ ਪ੍ਰੋਗਰਾਮ ਨਾਲ ਦਿਲ ਦਿਮਾਗ ਸਾੜਨ ਦੀ ਥਾਂ, ਕਬੱਡੀ, ਛਾਲਾਂ ਤੇ ਕੁਸ਼ਤੀਆਂ ਆਦਿ ਖੇਡਾਂ ਤੇ ਸੁਹੱਜੀਆਂ ਲਾਇਬਰੇਰੀਆਂ ਦੀਆਂ ਰੌਣਕਾਂ ਦੀ ਲੋੜ ਹੈ। ਦਿਲ ਗੁਰਦੇ ਵਾਲੇ ਜਵਾਨਾਂ ਵਿਚ ਜੇਰਾ ਤੇ ਸਹਿਣ-ਸ਼ਕਤੀ ਦੇ ਭਰਪੂਰ-ਭੰਡਾਰ ਹੁੰਦੇ ਹਨ। ਉਹ ਨਿਗੂਣੀਆਂ ਗੱਲਾਂ ਉਤੇ ਕਤਲਾਂ ਤਕ ਨੌਬਤ ਨਹੀਂ ਪਹੁੰਚਾਉਂਦੇ। ਉਹਨਾਂ ਵਿਚ ਚੰਡਾਲ ਕਰੋਧ ਤੇ ਬਦਲੇ ਦੀ ਭਾਵਨਾ ਘੱਟ ਜਾਣ ਕਰਕੇ, ਉਹ ਕਿਸੇ ਦੀ ਛੋਟੀ ਮੋਟੀ ਅਣਸੁਖਾਵੀਂ, ਈਰਖਾਲੂ ਗੱਲ ਨੂੰ ਹੱਸ ਕੇ ਟਾਲ ਸਕਦੇ ਹਨ। ਕੌਣ ਇਨਕਾਰ ਕਰ ਸਕਦਾ ਹੈ ਕਿ ਕਤਲਾਂ ਦੀ ਭਰਮਾਰ ਦਾ ਵੱਡਾ ਕਾਰਨ ਇਹ ਸ਼ਰਾਬ ਆਦਿ ਨਸ਼ੇ ਹੀ ਹਨ।

ਸਵਾਦਲੀ ਗੱਲ ਇਹ ਹੈ ਕਿ ਧਾਰਮਿਕ ਲੋਕ, ਤੇ ਕਦੀ ਕਦੀ ਸਰਕਾਰ, ਚਰਚਾ ਤੇ ਸ਼ਰਾਬ-ਬੰਦੀ ਦਾ ਕਰਦੇ ਹਨ; ਪ੍ਰੰਤੂ, "ਮਰਜ਼ ਬੜ੍ਹਤਾ ਗਿਆ, ਜੂੰ ਜੂੰ ਦਵਾ ਕੀ", ਦੇ ਕਥਨ ਅਨੁਸਾਰ, ਵਾਧਾ ਇਸ ਦੇ ਉਤਪਾਦਨ ਤੇ ਖਪਤ ਵਿਚ ਹੋ ਰਿਹਾ ਹੈ। ਪਿਛਲੇ ਪੰਜਾਂ ਸਾਲਾਂ ਦੇ ਅਨੁਮਾਨੇ ਗਏ ਅੰਕੜੇ ਹਾਜ਼ਰ ਹਨ:—

ਸਾਲ	ਉਤਪਾਦਨ
੧੯੭੨	੬੧੯੨੬ ਕਿਲੋ ਲਿਟਰ
੧੯੭੩	੬੭੧੪੨ ਕਿ: ਲਿ:
੧੯੭੪	੭੦੪੪੦ ਕਿ: ਲਿ:

੧੯੭੫ ੪੯੦੦੦ ਕਿ: ਲਿ: (ਘਾਟਾ ਐਮਰਜੈਂਸੀ ਕਾਰਨ
੧੯੭੬ ੭੦੦੦੦ ਕਿ: ਲਿ: ਪੈਦਾ ਹੋਈ ਘਬਰਾਹਟ ਕਰਕੇ)

੧੯੭੬-੭੭ ਵਿਚ ਸ਼ਰਾਬ-ਟੈਕਸ ਕਾਰਨ ਹੋਈ ਆਮਦਨ :

ਆਂਧਰਾ ਪ੍ਰਦੇਸ਼	੭੫ ਕਰੋੜ ਰੁਪੈ
ਕਰਨਾਟਕ ਪ੍ਰਦੇਸ਼	੫੬ ਕਰੋੜ ਰੁਪੈ
ਉੱਤਰ ਪ੍ਰਦੇਸ਼	੫੦ ਕਰੋੜ ੬੩ ਲੱਖ ਰੁਪੈ
ਪੰਜਾਬ ਪ੍ਰਦੇਸ਼	੪੫ ਕਰੋੜ ੯੪ ਲੱਖ ਰੁਪੈ

ਵੇਖੋ, ਦੇਸ਼ ਵਿਚੋਂ ਸ਼ਰਾਬ ਦੀ ਬਰਆਮਦ ਵਿਚ ਲਗਾਤਾਰ ਕਮੀ ਹੋਈ ਹੈ। ਪ੍ਰੰਤੂ, ਦਰਆਮਦ ਵਿਚ ਵਾਧਾ–(ਵੱਡੇ ਲੋਕਾਂ ਤੇ ਧਨ-ਕੁਬੇਰਾਂ ਦੇ ਚੋਜ਼ਾਂ ਕਾਰਨ) ਬਰਆਮਦ (ਬਾਹਰ ਭੇਜਣ ਬਦਲੇ)

	੧੯੭੨-੭੩	੧੫,੩੨,੩੫੪ ਰੁਪੈ
	੧੯੭੩-੭੪	੪,੯੮,੦੯੩ ਰੁਪੈ
	੧੯੭੪-੭੫	੨,੫੨,੭੬੧ ਰੁਪੈ
ਦਰਆਮਦ (ਬਾਹਰੋਂ ਆਈ)	੧੯੭੨-੭੩	੧੯,੯੬,੩੩੨ ਰੁਪੈ
	੧੯੭੩-੭੪	੨੯,੨੯,੨੦੮ ਰੁਪੈ
	੧੯੭੪-੭੫	੬੭,੪੯,੨੧੬ ਰੁਪੈ

ਡਾਕਟਰੀ ਦ੍ਰਿਸ਼ਟੀਕੋਣ ਤੋਂ 'ਸ਼ਰਾਬ, ਖਾਨਾ ਖਰਾਬ' ਦੀਆਂ ਬੁਰਾਈਆਂ ਬਾਰੇ ਇਹ ਨੋਟ ਵਾਚਣ ਯੋਗ ਹੈ :–

ਇਤਿਹਾਸ ਦੇ ਆਰੰਭ ਤੋਂ ਸ਼ਰਾਬ ਨਾਲ ਵਿਸ਼ਵ ਦੇ ਕਈ ਦੇਸ਼ ਪ੍ਰੇਸ਼ਾਨ ਰਹੇ ਹਨ। ਇਹ ਯੂਰਪ ਬਾਰੇ ਵੀ ਉੱਨਾਂ ਹੀ ਸੱਚ ਹੈ ਜਿੰਨਾਂ ਉੱਤਰੀ ਅਮਰੀਕਾ ਬਾਰੇ, ਜਿਥੇ ਅਰਸੇ ਤੋਂ ਸ਼ਰਾਬ ਇਕ ਮੁਖ ਸਮੱਸਿਆ ਰਹੀ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਕਈ ਏਸ਼ੀਆਈ ਅਤੇ ਅਫਰੀਕੀ ਦੇਸ਼ਾਂ ਨੇ ਇਹ ਕਿਹਾ ਹੈ ਕਿ ਸ਼ਰਾਬ ਨਾਲ ਦਿਨੋਂ ਦਿਨ ਵਿਨਾਸ਼ਕਾਰੀ ਸਥਿਤੀ ਪੈਦਾ ਹੁੰਦੀ ਜਾ ਰਹੀ ਹੈ। ਸ਼ਰਾਬ ਨਿਰਭਰਤਾ ਪੈਦਾ ਕਰਨ ਵਾਲੀ (ਜਿਸਦੀ ਆਦਤ ਪੈ ਜਾਵੇ) ਵਸਤੂ ਹੈ। ਜੇ ਕਾਫੀ ਸਮੇਂ ਤਕ ਅਧਿਕ ਮਾਤਰਾ ਵਿਚ ਸ਼ਰਾਬ ਪੀਤੀ ਜਾਵੇ

ਤਾਂ ਇਸ ਨਾਲ ਮਨੁੱਖ ਵਿਚ ਕੁਝ ਮਾਨਸਿਕ ਅਤੇ ਸ਼ਰੀਰਕ ਪ੍ਰੀਵਰਤਨ ਹੋ ਜਾਂਦੇ ਹਨ, ਅਤੇ ਉਹ ਸ਼ਰਾਬ ਪੀਣ ਦੀ ਆਦਤ ਉੱਤੇ ਕੰਟਰੋਲ ਗੁਆ ਬੈਠਦਾ ਹੈ। ਆਮ ਤੌਰ ਤੇ ਉਸ ਦੇ ਸਰੀਰ ਵਿਚ ਦਰਦਾਂ, ਨਿਰਾਸ਼ਾ ਅਤੇ ਚਿੰਤਾ ਆਦਿ ਦੇ ਲੱਛਣ ਪ੍ਰਗਟ ਹੋਣ ਲਗਦੇ ਹਨ। ਸ਼ਰਾਬ ਪੀਣ ਨਾਲ ਉਸ ਦੀਆਂ ਇਹ ਸ਼ਿਕਾਇਤਾਂ ਵਕਤੀ ਤੌਰ ਉੱਤੇ ਦੂਰ ਹੋ ਜਾਂਦੀਆਂ ਹਨ, ਅਤੇ ਇਸੇ ਲਈ ਉਹ ਸ਼ਰਾਬ ਪੀਂਦਾ ਚਲਿਆ ਜਾਂਦਾ ਹੈ। ਸ਼ਰਾਬ ਪੀਣਾ ਉਸ ਦੇ ਲਈ ਇਕ ਵਿਸ਼ੇਸ਼ ਮਹੱਤਵ ਦੀ ਗੱਲ ਹੋ ਜਾਂਦੀ ਹੈ ਅਤੇ ਉਸਦੀ ਜ਼ਿੰਦਗੀ ਸ਼ਰਾਬ ਵਿਚ ਸਿਮਟ ਕੇ ਰਹਿ ਜਾਂਦੀ ਹੈ। ਸ਼ਰਾਬ ਪੀਣ ਦੀ ਆਦਤ, ਦੁਵਾਈ ਖਾਣ ਵਾਂਗੂ ਹੈ ਅਤੇ ਇਸ ਆਦਤ ਨੂੰ ਆਮ ਤੌਰ ਤੇ ਨਸ਼ੇਬਾਜ਼ੀ ਲਈ ਜ਼ੁਮੇਂਦਾਰ ਠਹਿਰਾਇਆ ਜਾਂਦਾ ਹੈ। ਸ਼ਰਾਬ ਨਾਲ ਸਬੰਧਤ ਸਾਰੀਆਂ ਸੰਭਵ ਕਮਜ਼ੋਰੀਆਂ (ਸਰੀਰਕ, ਸਮਾਜਿਕ ਅਤੇ ਮਾਨਸਿਕ) ਵਿਚ ਇਸ ਨੂੰ ਪੀਣ ਦੀ ਆਦਤ ਪੈ ਜਾਣ ਵਾਲੀ ਗੱਲ ਦਾ ਵਿਸ਼ੇਸ਼ ਮਹੱਤਵ ਹੈ। ਇਹ ਨਿਰਭਰਤਾ ਹੌਲੀ ਹੌਲੀ ਵਧਦੀ ਹੈ ਅਤੇ ਇਸ ਦੇ ਕਈ ਸਭਿਆਚਾਰਕ ਰੂਪ ਹਨ। ਉਦਾਹਰਣ ਲਈ, ਉਸ ਨੇ ਆਪਣੀ ਕਾਰ ਨੂੰ ਦੁਰਘਟਨਾ ਗ੍ਰਸਤ ਕਰ ਦਿੱਤਾ ਹੋਵੇ ਅਤੇ ਸ਼ਰਾਬ ਪੀਣ ਦੇ ਕਾਰਨ ਆਪਣੀ ਨੌਕਰੀ ਤੋਂ ਹੱਥ ਧੋ ਬੈਠਾ ਹੋਵੇ, ਡਾਕਟਰੀ ਜਾਂਚ ਤੋਂ ਵੀ ਇਹ ਪਤਾ ਲਗਦਾ ਹੋਵੇ ਕਿ ਉਸ ਦੇ ਲਿਵਰ ਵਿਚ ਜਲਨ ਹੋ ਰਹੀ ਹੈ।

ਸ਼ਰਾਬ ਪੀਣ ਦੀ ਆਦਤ ਬਾਰੇ ਇਕ ਵਿਸ਼ੇਸ਼ ਗੱਲ ਇਹ ਹੈ ਕਿ ਜਿਸ ਵਿਅਕਤੀ ਵਿਚ ਵੀ ਸ਼ਰਾਬ ਪੀਣ ਦੀ ਕਮਜ਼ੋਰੀ ਹੈ, ਉਹ ਦੂਸਰੀਆਂ ਕਮ-ਜ਼ੋਰੀਆਂ ਦਾ ਵੀ ਸ਼ਿਕਾਰ ਬਣ ਜਾਂਦਾ ਹੈ। ਇਹ ਕਮਜ਼ੋਰੀ ਸੀਮਤ ਨਹੀਂ ਰਹਿੰਦੀ। ਜਿਨ੍ਹਾਂ ਲੋਕਾਂ ਨੂੰ ਸ਼ਰਾਬ ਪੀਣ ਦੀ ਆਦਤ ਪੈ ਜਾਂਦੀ ਹੈ, ਉਨ੍ਹਾਂ ਦੀ ਦੇਰ-ਸਵੇਰ ਮਾਨਸਿਕ ਅਤੇ ਸਰੀਰਕ ਸਿਹਤ ਨਸ਼ਟ ਹੋ ਜਾਂਦੀ ਹੈ। ਅਜਿਹੀ ਹਾਲਤ ਵਿਚ ਉਹ ਆਦਮੀ ਗੱਲਾਂ ਬਹੁਤ ਕਰਦੇ ਹਨ, ਪਰ ਕੰਮ ਕੁਝ ਨਹੀਂ ਕਰਦੇ। ਸ਼ਰਾਬ ਪੀਣ ਦਾ ਆਦੀ ਆਪਣੇ ਅੰਦਰ ਵੱਧ ਤੋਂ ਵੱਧ ਕਮਜ਼ੋਰੀਆਂ ਪੈਦਾ ਕਰਦਾ ਚਲਾ ਜਾਵੇਗਾ ਅਤੇ ਉਸ ਦੀ ਉਮਰ ਨਿਸਚਿਤ ਰੂਪ ਤੋਂ ਘਟ ਹੋ ਜਾਵੇਗੀ। ਕਿਸੇ ਵੀ ਅਨੁਮਾਨ ਤੋਂ ਇਹ ਪਤਾ ਲੱਗ ਸਕਦਾ ਹੈ ਕਿ ਸ਼ਰਾਬ

ਪੀਣ ਨਾਲ ਸਬੰਧਤ ਕਮਜ਼ੋਰੀਆਂ ਵਿਸ਼ਵ ਭਰ ਵਿਚ ਸਿਹਤ ਪ੍ਰਤੀ ਸਮੱਸਿਆਵਾਂ ਲਈ ਸਭ ਤੋਂ ਵੱਧ ਜ਼ਿੰਮੇਦਾਰ ਸਨ। ਕਈ ਦੇਸ਼ਾਂ ਵਿਚ ਇਹ ਘਟਨਾਵਾਂ ਕਦੀ ਕਦੀ ਵਿਸਫੋਟਕ ਸਥਿਤੀ ਤਕ ਪਹੁੰਚ ਜਾਂਦੀਆਂ ਹਨ। ਸ਼ਰਾਬ ਪੀਣ ਨਾਲ ਸਰੀਰ ਦੇ ਹਰੇਕ, ਅੰਗ ਉੱਤੇ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੇ ਭੈੜਾ ਪ੍ਰਭਾਵ ਪੈਂਦਾ ਹੈ। ਸਨਅਤੀ ਅਤੇ ਘਰੇਲੂ ਦੁਰਘਟਨਾਵਾਂ ਲਈ ਵੀ ਇਹ ਵੱਡੀ ਹੱਦ ਤਕ ਜ਼ੁਮੇਦਾਰ ਹੈ। ਇਸ ਦੀਆਂ ਸਮਾਜਕ ਬੁਰਾਈਆ ਵਿਚ ਪ੍ਰਵਾਰ ਕਲੇਸ਼, ਬੱਚਿਆਂ ਦੇ ਵਿਕਾਸ ਵਿਚ ਵਿਘਨ, ਖੁਸ਼ੀਆਂ ਖੇੜਿਆਂ ਦਾ ਅਭਾਵ, ਕਾਰਜ ਕੁਸ਼ਲਤਾ ਤੇ ਆਤਮ-ਸਮਰਥਾ ਵਿਚ ਕਮੀਂ, ਭਿੰਨ ਭਿੰਨ ਕਿਸਮ ਦੀ ਅਪਰਾਧ-ਭਾਵਨਾ ਅਤੇ ਪੂਰਨ ਬਰਬਾਦੀ ਸ਼ਾਮਿਲ ਹਨ। ਸ਼ਰਾਬ ਪੀਣ ਵਾਲੇ ਦਾ ਚਿੱਤ ਅਸਥਿਰ ਹੋ ਜਾਂਦਾ ਹੈ ਅਤੇ ਆਤਮਘਾਤ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ। ('ਅਜੀਤ' ਮਿਤੀ ੧੦-੫-੭੮)

ਕੀ ਆਸ ਰੱਖੀਏ ਕਿ ਕਦੀ, ਧਰਮ ਤੇ ਧਰਮੀ-ਰਾਜਨੀਤੀ, ਦੋਵੇਂ, ਰਲ ਮਿਲ ਕੇ, ਸਾਨੂੰ ਸਾਡੇ ਸਾਦਗੀ, ਸਰਲਤਾ ਪ੍ਰਹੇਜ਼ਗਾਰੀ ਤੇ ਸੋਫੀਆ ਪ੍ਰਾਪਨ ਤੋਂ ਉਪਜੇ, ਖੁਸ਼ੀਆਂ ਤੇ ਖੇੜਿਆਂ ਭਰੇ ਬੀਤੇ ਦਿਨ, ਮੁੜ ਵਾਪਸ ਲਿਆ ਦੇਣਗੇ ?

THE DRINK THAT KILLS

AND YOU MAY NOT KNOW

ਨੋਟ : ਇਹ ਦੱਸਣ ਲਈ ਕਿ ਸ਼ਰਾਬ ਕਿਤਨੀ ਤੇ ਕਿਨ੍ਹਾਂ ਕਿਨ੍ਹਾਂ ਪਹਿਲੂਆਂ ਤੋਂ ਤਬਾਹਕੁਨ ਹੈ, Spokesman, 8th May, 1978 ਚੋਂ ਧੰਨਵਾਦਿ ਸਹਿਤ ਇਹ ਇਕ ਹੋਰ ਹਵਾਲਾ ਦਿੱਤਾ ਜਾ ਰਿਹਾ ਹੈ :–

The notion that the usage of alcohol restored energy and strength of mind is spread by addicts only. Besides, the belief about the effectiveness of alcohol as cure or preventive, is equally unfounded. In fact, its usage, under any circumstance, may create serious individual, domestic, legal, medical and moral problems.

ALCOHOL DAMAGE LIVER

It is medically proved that alcohol causes damage to the liver. Studies have shown that daily intake of 150 - 200 grams of ethanol (Ethyl alcohol) for 10—12 days with or without an adequate diet, produces a fatty liver. It has also been found that regular, uncontrolled consumption of alcohol results in hepatitis and cirrhosis—

a condition which, in certain cases, might lead to liver cancer.

Besides, the relationship between alcohol and nutrition is two-fold. First, the consumption of alcohol by people falling in lower socio economic groups, tends to divert their meagre financial resources and adversely affects optimal intake of essential proteins and vitamins by the family as a whole. The worst sufferers of this tendency are the vulnerable groups, like pregnant and lactating women and Pre-school children. Secondly, alcohol is known to impair the absorption and circulation of certain essential vitamins and aminoacids. When this happens, the alcoholic loses enerey and vitality.

ALCOHOL CAUSES GASTROINTESTINAL DYSFUNCTION

The damage to liver apart, alcohol also causes gastrointestinal dysfnnction (malfunctioning). Solutions of alcohol stimulate acid production resulting in delays in gastric emptying. And that may prove injurious to the mucosal barrier.

The intake of alcohol also adversely affects the pancreas (Gland near stomach discharging a disgestive secretion). Sometimes, it can cause acute pancreatitis (swelling of pancreas). It may

also produce pancreatic malfunction and accentuate protein and caloric malnutrition.

ALCOHOL AND THE NERVOUS SYSTEM

It is also well known that alcohol has a very bad effect on nervous system. This may be due to one of the following reasons :

(i) Direct effect of alcohol;

(ii) Indirect effects due to nutritional disorders in alcoholics; and

(iii) Effects which are primarily attributed to the functional disturbances of other organs, like the liver.

A concentration of alcohol in blood may directly affect the central nervous system. When this happens, the alcoholic may lose normal human behaviour, resulting in tresspassing of civic laws and conventions, society respects. The tendency to indulge in crime is directly attributable to it.

ALCOHOL AND MUSCLES

Excessive intake of alcohol can sometimes affect adversely the cordiac muscle and the skeletal muscle function. An acute condition can cause sudden muscular cramps or even severe myoglouinuria (effect on heart muscle) along with painful swelling of the involved muscle.

A recent experiment has shown direct toxic effect of alocohol on muscles.

In some cases, intemperate alcoholic intake can cause suppression of the formation of red blood cells, white blood cells and plotelets.

ALCOHOL AND NUTRITION

Each gram of alcohol provides 7.1 calories and therefore even in hobitual moderate drinkers, alcohol may provide more than a thousand calories per day. But these are "empty calories" only, since alcoholic beverages do not contain protein, vitamins, minerals and aminoacids. Chronic alcoholics also suffer from mal-absorption of many necessary nutrients, such as fats, carbohydrates; folic acid, iron, Vit. B. 1, Vit. B, 12, and fat soluble vitamins. Even a person consuming good diet may suffer from malnutrition, because the heavy alcohol intake interferes with the normal process of digestion and absorption.

Alcohol also tends to aggravate gout. It can also cause hypoglyceamia (lowering of blood sugar), which if not detected, can cause sudden death.

Besides being the potential gravest health hazard, alcoholism is increasingly becoming an

important cause of many a domestic problem. Family distruption with resultant harm to the growth and happiness of the children, reduction in the working efficiency, a possible link with different kinds of crimes and the possiblity of final and total destitution, are only some of the social curses unleashed by the demon drink. The harrowing tales of industrial and traffic accidents due to alcoholism are only too many to recount.

ਮੈਂ ਸ਼ਰਾਬ ਕਿਵੇਂ ਛੱਡੀ ?

[ਜਾਰਜ ਲਿਟਲਰ]

(ਅਸੀਂ ਇਸ ਲੇਖ ਵਿਚ ਸ਼ਰਾਬ ਦੀ ਵਾਦੀ ਦਾ ਪੂਰਨ ਤਿਆਗ ਕਰਨ ਵਾਲੇ ਇਕ ਐਸੇ ਮਰਦ ਦੀ ਹੱਡ ਬੀਤੀ, ਇਸ ਆਸ਼ੇ ਨਾਲ, ਅੰਕਿਤ ਕਰ ਰਹੇ ਹਾਂ ਕਿ ਇਸ ਨੂੰ ਵਾਚ ਕੇ, ਮੇਰੇ ਅਭਾਗ ਵੀਰ ਗੰਦੀ ਮੱਦ ਤੋਂ ਆਪ, ਆਪਣੇ ਬਾਗ ਪ੍ਰਵਾਰ ਤੇ ਕੌਮ ਨੂੰ ਬਚਾਉਣ ਲਈ ਦ੍ਰਿੜ੍ਹਤਾ ਤੇ ਦੂਰ-ਅੰਦੇਸ਼ੀ ਭਰਪੂਰ ਸਾਹਸ ਧਾਰਨਗੇ।)

ਸ਼ਰਾਬ ਦੀ ਆਦਤ ਨੂੰ ਥੋੜੇ ਸਮੇਂ ਲਈ ਛੱਡ ਦੇਣਾ ਸੌਖੀ ਗੱਲ ਹੈ; ਪ੍ਰੰਤੂ, ਇਸ ਨੂੰ ਪੱਕੇ ਤੌਰ ਉਤੇ ਸਦਾ ਲਈ ਤਿਆਗਣਾ ਇਕ ਬਿਖਮ ਸਮੱਸਿਆ। ਇਹ ਇਕ ਤਰ੍ਹਾਂ ਨਾਲ ਆਪਣੇ ਜੀਵਨ ਦੀ ਸੱਚ ਦੀ ਖੁਰਦਬੀਨ ਦੁਆਰਾ ਪੜਚੋਲ ਅਤੇ ਆਪਣੇ ਆਪੇ ਤੇ ਕਮਜ਼ੋਰੀਆਂ ਦਾ ਈਮਾਨਦਾਰੀ ਨਾਲ ਟਾਕਰਾ ਕਰਨ ਤੁਲ ਹੈ। ਇਸ ਲਈ ਵੱਡੇ ਦਿਲ, ਗੁਰਦੇ ਤੇ ਦ੍ਰਿੜ੍ਹਤਾ ਦੀ ਲੋੜ ਹੈ। ਅਜਿਹੇ ਤਿਆਗ ਲਈ ਪ੍ਰਭੂ-ਵਿਸ਼ਵਾਸ ਤੇ ਅਰਦਾਸ ਸਭ ਤੋਂ ਵੱਧ ਸਹਾਇਕ ਹਨ। ਹਾਂ, ਇਹ ਕੰਮ ਅਸੰਭਵ ਜਾਂ ਇਤਨਾ ਬਿਖਮ ਨਹੀਂ ਜਿਤਨਾ ਕਿ ਇਸ ਨਸ਼ੇ ਦੇ ਗੁਲਾਮ ਨੂੰ ਭਾਸਦਾ ਹੈ। ਮੈਂ ਆਪ ਇਸ ਤਜਰਬੇ ਵਿਚ ਦੀ ਲੰਘਿਆ ਹਾਂ।

ਅੱਠ ਸਾਲ ਪਹਿਲਾਂ ਦੀ ਗੱਲ ਹੈ ਕਿ ਮੈਂ ਆਪਣੇ ਆਪ ਨੂੰ, ਸ਼ਰਾਬ ਦੇ ਆਹਨੀ-ਸ਼ਿਕੰਜੇ ਵਿਚੋਂ ਸੁਤੰਤਰ ਕਰਨ ਲਈ ਪੱਕਾ ਮਨ ਬਣਾਇਆ। ਉਸ ਸਮੇਂ ਤੋਂ ਮੈਂ ਕਦੀ ਸ਼ਰਾਬ ਦੀ ਇਕ ਬੂੰਦ ਵੀ ਨਹੀਂ ਵਰਤੀ ਅਤੇ ਨਿਸ਼ਚਾ

ਹੈ ਕਿ ਨਾ ਹੀ ਕਦੀ ਵਰਤਾਂਗਾ। ਮੈਂ ਅਜਿਹਾ ਕਹਿ ਕੇ ਕੋਈ ਸ਼ੇਖੀ ਨਹੀਂ ਮਾਰਦਾ। ਮਾਰਾਂ ਵੀ ਕਿਉਂ, ਜਦ ਕਿ ਮੇਰੇ ਵਰਗੇ ਹੋਰ ਬੇਅੰਤ ਸ਼ਰਾਬ-ਗ੍ਰਸੇ ਲੋਕਾਂ ਨੇ ਮੇਰੇ ਵਾਂਗ ਸਦਾ ਲਈ ਇਸ ਦਾ ਤਿਆਗ ਕੀਤਾ ਹੈ। ਮੈਂ ਤਾਂ ਕੇਵਲ ਆਪਣੀ ਹੱਡ-ਬੀਤੀ ਦਸ ਰਿਹਾ ਹਾਂ, ਤਾਂ ਜੋ ਇਸ ਨਾਲ ਸ਼ਰਾਬ ਦੇ ਮਾਰੇ, ਮੰਦ-ਭਾਗੀ ਲੋਕਾਂ ਨੂੰ ਸਹਾਇਤਾ ਤੇ ਅਗਵਾਈ ਮਿਲ ਸਕੇ ਅਤੇ ਉਹ ਤ੍ਰੋਟਿਆਂ, ਹਾਵਿਆਂ ਅਤੇ ਕਾਲੇ ਜੀਵਨ ਪ੍ਰਛਾਵਿਆਂ ਦੀ ਭਿਆਨਕ ਖੱਡ ਵਿਚੋਂ ਛੁਟਕਾਰਾ ਪਾ ਕੇ ਜ਼ਿੰਦਗੀ ਦਾ ਅਸਲੀ ਖੇੜਾ ਤੇ ਬਹਾਰ ਮਾਣ ਸਕਣ।

ਮੈਂ ਓਦੋਂ ਪੀਣੀ ਸ਼ੁਰੂ ਕੀਤੀ, ਜਦ ਮੈਂ ਅਜੇ ਹਾਈ ਸਕੂਲ ਦਾ ਵਿਦਿਆਰਥੀ ਸਾਂ। ਮੇਰੇ ਟੋਲੇ ਦੇ ਸਾਰੇ ਵਿਦਿਆਰਥੀ ਪੀਂਦੇ ਸਨ। ਓਦੋਂ ਇਹ ਗੱਲ ਬੜੀ ਚੁਸਤ ਤੇ ਵਧੀਆ ਲਗਦੀ ਸੀ। ਪੁਸਤਕਾਂ, ਫ਼ਿਲਮਾਂ ਅਤੇ ਸ਼ਰਾਬ ਬਾਰੇ ਜਾਦੂ-ਭਰੇ ਇਸ਼ਤਿਹਾਰ ਸਾਨੂੰ ਸ਼ਰਾਬ ਲਈ ਇਕ ਵਿਸ਼ੇਸ਼ ਪ੍ਰੇਰਨਾ ਦੇਂਦੇ ਸਨ। ਇਹ ਸਭ ਕੁਝ ਇਵੇਂ ਸੀ, ਜਿਵੇਂ ਕੋਈ ਸਾਨੂੰ ਕਪਟ ਤੇ ਛੱਲ ਦੀ ਦੁਨੀਆ ਵਿਚ, ਜਾਦੂ-ਦਰਵਾਜ਼ੇ ਰਾਹੀਂ, ਦਾਖਲ ਹੋਣ ਲਈ ਪ੍ਰੇਰਨਾ ਦੇ ਰਿਹਾ ਹੋਵੇ।

ਇਕ ਜੀਊਂਦੀ ਮੌਤ

ਛੇਤੀ ਹੀ ਮੈਂ ਸ਼ਰਾਬ ਦੀ ਕੁੜਿੱਕੀ ਵਿਚ ਫਸ ਗਿਆ ਅਤੇ ਅਗਲੇ ਪੰਦਰ੍ਹਾਂ ਸਾਲ ਇਸ ਨਾਮੁਰਾਦ ਵਾਦੀ ਕਾਰਨ ਜੀਊਂਦੇ ਜੀਅ ਕਬਰ ਵਿਚ ਵਾਸਾ ਕਰਨ ਵਾਲੀ ਗੱਲ ਰਹੀ। ਇਸ ਸਮੇਂ ਮੇਰੇ ਨੀਵੇਂ ਤੇ ਕੁਚੀਲ ਜੀਵਨ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਜੇ ਤੁਸੀਂ ਆਪ ਪਿਆਕ ਹੋ, ਜਾਂ ਕਿਸੇ ਅਜਿਹੇ ਪੁਰਸ਼ ਦੇ, ਨੇੜੇ ਤੋਂ ਜਾਣੂ ਹੋ, ਤਾਂ ਤੁਸੀਂ ਭਲੀ ਭਾਂਤ ਜਾਣਦੇ ਹੋ ਕਿ ਕਿਵੇਂ ਸ਼ਰਾਬ ਦਾ ਪਿਆਲਾ ਆਪਣੇ ਨਾਲ ਕਮੀਨਾਪਨ; ਪੀਣ ਲਈ ਅਤਿ ਨੀਵੀਂ ਬੇਸਬਰੀ, ਮਾੜੀ ਸਿਹਤ, ਚਲਣ-ਹੀਨਤਾ ਅਤੇ ਗਵਾਚੀਆਂ ਆਸਾਂ, ਉਮੀਦਾਂ ਤੇ ਸੁਪਨਿਆਂ ਦੀ ਲਾਮ-ਡੋਰ ਨੂੰ ਉਂਗਲ ਲਾਈ ਆਉਂਦਾ ਹੈ।

ਜਦ ਮੈਂ, ਅੰਤ ਨੂੰ, ਸ਼ਰਾਬ ਛੱਡ ਦੇਣ ਲਈ ਦਿਲ ਨਾਲ ਪੱਕਾ ਹੌਸਲਾ ਕੀਤਾ, ਤਾਂ ਮੈਨੂੰ ਪਤਾ ਸੀ ਕਿ ਮੈਂ ਇਕ ਮਹਾਂ ਬਿਖਮ ਕੰਮ ਨੂੰ ਹੱਥ ਪਾ ਰਿਹਾ ਹਾਂ। ਇਸ ਤੋਂ ਪਹਿਲਾਂ ਵੀ ਕਈ ਵੇਰ ਮੈਂ ਸ਼ਰਾਬ ਦਾ ਤਿਆਗ ਕਰਨ ਦਾ ਜਤਨ ਕੀਤਾ ਸੀ; ਪ੍ਰੰਤੂ, ਹਰ ਵਾਰੀ ਫੇਲ੍ਹ ਹੋਇਆ ਸਾਂ। ਇਸ ਵਾਰੀ ਮੈਂ ਜਾਣਦਾ ਸਾਂ ਕਿ ਜਾਂ ਤਾਂ ਮੈਂ ਸਫਲ ਹੋਣਾ ਹੈ, ਜਾਂ ਇਕ ਸਦੀਵੀ ਹਾਰ ਵਿਚ ਸਦਾ ਲਈ ਡੁੱਬ ਤੇ ਗਵਾਚ ਜਾਣਾ ਹੈ।

ਇਕ ਦਿਨ ਸ਼ਾਮ ਨੂੰ ਮੈਂ ਆਪਣੇ ਕਮਰੇ ਦੀ ਇਕਾਂਤ ਵਿਚ ਗਿਆ, ਅਤੇ ਇਸ ਗੈਬੀ ਦੁਸ਼ਮਨ ਵਿਰੁੱਧ, ਜੋ ਮੈਨੂੰ ਹਰ ਛਿਨ ਤਬਾਹੀ ਦੀ ਖੱਡ ਵਿਚ ਸੁੱਟਣ ਦੇ ਆਹਰ ਵਿਚ ਰਹਿੰਦਾ ਸੀ, ਟਾਕਰਾ ਕਰਨ ਦਾ ਮਨ ਬਣਾਇਆ। ਇਸ ਸੰਬੰਧ ਵਿਚ ਮੈਂ ਸਭ ਤੋਂ ਪਹਿਲਾਂ ਪ੍ਰਮਾਤਮਾ ਅਗੇ ਅਰਦਾਸ ਕੀਤੀ। ਮੈਂ ਪਹਿਲਾਂ ਇਕ-ਮਨ ਤੇ ਇਕ-ਚਿੱਤ ਹੋ ਕੇ ਕਦੀ ਅਜਿਹੀ ਅਰਦਾਸ ਨਹੀਂ ਕੀਤੀ ਸੀ। ਮੈਂ ਆਪਣੇ ਗੁਨਾਹ ਬਖਸ਼ੇ ਜਾਣ ਹਿਤ ਪ੍ਰਮਾਤਮਾ ਅਗੇ ਤਨੋ, ਮਨੋ ਪ੍ਰਾਰਥਨਾ ਕੀਤੀ। ਮੇਰੀ ਇਹ ਦਿਲੋਂ ਨਿਕਲੀ ਅਰਜ਼ੋਈ ਸ਼ਰਾਬ ਦੀ ਬੀਮਾਰੀ ਦੂਰ ਕਰਨ ਲਈ ਹੀ ਨਹੀਂ ਸੀ, ਸਗੋਂ ਉਸ ਸ਼ਕਤੀ ਤੇ ਰੌਸ਼ਨੀ ਲਈ ਵੀ ਸੀ, ਜਿਸ ਨਾਲ ਮੈਂ ਆਪਣੇ ਸਾਰੇ ਦੁਖ ਦੂਰ ਕਰ ਸਕਾਂ।

ਜਿਵੇਂ ਜਿਵੇਂ ਮੈਂ ਪ੍ਰਭੂ ਦੀ ਅਗਵਾਈ ਲਈ ਪ੍ਰਾਰਥਨਾ ਕੀਤੀ, ਤਿਵੇਂ ਤਿਵੇਂ ਮੇਰਾ ਵਿਸ਼ਵਾਸ ਵਧੇਰੇ ਤਕੜਾ ਹੁੰਦਾ ਗਿਆ। ਸਹਿਜੇ ਸਹਿਜੇ ਮੈਨੂੰ ਮੇਰਾ ਕਮਰਾ ਪ੍ਰਭੂ ਦੀ ਅਦਭੁਤ ਜੋਤ ਨਾਲ ਭਰਪੂਰ ਭਾਸਣ ਲੱਗਾ। ਉਸ ਦੀ ਮੇਹਰ, ਬਖਸ਼ਿਸ਼ ਤੇ ਚੰਗਿਆਈ ਮੇਰੇ ਰੋਮ ਰੋਮ ਵਿਚ ਵੱਸਣ ਲੱਗੀ। ਅਚਨਚੇਤ ਮੇਰੇ ਧੁਰ ਅੰਦਰੋਂ ਇਸ ਤਰ੍ਹਾਂ ਦੀ ਆਵਾਜ਼ ਆਉਣ ਲੱਗੀ :-

ਆਪਣੇ ਆਪੇ ਦਾ ਟਾਕਰਾ ਕਰੋ।
ਜੀਵਨ ਤੇ ਸੱਚਾਈ ਤੋਂ ਮੱਤ ਦੌੜੋ।

ਮੇਰਾ ਦਿਲ ਖੁਸ਼ੀ ਨਾਲ ਉਛਲ ਪਿਆ। ਮੈਂ ਸਮਝ ਲਿਆ ਕਿ ਪ੍ਰਮਾਤਮਾ ਨੇ ਮੈਨੂੰ; ਉਪਰੋਕਤ ਸ਼ਬਦਾਂ ਰਾਹੀਂ ਉਹ ਸੇਧ ਦਿੱਤੀ ਹੈ, ਜਿਸ ਦੀ ਮੈਂ ਭਾਲ ਵਿਚ ਸਾਂ ਅਤੇ ਜੋ ਮੈਨੂੰ ਬੰਦੀ ਤੋਂ ਖਲਾਸੀ ਵਲ ਲੈ ਜਾਵੇਗੀ। ਮੈਂ

ਪ੍ਰਭੂ ਦਾ, ਇਸ ਮੇਹਰ ਲਈ, ਸ ਨਿਮਰ ਧੰਨਵਾਦ ਕੀਤਾ। ਉਪਰੰਤ ਮੈਂ ਹੌਲਾ ਫੁਲ ਆਪਣੇ ਕੰਮ ਉਤੇ ਚਲਾ ਗਿਆ।

ਹੁਣ ਮੈਂ ਸਭ ਤੋਂ ਪਹਿਲਾਂ ਆਪਣੇ ਉਤੇ ਇਹ ਪ੍ਰਸ਼ਨ ਕੀਤਾ ਕਿ ਮੈਂ ਨਸ਼ਾ ਛੱਡਣ ਵਿਚ ਆਪਣੇ ਪਹਿਲੇ ਜਤਨਾਂ ਵਿਚ ਕਿਉਂ ਅਸਫਲ ਰਿਹਾ ਸਾਂ। ਉੱਤਰ ਤੁਰਤ ਤੇ ਸਪੱਸ਼ਟ ਸੀ :–

''ਮੈਂ ਅਸਲ ਵਿਚ ਪਹਿਲਾਂ ਕਦੀ ਦਿਲੋਂ ਇਸ ਨਸ਼ੇ ਦਾ ਪੂਰਨ ਤਿਆਗ ਕਰਨਾ ਚਾਹਿਆ ਹੀ ਨਹੀਂ ਸੀ।''

ਮੈਂ ਪਹਿਲਾਂ ਸ਼ਰਾਬ ਛੱਡਣ ਦਾ ਇਸ ਲਈ ਜਤਨ ਕੀਤਾ ਸੀ ਕਿ ਦੂਜੇ ਚਾਹੁੰਦੇ ਹਨ, ਜਾਂ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਸ਼ਰਾਬ ਛੱਡ ਦੇਵਾਂ। ਮੇਰੇ ਇਹ ਬੇਦਿਲ ਜਤਨ ਮੇਰੀ ਆਤਮਾ, ਮੇਰੇ ਪ੍ਰਵਾਰ ਅਤੇ ਮੇਰੇ ਮਿੱਤਰਾਂ, ਦੋਸਤਾਂ, ਲਈ ਇਕ ਆਰਜ਼ੀ ਮਰਹਮ ਤਾਂ ਸਨ; ਪ੍ਰੰਤੂ, ਧੁਰ ਅੰਦਰੋਂ ਮੈਂ ਸ਼ਰਾਬ ਦੀ ਫੌੜੀ (ਸਹਾਰਾ) ਛੱਡਣਾ ਨਹੀਂ ਚਾਹੁੰਦਾ ਸਾਂ। ਇਸ ਦੇ ਸਹਾਰੇ ਦਾ ਮੈਂ ਆਦੀ ਹੋ ਗਿਆ ਸਾਂ।

ਮੈਂ ਉਹ ਸਾਰੇ ਪਾਖੰਡ ਤੇ ਛਲ ਕੀਤੇ ਸਨ ਜੋ ਕਮਜ਼ੋਰ-ਦਿਲ ਸ਼ਰਾਬੀ ਕਰਦੇ ਤੇ ਆਪਣੇ ਆਪ ਨੂੰ ਬੁੱਧੂ ਬਣਾਉਂਦੇ ਹਨ; ਜਿਹਾ ਕਿ–ਵਿਸਕੀ ਤੋਂ ਬੀਅਰ; ਹਫਤੇ ਦੇ ਅਖੀਰਲੇ ਦਿਨ ਹੀ ਪੀਣੀ; ਇਕ ਦੋ ਪੈਗ ਤੋਂ ਵੱਧ ਨਾ ਪੀਣੀ; ਆਦਿ। ਸੁਭਾਵਕ ਹੀ ਸੀ ਕਿ ਇਹਨਾਂ ਨੀਮ-ਦਿਲ ਜਤਨਾਂ ਨੇ ਮੇਰੀ ਸਮੱਸਿਆ ਹੱਲ ਨ ਕੀਤੀ; ਕਿਉਂਕਿ, ਅਸਲ ਵਿਚ ਮੈਂ ਆਪ ਹੀ ਦਿਲੋਂ ਇਸ ਨੂੰ ਹੱਲ ਨਹੀਂ ਕਰਨਾ ਚਾਹੁੰਦਾ ਸਾਂ। ਮੈਂ ਫੇਰ ਤਕੜਾ ਪਿਆਕੜ ਬਣ ਜਾਂਦਾ ਸਾਂ ਅਤੇ ਅਜਿਹਾ ਕਰਕੇ ਹੋਰ ਵੀ ਸ਼ਰਮਿੰਦਾ ਹੁੰਦਾ ਤੇ ਤਾਅਨੇ ਮੇਹਣੇ ਸਹਾਰਦਾ ਸਾਂ।

ਪ੍ਰੰਤੂ, ਹੁਣ ਜਦ ਪ੍ਰਮਾਤਮਾ ਦੀ ਕਿਰਪਾ ਦੁਆਰਾ ਮੇਰੀਆਂ ਅੱਖਾਂ ਖੁਲ੍ਹ ਗਈਆਂ ਹਨ, ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਸ਼ਰਾਬ ਦਾ ਤਿਆਗ ਕਰਨ ਦਾ ਕੇਵਲ ਇਕ ਤੇ ਇਕ ਹੀ ਤਰੀਕਾ ਹੈ ; ਇਨਸਾਨ ਪੂਰੀ ਈਮਾਨਦਾਰੀ

ਨਾਲ ਇਸ ਨੂੰ ਤਿਆਗਣਾ ਚਾਹੇ ਅਤੇ ਇਕੋ ਵੇਰ ਹੀ ਸਾਫ ਸਾਫ ਪੂਰੀ ਤਰ੍ਹਾਂ ਇਸ ਨੂੰ ਛੱਡ ਦੇਵੇ। ਸ਼ੈਤਾਨ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ।

ਫੇਰ ਮੈਂ ਇਸ ਗੱਲ ਦਾ ਵਿਸ਼ਲੇਸ਼ਣ ਕੀਤਾ ਤੇ ਆਪਣੇ ਆਪ ਤੋਂ ਪੁੱਛਿਆ ਕਿ ਮੈਂ ਸ਼ਰਾਬ ਪੀਂਦਾ ਕਿਉਂ ਸਾਂ; ਮੈਂ ਇਸ ਭਿਆਨਕ ਜ਼ਹਿਰ ਨਾਲ ਢਿੱਡ ਕਿਉਂ ਭਰਦਾ ਰਿਹਾ। ਇਸ ਦੇ ਉੱਤਰ ਵਿਚ ਜਿਹੜੇ ਵਾਕ ਮੈਂ ਤੋਤੇ ਵਾਂਗ ਰਟੇ ਹੋਏ ਸਨ ਉਹ ਮੈਨੂੰ ਯਾਦ ਆਏ। ਉਹ ਸਨ; ਮੈਂ ਮਨ-ਪਰਚਾਵੇ ਲਈ ਪੀਂਦਾ ਹਾਂ; ਮੈਂ ਜ਼ਰਾ ਸੁਸਤਾਉਣ ਤੇ ਹੌਲਾ ਹੋਣ ਲਈ ਪੀਂਦਾ ਹਾਂ, ਮੈਂ ਭਾਈਚਾਰੇ ਤੇ ਮਿੱਤਰਾਂ ਦੀ ਸੁਸਾਇਟੀ ਖ਼ਾਤਰ ਪੀਂਦਾ ਹਾਂ; ਆਦਿ। ਇਕ ਦਮ ਮੈਨੂੰ ਸੋਝੀ ਪਈ ਕਿ ਇਹ ਸਾਰਾ ਝੂਠ ਸੀ, ਕਪਟ ਸੀ, ਬਹਾਨਾ ਸੀ। ਇਹ ਸਭ ਕੁਝ ਇਸ ਤਲਖ਼ ਹਕੀਕਤ ਨੂੰ ਲੁਕਾਉਣ ਲਈ ਥੋਥੇ ਬਹਾਨੇ ਸਨ ਕਿ ਮੈਂ ਅਸਲ ਵਿਚ ਇਸ ਭਿਆਨਕ ਜਿੰਨ ਦਾ ਗ਼ੁਲਾਮ ਹਾਂ। ਮੈਨੂੰ ਫੇਰ ਉਹੀ ਵਾਕ ਚੇਤੇ ਆਏ, "ਆਪਣੇ ਆਪ ਦਾ ਟਾਕਰਾ ਕਰੋ। ਜੀਵਨ ਤੇ ਸੱਚ ਤੋਂ ਨਾ ਭੱਜੋ।"

ਫੇਰ ਮੈਨੂੰ ਸਮਝ ਪਈ ਕਿ ਮੈਂ ਕਿਉਂ ਪੀਂਦਾ ਸਾਂ। ਮੈਂ ਸ਼ਰਮਾਕਲ ਤੇ ਚੁੱਪੂ ਸਾਂ। ਮੇਰੇ ਵਿਚ ਸਵੈ-ਵਿਸ਼ਵਾਸ ਦੀ ਘਾਟ ਸੀ। ਮੈਂ ਆਪਣੇ ਆਪ ਨੂੰ ਜੀਵਨ-ਟਾਕਰੇ ਲਈ ਨਿਰਬਲ ਤੇ ਨਿਤਾਣਾ ਸਮਝਦਾ ਸਾਂ। ਜਦ ਮੈਂ ਪੀ ਲੈਂਦਾ ਸਾਂ ਤਾਂ ਮੈਂ ਵਿਵਰਜਤ ਗੱਲਾਂ ਤੇ ਰੁਕਾਵਟਾਂ ਭੁਲ ਜਾਂਦਾ ਸਾਂ। ਮੈਂ ਵਕਤੀ ਤੌਰ ਉਤੇ ਲਾਪਰਵਾਹ ਤੇ ਚਿੰਤਾ-ਰਹਿਤ ਹੋ ਜਾਂਦਾ ਸਾਂ ਤੇ ਇਸ ਤਰ੍ਹਾਂ ਸ਼ਰਾਬ ਦੀ ਧੁੰਦ ਓਹਲੇ ਆਪਣਾ ਡਰ, ਊਣਤਾਈਆਂ ਤੇ ਚਿੰਤਾਵਾਂ ਲੁਕੋ ਲੈਂਦਾ ਸਾਂ। ਮੈਂ ਇਸ ਦੇ ਝੂਠੇ ਪਰਦੇ ਤੇ ਵਕਤੀ ਅੰਨ੍ਹੇ ਜੋਸ਼ ਹੇਠ ਹੋਸ਼ ਨੂੰ ਜਿੰਦਰਾ ਮਾਰ ਕੇ ਆਪਣੇ ਪਸ਼ੂ-ਪੁਣੇ ਉਤੇ ਪਰਦਾ ਪਾਉਂਦਾ ਸਾਂ।

ਸ਼ਰਾਬ-ਨੋਸ਼ੀ ਮੇਰੇ ਲਈ ਹਕੀਕਤਾਂ ਤੋਂ ਦੌੜਨ ਦਾ ਇਕ ਸਾਧਨ ਰਿਹਾ ਹੈ। ਜਦੋਂ ਕੋਈ ਸਮੱਸਿਆ ਆ ਉਗਮੀ, ਤਦ ਉਸ ਦਾ ਟਾਕਰਾ ਕਰਨ ਅਤੇ ਆਪਣਾ ਚਲਣ ਉਚਿਆਉਣ ਦੀ ਥਾਂ, ਮੈਂ ਤੁਰਤ ਬੋਤਲ ਦਾ ਆਸਰਾ ਲੈ ਲਿਆ ਅਤੇ ਬਿੱਲੀ ਆਉਣ ਉਤੇ ਕਬੂਤਰ ਦੇ ਅੱਖਾਂ ਮੀਟਣ ਵਾਂਗ

ਸਮਝਿਆ ਕਿ ਬਲਾਅ ਟਲ ਗਈ ਹੈ । ਇਸ ਤਰ੍ਹਾਂ ਮੈਂ ਆਪਣੀਆਂ ਕਮਜ਼ੋਰੀਆਂ ਤੇ ਹਕੀਕਤਾਂ ਤੋਂ ਦੂਰ ਨੱਠਣ ਦਾ ਜਤਨ ਕੀਤਾ। ਇਹ ਇਕ ਕੌੜਾ ਪ੍ਰਗਟਾਅ ਹੈ, ਪ੍ਰੰਤੂ ਮੈਂ ਜਾਣਦਾ ਸਾਂ ਕਿ ਇਹ ਸੱਚਾਈ ਹੈ ਅਤੇ ਛੁਟਕਾਰੇ ਲਈ ਸਹੀ ਰਸਤਾ।

ਹੁਣ ਮੈਂ ਡਿਊਟੀ ਭੁਗਤਾਉਣ ਉਪਰੰਤ ਬਾਕੀ ਦਾ ਦਿਨ ਆਪਣੇ ਮਾਨਸਕ, ਸਰੀਰਕ ਤੇ ਆਤਮਕ ਸੁਧਾਰ ਦੀਆਂ ਵਿਉਂਤਾਂ ਵਿਉਂਤਣ ਤੇ ਉਨ੍ਹਾਂ ਅਨੁਸਾਰ ਜੀਵਨ ਢਾਲਣ ਉਤੇ ਲਾਉਂਦਾ ਸਾਂ।

ਪੀਣ ਦੀ ਵਾਦੀ ਛੱਡਣ ਤੋਂ ਦੂਜੇ ਹਫਤੇ ਮੈਂ ਇਕ ਰਾਤ੍ਰੀ ਸਕੂਲ ਵਿਚ ਦਾਖ਼ਲ ਹੋ ਕੇ 'ਜਨਤਾ ਵਿਚ ਬੋਲਣ' ਦਾ ਕੋਰਸ ਲੈ ਲਿਆ। ਸਾਰਾ ਦਿਨ ਡਿਊਟੀ ਭੁਗਤਾਉਣ ਉਪਰੰਤ ਮੇਰੇ ਲਈ ਇਹ ਇਕ ਬਿਖਮ ਕੰਮ ਸੀ; ਪ੍ਰੰਤੂ, ਇਸ ਵਿਚ ਸਫਲ ਹੋਣ ਲਈ ਮੈਂ ਪੱਕਾ ਮਨ ਬਣਾ ਲਿਆ ਸੀ।

ਪਹਿਲੀ ਵੇਰ, ਜਦ, ਮੈਂ ਕਲਾਸ ਵਿਚ ਤਕਰੀਰ ਕਰਨ ਲਈ ਖੜਾ ਹੋਇਆ ਤਾਂ ਮੇਰਾ ਗਲਾ ਖੁਸ਼ਕ, ਆਵਾਜ਼ ਪਤਲੀ ਤੇ ਲੱਤਾਂ ਕੰਬ ਰਹੀਆਂ ਸਨ। ਮੈਂ ਝਿਜਕਿਆ, ਥਥਲਾਇਆ; ਪ੍ਰੰਤੂ, ਪ੍ਰੀਖਿਆ ਦੇ ਇਸ ਸਮੇਂ ਨੂੰ ਜਿਵੇਂ ਕਿਵੇਂ ਨਿਭਾ ਹੀ ਲਿਆ। ਮੇਰੇ ਹੋਰ ਕਈ ਸਾਥੀ ਵੀ ਮੇਰੇ ਵਰਗੇ ਹੀ ਸਨ; ਇਸ ਗੱਲ ਨੇ ਮੈਨੂੰ ਢਾਰਸ ਦਿਤੀ ਕਿ ਮੇਰੇ ਇਕੱਲੇ ਦਾ ਜੀਵਨ ਹੀ ਸਮੱਸਿਆ-ਭਰਪੂਰ ਜੀਵਨ ਨਹੀਂ।

ਸਹਿਜੇ ਸਹਿਜੇ ਮੈਨੂੰ ਸਵੈ-ਭਰੋਸਾ ਹੋਣ ਲੱਗਾ ਅਤੇ ਵਿਖਿਆਨ ਦੇਣ ਵਿਚ ਮੈਨੂੰ ਪ੍ਰਸੰਨਤਾ ਹੋਣ ਲੱਗੀ। ਹੁਣ ਸਮਾਜਕ ਇਕੱਠਾਂ ਵਿਚ ਗੱਲ-ਬਾਤ ਕਰ ਕੇ ਮੈਨੂੰ ਖ਼ਾਸ ਹੁਲਾਰਾ ਮਿਲਦਾ ਸੀ।

ਮੇਰੇ ਮਾਲਿਕ ਨੇ, ਮੇਰੀ ਸ਼ਖ਼ਸੀਅਤ ਵਿਚ ਸੁਧਾਰ ਵੇਖ ਕੇ, ਮੈਨੂੰ ਉਚੇਰੀ ਤਰੱਕੀ ਵੀ ਦਿਤੀ ਤੇ ਮੇਰੇ ਅਧਿਕਾਰ-ਖੇਤਰ ਨੂੰ ਵੀ ਵਧਾ ਦਿੱਤਾ। ਮੈਂ ਅਨੁਭਵ ਕੀਤਾ ਕਿ ਮੈਂ ਲੋਕਾਂ ਨੂੰ ਪਸੰਦ ਕਰਦਾ ਹਾਂ ਅਤੇ ਉਹ ਮੈਨੂੰ ਚਾਹੁੰਦੇ ਹਨ। ਜੀਵਨ, ਜਿਹੜਾ ਪਹਿਲਾਂ ਸੋਚ੍ਹ, ਵਿਕਾਰ੍ਹ, ਵਿਕਲਪ੍ਹ, ਤੇ ਦੁੱਖਾ ਅਤੇ

ਇਕੱਲਾ ਇਕੱਲਾ ਸੀ, ਉਹ ਖੇੜਿਆਂ, ਖੁਸ਼ੀਆਂ ਤੇ ਅਗਾਂਹ-ਵਧੂ ਰੁਚੀਆਂ ਵਾਲਾ ਹੋ ਗਿਆ।

ਚਲਣ-ਸੁਧਾਰ ਦੇ ਇਸ ਸਮੇਂ ਮੈਂ ਸਰੀਰਕ ਕਸਰਤ ਤੇ ਮਾਨਸਕ ਸੁਧਾਰ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਸ਼ਰਾਬੀ ਹੋਣ ਦੇ ਕਾਰਨ ਮੇਰਾ ਜਿਹੜਾ ਸਰੀਰ ਦੁਬਲਾ, ਪਤਲਾ ਤੇ ਪੀਲਾ ਹੋ ਗਿਆ ਸੀ, ਉਸ ਵਿਚ ਲਾਲ ਲਹੂ ਤੇ ਉੱਦਮ ਸਰਕਣ ਲੱਗਾ, ਘੂਕ ਨੀਂਦ ਆਉਣ ਲੱਗੀ। ਨਿੱਤ ਸਵੇਰੇ ਮੈਂ ਪ੍ਰਾਰਥਨਾ ਵਿਚ ਜੁੜਦਾ ਹਾਂ।

ਹੁਣ ਮੈਂ ਜਿਊਂਦਿਆਂ ਵਿਚੋਂ ਹਾਂ।

(ਅਨੁਵਾਦ, ਹੈਲਥ ਔਫ ਹੈਰਲਡ ਵਿਚੋਂ, ਧੰਨਵਾਦਿ ਸਹਿਤ)

ਮੈਂ ਸ਼ਰਾਬ ਹਾਂ

ਸੁਣੋ–ਮੇਰੀ ਕਹਾਣੀ, ਮੇਰੀ ਜ਼ਬਾਨੀ

ਮੈਂ, ਮੁੱਦਤਾਂ ਤੋਂ, ਇਨਸਾਨ ਲਈ ਇਕ ਸਮੱਸਿਆ ਬਣੀ ਆ ਰਹੀ ਹਾਂ। ਮੇਰੇ ਬਾਰੇ ਇਹ ਲਿਖਿਆ ਹੈ ਕਿ ਹਜ਼ਰਤ ਨੋਹ ਜਦ ਪਰਲੋ ਉਪਰੰਤ ਆਪਣੀ ਅਦਭੁਤ ਸਮੁੰਦਰੀ ਯਾਤਰਾ ਤੋਂ ਵਾਪਸ ਪਰਤਿਆ ਤਾਂ ਉਸ ਨੇ ਮੇਰਾ ਵਿਰੋਧ ਕੀਤਾ। ਪ੍ਰਾਚੀਨ ਕਾਲ ਦੇ ਮਨੁੱਖਾਂ ਨੇ ਜਦ ਆਪਣੀਆਂ ਨਸਲਾਂ ਨੂੰ ਕਿਸੇ ਬੁਰਾਈ ਵਲੋਂ ਸੁਚੇਤ ਕੀਤਾ ਤਾਂ ਇਹ ਆਖਿਆ :–

''ਤੁਸੀਂ ਸ਼ਰਾਬ ਵਲ, ਜਦ ਕਿ ਇਹ ਲਾਲ ਹੋਵੇ, ਕਦੀ ਨਾ ਵੇਖੋ।''

ਇਨਸਾਨ ਨੇ ਮੈਨੂੰ ਮਾਤ ਪਾਉਣ ਲਈ ਕਈ ਤਰ੍ਹਾਂ ਦੇ ਢੰਗ ਵਰਤੇ ਹਨ; ਜਿਹਾ ਕਿ; ਮੈਨੂੰ ਬੱਚਿਆਂ ਤੇ ਥੜ-ਦਿਲੇ (ਕਮਜ਼ੋਰ ਦਿਲ) ਆਦਮੀਆਂ ਤੋਂ ਦੂਰ, ਤਹਿਖਾਨਿਆਂ ਆਦਿ ਵਿਚ, ਬੰਦ ਕਰਨਾ, ਮੇਰਾ ਸੇਵਨ ਕੇਵਲ ਖੁਸ਼ੀ ਜਾਂ ਗ਼ਮੀ ਦੇ ਮੌਕਿਆਂ ਉਤੇ ਹੀ ਕਰਨਾ, ਚੋਣਾਂ ਸਮੇਂ ਮੇਰੇ ਬੂਹੇ ਮੇਰੇ ਭਗਤਾਂ ਉਤੇ ਬੰਦ ਕਰ ਦੇਣੇ, ਵਿਦਿਅਕ ਆਸ਼ਰਮਾਂ ਤੋਂ ਮੈਨੂੰ ਦੂਰ, ਵਿੱਥ ਉਤੇ, ਰੱਖਣਾ, ਮੇਰੇ ਵਿਚ ਪਾਣੀ ਮਿਲਾ ਕੇ ਮੇਰੀ ਚੱਸ ਨੂੰ ਮਾਰਨਾ ਅਤੇ ਨਿਯਮ ਉਪਨਿਯਮ ਘੜ ਕੇ ਮੇਰੇ ਉਤੇ ਪਾਬੰਦੀ ਲਾਉਣ ਲਈ ਤਰਲੇ ਮਾਰਨੇ ਆਦਿ, ਆਦਿ।

ਪ੍ਰੰਤੂ, ਸਦੀਆਂ ਤੋਂ ਅਜਿਹੀਆਂ ਅਨੇਕ ਪਾਬੰਦੀਆਂ ਅਤੇ ਮੇਰੇ ਵਿਰੁੱਧ ਚਲੀਆਂ ਚਾਲਾਂ ਦੇ ਬਾਵਜੂਦ, ਮੈਂ ਚੜ੍ਹਦੀ ਕਲਾ ਵਿਚ ਵਿਚਰਦੀ ਤੇ ਵਧਦੀ ਫੁਲਦੀ ਆ ਰਹੀ ਹਾਂ।

ਅਤੇ ਅੱਜ ਦੇ ਸੁਤੰਤਰ ਤੇ ਮਸ਼ੀਨੀ ਜੁੱਗ ਵਿਚ ਮੈਂ ਪਹਿਲੇ ਨਾਲੋਂ ਕਿਤੇ ਵੱਧ ਬਲਵਾਨ ਤੇ ਖ਼ਤਰਨਾਕ ਹਾਂ।

ਮੈਥੋਂ ਛੁਟਕਾਰਾ ਪਾਉਣ ਦਾ ਇਕ ਢੰਗ ਅਜੇ ਤਕ ਨਹੀਂ ਅਜ਼ਮਾਇਆ ਗਿਆ: ਉਹ ਇਹ ਕਿ ਇਕ ਨਸਲ ਦੇ ਸਾਰੇ ਗੱਭਰੂ ਮੈਨੂੰ ਨਾ ਪਸੰਦ ਕਰਨ ਤੇ ਨਾ ਸੇਵਨ। ਇਸ ਵਿਚ ਮੇਰੀ ਮੌਤ ਹੈ।

ਮੇਰੀ ਕਹਾਣੀ :–

ਮੈਂ ਨਸ਼ੇ ਨਾਲ ਗੁਟ ਡਰਾਈਵਰ ਦੇ ਸਟੀਅਰਿੰਗ ਚੱਕਰ ਦੀਆਂ ਨਾੜਾਂ ਤੇ ਪੱਠਿਆਂ ਉਤੇ ਸਵਾਰ ਰਹਿੰਦੀ ਹਾਂ। ਮੈਂ ਉਸ ਨੂੰ ਸ਼ਕਤੀ ਵਧੇ 'ਅੰਨ੍ਹੇ ਬਲ' ਦਾ ਝਾਂਸਾ ਦੇ ਕੇ 'ਸਭ ਅੱਛਾ ਹੈ' ਦੀ ਲੋਰੀ ਦੇਈ ਰਖਦੀ ਹਾਂ। ਜਦ ਸਾਹਮਣੇ ਖ਼ਤਰਾ ਆ ਜਾਵੇ ਤਾਂ ਤੁਰੰਤ ਕਾਰਵਾਈ ਕਰਨ ਦੀ ਥਾਂ ਇਹ ਭੁਲੇਖਾ ਦੇਂਦੀ ਹਾਂ ਕਿ ਅਜੇ 'ਖ਼ਤਰਾ ਦੂਰ ਹੈ', ਇਸ ਤਰ੍ਹਾਂ ਉਸ ਦੀ ਸਮੇਂ ਸਿਰ ਕਾਰਵਾਈ ਕਰਨ ਦੀ ਸ਼ਕਤੀ ਢਿੱਲੀ ਪਾ ਦਿੰਦੀ ਹਾਂ।

ਆਪਣੇ 'ਸੇਵਕ ਡਰਾਈਵਰ' ਦੀ ਰਾਹੀਂ ਮੈਂ ਸੰਸਾਰ ਭਰ ਦੇ ਵੱਡਿਆਂ ਰਾਹਾਂ ਉਤੇ, ਹਾਦਸਿਆਂ ਦੁਆਰਾ ਜ਼ਖਮਾਂ, ਅੰਗਾਂ ਦੇ ਟੁੱਟ ਭੱਜ ਤੇ ਮੌਤ ਦੀ ਵਰਖਾ ਕਰਦੀ ਹਾਂ।

ਮੈਂ ਨੌਜਵਾਨਾਂ ਦੀਆਂ ਉਮੰਗਾਂ ਨੂੰ ਘੁੱਟਦੀ, ਉਮਰ ਨੂੰ ਘਟਾਉਂਦੀ ਤੇ ਬੱਚਿਆਂ ਦੇ ਖੇੜੇ ਨੂੰ ਬਰਬਾਦ ਕਰਦੀ ਹਾਂ।

ਮੈਂ ਪੁਰਸ਼ਾਂ ਤੇ ਇਸਤ੍ਰੀਆਂ ਦੇ ਅੰਦਰਲੀ ਉਸ ਦੀਵਾਰ ਨੂੰ, ਜੋ ਉਨ੍ਹਾਂ ਨੇ ਆਪਣੇ ਆਚਰਨ ਨੂੰ ਉੱਚਾ ਸੁੱਚਾ ਰੱਖਣ ਹਿਤ ਬਣਾ ਰਖੀ ਹੈ, ਢਾਹ ਢੇਰੀ ਕਰਦੀ ਹਾਂ।

ਮੇਰਾ ਪਹਿਲਾ ਵਾਰ ਦਿਲ ਤੇ ਦਿਮਾਗ ਦੀਆਂ ਉੱਚ ਸ਼ਕਤੀਆਂ ਨੂੰ ਖੀਣ ਕਰਨ ਲਈ ਹੁੰਦਾ ਹੈ।

ਇਸ ਤਰ੍ਹਾਂ, ਮੈਂ ਸਹਿਜੇ ਸਹਿਜੇ ਇਨਸਾਨ ਨੂੰ ਨੀਵਾਂ ਕਰ ਕੇ ਪਸ਼ੂਆਂ ਦੀ ਪੱਧਰ ਉਤੇ ਲੈ ਆਉਂਦੀ ਹਾਂ।

ਸੁਣੋ :

ਮੈਂ ਜੁਗਾਂ ਤੋਂ ਮਨੁੱਖ ਉਤੇ ਪਾਈ ਤਕੜੀ ਕਾਠੀ ਤਦ ਹੀ ਢਿੱਲੀ ਕਰਾਂਗੀ ਜੇ ਗੱਭਰੂ ਤਕੜੇ ਹੋ ਕੇ ਮੈਨੂੰ ਗਲਵਕੜੀ ਪਾਉਣੋਂ ਆਪ ਤੋਬਾ ਕਰਨਗੇ, ਅਤੇ ਨਿਰਬਲਾਂ ਨੂੰ ਮੈਥੋਂ ਦੂਰ ਰੱਖਣ ਲਈ ਕਦੇ ਇਕੱਲਿਆਂ ਨਹੀਂ ਛੱਡਣਗੇ।

'ਮੈਂ ਸ਼ਰਾਬ ਹਾਂ।'

(ਅਨੁਵਾਦ, ਹੈਲਥ ਐਂਡ ਹੈਰਲਡ ਵਿਚੋਂ, ਧੰਨਵਾਦ ਸਹਿਤ)

ਤੰਬਾਕੂ

ਤੰਬਾਕੂ ਵਿਚ ਇੱਕੀ ਪ੍ਰਕਾਰ ਦੇ ਜ਼ਹਿਰ ਛੁਪੇ ਹੋਏ ਹਨ। ਨਿਕੋਟੀਨ ਉਸ ਵਿਚ ਸਭ ਤੋਂ ਵੱਧ ਤੇਜ਼ ਹੈ। ਉਸ ਦੀ ਇਕ ਬੂੰਦ ਤੋਂ ਛੇ ਬਿੱਲੀਆਂ ਜਾਂ ਦੋ ਕੁੱਤੇ ਮਰ ਸਕਦੇ ਹਨ ਤੇ ਅੱਠ ਬੂੰਦਾਂ ਨਾਲ ਇਕ ਤਾਕਤਵਰ ਘੋੜਾ। ਤੰਬਾਕੂ ਨੇ ਬੰਦੇ ਨੂੰ ਚਿਤਾਵਨੀ ਦਿਤੀ ਹੈ : ''ਖਾਂਸੀ ਕਰਾਂ,ਖੰਘ ਕਰਾਂ, ਫੇਰ ਵੀ ਨਾ ਮਰੇ ਤੇ ਮੈਂ ਕੀ ਕਰਾਂ''। ਬੀੜੀ, ਸਿਗਰਟ, ਹੁੱਕਾ ਜਾਂ ਚਿਲਮ ਦਾ ਸ਼ੌਂਕ ਪੂਰਾ ਕਰਨ ਵਿਚ ਜਿਹੜਾ ਪੈਸਾ ਖਰਚ ਹੁੰਦਾ ਹੈ ਉਸ ਤੋਂ ਕਿਸੇ ਨੂੰ ਕੋਈ ਲਾਭ ਨਹੀਂ ਪੁੱਜਦਾ। ਜ਼ਿਮੀਂਦਾਰਾਂ ਨੂੰ ਘਿਉ ਵੇਚ ਕੇ ਤੰਬਾਕੂ ਖਰੀਦਦਿਆਂ ਹੋਇਆਂ ਦੇਖਿਆ ਗਿਆ ਹੈ। ਅਠਾਹਠ ਸਾਲਾਂ ਦੀ ਉਮਰ ਤਕ ਦਾ ਬੰਦਾ ਜਿੰਨਾਂ ਤੰਬਾਕੂ ਪੀਂਦਾ ਹੈ, ਉਹਦਾ ਵਜ਼ਨ ਤਿੰਨ ਤੋਂ ਲੈ ਕੇ ਪੰਜ ਕੁਇੰਟਲ ਤਕ ਹੁੰਦਾ ਹੈ। ਅਜਿਹੇ ਬੰਦੇ ਦੀ ਉਮਰ ਵੀ ੫ ਸਾਲ ਘਟ ਜਾਂਦੀ ਹੈ। ਦਿਲ ਦੇ ਰੋਗ ਦਾ ਇਕ ਕਾਰਣ ਤੰਬਾਕੂ ਪੀਣਾ ਵੀ ਹੈ, ਜਿਸ ਤੋਂ ਉਂਗਲੀਆਂ ਦਾ ਲਕਵਾ ਹੋ ਜਾਂਦਾ ਹੈ, ਅਤੇ ਦਿਲ, ਜਿਗਰ, ਫੇਫੜੇ ਤੇ ਗੁਰਦੇ ਕੰਮ ਕਰਨ ਤੋਂ ਰਹਿ ਜਾਂਦੇ ਹਨ। ਇੰਨੇ ਨੁਕਸਾਨ ਪੁਚਾਉਣ ਵਾਲਾ ਤੰਬਾਕੂ ਜਿਸ ਧਰਤੀ ਤੇ ਬੀਜਿਆ ਜਾਂਦਾ ਹੈ, ਉਹ ਪੰਜ ਲੱਖ ਹੈਕਟਰ ਬਣਦੀ ਹੈ। ਜਿਸ ਦੇਸ਼ ਵਿਚ ਅੰਨ ਲਈ ਧਰਤੀ ਲੋੜ ਤੋਂ ਘਟ ਹੋਵੇ, ਅਨੇਕਾਂ ਖੇਤੀਕਾਰਾਂ ਪਾਸ ਧਰਤੀ ਨਾ ਹੋਵੇ, ਅਨੇਕਾਂ ਬੰਦੇ ਅਨਾਜ ਦੀ ਪੈਦਾਵਾਰ ਦੀ ਘਾਟ ਕਾਰਣ ਭੁੱਖੇ ਮਰਦੇ ਹੋਣ, ਉਥੇ ਤੰਬਾਕੂ ਦਾ ਜ਼ਹਿਰੀਲਾ ਰੁਖ ਬੀਜਿਆ ਜਾਵੇ, ਕਿਤਨੇ ਦੁੱਖ, ਧੱਕੇ ਤੇ ਮੂਰਖਤਾ ਦੀ ਗੱਲ ਹੈ।

(ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਤੋਂ, ਧੰਨਵਾਦ ਸਹਿਤ)

ਤੰਬਾਕੂ-ਨੋਸ਼ੀ

ਅਸਾਂ ਵੇਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਾਬ ਆਦਿ ਨਸ਼ਿਆਂ ਦਾ ਪੁੱਜ ਕੇ ਨਿਖੇਧ ਕੀਤਾ ਗਿਆ ਹੈ। ਸਿੱਖ ਨੂੰ ਹੁਕਮ ਹੈ ਕਿ ਉਹ "ਅਮਲ ਕੇਵਲ ਪ੍ਰਸ਼ਾਦੇ ਦਾ ਹੀ ਰਖੇ", ਅਤੇ ਸਦਾ 'ਨਾਮ' ਦੇ ਨਸ਼ੇ ਨਾਲ ਮਖ਼ਮੂਰ ਰਹੇ। ਵੇਖੋ, ਭਾਈ ਨੰਦ ਲਾਲ ਜੀ ਵੀ ਝੂਠੀ ਤੇ ਕੂੜੀ ਸ਼ਰਾਬ ਦੀ ਥਾਂ ਸਤਿਗੁਰੂ ਸਾਕੀ ਤੋਂ ਦਿਲਾਂ ਨੂੰ ਪ੍ਰਭੂ-ਰੰਗ ਵਿਚ ਰੰਗ ਦੇਣ ਵਾਲਾ ਐਸਾ ਪਿਆਲਾ ਮੰਗਦੇ ਹਨ, ਜਿਸ ਨਾਲ ਅੱਖ (ਨਿਗਾਹ) ਪਵਿੱਤਰ ਥੀਵੇ ਅਤੇ ਜੀਵਨ ਦੀਆਂ ਸਾਰੀਆਂ ਮੁਸ਼ਕਲਾਂ ਹੱਲ ਹੋ ਜਾਣ :

ਬ-ਦਿਹ ਸਾਕੀ, ਮਰਾ ਯਕ ਜਾਮ, ਜ਼ਾਂ ਰੰਗੀਨੀਏ ਦਿਲਹਾ।
ਬ-ਚਸ਼ਮਿ ਪਾਕ ਬੀਂ, ਆਸਾਂ ਕੁਨਮ, ਈਂ ਜੁਮਲਾ ਮੁਸ਼ਕਿਲਹਾ।

(ਗਜ਼ਲ ੩)

(ਅਰਥ :—ਐ (ਸਤਿਗੁਰੂ) ਸਾਕੀ ਮੈਨੂੰ ਦਿਲਾਂ ਨੂੰ (ਪ੍ਰਭੂ-ਪ੍ਰੇਮ ਵਿਚ) ਰੰਗ ਦੇਣ ਵਾਲੀ (ਨਾਮ-ਰੂਪੀ) ਸ਼ਰਾਬ ਦਾ ਇਕ ਪਿਆਲਾ ਬਖ਼ਸ਼, ਜਿਸ ਨਾਲ ਮੇਰੀ ਅੱਖ (ਨਿਗਾਹ) ਪਵਿੱਤਰ ਹੋ ਜਾਵੇ, ਅਤੇ ਮੈਂ ਜ਼ਿੰਦਗੀ ਦੀਆਂ ਸਾਰੀਆਂ ਮੁਸ਼ਕਲਾਂ ਹੱਲ ਕਰ ਲਵਾਂ।)

ਨਸ਼ੇ, ਭਾਵੇਂ, ਸਾਰੇ ਹੀ ਮਾੜੇ, ਹਰ ਪੱਖੋਂ ਹਾਨੀਕਾਰਕ ਤੇ ਵਰਜਤ ਹਨ; ਪ੍ਰੰਤੂ, ਜਿਸ ਦੂਰ-ਦ੍ਰਿਸ਼ਟਤਾ, ਸਖ਼ਤੀ ਤੇ ਜ਼ੋਰ ਨਾਲ ਸਿੱਖ ਨੂੰ ਤੰਬਾਕੂ-ਨੋਸ਼ੀ ਤੋਂ ਹਟਕਿਆ ਗਿਆ ਹੈ, ਉਸ ਲਈ ਸ੍ਰੀ ਕਲਗੀਧਰ ਪਾਤਸ਼ਾਹ ਨ ਕੇਵਲ ਸਿਖਾਂ ਦੇ ਹੀ, ਸਗੋਂ ਸੰਸਾਰ ਦੇ ਹੋਰ ਸਮੂਹ ਮਨੁੱਖਾਂ, ਅਤੇ ਵਿਸ਼ੇਸ਼ ਕਰਕੇ ਡਾਕਟਰਾਂ, ਵਿਗਿਆਨੀਆਂ ਤੇ ਦਾਨਸ਼ਵਰਾਂ ਦੀ ਪ੍ਰਸੰਸਾ ਤੇ ਸਜਦੇ ਦੇ

[illegible]ਦਾਰ ਹਨ। ਸੱਚੇ ਪਾਤਸ਼ਾਹ ਨੇ ਇਸ ਦੀ ਵਰਤੋਂ ਨੂੰ ਚਹੁ ਬੱਜਰ ਕੁਰਹਿਤਾਂ ਵਿਚ ਸ਼ਾਮਲ ਕੀਤਾ ਹੈ। ਇਸ ਨੂੰ ਸੇਵਨ ਕਰਨ ਵਾਲਾ ਸਿਖੀ ਤੋਂ ਖਾਰਜ ਹੋ ਜਾਂਦਾ ਹੈ।

ਤਮਾਖ਼ੂ ਨੂੰ ਪੁਰਤਗਾਲੀ ਬੋਲੀ ਵਿਚ Tabaco; ਸੰ: ਵਿਚ ਤਾਮਕੂਟ ਤੇ ਕਲੰਜ ਅਤੇ ਲਾਤੀਨੀ ਵਿਚ Nicotiana tabacum ਆਖਦੇ ਹਨ।

ਇਹ ਕਦੋਂ, ਕਿਥੋਂ ਤੇ ਕਿਵੇਂ ਭਾਰਤ ਵਿਚ ਆਇਆ ਤੇ ਸਿਖ ਧਰਮ ਵਿਚ ਕਿਵੇਂ ਵਰਜਤ ਹੈ, ਇਸ ਬਾਰੇ ਸ੍ਰ: ਬ: ਕਾਹਨ ਸਿੰਘ ਜੀ 'ਨਾਭਾ' ਲਿਖਦੇ ਹਨ :-

ਇਹ ਅਸਲ ਬੂਟੀ ਅਮਰੀਕਾ ਦੀ ਹੈ ਅਤੇ ਇਸ ਦਾ ਨਾਮ Tabaco ਹੈ। ਯੂਰਪ ਦੇ ਯਾਤਰੀ ਉਸ ਦੇਸ਼ ਤੋਂ ਹੋਰ ਦੇਸ਼ਾਂ ਵਿਚ ਇਸ ਨੂੰ ਉਥੋਂ ਦੇ ਨਾਮ ਸਮੇਤ ਲੈ ਆਏ ਹਨ। ਯੂਰਪ ਵਿਚ ਇਸ ਦਾ ਪ੍ਰਚਾਰ ਸੰਨ ੧੫੬੦ ਵਿਚ ਹੋਇਆ ਅਤੇ ਭਾਰਤ ਵਿਚ ਪੁਰਤਗਾਲ ਦੇ ਵਪਾਰੀਆਂ ਨੇ ਸੰਨ ੧੬੦੫ ਵਿਚ ਤਮਾਕੂ ਨੂੰ, ਬੀਜ ਸਮੇਤ, ਲਿਆਂਦਾ ਅਤੇ ਦੇਸ਼ ਵਿਚ ਫੈਲਾਇਆ।

ਮੁਸਲਮਾਨ ਤਮਾਕੂ ਦੇ ਵਰਤਣ ਨੂੰ ਮਕਰੂਹ ਗਿਣਦੇ ਹਨ; ਇਸੇ ਲਈ ਮਸਜਿਦਾਂ ਵਿਚ ਇਸ ਦਾ ਵਰਤਣਾ ਮਨ੍ਹਾਂ ਹੈ। (ਸ਼ਰ੍ਹਾ ਦੇ ਪਾਬੰਦ) ਮੁਸਲਮਾਨ ਤਮਾਕੂ ਤੋਂ ਬਹੁਤ ਪ੍ਰਹੇਜ਼ ਕਰਦੇ ਹਨ। ਕਿਸੇ ਸਮੇਂ ਤੰਬਾਕੂ-ਨੋਸ਼ੀ ਦੀ ਸਜ਼ਾ ਮੌਤ ਵੀ ਰਹੀ ਹੈ।

ਗੁਰਮਤਿ ਵਿਚ ਇਸ ਦਾ ਪੂਰਣ ਤਯਾਗ ਹੈ ਅਤੇ ਇਸ ਦਾ ਨਾਮ ਜਗਤਜੂਠ ਬਿਖਯਾ ਤਥਾ ਗੀਦਾਧੂਪ ਲਿਖਿਆ ਹੈ। "ਜਗਤਜੂਠ ਤੇ ਰਹਿਯੋ ਦੂਰ।" (ਗੁਪ੍ਰਸੂ) "ਬਿਖਯਾ ਕਿਰਿਆ, ਛੱਡਨ ਤਯਾਗੀ।" (ਗੁਵਿ ੧੦) "ਗੀਦਾਧੂਮ ਬੰਸ ਤੇ ਤਯਾਗਹੁ। ਅਤਿ ਗਲਾਨਿ ਇਸ ਤੇ ਧਰ ਭਾਗਹੁ।" (ਗੁਪ੍ਰਸੂ) "ਕੁੱਠਾ ਹੁੱਕਾ ਚਰਸ ਤਮਾਕੂ ਇਨ ਕੀ ਓਰ ਨ ਕਬਹੂ ਦੇਖੈ।"

(ਪ੍ਰਸ਼ਨੋਤੱਰ ਭਾਈ ਨੰਦ ਲਾਲ) (ਮ. ਕੋਸ਼, ਪੰਨਾ ੧੭੨੬ ਜਿ. ਤੀਜੀ)

ਇਸੇ ਤਰ੍ਹਾਂ ਰਹਿਤਨਾਮਾ ਭਾਈ ਦੇਸਾ ਸਿੰਘ ਵਿਚ ਆਉਂਦਾ ਹੈ :-

ਕੁੱਠਾ, ਹੁੱਕਾ, ਚਰਸ, ਤਮਾਕੂ, ਗਾਂਜਾ ਟੋਪੀ ਤਾੜੀ ਖਾਕੂ ।
ਇਨ ਕੀ ਓਰ ਨ ਕਬਹੂ ਦੇਖੇ । ਰਹਤਵੰਦ ਸੋ ਸਿੰਘ ਵਿਸੇਖੇ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਪਕਾਰੀ ਕਮਾਲ ਇਸ ਗੱਲ ਵਿਚ ਹੈ ਕਿ ਆਪ ਜੀ ਨੇ ਸਿਖਾਂ ਨੂੰ ਇਸ ਬਿੱਦਤ ਤੋਂ ਓਦੋਂ ਹੋੜਿਆ, ਜਦੋਂ ਅਜੇ ਵਿਗਿਆਨੀਆਂ ਨੇ ਖੋਜ ਉਪਰੰਤ ਇਸ ਵਿਚਲੇ ਜ਼ਹਿਰ (ਨਿਕੋਟੀਨ) ਦਾ ਪ੍ਰਗਟਾਅ ਨਹੀਂ ਸੀ ਕੀਤਾ । ਤਮਾਕੂ ਦੇ ਮਾੜੇ ਅਸਰਾਂ ਬਾਰੇ ਅਸੀਂ ਸ: ਗੁਰਮੇਜ ਸਿੰਘ 'ਪਿਆਸਾ' ਦੇ, ਗੁਰਮਤਿ ਪ੍ਰਕਾਸ਼ (ਜੁਲਾਈ ੧੯੭੯) ਵਿਚ ਛਪੇ ਲੇਖ ਵਿਚੋਂ ਕੁਝ ਜ਼ਰੂਰੀ ਹਵਾਲੇ ਦੇਣ ਦੀ, ਧੰਨਵਾਦਿ ਸਹਿਤ, ਖੁਲ੍ਹ ਲੈਂਦੇ ਹਾਂ :–

'ਸ਼ਰਾਬ' ਅਤੇ 'ਤਮਾਕੂ' ਰਾਹੀਂ ਸਾਹ ਦੀਆਂ ਨਾਲੀਆਂ ਨੂੰ ਹਾਨੀ ਪੁੱਜਦੀ ਹੈ । ਇਸ ਨਾਲ ਤਪਦਿਕ ਅਤੇ ਹੋਰ ਕਈ ਭਿਆਨਕ ਰੋਗ ਚੰਬੜਦੇ ਹਨ । ਤਮਾਕੂ ਪੀਣ ਨਾਲ ਛਾਤੀ ਤੇ ਫੇਫੜੇ ਆਪਣਾ ਕੰਮ ਠੀਕ ਤਰ੍ਹਾਂ ਨਹੀਂ ਕਰ ਸਕਦੇ । ਇਹ ਦਿਲ ਦਿਮਾਗ ਤੇ ਅਸਰ ਕਰਦਾ ਹੋਇਆ ਸਾਡੀਆਂ ਅੱਖਾਂ ਦਾ ਵੀ ਨਾਸ ਕਰ ਦੇਂਦਾ ਹੈ । (Health and Longevity-by A. C. Soloman) ।

"ਅਮਰੀਕਾ ਦੇ ਬਹੁਤ ਸਾਰੇ ਖੋਜੀਆਂ ਵਿਚੋਂ ਡਾ: ਹਰਬਰਟ (Dr. Herbart) ਨੇ ਤਮਾਕੂ ਦੀ ਵਰਤੋਂ ਦੇ ਭੈੜੇ ਅਸਰਾਂ ਤੋਂ ਸਾਨੂੰ ਭਲੀ ਭਾਂਤ ਜਾਣੂ ਕਰਵਾਉਂਦਿਆਂ ਲਿਖਿਆ ਹੈ :–

"ਮਨੁੱਖ ਦੀ ਕਾਇਆਂ ਨੂੰ ਜੋ ਬੀਮਾਰੀਆਂ ਚੰਬੜਦੀਆਂ ਹਨ ਉਨ੍ਹਾਂ ਵਿਚੋਂ ਦਸ ਫ਼ੀ ਸਦੀ ਤਮਾਕੂ ਦੀ ਵਰਤੋਂ ਕਾਰਨ ਹੁੰਦੀਆਂ ਹਨ । ਕਬਜ਼, ਸਿਰ-ਦਰਦ ਤੇ ਹਾਜ਼ਮੇ ਦੀ ਖਰਾਬੀ ਤੋਂ ਲੈ ਕੇ ਮਿਰਗੀ, ਕੋਹੜ ਤੇ ਕੈਂਸਰ ਆਦਿ ਤਕ ਦੇ ਮਾਰੂ ਰੋਗਾਂ ਦੀ ਉਤਪਤੀ ਦਾ ਕਾਰਨ ਤਮਾਕੂ ਹੈ । ਤਮਾਕੂ ਦਾ ਧੂੰਆਂ ਖੂਨ ਨੂੰ ਜ਼ਹਿਰੀਲਾ ਬਣਾ ਦੇਂਦਾ ਹੈ, ਤੇ ਇਸ ਤੋਂ ਵਿਗੜੀ ਸਿਹਤ ਮੁੜ ਰਾਸ ਨਹੀਂ ਆਉਂਦੀ ।" ਉਨ੍ਹਾਂ ਨੇ ਅਮਰੀਕਾ ਦੀ ਇਕ ਬਹੁਤ ਵੱਡੀ ਤਮਾਕੂ ਕੰਪਨੀ ਵਿਚ ਕੰਮ ਕਰਦੇ ਬੱਚੇ, ਇਸਤ੍ਰੀਆਂ ਦਾ ਮੁਆਇਨਾ ਕਰਕੇ ਰੀਪੋਰਟ

ਪੇਸ਼ ਕੀਤੀ ਕਿ "ਇਸ ਕੰਪਨੀ ਵਿਚ ਕੰਮ ਕਰਨ ਵਾਲੀਆਂ ਇਸਤ੍ਰੀਆਂ ਦੇ ਇਕ ਤਿਹਾਈ ਬੱਚੇ ਤਮਾਕੂ ਦੀ ਬੋ ਕਾਰਨ ਮਰ ਮੁੱਕ ਜਾਂਦੇ ਹਨ, ਤੇ ਇੰਜ ਹੀ ਬਾਕੀਆਂ ਵਿਚੋਂ ਲਗਪਗ ਪੰਜਵਾਂ ਹਿੱਸਾ ਦਿਮਾਗੀ ਰੋਗਾਂ ਦੇ ਮਰੀਜ਼ ਬਣਦੇ ਹਨ।"

ਇਸ ਤੋਂ ਉਪਰੰਤ ਤਮਾਕੂ ਵਿਚ ਇਕ ਘਾਤਕ ਜ਼ਹਿਰ ਵੀ ਹੁੰਦੀ ਹੈ, ਜਿਸ ਨੂੰ ਨਿਕੋਟੀਨ ਕਿਹਾ ਜਾਂਦਾ ਹੈ। ਇਹ ਜ਼ਹਿਰ ਸਰੀਰਕ ਨਸਾਂ ਕਮਜ਼ੋਰ ਕਰਕੇ ਮਨੁੱਖ ਨੂੰ ਦਾਇਮੀ ਰੋਗੀ ਬਣਾ ਦਿੰਦੀ ਹੈ। ਇਸ ਦਾ ਸੇਵਨ ਕਰਨ ਵਾਲੇ ਮਨੁੱਖ ਆਲਸੀ ਤੇ ਬੇਚੈਨ ਹੋ ਜਾਂਦੇ ਹਨ ਤੇ ਰਾਤ ਨੂੰ ਪੂਰੀ ਨੀਂਦ ਨਹੀਂ ਲੈ ਸਕਦੇ। ਇਸ ਤਰ੍ਹਾਂ ਨਿਕੋਟੀਨ ਜ਼ਹਿਰ ਆਪਣੇ ਅਸਰ ਨਾਲ ਮਨੁੱਖੀ ਬਲ ਬੁੱਧ ਨੂੰ ਆਪਣੇ ਅਧੀਨ ਕਰ ਲੈਂਦੀ ਹੈ ਤੇ ਆਦਮੀ ਇਸ ਦਾ ਗੁਲਾਮ ਹੋ ਜਾਂਦਾ ਹੈ। ਇੰਜ ਮਨੁੱਖ ਦੀ ਸਾਰੀ ਕਾਰਜ-ਕੁਸ਼ਲਤਾ ਜਾਂਦੀ ਰਹਿੰਦੀ ਹੈ ਤੇ ਉਹ ਡਾਵਾਂ ਡੋਲ ਹੋ, ਭਟਕਦਾ ਰਹਿੰਦਾ ਹੈ।

ਆਓ, ਹੁਣ ਵੇਖੀਏ ਕਿ ਤਮਾਕੂ ਵਿਚਲੀ ਇਹ ਨਿਕੋਟੀਨ ਜ਼ਹਿਰ ਕਿਤਨੀ ਘਾਤਕ ਹੈ। ਇਸ ਦੇ ਤਜਰਬੇ ਵੱਖ ਵੱਖ ਜਾਨਵਰਾਂ ਉੱਪਰ ਵੀ ਕੀਤੇ ਗਏ ਹਨ। ਇਥੋਂ ਤਕ ਸਿੱਧ ਕੀਤਾ ਗਿਆ ਹੈ ਕਿ ਇਹ ਤੰਬਾਕੂ-ਜ਼ਹਿਰ (ਨਿਕੋਟੀਨ) ਦੇ ਇਕ ਗਰੇਨ ਦਾ ਦਸਵਾਂ ਹਿੱਸਾ ਦੇਣ ਨਾਲ ਕੁੱਤੇ ਦੀ ਤੁਰਤ ਮੌਤ ਹੋ ਜਾਂਦੀ ਹੈ। ਇਕ ਸੌ ਆਊਂਸ ਤਮਾਕੂ ਦੇ ਪੱਤਿਆਂ ਵਿਚ ਇਕ ਆਊਂਸ ਨਿਕੋਟੀਨ ਹੁੰਦੀ ਹੈ। ਕੁਝ-ਮਾਹਿਰਾਂ ਨੇ ਇਹ ਵੀ ਸਿੱਧ ਕੀਤਾ ਹੈ ਕਿ ਨਿਕੋਟੀਨ ਦੇ ਇਕ ਕਤਰੇ ਨੂੰ ਜੇ ਅਸੀਂ ਖਰਗੋਸ਼ ਉੱਪਰ ਸੁੱਟ ਦੇਈਏ ਤਾਂ ਉਸ ਦੀ ਮੌਤ ਹੋ ਸਕਦੀ ਹੈ। ਇਸੇ ਲਈ ਮਨੁੱਖ ਦੀ ਸਰੀਰਕ ਕ੍ਰਿਆ ਉੱਪਰ ਵੀ ਇਹ ਜ਼ਹਿਰ ਬਹੁਤ ਬੁਰਾ ਅਸਰ ਪਾਉਂਦਾ ਹੈ। ਤਮਾਕੂ ਮਨੁੱਖ ਦੀ ਨਾੜੀ-ਚਾਲ ਨੂੰ ਤਿੱਖਿਆਂ ਕਰਕੇ ਸਰੀਰ ਨੂੰ ਜਰਜਰਾ ਬਣਾ ਦਿੰਦਾ ਹੈ। ਇਕ ਤੰਦਰੁਸਤ ਮਨੁੱਖ ਦੀ ਨਾੜੀ-ਚਾਲ ਪ੍ਰਤੀ ਮਿੰਟ ੬੦ ਤੋਂ ੭੫ ਵਾਰ ਚਲਦੀ ਹੈ। ਪਰ ਤਮਾਕੂ ਪੀਣ ਵਾਲਾ ਜਦ ਕੋਈ ਖੇਚਲ ਦਾ ਕੰਮ ਕਰੇ ਤਾਂ ਉਸ ਦੀ ਨਾੜੀ ਦੀ ਸਾਧਾਰਨ ਗਤੀ ਕਿੰਨੀ ਦੇਰ ਤਕ ਅਸਲੀ ਹਾਲਤ ਉਤੇ ਨਹੀਂ

ਪਰਤਦੀ, ਜਦੋਂ ਕਿ ਆਮ ਆਦਮੀ ਇਕ ਅੱਧਾ ਮਿੰਟ ਸਸਤਾਉਣ ਮਗਰੋਂ ਹੀ ਜਿਉਂ ਦਾ ਤਿਉਂ ਹੋ ਜਾਂਦਾ ਹੈ।

ਜੇ ਹੋਰ ਧਰਮਾਂ ਦਾ ਮੁਤਾਲਿਆ ਕਰੀਏ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਭ ਧਰਮਾਂ ਦੇ ਅਵਤਾਰਾਂ, ਪੈਗੰਬਰਾਂ ਤੇ ਚਾਲਕਾਂ ਨੇ ਤਮਾਕੂ ਨੂੰ ਨਿੰਦਿਆ ਹੈ। ਮਹਾਤਮਾ ਟਾਲਸਟਾਇ ਵਰਗਿਆਂ ਪ੍ਰਬੀਨ ਪੁਰਸ਼ਾਂ ਨੇ ਆਪਣੀ ਲਿਖਤ ਵਿਚ ਜੇ ਸ਼ਰਾਬ ਨੂੰ ਸ਼ੈਤਾਨ ਕਿਹਾ ਹੈ, ਤਾਂ ਤਮਾਕੂ ਨੂੰ ਇਸ ਦਾ ਵੀ ਵੱਡਾ ਵਡੇਰਾ ਦਸਿਆ ਹੈ। ਇਵੇਂ ਹੀ ਮਹਾਤਮਾ ਗਾਂਧੀ ਨੇ ਆਪਣੇ ਜੀਵਨ ਬਿਰਤਾਂਤ ਵਿਚ ਤਮਾਕੂ ਬਾਰੇ ਲਿਖਿਆ ਹੈ :-

"ਮੈਂ ਆਪਣੀ ਸਾਰੀ ਉਮਰ ਵਿਚ ਕਦੇ ਵੀ ਤਮਾਕੂ ਪੀਣਾ ਪਸੰਦ ਨਹੀਂ ਕੀਤਾ। ਤਮਾਕੂ ਦੀ ਵਰਤੋਂ ਭੈੜੀ ਤੇ ਹਾਨੀਕਾਰਕ ਹੈ ਤੇ ਇਹ ਰਾਖਸ਼ਾਂ ਵਾਲਾ ਕੰਮ ਹੈ। ਮੈਂ ਉਸ ਰੇਲ ਗੱਡੀ ਦੇ ਡੱਬੇ ਵਿਚ ਸਫ਼ਰ ਨਹੀਂ ਸਾਂ ਕਰਦਾ, ਜਿਥੇ ਲੋਕ ਤਮਾਕੂ ਪੀ ਰਹੇ ਹੋਣ। ਮੇਰਾ ਸਾਹ ਘੁੱਟਣ ਲੱਗ ਪੈਂਦਾ ਸੀ। ਸੱਚ ਜਾਣੋਂ, ਤਮਾਕੂ ਦੀ ਵਰਤੋਂ ਨਾਲ ਬੰਦੇ ਦੀ ਜ਼ਮੀਰ ਹੀ ਮਰ ਜਾਂਦੀ ਹੈ।"

ਵਿਸ਼ਵ-ਸਿਹਤ-ਸੰਸਥਾ (WHO) ਨੇ ਸਮੇਂ ਸਮੇਂ ਸਾਰੇ ਬਲ ਨਾਲ ਇਹ ਸਚਾਈ ਪ੍ਰਗਟਾਈ ਹੈ ਕਿ ਤੰਬਾਕੂ ਸਿਹਤ ਲਈ ਸਖ਼ਤ ਹਾਨੀਕਾਰਕ ਤੇ ਮਾਰੂ ਹੈ। ਅੱਜ ਕਲ੍ਹ ਸਿਗਰਟਾਂ ਦੀਆ ਡੱਬੀਆਂ ਉਤੇ ਇਸ ਦਾ ਹਾਨੀਕਾਰਕ ਹੋਣਾ ਅੰਕਿਤ ਵੀ ਕਰ ਦਿੱਤਾ ਗਿਆ ਹੈ। ਪਰੰਤੂ, ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਇਸ ਦੀ ਪੈਦਾਵਰ ਤੇ ਵਰਤੋਂ ਉੱਤੇ ਲੋੜੀਂਦੀਆਂ ਪਾਬੰਦੀਆਂ ਲਾਉਣ ਦੀ ਥਾਂ, ਇਸ ਦੀ ਇਸ਼ਤਿਹਾਰਬਾਜ਼ੀ ਉਤੇ ਅਰਬਾਂ ਰੁਪੈ ਖ਼ਰਚ ਹੋ ਰਹੇ ਹਨ, ਅਤੇ ਖਪਤ ਦਿਨੋਂ ਦਿਨ ਵੱਧ ਰਹੀ ਹੈ। ਲੋਕਾਂ ਨੇ, ਹੁਣ ਪੀਣ ਦੇ ਨਾਲ ਨਾਲ ਇਸ ਨੂੰ ਕਈ ਢੰਗਾਂ ਨਾਲ ਖਾਣਾ ਵੀ ਸ਼ੁਰੂ ਕਰ ਦਿੱਤਾ ਹੈ।

ਇਸ ਦੀ ਵਰਤੋਂ ਬੰਦ ਜਾਂ ਘੱਟ ਕਰਨ ਲਈ ਇਹ ਕੁਝ ਕੁ ਸੁਝਾਉ ਵਿਚਾਰੇ ਜਾ ਸਕਦੇ ਹਨ :-

੧. ਸਭ ਤੋਂ ਚੰਗੀ ਤੇ ਵਧੀਆ ਗੱਲ ਤਾਂ ਇਹ ਹੈ ਕਿ ਸਰਕਾਰਾਂ ਇਸ ਦੀ ਵਰਤੋਂ ਤੇ ਇਸ਼ਤਿਹਾਰਬਾਜ਼ੀ ਉਤੇ ਕਾਨੂੰਨੀ ਪਾਬੰਦੀ ਲਾਉਣ, ਅਤੇ

ਇਸ ਪਾਬੰਦੀ ਦੀ ਪਾਲਣਾ ਲਈ ਸਖ਼ਤੀ ਵਰਤਣ। ਜੇ ਭਾਰਤ ਵਿਚ ਸ਼ਰਾਬ-ਬੰਦੀ ਲਈ ਕਾਨੂੰਨ ਬਣ ਸਕਦਾ ਹੈ, ਤਾਂ ਸ਼ਰਾਬ ਤੋਂ, ਕਿਤੇ ਵੱਧ ਖ਼ਤਰਨਾਕ ਦੁਸ਼ਮਨ ਨਾਲ ਨਰਮੀ ਕਿਉਂ ?

੨. ਕੁਲ ਪਬਲਿਕ ਥਾਵਾਂ ਤੇ ਸੜਕਾਂ ਉੱਤੇ ਅਤੇ ਦੁਕਾਨਾਂ, ਦਫ਼ਤਰਾਂ, ਟਰੇਨਾਂ ਅਤੇ ਬੱਸਾਂ ਆਦਿ ਵਿਚ ਇਸ ਦੇ ਪੀਣ ਉੱਤੇ ਮਨਾਹੀ ਹੋਵੇ। ਯੂਰਪੀਨ ਦੇਸ਼ਾਂ ਦੀਆਂ ਟਰੇਨਾਂ ਵਿਚ ਸਿਗਰਟ-ਨੋਸ਼ਾਂ ਦੇ ਡੱਬੇ ਵਖਰੇ ਹੁੰਦੇ ਹਨ।

੩. ਸਰਕਾਰੀ ਦਫ਼ਤਰਾਂ ਵਿਚ ਇਸ ਦੀ ਵਰਤੋਂ ਹੋਰ ਵੀ ਅਨੁਚਿਤ ਹੈ। ਜਦ ਕੋਈ ਗਰਜ਼-ਮੰਦ ਸੋਫ਼ੀ (Non-Smoker) ਜਾਂ ਸਿੱਖ ਕਿਸੇ ਦਫ਼ਤਰ ਵਿਚ ਪ੍ਰਵੇਸ਼ ਕਰਦਾ ਤੇ ਸਾਹਮਣੇ ਬੈਠੇ ਅਧਿਕਾਰੀ ਦੇ ਮੂੰਹੋਂ ਨਿਕਲਿਆ ਧੂੰਆਂ ਆਪਣੇ ਚੇਹਰੇ ਉਤੇ ਵਜਦਾ ਵੇਖਦਾ ਹੈ ਤਾਂ ਉਸ ਦੀ ਜਿੰਦੀ ਉਹੀ ਜਾਣਦਾ ਹੈ। ਕੀ ਰਵਾਦਾਰੀ, ਸਹਿਵਾਸ ਤੇ ਭਾਵਕ-ਏਕਤਾ ਦਾ ਇਹ ਤਕਾਜ਼ਾ ਨਹੀਂ ਕਿ ਦੂਜਿਆਂ ਦੇ ਜਜ਼ਬਾਤ ਅਥਵਾ ਧਾਰਮਿਕ ਭਾਵਾਂ ਦਾ ਵਿਸ਼ੇਸ਼ ਆਦਰ ਸਤਿਕਾਰ ਕੀਤਾ ਜਾਵੇ ?

੪. ਨਸ਼ੇ ਸਾਰੇ ਹੀ ਬੁਰੇ ਹਨ; ਪ੍ਰੰਤੂ, ਜਿਥੇ ਹੋਰ ਨਸ਼ੇ ਕੇਵਲ ਨਸ਼ਾ ਕਰਨ ਵਾਲੇ ਨੂੰ ਹਾਨੀ ਪਹੁੰਚਾਉਂਦੇ ਹਨ, ਉਥੇ ਤੰਬਾਕੂ ਇਕ ਐਸੀ ਬਿੱਖ (ਜ਼ਹਿਰ) ਹੈ ਜੋ ਨਾਲ ਜਾਂ ਨੇੜੇ ਬੈਠੇ ਸਾਥੀਆਂ ਨੂੰ ਵੀ ਹਾਨੀ ਪਹੁੰਚਾਉਂਦੀ ਹੈ। ਡਾਕਟਰਾਂ ਨੇ ਸਿੱਧ ਕੀਤਾ ਹੈ ਕਿ ਤੰਬਾਕੂ ਪੀਣ ਵਾਲੇ ਨੂੰ ਤਾਂ ਕੈਂਸਰ ਹੁੰਦਾ ਹੀ ਹੈ, ਨਾਲਦਿਆਂ ਨੂੰ ਵੀ ਹਵਾ ਵਿਚੋਂ ਜ਼ਹਿਰੀਲਾ ਧੂੰਆਂ ਅੰਦਰ ਜਾਣ ਨਾਲ ਕੈਂਸਰ ਆਦਿ ਰੋਗ ਹੋ ਸਕਦੇ ਹਨ। ਏਸੇ ਲਈ, ਬ-ਜਾ ਤੌਰ ਉਤੇ, ਇਸ ਨੂੰ ਜਗਤ-ਜੂਠ ਵੀ ਕਿਹਾ ਜਾਂਦਾ ਹੈ।

੫. ਲੇਖਾਂ ਤੇ ਫਿਲਮਾਂ ਆਦਿ ਦੁਆਰਾ ਇਸ ਦੀ ਬੁਰਾਈ ਦੱਸੀ ਜਾਵੇ। ਦੁਖ ਤੇ ਲੋਹੜੇ ਦੀ ਗੱਲ ਹੈ ਕਿ ਫਿਲਮਾਂ ਨੂੰ ਇਸ ਦੇ ਔਗੁਣ ਦੱਸਣ ਦਾ ਸਾਧਨ ਬਨਾਉਣ ਦੀ ਥਾਂ, ਇਸ ਦੀ ਪਬਲਿਸਿਟੀ ਦਾ ਸਾਧਨ ਬਣਾਇਆ ਜਾਂਦਾ ਹੈ। ਐਕਟਰ ਦੀ ਸ਼ਾਨ ਹੀ ਇਸ ਗੱਲ ਵਿਚ ਸਮਝੀ ਜਾਂਦੀ ਹੈ ਕਿ

ਉਹ ਸਮੇਂ ਸਮੇਂ ਸਿਗਰਟ ਮਘਾਵੇ ਤੇ ਕੱਸ਼ ਉਤੇ ਕੱਸ਼ ਲਾਵੇ। ਹੁਣ ਇਹ ਕੰਮ ਟੀ.ਵੀ. ਉਤੇ ਵੀ ਹੁੰਦਾ ਤੇ ਪਸਰ ਰਿਹਾ ਹੈ।

ਇਹਨਾਂ ਨਾਇਕਾਂ ਨੂੰ ਵੇਖ ਕੇ ਨੌਜਵਾਨ, ਹੋਰ ਤਾਂ, ਭਲੇ ਹੀ ਕੋਈ ਚੰਗੀ ਸਿਖਣ; ਪ੍ਰੰਤੂ, ਫੈਸ਼ਨ ਵਜੋਂ ਅਜੇਹੀ ਬੁਰੀ ਗੱਲ ਦੀ ਨਕਲ ਜ਼ਰੂਰ ਮਾਰਦੇ ਹਨ। ਕਿਉਂ ਨ ਸਕਰੀਨ ਉਤੇ ਤੰਬਾਕੂ ਦੀ ਵਰਤੋਂ ਕਤਅਨ ਬੰਦ ਹੋਵੇ ?

ਤੰਬਾਕੂ ਤੇ ਸ਼ਰਾਬ ਆਦਿ ਮਾਰੂ ਨਸ਼ਿਆਂ ਨੂੰ ਕਿਸੇ ਸਰਕਾਰ ਵਲੋਂ ਆਮਦਨੀ ਦਾ ਸਾਧਨ ਬਣਾਉਣਾ, ਏਵੇਂ ਹੀ ਹੈ ਜਿਵੇਂ ਕੋਈ ਮਾਂ ਆਪਣੇ ਬੱਚਿਆਂ ਨੂੰ ਇਕ ਪਾਸੇ ਤਾਂ ਜ਼ਹਿਰ ਅਥਵਾ-ਬਿੱਖ ਦੇਵੇ ਤੇ ਦੂਜੇ ਪਾਸੇ ਉਨ੍ਹਾਂ ਨੂੰ ਦੁੱਧ, ਘਿਓ ਛਕਣ ਦੀ ਹਦਾਇਤ ਕਰੀ ਜਾਵੇ; ਜਾਂ, ਅਕਬਰ ਅਲਾਹਬਾਦੀ ਦੇ ਕਥਨ ਅਨੁਸਾਰ ਕਿਸੇ ਨੂੰ ਉਸ ਦੇ ਹੱਥ ਪੈਰ ਬੰਨ੍ਹ ਕੇ ਦਰਯਾ ਵਿਚ ਸੁੱਟ ਦਿੱਤਾ ਜਾਵੇ ਅਤੇ ਨਾਲ ਹੀ ਤਾਕੀਦ ਕੀਤੀ ਜਾਵੇ ਕਿ ''ਵੇਖੀਂ, ਕਿਤੇ ਕਪੜੇ ਨ ਭਿੱਜ ਜਾਣ।''

ਦਰਮਿਆਨੇ ਕ਼ਅਰੇ ਦਰਯਾ, ਤਖਤਾ ਬੰਦਮ ਕਰਦਾ ਈ,
ਬਾਜ਼ ਮੇ ਗੋਈ, ਕਿ ਦਾਮਨ ਤਰ ਮੁੱਕਨ ਗੋਈ, ਹੋਸ਼ਿਆਰ ਬਾਸ਼।

ਕੇਵਲ ਇਹੀ ਨਹੀਂ ਕਿ ਸਰਕਾਰ ਇਸ ਬਿੱਖ ਨੂੰ ਫੈਲਣੋਂ ਰੋਕਣ ਦਾ ਮਨ ਨਹੀਂ ਰਖਦੀ; ਸਗੋਂ, ਦੇਸ਼ ਵਿਚ ਪਾਲਮਪੁਰ ਤੇ ਹਿਸਾਰ ਆਦਿ ਥਾਵਾਂ ਤੇ ਹੋਰ ਹੀ ਖੇਤੀਬਾੜੀ ਯੂਨੀਵਰਸਿਟੀਆਂ ਵਿਚ, ਤੰਬਾਕੂ ਦੀਆਂ ਨਵੀਆਂ ਨਵੀਆਂ ਤੇ ਵਧੀਆ ਕਿਸਮਾਂ ਕੱਢਣ ਉਤੇ ਲੱਖਾਂ ਰੁਪੈ ਖਰਚ ਵੀ ਕਰਦੀ ਹੈ।

ਅੰਤ ਵਿਚ, ਐਸੀ ਅਨੁਚਿਤ ਵਸਤੂ ਤੋਂ ਪ੍ਰਾਪਤ ਹੋਣ ਵਾਲੀ ਕਮਾਈ ਬਾਰੇ ਅੱਲਾਮਾ ਇਕਬਾਲ ਤੇ ਗੋਲਡ ਸਮਿਥ ਦੇ ਇਹ ਸ਼ੇਅਰ ਵੀ ਕੌਮੀ ਸਰਕਾਰਾਂ ਦੇ ਵਾਚਣ, ਵਿਚਾਰਨ ਤੇ ਅਮਲਾਉਣ ਯੋਗ ਹਨ :–

ਇਕਬਾਲ :–

ਐ ਤਾਇਰਿ* ਲਾਹੂਤੀ, ਉਸ ਰਿਜ਼ਕ ਸੇ ਮੌਤ ਅੱਛੀ,
ਜਿਸ ਰਿਜ਼ਕ ਸੇ ਆਤੀ ਹੋ, ਪਰਵਾਜ਼† ਮੇ ਕੋਤਾਹੀ।

---

*ਪ੍ਰਭੂ-ਮੰਡਲਾਂ ਦਾ ਪੰਛੀ।

†ਉਡਾਣ, ਸੁਰਤ ਨੂੰ ਉਚਿਆਂ ਰੱਖਣ ਵਿਚ ਰੁਕਾਵਟ ਪੈਂਦੀ ਹੋਵੇ।

ਗੋਲਡ ਸਮਿਥ :—

Ill fares the land, to hastening ills a prey
Where wealth accumulates and men decay.

Princes and Lords are breaths of the king;

A breath can make them as a breath has made;

But bold peasantry of a country's Pride,

If once destroyed, can nevr be supplied.

(From—The Deserted Village)

ਉਠ ਪੰਥ ਖਾਲਸਾ......!

੧. ਐ ਪੰਥ ਖਾਲਸਾ ਹੋਸ਼ ਮੇਂ ਆ, ਔਰ ਨਬਜ਼ ਪਹਿਚਾਨ ਜ਼ਮਾਨੇ ਕੀ,
ਯਹਾਂ ਹਰ ਕੋਈ ਅਪਨੇ ਦਾਉ ਪੇ ਹੈ, ਸੱਚ ਬਾਤ ਕਹੂ ਮਨ ਭਾਨੇ ਕੀ।
੨. ਅਬ ਜੋਸ਼ਿ ਪੰਥ ਖਾਮੋਸ਼ ਨ ਰਹਿ, ਗੈਰੋਂ ਨੇ ਤੇਰਾ ਘਰ ਲੂਟ ਲੀਆ,
ਇਨ ਲੰਪਟ ਚੋਰ ਲੁਟੇਰੋਂ ਕੋ, ਰਖ ਹਸਰਤ ਹਾਥ ਦਿਖਾਨੇ ਕੀ।
੩. ਜੋ ਤੇਰਾ ਗੁਰੂ ਚੁਰਾਤੇ ਹੈਂ ਨਕਲੀ ਗੁਰਦਾਸ ਬਨਾਤੇ ਹੈਂ,
ਇਨ ਸਭ ਕੋ ਖੂਬ ਬੇਬਾਕੀ ਸੇ, ਤੁਝੇ ਕਸਮ ਹੈ ਰਾਹ ਪੇ ਲਾਨੇ ਕੀ।
੪. ਜਿਹ ਦੰਭੀ, ਲੋਭੀ, ਪਾਖੰਡੀ, ਤੇਰੇ ਨਾਮ ਪੇ ਡਾਕਾ ਡਾਲੇ ਹੈ,
ਜ਼ੁਲਮਤ ਮੇਂ ਭੂਲੇ ਭਟਕੋਂ ਕਾ ਤੁਝੇ ਗਰਜ਼ ਹੈ ਰਾਹ ਰੁਸ਼ਨਾਨੇ ਕੀ।
੫. ਜੁਰਅਤ ਕਿਉਂ ਇਨ ਕੋ ਹੋਤੀ ਹੈ, ਹਿੰਮਤ ਕਿਉਂ ਇਨ ਕੋ ਪੜਤੀ ਹੈ?
ਕਿਉਂ ਐਸਾ ਰਾਹ ਅਪਨਾਤੇ ਹੈਂ, ਹੈ ਬਾਤ ਤੁਝੇ ਸਮਝਾਨੇ ਕੀ।
੬. ਤੂੰ ਕਬ ਕਾ ਸੋਇਆ ਗਫਲਤ ਮੇਂ ਉਠ ਜਾਗ ਖ਼ੱਰਾਟੇ ਮਾਰ ਨਹੀਂ,
ਬੇਤਾਬ ਹੈ ਦੁਨੀਆ ਸੁਨਨੇ ਕੋ, ਰਖ ਤੜਪ ਤੂੰ ਸਾਚ ਸੁਨਾਨੇ ਕੀ।
੭. ਕਬੀ ਜਿਹ ਭੀ ਤੂ ਨੇ ਸੋਚਾ ਹੈ, ਕਿਉਂ ਲਾਚਾਰੀ ਸੀ ਛਾਈ ਹੈ ?
ਤੂ ਭੂਲਾ ਅਪਨੇ ਕਰਤਬ ਕੋ, ਤੁਝੇ ਗਰਜ਼ ਹੈ ਯਾਦ ਕਰਾਨੇ ਕੀ।
੮. ਆ ਮੈਂ ਯਿਹ ਫਰਜ਼ ਨਿਭਾਤਾ ਹੂੰ, ਤੁਝੇ ਵਿਰਸਾ ਯਾਦ ਦਿਲਾਤਾ ਹੂੰ,
ਫਿਰ ਔਰੇ ਗੈਰੇ ਭਾਗੇਂਗੇ, ਬਸ ਦੇਰ ਹੈ ਗਰਜ਼ ਸੁਨਾਨੇ ਕੀ।
੯. ਜਬ ਸ਼ੇਰ ਸੇ ਜੰਗਲ ਖਾਲੀ ਹੋ, ਯਾ ਸੋਇਆ ਸ਼ਾਹਿ ਜੰਗਲ ਹੋ,
ਤੋ ਲੰਗੜੇ ਲੂੰਬੜ ਗੀਦੜ ਕੋ ਸੂਝੇ ਹੈ ਐਂਠ ਜ਼ਮਾਨੇ ਕੀ।
੧੦. ਜਬ ਮਰਕਜ਼ ਤੁਝ ਸੇ ਛੂਟ ਗਿਆ, ਤਬ ਮੰਜ਼ਲ ਸੇ ਤੂ ਦੂਰ ਹੂਆ,
ਯਿਹ ਪਸੋ ਪੇਸ਼ ਕਾ ਵਕਤ ਨਹੀਂ, ਅਬ ਦੇਰ ਕਿਉਂ ਲੌਟ ਕੇ ਆਨੇ ਕੀ।

੧੧. ਜਿਹ ਮਰਕਜ਼ ਸੇ ਜੋ ਦੂਰੀ ਹੈ ਕੌਮੋਂ ਕੇ ਲੀਏ ਇਕ ਮਰਨਾ ਹੈ,
ਤੇਰਾ ਮਰਕਜ਼ ਗੁਰੂ ਕੀ ਬਾਨੀ ਹੈ, ਰਖ ਯਾਦ ਯਿਹ ਬਾਤ ਠਿਕਾਨੇ ਕੀ।

੧੨. ਯਿਹ ਆਬਿ ਹਯਾਤ ਕਾ ਚਸ਼ਮਾ ਹੈ, ਜੋ ਗੁਰ ਨਾਨਕ ਨੇ ਬਖ਼ਸ਼ਾ ਹੈ,
ਯਿਹ ਅਬਦੀ ਜੀਵਨ ਦੇਤਾ ਹੈ, ਬਸ ਦੇਰ ਹੈ ਜਾਮ ਉਠਾਨੇ ਕੀ।

੧੩. ਯਿਹ ਮੈਂ ਤੂ ਫਰਕ ਮਿਟਾਤਾ ਹੈ, ਔਰ ਨਫਰਤ ਕੂਲ ਗਿਰਾਤਾ ਹੈ,
ਫਿਰ ਓਂਕਾਰ ਧੁਨ ਉਠਤੀ ਹੈ, ਜੋ ਧੁਨ ਹੈ ਖ਼ੁਦ ਕੋ ਪਾਨੇ ਕੀ।

੧੪. ਜੋ ਖ਼ੁਦ ਕੋ ਨਹੀਂ ਪਹਿਚਾਨੇਗਾ, ਵੁਹ ਖ਼ਾਕ ਖ਼ੁਦਾ ਕੋ ਜਾਨੇਗਾ,
ਤੇਰੇ ਅੰਦਰ ਅੰਮ੍ਰਿਤ ਝਰਨਾ ਹੈ, ਤੁਝੇ ਗ਼ਰਜ਼ ਹੈ ਪੀ ਲਹਿਰਾਨੇ ਕੀ।

੧੫. ਸਰਸ਼ਾਰ ਨਹੀਂ ਖ਼ੁਦ ਮੈਇ-ਹੱਕ ਮੇਂ ਗੈਰੋਂ ਕੋ ਖ਼ਾਕ ਪਿਲਾਏਗਾ?
ਜੋ ਪੀ ਕਰ ਹੂਆ ਨ ਖ਼ੁਦ ਬੇਖ਼ੁਦ ਉਸੇ ਤਲਬ ਨਾ ਖ਼ੁਦੀ ਮਿਟਾਨੇ ਕੀ।

੧੬. ਮਰਦੋਂ ਕੀ ਮੰਜ਼ਲ ਸੂਲੀ ਹੈ, ਔਰ ਨਾ ਮਰਦੋਂ ਕੀ ਹੁਜਰਾ ਹੈ,
ਕਾਇਰ ਕੇ ਜੀਨੇ ਸੇ ਬੇਹਤਰ ਕਿਆ ਮੌਜ ਹੈ ਖ਼ੁਦ ਮਿਟ ਜਾਨੇ ਕੀ।

੧੭. ਕਭੀ ਨਾਦਰ ਤੁਝ ਸੇ ਡਰਤਾ ਥਾ, ਅਬਦਾਲੀ ਭੀ ਖ਼ਮ ਖਾਤਾ ਥਾ,
ਤਬ ਤੁਝ ਕੋ ਏਕ ਲਗਨ ਸੀ ਥੀ, ਦੁਖੀਓਂ ਕਾ ਦਰਦ ਬਟਾਨੇ ਕੀ।

੧੮. ਜਬ ਤੇਰੇ ਦਰ ਪੇ ਆਤਾ ਥਾ, ਕੋਈ ਦਰਦ-ਮੰਦ ਕੋਈ ਦੁਖਿਆਰਾ,
ਤੋ ਬਿਨ ਪੂਛੇ ਕਿ ਕੌਨ ਵੁਹ ਥਾ, ਤੁਝੇ ਧੁਨ ਥੀ ਉਸੇ ਬਚਾਨੇ ਕੀ।

੧੯. ਤੂ ਇਕ ਅਕਾਲ ਪੁਜਾਰੀ ਹੈ, ਔਰ ਸ਼ਾਹੀ ਉਸੀ ਸੇ ਪਾਤਾ ਹੈ,
ਤੇਰੀ ਬੇਨਿਆਜ਼ੀ ਦੇਖੀ ਥੀਂ ਨਵਾਬੀ ਕੋ ਠੁਕਰਾਨੇ ਕੀ।

੨੦. ਜਬ ਮੁਗਲੋਂ ਨੇ ਤੁਅੱਸਬ ਮੇਂ, ਤੇਰੇ ਸਰ ਕਾ ਮੁਲ ਚੁਕਾਇਆ ਥਾ,
ਹੋ ਔਰ ਦੂਖ਼ਸ਼ਾਂ ਉਭਰਾ ਤੂ, ਤੁਝੇ ਚਾਹ ਥੀ ਸਰ ਕਟਵਾਨੇ ਕੀ।

੨੧. ਗੈਰਤ ਕਾ ਤੁਝੇ ਤਕਾਜ਼ਾ ਹੈ, ਤੂੰ ਵਾਰਿਸ ਉਸ ਦਸਮੇਸ਼ ਕਾ ਹੈ,
ਜਿਸ ਏਕ ਹੀ ਮਨ ਮੇਂ ਠਾਨੀ ਥੀ ਚਿੜੀਓਂ ਸੇ ਬਾਜ਼ ਤੁੜਾਨੇ ਕੀ।

੨੨. ਤੂ ਕਰਮ ਕਾਂਡ ਕਾ ਬੈਰੀ ਹੈ, ਤੁਝੇ ਫੋਕਟ ਧਰਮ ਸੇ ਨਫਰਤ ਹੈ,
ਤੇਰਾ ਜ਼ਾਹਰ ਬਾਤਨ ਏਕ ਸਾ ਹੈ, ਤੁਝੇ ਕਸਮ ਹੈ ਭੇਖ ਮਿਟਾਨੇ ਕੀ।

੨੩. ਜੋ ਤੂ ਕਹਿਤਾ ਹੈ ਵੋਹ ਕਰਤਾ ਹੈ, ਜੋ ਕਰਤਾ ਹੈ ਵੁਹ ਕਹਿਤਾ ਹੈ,
ਤੇਰੇ ਕੋਲ ਫ਼ੇਅਲ ਮੇਂ ਫ਼ਰਕ ਨਹੀਂ, ਯਹੀ ਸਿਫ਼ਤ ਹੈ ਤੁਝੇ ਉਠਾਨੇ ਕੀ।

੨੪. ਤੂ ਜਾਤ ਪਾਤ ਕਾ ਦੁਸ਼ਮਨ ਹੈ; ਔਰ ਮਾਨਵਤਾ ਕਾ ਸ਼ੈਦਾਈ,
ਹੈ, ਜੁ ਇਨਸਾਨੋਂ ਮੇਂ ਦੀਵਾਰੇਂ ਤਾਕੀਦ ਹੈ ਤੁਝੇ ਗਿਰਾਨੇ ਕੀ।

੨੫. ਗੋਬਿੰਦ ਗੁਰੂ ਕਾ ਖਾਲਸਾ ਤੂ ਹੈ ਸ਼ਾਹੀਂ ਕੀ ਪਰਵਾਜ਼ ਤੇਰੀ,
ਹੱਕ-ਪਰਚਮ ਜੋ ਗੁਰੂ ਨਾਨਕ ਕਾ ਤੁਝੇ ਫਰਜ਼ ਹੈ ਵਿਸ਼ਵ ਝੁਲਾਨੇ ਕੀ।

੨੬. ਬਸ ਇਕ ਯਾਦ ਦਹਾਨੀ ਦੇਨੀ ਥੀ, ਜਿਗਰੀ ਯਿਹ ਫ਼ਰਜ਼ ਨਿਭਾਨਾ ਥਾ,
ਜਾਨੇ, ਨ ਜਾਨੇ, ਤੂ ਜਾਨੇ, ਅਪਨੀ ਥੀ ਤੜਪ ਸੁਨਾਨੇ ਕੀ।

੧. ਜ਼ੁਲਮਤ=ਹਨ੍ਹੇਰਾ (ਅਗਿਆਨਤਾ)
੨. ਐਂਠ=ਆਕੜ ਵਿਖਾਉਣੀ
੩. ਪਸ਼ੋ-ਪੇਸ਼=ਦੁਚਿਤੀ
੪. ਆਬਿ-ਹਯਾਤ=ਅੰਮ੍ਰਿਤ
੫. ਅਬਦੀ=ਸਦੀਵੀ
੬. ਖੱਰਾਟੇ=ਘੁਰਾੜੇ
੭. ਸਰਸ਼ਾਰ=ਗੁਟ
੮. ਮੈਇ-ਹਕ=ਵਾਹਿਗੁਰੂ ਦੇ ਨਾਮ ਦੀ ਸ਼ਰਾਬ
੯. ਖ਼ੁਦੀ=ਹਉਮੈਂ
੧੦. ਹੁਜਰਾ=ਕੋਠੜੀ
੧੧. ਖ਼ਮ=ਭੈ, ਡਰ
੧੨. ਸ਼ਾਹੀ=ਬਾਦਸ਼ਾਹੀ
੧੩. ਬੇਨਿਆਜ਼ੀ=ਬੇਪਰਵਾਹੀ
੧੪. ਦੁਖਸ਼ਾ=ਪ੍ਰਕਾਸ਼ਮਾਨ ਹੋ ਕੇ
੧੫. ਕੋਲ-ਫ਼ੇਅਲ=ਕਥਨੀ ਕਰਨੀ
੧੬. ਸ਼ਾਹੀਂ=ਬਾਜ਼, ਉਕਾਬ
੧੭. ਪਰਵਾਜ਼=ਉਡਾਰੀ
੧੮. ਹਕ ਪਰਚਮ=ਹੱਕ ਦਾ ਝੰਡਾ
੧੯. ਦਹਾਨੀ=ਚਿਤਾਵਨੀ।

(ਪ੍ਰਿੰ: ਹਰਿਭਜਨ ਸਿੰਘ)

ਸਿਰੋਪਾ–ਭੇਂਟ ਜਾਂ ਬਖਸ਼ਿਸ਼ ?

ਆਏ ਦਿਨ ਅਖਬਾਰਾਂ, ਰਸਾਲਿਆਂ ਆਦਿ ਵਿਚ ਸੰਬੰਧਤਾਂ ਦੀ ਫੋਟੋ ਛਾਪ ਕੇ ਹੇਠ ਇਹ ਸ਼ਬਦ ਲਿਖੇ ਮਿਲਦੇ ਹਨ ਕਿ "ਅਮਕੀ ਅਮਕੀ ਸਭਾ, ਸੋਸਾਇਟੀ ਜਾਂ ਸੰਸਥਾ ਆਦਿ ਵਲੋਂ ਅਮਕੇ ਅਮਕੇ ਸੱਜਣ ਨੂੰ ਸਰੋਪਾ ਭੇਂਟ ਕੀਤਾ ਜਾ ਰਿਹਾ ਹੈ।" ੧੩ ਜਨਵਰੀ ੧੯੭੭ ਦਾ ਅਜੀਤ ਹੀ ਲੈ ਲਵੋ। ਇਸ ਵਿਚ ਪੰਨਾ ਪੰਜ ਉਤੇ ਛਪੀ ਤਸਵੀਰ ਹੇਠ ਇਹ ਇਬਾਰਤ ਅੰਕਿਤ ਹੈ:

"ਗੁਰਦੁਆਰਾ ਕੇਸਗੜ੍ਹ ਸਾਹਿਬ ਵਿਚ ਹੈਡ ਗ੍ਰੰਥੀ, ਸ: ਮਹਿੰਦਰ ਸਿੰਘ 'ਗਿੱਲ', ਐਮ.ਪੀ., ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਸਿਰੋਪਾ ਭੇਂਟ ਕਰਦੇ ਹੋਏ।"

ਇਹ ਜਾਨਣ ਲਈ ਕਿ 'ਸਿਰੋਪਾ' ਕੀ ਹੁੰਦਾ ਹੈ ਅਤੇ ਕੀ ਇਹ ਕਿਸੇ ਵਿਅਕਤੀ ਨੂੰ ਭੇਂਟ ਕੀਤਾ ਜਾਂਦਾ ਹੈ ਜਾਂ ਬਖਸ਼ਿਆ, ਸਾਨੂੰ ਇਸ ਦੇ ਮੂਲਕ ਅਰਥਾਂ ਨੂੰ ਵਿਚਾਰਨਾ ਪਵੇਗਾ:

(ੳ) 'ਸਿਰੋਪਾ' ਫਾਰਸੀ ਸ਼ਬਦ ਹੈ ਅਤੇ 'ਲੁਗਾਤਿ ਫੀਰੋਜ਼ੀ' ਵਿਚ ਇਸ ਦੇ ਅਰਥ ਹਨ: ਖ਼ਿਲਅਤ। 'ਖ਼ਿਲਅਤ' ਅਰਬੀ ਪਦ ਹੈ ਅਤੇ ਅਰਥ ਹਨ:

ਲਿਬਾਸ, ਪੋਸ਼ਾਕ ਜੋ ਬਾਦਸ਼ਾਹ ਕੀ ਤਰਫ਼ ਸੇ ਦੀਆ ਜਾਏ।

(ਅ) ਅੰਗਰੇਜ਼ੀ ਪੰਜਾਬੀ ਕੋਸ਼ (ਭਾਸ਼ਾ ਵਿਭਾਗ) ਅਨੁਸਾਰ ਅਰਥ ਹਨ:

ਪੋਸ਼ਾਕ, ਚੋਗਾ, ਅੰਗਰਖਾ, ਉਪਰਲਾ ਕੋਟ, ਵਿਸ਼ੇਸ਼ ਪੋਸ਼ਾਕ; ਜਿਸ ਦਾ ਕਿਸੇ ਪਦਵੀ ਨਾਲ ਸੰਬੰਧ ਹੋਵੇ।

(ਝ) 'ਮਹਾਂ ਕੋਸ਼' (ਵੱਡੀ ਜਿਲਦ) ਦੇ ਪੰਨਾ ੧੪੯ ਉਤੇ 'ਸਿਰਪਾਉ' ਪਦ ਨੂੰ ਇਉਂ ਅਰਥਾਇਆ ਗਿਆ ਹੈ :

ਸਰਾਪਾ, ਸਰੋਪਾ, ਸਿਰ ਤੋਂ ਪੈਰ ਤਕ ਪੈਹਰਣ ਦੀ ਪੋਸ਼ਾਕ; ਖ਼ਿਲਅਤ–
ਪਹਿਰਿ ਸਿਰਪਾਉ ਸੇਵਕ ਜਨ ਮੇਲੇ......॥ (ਸੋਰਠਿ ਮ: ੫)
ਸਾਕਤ ਸਿਰਪਾਉ ਰੇਸ਼ਮੀ ਪਹਿਰਤ ਪਤ ਖੋਈ ॥ (ਬਿਲਾ: ਮ: ੫)

(ਸ) ਅੰਗਰੇਜ਼ੀ ਵਿਚ 'ਖ਼ਿਲਅਤ' ਨੂੰ 'robe' ਕਿਹਾ ਜਾਂਦਾ ਹੈ, ਅਤੇ ਅੰਗਰੇਜ਼ੀ ਡਿਕਸ਼ਨਰੀ ਮੁਤਾਬਿਕ ਇਸ ਦੇ ਅਰਥ ਹਨ :

As noun : A dress of state, rank, office, and the like. As v.t.—to invest with a robe, to dress, to array.

ਸੋ, ਉਪਰੋਕਤ ਵੇਰਵਾ ਸਾਨੂੰ ਇਸ ਸਿੱਟੇ ਉਤੇ ਪਹੁੰਚਾਉਂਦਾ ਹੈ ਕਿ 'ਸਿਰੋਪਾ' ਚਾਹੇ ਉਹ ਕਪੜੇ ਜਾਂ ਪੋਸ਼ਾਕ ਦੀ ਸ਼ਕਲ ਵਿਚ ਹੋਵੇ ਜਾਂ ਕਿਰਪਾਨ ਆਦਿ ਕਿਸੇ ਹੋਰ ਵਸਤੂ ਦੀ ਸ਼ਕਲ ਵਿਚ, ਸਦਾ ਕਿਸੇ ਉਚੇਰੀ ਤੇ ਵਡੇਰੀ ਸਭਾ, ਸੁਸਾਇਟੀ, ਸੰਸਥਾ ਜਾਂ ਵਿਅਕਤੀ ਵਲੋਂ ਮੇਹਰਬਾਨੀ, ਸਰਾਹਨਾ ਜਾਂ ਨਿਵਾਜ਼ਸ਼ ਦੇ ਤੌਰ ਉਤੇ ਬਖਸ਼ਿਆ ਜਾਂਦਾ ਹੈ, ਨਾ ਕਿ ਤੋਹਫੇ ਦੇ ਤੌਰ ਉਤੇ ਭੇਂਟ ਜਾਂ ਅਰਪਣ ਕੀਤਾ ਜਾਂਦਾ ਹੈ।

ਸਿਰੋਪਾ ਅਥਵਾ ਖਿਲਅਤਾਂ ਤਾਂ ਸਦਾ ਬਾਦਸ਼ਾਹਾਂ ਵਲੋਂ ਵਿਸ਼ੇਸ਼ ਅਧਿਕਾਰੀਆਂ ਨੂੰ ਅਨਾਇਤ ਕੀਤੀਆਂ ਅਥਵਾ ਬਖਸ਼ੀਆਂ ਜਾਂਦੀਆਂ ਹਨ। ਉਸ ਦੇ ਮਾਤਹਤ ਅਧਿਕਾਰੀ ਜਾਂ ਰਿਆਇਆ ਤਾਂ ਬਾਦਸ਼ਾਹਾਂ ਨੂੰ ਤੋਹਫੇ, ਨਜ਼ਰਾਨੇ ਜਾਂ ਭੇਂਟ ਵਜੋਂ ਹੀ ਕੁਝ ਅਰਪਨ ਕਰਿਆ ਕਰਦੀਆਂ ਹਨ।

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਆਦਿ ਧਰਮ ਦੇ ਉੱਚ ਅਸਥਾਨਾਂ, ਸੰਗਤਾਂ ਜਾਂ ਸਭਾ ਸੁਸਾਇਟੀਆਂ ਵਲੋਂ ਜੋ ਸਿਰੋਪਾਓ ਪ੍ਰਾਪਤ ਹੁੰਦਾ ਹੈ, ਉਹ ਤਾਂ ਬਖਸ਼ਿਸ਼ ਹੈ। ਭੇਂਟ ਤਾਂ ਉਹ ਹੁੰਦੀ ਹੈ ਜੋ ਕੋਈ ਵਿਅਕਤੀ, ਸਤਿਕਾਰ ਨਾਲ, ਪੂਜਣ ਯੋਗ ਜਾਂ ਪੂਜ ਵਿਅਕਤੀ ਦੀ ਹਜ਼ੂਰੀ ਵਿਚ ਸ਼ਰਧਾ ਤੇ

ਨਿਮਰਤਾ ਪੂਰਬਕ ਪੇਸ਼ ਕਰਦਾ ਹੈ। ਜਿਵੇਂ, ਜੋ ਤਿਲ ਫੁਲ ਸਿਖ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਪਨ ਕਰਦੀਆਂ ਹਨ, ਉਸ ਨੂੰ ਨਿਰਮਾਣਤਾ ਨਾਲ ਸਿਖ "ਤੁਛ ਭੇਟਾ" ਕਰਕੇ ਆਖਦੇ ਹਨ; ਪਰੰਤੂ, ਗੁਰਦੁਆਰੇ ਜਾਂ ਪ੍ਰਬੰਧਕਾਂ ਵਲੋਂ ਕਿਸੇ ਵਿਅਕਤੀ ਨੂੰ ਕਿਸੇ ਕਿਸਮ ਦੀ ਸੇਵਾ ਬਦਲੇ ਸਰਾਹਨਾ ਆਦਿ ਵਜੋਂ ਜੋ ਅਤਾਅ ਹੁੰਦਾ ਹੈ, ਉਹ ਬਖ਼ਸ਼ਿਸ਼ ਹੈ। ਇਸੇ ਬਖ਼ਸ਼ਿਸ਼ ਨੂੰ ਹੀ ਫਾਰਸੀ ਵਿਚ ਸਰੋਪਾ ਕਰਕੇ ਕਿਹਾ ਗਿਆ ਹੈ।

ਅੱਜ ਕਲ੍ਹ, ਇਸੇ 'ਸਿਰੋਪਾ' (ਸਰੋਪਾ) ਸ਼ਬਦ ਨੂੰ ਹੀ ਅਪਣਾਅ ਲਿਆ ਗਿਆ ਹੈ।

'ਸਿਰੋਪਾ' ਤੇ 'ਭੇਟ' ਦੇ ਭੇਦ ਨੂੰ ਵਧੇਰੇ ਸਪੱਸ਼ਟ ਕਰਨ ਲਈ ਹੇਠਾਂ 'ਭੇਟ' ਤੇ 'ਭੇਟ ਕਰਨਾ' ਦੇ 'ਮਹਾਂ ਕੋਸ਼' ਵਿਚ ਕੀਤੇ ਗਏ ਅਰਥਾਂ ਨੂੰ ਵੀ ਵਾਚ ਲੈਣਾ ਯੋਗ ਰਹੇਗਾ :–

ਭੇਟ (ਸੰਗਿਆ)–ਮੁਲਾਕਾਤ, ਮਿਲਾਪ (੨) ਭੇਟਾ ਨਜ਼ਰ, ਉਪਹਾਰ।
ਭੇਟ ਕਰਨਾ (ਕ੍ਰਿ:)।

ਭੇਟ : ਦੇਵਤਾ ਅਥਵਾ ਪੂਜਯ ਪੁਰਸ਼ ਦੇ ਅੱਗੇ ਕੋਈ ਵਸਤੂ ਅਰਪਣ ਕਰਨੀ, ਉਪਹਾਰ ਪੇਸ਼ ਕਰਨ ਦੀ ਕ੍ਰਿਯਾ। (੨) ਭੇਟ ਕਰਨਾ : ਅਰਦਾਸ ਕਰਕੇ 'ਪ੍ਰਸਾਦ' ਆਦਿ ਵਸਤੂ ਨੂੰ ਅਕਾਲ ਅੱਗੇ ਅਰਪਣ ਕਰਨਾ, ਆਦਿ।

ਸੋ, ਅੰਤ ਵਿਚ ਪ੍ਰਾਰਥਨਾ ਹੈ ਕਿ 'ਸਿਰੋਪਾਓ' ਦੀ ਪ੍ਰਾਪਤੀ ਨੂੰ ਸਦਾ 'ਬਖ਼ਸ਼ਿਸ਼' ਕਰਕੇ ਸਮਝਣਾ ਤੇ ਲਿਖਣਾ ਚਾਹੀਦਾ ਹੈ। ਸਿਰੋਪਾਉ ਪ੍ਰਾਪਤ ਕਰਨ ਵਾਲਾ ਵਿਅਕਤੀ ਚਾਹੇ ਕਿਤਨਾ ਵੀ ਵੱਡੀ ਪਦ ਪਦਵੀ ਦਾ ਸੁਆਮੀ ਕਿਉਂ ਨਾ ਹੋਵੇ, ਉਸ ਨੂੰ ਬਖਸ਼ੇ ਜਾਣ ਵਾਲੇ 'ਸਿਰੋਪਾਉ' ਨੂੰ ਭੇਟ ਕਹਿਣਾ ਅਨੁਚਿਤ ਹੈ, ਅਤੇ ਸਿਰੋਪਾ ਦੇਣ ਵਾਲੇ ਵਿਅਕਤੀ ਅਥਵਾ ਸੰਸਥਾ ਦੀ ਨਿਰਾਦਰੀ। ਅੱਜ ਕਲ੍ਹ ਮਾਨ ਵਡਿਆਈ ਤੇ ਸਸਤੀ ਸ਼ੁਹਰਤ ਦੀ ਭੁੱਖ ਦਾ ਇਹ ਆਲਮ ਹੈ ਕਿ ਸਰੋਪਾ ਬਖਸ਼ਿਸ਼ ਕਰਨ ਵਾਲੇ ਅਤੇ ਲੈਣ ਵਾਲੇ ਦੋਵੇਂ, ਉੱਚ ਮਾਨਵੀ ਭਾਵਾਂ ਵਿਚ ਗੜੂੰਦ ਹੋਣ ਦੇ ਅਧੀਨ ਤੇ ਸ਼ੁਕਰਾਨੇ-ਭਰਪੂਰ-ਭਾਵਾਂ ਨਾਲ

ਸਰਸ਼ਾਰ ਹੋਣ ਦੀ ਥਾਂ, 'ਮੂਰਤ' ਲਵ੍ਹਾਉਣ ਲਈ ਕੈਮਰੇ ਵਲ ਵੇਖ ਰਹੇ ਹੁੰਦੇ ਹਨ। ਕਈ ਵੇਰ ਇਸ ਤੋਂ ਵੀ ਹਾਸੋ ਹੀਣਾ ਤੇ ਨਿਰਾਦਰ-ਭਰਪੂਰ ਦ੍ਰਿਸ਼ ਵੇਖਣ ਵਿਚ ਆਉਂਦਾ ਹੈ : ਸਰੋਪਾ ਬਖਸ਼ਣ ਵਾਲਾ ਤਾਂ ਸਰੋਪਾ ਪ੍ਰਾਪਤ ਕਰਨ ਵਾਲੇ ਵਲ ਵੇਖ ਤੇ ਸਰੋਪਾ ਅਤਾਅ ਕਰ ਰਿਹਾ ਹੁੰਦਾ ਹੈ, ਜਦ ਕਿ ਸਰੋਪਾ-ਪਾਤਰ ਮੂੰਹ ਭਵਾਈ; ਕੈਮਰੇ ਵਲ ਤੱਕਣ ਦੀ ਬੇਕਲੀ ਕਰ ਰਿਹਾ ਹੁੰਦਾ ਹੈ। ਸਭਯ ਉੱਨਤ ਦੇਸ਼ਾਂ ਵਿਚ ਐਸਾ ਕੋਝਾ ਦ੍ਰਿਸ਼ ਕਦੀ ਨਹੀਂ ਵੇਖੋਗੇ।

ਸਿੰਘ ਸਭਾ ਲਹਿਰ ਤੇ ਪ੍ਰਚਾਰ-ਸਮੱਸਿਆ

ਬਹੁਤ ਪੁਰਾਣੀ ਨਹੀਂ, ਕੇਵਲ ਪੰਜ ਕੁ ਸਦੀਆਂ ਦੀ ਗੱਲ ਹੈ, ਜਦ ਸੰਸਾਰ ਵਿਚ ਧਰਮ ਵਿਰੁੱਧ ਅਤਿ ਦੀ ਗਿਲਾਨੀ ਵਧੀ। ਈਰਖਾ ਦਵੈਖ, ਚਖੀਲੀ, ਜਬਰ ਤਅੱਦੀ, ਅਸਮਾਨਤਾ ਤੇ ਸਵਾਰਥੀ-ਰੁਚੀਆਂ ਨੇ ਜੀਵਨ ਨੂੰ ਨਰਕ ਬਣਾ ਦਿੱਤਾ, ਸਹਿਵਾਸ ਤੇ ਭਾਵਕ-ਏਕਤਾ ਦਾ ਉੱਕਾ ਹੀ ਆਭਾਵ ਹੋ ਗਿਆ, ਪੀੜਤ ਲੋਕਾਈ ਦੀ ਪੁਕਾਰ ਪ੍ਰਭੂ-ਦਰ ਪੁੱਜੀ ਅਤੇ ਉਸ ਨੇ ਤੁੱਠ ਕੇ ਆਪਣੀ ਮੇਹਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਮੂਰਤੀਮਾਨ ਕੀਤਾ। ਸੁਵੈਦ ਸਤਿਗੁਰੂ ਨੇ ਰੋਗੀ ਸੰਸਾਰ ਲਈ ਜੋ ਨੁਸਖਾ ਤਜਵੀਜ਼ ਕੀਤਾ ਅਤੇ ਜਿਸ ਨੂੰ ਉਹਨਾਂ ਨੇ ਇਕੋ-ਜੋਤ ਤੇ ਜੁਗਤੀ ਦੁਆਰਾ ਦਸਾਂ ਜਾਮਿਆਂ ਵਿਚ ਪੂਰਨ ਪ੍ਰਤੀਤ ਨਾਲ ੨੩੯ ਸਾਲ ਦੇ ਲੰਮੇ ਸਮੇਂ ਵਿਚ ਕਮਾਇਆ, ਦਰਸਾਇਆ ਅਤੇ ਦ੍ਰਿੜ੍ਹਾਇਆ ਉਹ ਸੀ ਵਾਹਿਗੁਰੂ ਦਾ ਪਰਾ ਪੂਰਬਲਾ ਨਾਮ–'ਸਤਿਨਾਮੁ'। ਨਾਮ ਗੁਰੂ ਆਸ਼ੇ ਅਨੁਸਾਰ ਕੇਵਲ ਸੰਗਿਆ ਹੀ ਨਹੀਂ; ਸਗੋਂ ਆਪਣੇ ਨਾਮੀ, ਪ੍ਰਭੂ, ਨਾਲ ਅਭੇਦ ਹੋਣ ਕਰਕੇ ਉਸ ਦੀਆਂ ਸਾਰੀਆਂ ਸ਼ਕਤੀਆਂ ਤੇ ਗੁਣਾਂ ਦਾ ਸਵਾਮੀ ਤੇ ਸੂਚਕ ਹੈ। ਇਸ ਬਾਰੇ ਪੰਜਵੇਂ ਗੁਰਦੇਵ ਜੀ ਦਾ ਸਪੱਸ਼ਟ ਸੰਕੇਤ ਹੈ :–

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥

(ਸੁਖਮਨੀ ੧੬)

ਨਾਮ 'ਇਕ' ਹੈ; ਨਾਮ 'ਓਅੰਕਾਰ' ਹੈ, ਨਾਮ 'ਸਤਿ' ਹੈ। ਸਤਿਗੁਰੂਆਂ ਵਲੋਂ ਰਚੇ ਆਦਿ ਮੰਗਲ ਵਿਚ '੧ ਓ ਸਤਿ ਨਾਮੁ' ਸੁਤੰਤਰ ਤੇ ਸਮਾਨ ਅਰਥਕ ਸ਼ਬਦ ਹਨ। 'ਏਕੇ' ਨੂੰ 'ਓਅੰਕਾਰ' ਤੋਂ ਵੀ ਪਹਿਲਾ ਅਸਥਾਨ

ਪ੍ਰਾਪਤ ਹੈ। ਇਸ ਲਈ ਵਾਹਿਗੁਰੂ ਦੀ 'ਇਕਾਈ' ਦੇ ਆਸ਼ਿਕ ਤੇ ਉਸ ਦੀ ਖ਼ਲਕਤ ਦੀ ਏਕਤਾ ਤੇ ਮਾਨਵ-ਸਮਾਨਤਾ ਦੇ ਅਲਮ-ਬਰਦਾਰ, ਗੁਰੂ ਸਾਹਿਬਾਨ ਦੇ ਦਰਦਮੰਦ ਦਿਲਾਂ ਵਿਚੋਂ ਸਫੁੱਟ ਨਿਕਲੇ ਹੱਕੀ ਤੇ ਹਿਤ-ਉਪਦੇਸ਼ ਨੂੰ ਬਹੁਤਿਆਂ ਨੇ ਸੁਣਿਆ, ਥੋੜ੍ਹਿਆਂ ਨੇ ਮੰਨਿਆਂ ਤੇ ਵਿਰਲਿਆਂ ਨੇ ਕਮਾਇਆ। ਜਿਨ੍ਹਾਂ ਕਮਾਇਆ ਉਨ੍ਹਾਂ ਦੀ ਪ੍ਰਤਿਭਾ, ਸ਼ਹਾਦਤ ਤੇ ਸਿਦਕ ਨੇ ਮਰਜੀਵੜਿਆਂ ਦੀ ਇਕ ਐਸੀ ਜਮਾਤ ਕਾਇਮ ਕਰ ਦਿਤੀ ਜਿਸ ਨੂੰ ਪਹਿਲਾਂ 'ਗੁਰ ਸੰਗਤਿ' ਤੇ ਫੇਰ 'ਖਾਲਸੇ' ਦੀ ਸੰਗਿਆ ਦਿਤੀ ਗਈ। ਖਾਲਸਾ ਕੀ ਹੈ? ਸ੍ਰੀ ਦਸਮੇਸ਼ ਜੀ ਦੇ ਆਪਣੇ ਸ਼ਬਦਾਂ ਵਿਚ ਹੀ ਸੁਣੋ:

> ਜਾਗਤ ਜੋਤ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ।
> ਪੂਰਨ ਪ੍ਰੇਮ, ਪ੍ਰਤੀਤ ਸਜੈ, ਬ੍ਰਤ, ਗੋਰ, ਮੜ੍ਹੀ, ਮੱਟ ਭੂਲੇ ਨ ਮਾਨੈ।
> ਤੀਰਥ, ਦਾਨ, ਦਇਆ, ਤਪ, ਸੰਜਮ, ਏਕ ਬਿਨਾ ਨਹ ਏਕ ਪਛਾਨੈ।
> ਪੂਰਨ ਜੋਤ ਜਗੈ ਘਟ ਮੈਂ, ਤਬ ਖਾਲਸਾ ਤਾਹਿ ਨਖਾਲਸ ਜਾਨੈ।
> (ਪਾ: ਦਸਵੀਂ, ੩੩ ਸਵੱਯੇ)

ਤਥਾ–ਖਾਲਸਾ ਖਾਸ ਕਹਾਵੈ ਸੋਈ। ਜਾਕੇ ਹਿਰਦੇ ਭਰਮ ਨ ਹੋਈ।
ਭਰਮ, ਭੇਖ ਤੇ ਰਹੇ ਨਿਆਰਾ। ਸੋ ਖਾਲਸਾ ਸਤਿਗੁਰੂ ਹਮਾਰਾ।
(ਸਰਬ-ਲੋਹ)

ਅਤੇ–ਸਰ ਫਰੋਸ਼ੀ, ਸਰ ਬੁਲੰਦੀ, ਇਨਕਸਾਰੀ, ਆਸ਼ਤੀ
ਇਨਹੀ ਕੀ ਯਕਜਾਈ ਕਾ ਤੋ ਨਾਮ ਹੈ ਇਕ ਖਾਲਸਾ।

ਜਦ ਤਕ ਗੁਰੂ ਜੀ ਦਾ ਖਾਸ ਰੂਪ ਖਾਲਸਾ ਪੂਰਨ ਪ੍ਰੇਮ ਤੇ ਪ੍ਰਤੀਤ ਦੁਆਰਾ ਕੇਵਲ ਇਕ ਜੋਤਿ ਦਾ ਉਪਾਸ਼ਕ ਰਿਹਾ, ਭਰਮ ਭੇਖ ਤੋਂ ਨਿਆਰਾ ਹੋ ਵਿਚਰਿਆ, ਦੁਨੀਆਂ ਦੀ ਕੋਈ ਸ਼ਕਤੀ, ਕੋਈ ਕਸ਼ਟ, ਕੋਈ ਤਸੀਹਾ ਜਾਂ

ਨੋਟ–ਖਾਲਸੇ ਨੇ ਨਿਆਰਾ, ਬ੍ਰਹਮਣਵਾਦ ਆਦਿ ਹੋਰ ਵਾਦਾਂ ਤੋਂ ਰਹਿਣਾ, ਨਾ ਕਿ ਬ੍ਰਹਮਣ ਅਥਵਾ ਹੋਰ ਜਾਤੀਆਂ, ਲੋਕਾਂ ਜਾਂ ਰੱਬ ਦੀ ਕੁਲ ਮਖਲੂਕ ਤੋਂ। ਖਾਲਸਾ ਤਾਂ ਕੁਲ ਮਨੁੱਖ ਜਾਤੀ ਦਾ ਸੇਵਕ ਹੈ, ਹਮਦਰਦ ਹੈ।

ਲੋਭ ਲਾਲਚ ਇਸ ਨੂੰ ਪ੍ਰਾਪਤ 'ਗੁਰਮੁਖ-ਪਦ' ਅਥਵਾ ਸਤਿਗੁਰੂਆਂ ਦੇ ਚਲਾਏ 'ਗਾਡੀ ਰਾਹ' ਤੋਂ ਨਾ ਥਿੜਕਾ ਸਕਿਆ। ਪ੍ਰੰਤੂ, ਜਦ ਕਵੀ ਵੀ, ਇਹ ਆਪਣੇ 'ਨਖਾਲਸ' (ਖਾਲਸ) ਤੇ 'ਨਿਆਰੇਪਨ' ਨੂੰ ਛੱਡ ਕੇ* 'ਬਿਪਰਨ ਦੀ ਰੀਤ' ਅਥਵਾ, 'ਬ੍ਰਾਹਮਣਵਾਦ' ਦੇ ਇੰਦਰਜਾਲ ਵਿਚ ਫਸ ਗਿਆ, ਬਹੁ-ਪੂਜਾ ਤੇ ਜ਼ਾਤ ਪਾਤ ਦੀ ਆਪੋ ਸਹੇੜੀ ਦਲ ਦਲ ਵਿਚ ਫਸ ਕੇ ਨਾਕਾਰਾ ਹੋ ਗਿਆ, ਤਦ, ਫੇਰ ਇਕ ਤਰ੍ਹਾਂ ਨਾਲ ਇਹ ਉਹਨਾਂ ਹੀ ਭਰਮਾਂ, ਭੇਖਾਂ, ਵੰਡਾਂ, ਵਿਤਕਰਿਆਂ ਦੀ ਅੰਨ੍ਹੀ ਖੱਡ ਵਿਚ ਜਾ ਡਿੱਗਾ; ਜਿਸ ਵਿਚੋਂ ਸਤਿਗੁਰੂਆਂ ਨੇ ਵੱਡੀ ਮੇਹਰ ਤੇ ਮੁਸ਼ੱਕਤ ਨਾਲ ਇਸ ਨੂੰ ਕਢਿਆ ਅਤੇ ਬਿਬੇਕ ਬੁੱਧੀ ਬਖਸ਼ ਕੇ ਇਸ ਦਾ ਪੰਥ ਸੁਹੇਲਾ ਕੀਤਾ ਸੀ।

ਖਾਲਸੇ ਦੇ ਇਤਿਹਾਸ ਵਿਚ ਆਪਣੇ ਆਦਰਸ਼ ਤੋਂ ਅਵੇਸਲੇ ਹੋ ਜਾਣ ਦਾ ਐਸਾ ਸਮਾਂ ਇਕ ਵੇਰ ਤਾਂ ਓਦੋਂ ਆਇਆ ਜਦ ਮਿਸਲ-ਕਾਲ ਦੇ ਸਮਾਪਤ ਹੋਣ ਉਪ੍ਰੰਤ ਸਿੱਖ-ਰਾਜ ਦਾ ਸ਼ੁਰੂਆਤ ਹੋਇਆ। ਸਿਖੀ : ਸਿਮਰਨ, ਸੇਵਾ, ਉੱਦਮ ਤੇ ਕਿਰਤ ਕਮਾਈ ਦਾ ਮਾਰਗ ਹੈ। ਪ੍ਰੰਤੂ ਜਿਵੇਂ ਜਿਵੇਂ ਸਿੱਖ ਦੀ ਸੰਸਾਰਕ ਪ੍ਰਭਿਤਾ ਤੇ ਰਾਜ-ਸੱਤਾ ਵਿਚ ਵਾਧਾ ਹੁੰਦਾ ਗਿਆ, ਹਰੀ-ਲਿਵ ਛੱਡ ਕੇ, ਮਾਇਆ† 'ਵਡਿਆਈ' ਸਮਝੀ ਜਾਣ ਲੱਗੀ, ਤਿਵੇਂ, ਤਿਵੇਂ ਮਾਨ ਤੇ ਮਾਇਆ ਦੇ ਚਮਤਕਾਰ ਨਾਲ ਇਸ ਦੇ ਸੱਚੇ ਆਚਾਰ ਵਿਚ ਕਮੀ ਵਾਪਰਦੀ ਗਈ। ਐਸ਼ਵਰਜ ਦੀ ਮਸਤੀ ਵਿਚ ''ਸਿਘ ਸ਼ਰਾਬੀ ਹੋਣ ਲੱਗਾ ਤੇ ਘੋੜਾ ਕਾਜੇ।''

ਸਿੱਖ ਰਾਜ ਵੇਲੇ, ਵਿਸ਼ੇਸ਼ ਕਰਕੇ ਇਸ ਦੇ ਅੰਤਲੇ ਦਿਨਾਂ ਵਿਚ, ਸਿਖੀ ਚਲਣ ਤੇ ਵੀਚਾਰ-ਧਾਰਾ ਦਾ ਜਹਾਜ਼ ਫੇਰ ਬ੍ਰਾਹਮਣਵਾਦ ਦੀ ਗੰਗਾ ਦੇ ਓਜੇ

---

*ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੈ ਬਿਪਰੀਨ ਕੀ ਰੀਤ, ਮੈਂ ਨ ਕਰੂੰ ਇਨ ਕੀ ਪਰਤੀਤਿ।

†ਕੋਊ ਨ ਵਡਾ ਮਾਇਆ ਵਡਿਆਈ ॥
ਸੋ ਵਡਾ ਜਿਨਿ ਹਰਿ ਲਿਵ ਲਾਈ ॥ (ਗਉੜੀ ਮ: ੫, ਪੰਨਾ ੧੮੮)

ਦਹਾਨੇ ਵਿਚ ਡੁੱਬਣ ਲੱਗਾ, ਜਿਥੋਂ ਸਤਿਗੁਰੂਆਂ ਨੇ ੨੩੯ ਸਾਲ ਦੀ ਕਰੜੀ ਘਾਲਣਾ ਦੁਆਰਾ ਇਸ ਨੂੰ ਉਭਾਰਿਆ ਸੀ ਅਤੇ ਜਿਸ ਵਿਚ ਅੱਸਲਾਮ ਦੇ ਬੇੜੇ ਦੇ ਡੁੱਬਣ ਦੀ ਸ਼ਿਕਾਇਤ ਅਲਤਾਫ ਹੁਸੈਨ 'ਹਾਲੀ' ਇਉਂ ਕਰਦਾ ਹੈ :

ਫ਼ੇ ਦੀਨਿ ਹਜਾਜ਼ੀ ਕਾ ਬੇਬਾਕ ਬੇੜਾ,
ਨ ਜੇਹੂ ਮੈਂ ਅਟਕਾ, ਨ ਸੇਹੂੰ ਮੇ ਠਹਿਰਾ।
ਕੀਏ ਪਾਰ ਜਿਸਨੇ ਥੇ ਸਾਤੋਂ ਸਮੁੰਦਰ,
ਵੁਹ ਡੂਬਾ ਦਹਾਨੇ ਮੈਂ ਗੰਗਾ ਕੇ ਆਕਰ।

ਆਖਰ, ਇਹ ਅਧੋਗਤੀ ਏਥੋਂ ਤਕ ਵਧੀ ਕਿ ਉਹ ਸੱਚ-ਧਰਮਸਾਲ ਜੋ ਗੁਰਬਾਣੀ ਤੇ ਸੰਗਤਿ ਦੇ ਸੁਮੇਲ ਦਾ ਸੂਚਕ ਹੈ, ਅਤੇ ਜਿਸ ਨੇ* ਘਰ ਘਰ ਵਿਚ ਸਥਾਪਤ ਹੋਣਾ ਸੀ, ਹੁਣ ਗੁਰ ਇਤਿਹਾਸ ਨਾਲ ਸਬੰਧਤ ਥਾਵਾਂ ਉਤੇ ਵੀ ਸੁਰੱਖਸਤ ਨ ਰਹਿ ਸਕੀ। ਸਿਖਾਂ ਦੀ ਸਭ ਤੋਂ ਵੱਡੀ ਧਰਮਸਾਲ, ਹਰਿਮੰਦਰ ਸਾਹਿਬ, ਅੰਮ੍ਰਿਤਸਰ, ਜਿਸ ਦੇ ਗਿਰਦ ਗੁਰੂ ਦੁਲਾਰਿਆਂ ਤੇ ਜਾਨਬਾਜ਼ ਸਿਖਾਂ ਦੀਆਂ ਅਜੋੜ ਕੁਰਬਾਨੀਆਂ ਤੇ ਸਿਦਕ ਦਾ ਇਤਿਹਾਸ ਘੁੰਮਦਾ ਹੈ, ਵੀ ਆਪਣੀ ਨਿਰੋਲ ਤੇ 'ਨਖਾਲਸ' ਮਾਨ ਮਰਯਾਦਾ, ਉੱਦੇਸ਼ ਤੇ ਗੁਰਮਤਿ ਦੇ ਆਸ਼ਿਆਂ ਨੂੰ ਪੂਰਨ ਤੌਰ ਉਤੇ ਕਾਇਮ ਨ ਰੱਖ ਸਕੀ। ਧਰਮਸਾਲ ਦਾ ਸੇਵਾਦਾਰ ਅਥਵਾ ਟਹਿਲੀਆ ਏਥੋਂ ਦਾ ਮਹੰਤ ਬਣ ਬੈਠਾ। ਗੁਰਮਤਿ ਦੀ ਆਭਾ ਫਿੱਕੀ ਪੈ ਗਈ। ਗੁਰਬਾਣੀ, ਸੰਗੀਤ ਤੇ ਸੱਚ-ਧਰਮਸਾਲ ਦੁਆਰਾ ਸਮਸਤ ਸੰਸਾਰ ਨੂੰ ਬੇਗਮਪੁਰਾ ਬਨਾਉਣ ਤੇ ਪੰਚਮ ਗੁਰਦੇਵ ਦੇ ਤਖੱਯਲ ਦੇ ਹਲੇਮੀ ਰਾਜ ਦੀ ਸਥਾਪਨਾ ਦੇ ਨਿਸ਼ਾਨਿਆਂ ਦੀ ਪੂਰਤੀ ਕਰਨ ਵਾਲਾ ਖਾਲਸਾ, ਆਪ ਹੀ ਜਾਤ-ਪਾਤ ਦੇ ਵਿਤਕਰਿਆਂ, ਊਚ-ਨੀਚ ਤੇ ਹਿੰਦੂ ਰੀਤਾਂ ਰਸਮਾਂ ਵਿਚ, ਬੁਰੀ ਤਰ੍ਹਾਂ ਉਲਝ ਗਿਆ।

ਆਖਰ, ਕੌਮ ਨੂੰ ਐਸੀ ਡਾਵਾਂ ਡੋਲ ਸਥਿਤੀ ਵਿਚ ਗੁਸਿਆ ਵੇਖ, ਕੁਝ ਇਕ ਗੁਰੂ ਸੁਦਾਰਿਆਂ ਦੇ ਸਿਖੀ ਜਜ਼ਬੇ ਨੇ ਜ਼ੋਸ਼ ਮਾਰਿਆ। ਅੱਜ ਤੋਂ ਪੂਰੇ

*ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ ॥

ਇਕ ਸੌ ਸੌਲ੍ਹਾਂ ਸਾਲ ਪਹਿਲਾਂ ਉਨ੍ਹਾਂ ਨੇ ਸਿੱਖ ਨੂੰ ਆਪਣੇ ਅਸਲੇ ਦੀ ਸੋਝੀ ਪੁਵਾਉਣ ਅਤੇ ਪਿਉ ਦਾਦੇ ਦੇ ਰਤਨਾਂ-ਭਰਪੂਰ ਖਜ਼ਾਨੇ ਤੋਂ ਜਾਣੂ ਕਰਾਉਣ ਲਈ ੧੮੭੩ ਵਿਚ, ਸ੍ਰੀ ਅੰਮ੍ਰਿਤਸਰ ਵਿਖੇ ਪਹਿਲੀ ਸ੍ਰੀ ਗੁਰੂ ਸਿੰਘ ਸਭਾ ਕਾਇਮ ਕੀਤੀ। ਪ੍ਰੋ: ਗੁਰਮੁਖ ਸਿੰਘ, ਗਿ: ਦਿੱਤ ਸਿੰਘ, ਗਿ: ਠਾਕੁਰ ਸਿੰਘ, ਸ: ਠਾਕੁਰ ਸਿੰਘ ਸੰਧਾਂਵਾਲੀਆ, ਗਿਆਨੀ ਗਿਆਨ ਸਿੰਘ ਤੇ ਬਾਬਾ ਖੇਮ ਸਿੰਘ ਬੇਦੀ ਆਦਿ ਦੇ ਨਾਮ ਇਸ ਸਿੱਖ-ਜਾਗ੍ਰਤੀ-ਲਹਿਰ ਦੇ ਆਰੰਭਕ ਕਾਲ ਨਾਲ ਵਿਸ਼ੇਸ਼ ਕਰਕੇ ਸੰਬੰਧਤ ਕੀਤੇ ਜਾ ਸਕਦੇ ਹਨ। ਇਸ ਲਹਿਰ ਦਾ ਪ੍ਰਯੋਜਨ ਗੁਰਮਤਿ ਨੂੰ ਸਹੀ ਤੇ ਸਪੱਸ਼ਟ ਰੂਪ ਵਿਚ ਪੇਸ਼ ਕਰਨਾ, ਘੋਖਣਾ, ਅਪਣਾਉਣਾ ਤੇ ਫੋਕਟ ਰੀਤਾਂ ਰਸਮਾਂ ਤੇ ਵੰਡਾਂ ਵਿਤਕਰਿਆ ਦੀ ਜੇਵਰੀ (ਜ਼ੰਜੀਰ) ਤੋਂ ਸਿਖਾਂ ਦੀ ਬੰਦ-ਖਲਾਸੀ ਕਰਾਉਣਾ ਸੀ। "ਦੀਦਾਰ ਖਾਲਸੇ ਦਾ, ਪੂਜਾ ਅਕਾਲ ਦੀ ਤੇ ਪਰਚਾ ਨਾਮ ਦਾ" ਦੀ ਸੰਥਾ ਫੇਰ ਚੇਤੇ ਤੇ ਦ੍ਰਿੜ੍ਹ ਕਰਾਉਣੀ ਸੀ। ਸਤਿਗੁਰੂਆਂ ਵਲੋਂ ਮਨੁੱਖਤਾ ਦੀ ਤਕਸੀਮ ਦੇ ਸਦਾ ਲਈ ਮਨਸੂਖ ਕੀਤੇ ਜਾ ਚੁੱਕੇ ਸਭ ਆਈਨ, ਜੋ ਕਿਸੇ ਨ ਕਿਸੇ ਰੂਪ ਵਿਚ ਸਿੱਖ ਸਮਾਜ ਅੰਦਰ ਮੁੜ ਆ ਦਾਖਲ ਹੋਏ ਸਨ, ਫੇਰ ਡੂੰਘੇ ਦਫਨਾਏ ਜਾਣ ਦੀ ਲੋੜ ਸੀ। ਗੁਰਦੁਆਰੇ ਦੀ ਪਵਿੱਤ੍ਰਤਾ ਤੇ ਮਰਯਾਦਾ ਨੂੰ ਬਹਾਲ ਤੇ ਸਬਦ-ਗੁਰੂ ਦੀ ਅਜ਼ਮਤ ਪ੍ਰਗਟ ਕਰਨਾ ਉਨ੍ਹਾਂ ਦਾ ਪਾਵਨ ਉੱਦੇਸ਼ ਤੇ ਉਪਦੇਸ਼ ਸੀ।

ਇਤਿਹਾਸ ਸਾਖੀ ਹੈ ਕਿ ਸਿੰਘ ਸਭਾ ਦੇ ਇਹਨਾ ਸਿਰਲਥ, ਸਿਦਕੀ ਤੇ ਵਿਦਵਾਨ ਗੁਰਸਿਖਾਂ ਨੇ ਜਿਸ ਦ੍ਰਿੜਤਾ ਤੇ ਸਿਆਣਪ ਨਾਲ ਉਪ੍ਰੋਕਤ ਉਦੇਸ਼ਾਂ ਦੀ ਪੂਰਤੀ ਲਈ ਹੰਭਲਾ ਮਾਰਿਆ, ਉਹ ਆਪਣੀ ਮਿਸਾਲ ਆਪ ਹੈ। ਸਿੰਘ ਸਭਾ ਲਹਿਰ ਦੇ ਫਲਸਰੂਪ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਬੱਝਿਆ, ਜਿਸ ਨੇ ਸੰਮਤ ੧੭੬੫ ਤੋਂ ਲੈ ਕੇ ਸੰਮਤ ੧੯੫੮ ਤਕ ਦੇ ਬਿਖੜੇ ਸਮੇਂ ਦੀਆਂ ਕੁਰਬਾਨੀਆ ਤੇ ਸਿਖੀ ਸਿਦਕ ਦੇ ਅਦੁੱਤੀ ਇਤਿਹਾਸ ਨੂੰ ਮੁੜ ਦੁਹਰਾ ਤੇ ਰੂਪਮਾਨ ਕਰ ਦਿੱਤਾ। ਕੀ ਦੇਸ ਤੇ ਕੀ ਪਰਦੇਸ, ਸਭ ਪਾਸਿਓਂ ਸਿਖੀ ਸਿਦਕ ਦੀ ਅਜ਼ਮਤ ਨੂੰ ਸਜਦੇ ਹੋਏ।

ਆਖਰ, ਗੁਰਦੁਆਰਾ ਪ੍ਰਬੰਧ, ਸਿੱਖ ਗੁਰਦੁਆਰਾ ਐਕਟ, ੧੯੨੫

ਰਾਹੀਂ, ਹਰ ਬਾਲਗ ਸਿੱਖ ਦੀ ਵੋਟ ਨਾਲ ਚੁਣੀ ਕਮੇਟੀ ਦੇ ਹੱਥਾਂ ਵਿਚ ਆ ਗਿਆ। ਪਹਿਲੀਆਂ ਕਮੇਟੀ ਵਿਚ ਤਾਂ ਗੁਰਦੁਆਰਾ ਪ੍ਰਬੰਧ ਦੀ ਜ਼ੁੰਮੇਵਾਰੀ ਉਨ੍ਹਾਂ ਸਿਖਾਂ ਉੱਤੇ ਆਈ, ਜਿਨ੍ਹਾਂ ਦੀਆਂ ਕੁਰਬਾਨੀਆਂ, ਸਿਦਕ ਤੇ ਨਿਸ਼ਕਾਮ ਸੇਵਾ ਦਾ ਸਦਕਾ ਗੁਰਧਾਮਾਂ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆਇਆ ਸੀ। ਪ੍ਰੰਤੂ, ਢਾਂਚਾ ਲੋਕ ਤੰਤ੍ਰ [ਡੈਮੋਕਰੇਟਿਕ) ਹੋਣ ਕਰਕੇ, ਸਣੇ ਸਣੇ ਪੰਥ ਧੜਿਆਂ ਵਿਚ ਵੰਡਿਆ ਗਿਆ ਤੇ ਧੜੇ ਨੂੰ ਧਰਮ ਨਾਲੋਂ ਪਿਆਰਾ ਸਮਝਿਆ ਜਾਣ ਲੱਗਾ। ਅਸਲ ਗੱਲ ਤਾਂ ਇਹ ਹੈ ਕਿ ਪੁਰਾਣੇ ਸਿੰਘਾਂ ਵਿਚ ਤਾਂ ਥਿਊਕਰੇਸੀ (ਗੁਣੀ ਪੁਰਸ਼ਾਂ ਦੀ ਅਗਵਾਈ) ਪ੍ਰਚੱਲਤ ਸੀ, ਪ੍ਰੰਤੂ, ਇਸ ਦੀ ਥਾਂ 'ਜਮਹੂਰੀ ਤਮਾਸ਼ੇ'* (ਡੈਮੋਕ੍ਰੇਸੀ) ਨੇ ਆ ਮੱਲੀ। ਇਸ ਨੂੰ ਲਿਆਉਣ ਵਿਚ ਸਾਡੀ ਨ ਤਜਰਬਾਕਾਰੀ ਵੀ ਜ਼ੁਮੇਵਾਰ ਸੀ।

'ਕਾਬਲ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ' ਦੀ ਕਹਾਵਤ ਅਨੁਸਾਰ, ਸਿੱਖ, ਬਦੀ ਵਿਰੁੱਧ ਨੇਕੀ ਲਈ ਨਿਰੰਤਰ ਕੀਤੇ ਜਾਣ ਵਾਲੇ ਸੰਘਰਸ਼ ਹਿਤ ਉਪਜੇ ਹਨ। ਸੰਘਰਸ਼ ਹੀ ਇਹਨਾਂ ਦਾ ਸੇਵਾ ਅਥਵਾ ਕਾਰ ਹੈ ਅਤੇ ਇਸ ਸੰਘਰਸ਼ ਵਿਚ ਹੀ ਇਹਨਾਂ ਦੀ ਪ੍ਰਤਿਭਾ ਤੇ ਬਿਧੀ ਦਾ ਭੇਦ ਬੰਦ ਹੈ। ਪ੍ਰੰਤੂ, ਨਿਤ ਜੰਗ ਵਿਚ ਰੁੱਝੇ ਰਹਿਣ ਨਾਲ ਵੀ ਕਈ ਵੇਰ ਸੰਤੁਲਿਤ ਜੀਵਨ ਤੇ ਹੋਂਦ ਲਈ ਲੋੜੀਂਦੇ ਕਈ ਇਕ ਜ਼ਰੂਰੀ ਪੱਖਾਂ ਵਲ ਪੂਰਾ ਧਿਆਨ ਦੇਣਾ ਸੰਭਵ ਨਹੀਂ ਹੁੰਦਾ। ਸਿੱਖ, ਪਹਿਲਾਂ ਮੁਗਲਾਂ ਦੇ ਕਹਿਰਾਂ, ਕਾਜ਼ੀਆਂ ਦੇ ਫਤਵਿਆਂ, ਬ੍ਰਾਹਮਣਾਂ ਦੇ ਸਮਾਜਿਕ ਅੰਨਿਆਂ ਤੇ ਵਿਤਰਿਆਂ ਵਿਰੁੱਧ ਲੜੇ; ਫੇਰ 'ਸਿੱਖ ਰਾਜ' ਦੀਆਂ ਹੱਦਾਂ ਵਧਾਉਣ ਵਿਚ ਜੁਟੇ ਰਹੇ ਤੇ ਆਖਰ ਅੱਯਾਸ਼ੀ ਤੇ ਸਵਾਰਥ ਤੋਂ ਉਪਜੀ ਅੰਦਰੂਨੀ ਫੁੱਟ ਕਾਰਨ ਆਪਣਿਆਂ ਤੇ ਪਰਾਇਆਂ ਨਾਲ

---

*ਜਲਾਲਿ ਪਾਤਸ਼ਾਹੀ ਹੋ ਯਾ ਜਮਹੂਰੀ ਤਮਾਸ਼ਾ ਹੋ।
ਜੁਦਾ ਹੋ ਦੀਂ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ।
(ਇਕਬਾਲ)

ਜੂਝੇ। ਇਸ* ਬੁਰਛਾ ਗਰਦੀ ਨੇ ਨਾ ਕੋਈ ਸਾਧ ਛਡਿਆ ਤੇ ਨਾ ਸੰਤ। ਫੇਰ, ਇਕ ਸਦੀ ਦੇ ਲਗਭਗ ਅੰਗਰੇਜ਼ ਦੇ ਰਾਜ ਤੇ ਸਾਮਰਾਜ ਵਿਰੁੱਧ ਦੇਸ਼ ਭਗਤਾਂ ਦੀਆਂ ਮੋਹਰਲੀਆਂ ਸਫਾਂ ਵਿਚ ਹੋ ਕੇ ਜੂਝੇ, ਅਤੇ ਅੱਜ ਆਪਣੀ ਹਸਤੀ ਤੇ ਹੋਂਦ ਲਈ ਨਵੇਂ ਸਾਮਰਾਜ ਨਾਲ ਟੱਕਰ ਲੈਣ ਲਈ ਮਜਬੂਰ ਹਨ। ਹਕੀਕਤ ਤਾਂ ਇਹ ਹੈ ਕਿ ਹਰ ਤਰ੍ਹਾਂ ਦੇ ਜ਼ੋਰ ਜਬਰ ਤੇ ਅਸਮਾਨਤਾ ਵਿਰੁੱਧ ਜੂਝਦਾ ਹੋਇਆ ਕਲਗੀਆਂ ਵਾਲੇ ਦਾ ਦੂਲਾ ਸਿੱਖ ਉਕਾਬ ਵਾਂਗ ਬੇ ਸਰੋ ਸਾਮਾਨੀ ਦੀ ਜ਼ਿੰਦਗੀ ਗੁਜ਼ਾਰਨਾ ਤਾਂ ਪਸੰਦ ਕਰਦਾ ਹੈ; ਪ੍ਰੰਤੂ, ਕਿਸੇ ਤਰ੍ਹਾਂ ਦੀ ਗੁਲਾਮੀ ਵਿਚ ਰਹਿਣਾ ਨਹੀਂ ਪ੍ਰਵਾਨਦਾ। ਇਸ ਨੂੰ ਕੰਠ ਹੈ ਕਿ :-

"ਗੁਜ਼ਰ ਔਕਾਤ ਕਰ ਲੇਤਾ ਹੈ, ਵੁਹ ਕੋਹੋਂ ਬਿਆਬਾਂ ਮੇਂ,
ਕਿ ਸ਼ਾਹੀਂ† ਕੇ ਲੀਏ ਜ਼ਿੱਲਤ‡ ਹੈ, ਕਾਰਿ ਆਸ਼ੀਆਂ() ਬੰਦੀ।"

ਅੱਜ, ਜਦ ਅਸੀਂ ਸਫਲ ਪ੍ਰਚਾਰ ਦੀ ਗੱਲ ਕਰਦੇ ਹਾਂ ਤਾਂ ਪਿਛਲੇ ਇਤਿਹਾਸ ਦਾ ਸਰਵੇਖਣ ਤੇ ਸਵੈਪੜਚੋਲ ਸਾਨੂੰ ਇਸ ਸਿੱਟੇ ਉਤੇ ਪਹੁੰਚਾਉਂਦੇ ਹਨ ਕਿ ਜੋ ਖਾਮੀਆਂ ਸਿੰਘ ਸਭਾ ਲਹਿਰ ਸਮੇਂ ਸਾਡੇ ਅੰਦਰ ਪ੍ਰਵੇਸ਼ ਕਰ ਚੁੱਕੀਆਂ ਸਨ, ਲਗਭਗ ਉਹੋ ਹੀ, ਉਨੀ ਇਕੀ ਦੇ ਫਰਕ ਨਾਲ ਸਾਨੂੰ ਅੱਜ ਦਰਪੇਸ਼ ਹਨ। ਨਿਸ਼ਾਨਾ ਓਦੋਂ ਵੀ ਸਿੱਖੀ ਅਥਵਾ ਸਿੱਖ ਚਲਣ ਦੀ ਬਹਾਲੀ ਸੀ, ਅੱਜ ਵੀ ਇਸ ਸਦੀਵੀ ਸਚਾਈਆਂ-ਭਰਪੂਰ ਤੇ ਸਪੇਸ-ਜੁਗ ਦੇ ਅਦੁੱਤੀ ਧਰਮ ਦੀ ਬਹਾਲੀ ਹੈ। ਵਿਗਿਆਨਕ ਪ੍ਰਗਤੀ ਤੇ ਲਭਤਾਂ ਨੇ ਜੋ ਮਨੁੱਖ ਦੇ ਦਿਲ ਦਿਮਾਗ ਨੂੰ ਵਧੇਰੇ ਨੁਕਤਾ-ਚੀਨੀ, ਚੋਂਚਲ ਤੇ ਚਤੁਰ ਬਣਾ ਦਿਤਾ ਹੈ, ਤਾਂ ਵਿਸਦੇ ਇਤਰਾਜ਼ਾਂ ਤੇ ਸ਼ੰਕਿਆਂ ਨੂੰ ਸਮਾਧਾਨ

---

*ਜਿਹੜਾ ਬਹੇ ਗਦੀ ਓਹਨੂੰ ਮਾਰ ਦਿੰਦੇ
ਨਹਿ ਛਡਿਆ ਸਾਧ ਤੇ ਸੰਤ ਮੀਆਂ। (ਸ਼ਾਹ ਮੁਹੰਮਦ)

†ਉਕਾਬ, ‡ਬੇਇੱਜ਼ਤੀ, ਨਿਰਾਦਰੀ, ()ਆਲ੍ਹਣੇ ਦੀ ਕੈਦ।

ਕਰਨ ਲਈ, ਐਸੇ ਹੀ ਵਿਗਿਆਨਕ ਵਿਚਾਰਾਂ, ਢੰਗਾਂ ਤੇ ਪਰਬੀਨਤਾ ਦੀ ਦਾਤ ਵੀ ਸਿੱਖ ਦੀ ਝੋਲੀ ਪਾ ਛੱਡੀ ਹੈ, ਸੰਸਾਰ ਨੂੰ ਵੰਡਣ ਹਿਤ।

ਸੌ ਸਾਲ ਪਹਿਲਾਂ ਵਾਂਗ ਅੱਜ, ਜਦ ਅਸੀਂ ਸਿਖ ਸਮਾਜ ਦੀ ਵਰਤਮਾਨ ਦਸ਼ਾ ਵਲ ਝਾਤੀ ਮਾਰਦੇ ਹਾਂ ਤਾਂ ਗਿਆਨੀ ਦਿੱਤ ਸਿੰਘ ਜੀ ਰਚਿਤ "ਨਕਲੀ ਸਿਖ ਪ੍ਰਬੋਧ" ਵਾਲੀ ਪ੍ਰਸ਼ਨਾਵਲੀ "ਕੌਣ ਸਿਖ ਹੁੰਦੇ ਹੈ ਭਾਈ" ਸਾਡੇ ਕੰਨੀ ਪੈ ਰਹੀ ਹੈ। ਹੁਣੇ ਅਸੀਂ ਨਿਰੰਕਾਰੀ ਸਤਿਗੁਰੂ ਦਾ ਪੰਜ ਸੌ ਸਾਲਾ ਤੇ ਦਸਮੇਸ਼ ਜੀ ਦਾ ਤਿੰਨ ਤੌਂ ਸਾਲਾ ਪ੍ਰਕਾਸ਼ ਉਤਸਵ ਤਾਂ ਮਨਾਇਆ ਹੈ, ਪ੍ਰੰਤੂ ਸਹੀ ਅਰਥਾਂ ਵਿਚ ਨਾ ਅਸੀਂ "ਏਕ ਪਿਤਾ" ਦੇ ਧਾਰਨੀ ਹੋ ਸਕੇ ਹਾਂ ਤੇ ਨਾ ਹੀ "ਏਕਸ ਕੇ ਹਮ ਬਾਰਿਕ"। ਨਾ ਅਸੀਂ "ਅਕੁਲ" ਨਿਰੰਜਨ ਦੇ ਉਪਾਸ਼ਕ ਹੁੰਦੇ ਹੋਏ ਨਸਲ, ਜ਼ਾਤ ਤੇ ਕੁਲ ਦਾ ਮਾਨ ਤਿਆਗ ਕੇ ਸਿਖ ਤੇ ਕੇਵਲ ਸਿਖ ਬਣ ਸਕੇ ਹਾਂ, ਤੇ ਨਾ ਹੀ "ਸਾ ਜਾਤਿ ਸਾ ਪਤਿ ਹੈ ਜੇਵੇਹੇ ਕਰਮ ਕਮਾਇ" ਦੇ ਅਮਰ ਉਪਦੇਸ਼ ਦਾ ਸਾਡੇ ਉਤੇ ਕੋਈ ਪ੍ਰਭਾਵ ਪਿਆ ਹੈ। ਅਸੀਂ ਗੱਲਾਂ ਤਾਂ ਸਰਬੰਸ ਦਾਨੀ, ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ ਤੇ ਫੇਰ ਓਹਨਾਂ ਪਾਸੋਂ ਉਸ ਦੀ ਪ੍ਰਾਪਤੀ ਲਈ ਜਾਚਨਾ ਕਰਨ ਵਾਲੇ, ਲਾਸਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਸਿੱਖੀ ਤੇ ਸਿਦਕ ਦੀਆਂ ਕਰਦੇ ਤੇ ਮਨ ਦੀ ਮਹਾਂ ਬਿਖਮ-ਰਹਿਤ ਰੱਖਣ ਦੇ ਧਾਰਨੀ ਹੋਣ ਦੇ ਦਾਅਵੇਦਾਰ ਬਣਦੇ ਹਾਂ; ਪ੍ਰੰਤੂ ਉਹਨਾਂ ਵਲੋਂ ਆਗਿਆ ਕੀਤੀ, ਕਿਤੇ ਸੌਖੀ, ਸਰੀਰਕ ਰਹਿਤ ਦੇ ਧਾਰਨੀ ਹੋਣ ਦੀ ਦ੍ਰਿੜ੍ਹਤਾ ਤਕ ਵੀ ਸਾਡੇ ਅੰਦਰ ਨਹੀਂ ਵਸਦੀ।

ਇਹ ਠੀਕ ਹੈ ਕਿ ਮਾਦਾ ਪ੍ਰਸਤੀ, ਤੇ ਮਾਰਕਿਸਿਜ਼ਮ ਅਥਵਾ ਕਮਯੂ-ਨਿਜ਼ਮ ਨੇ ਪ੍ਰਭੂ-ਵਿਸ਼ਵਾਸ ਨੂੰ ਕਰੜੀ ਸੱਟ ਮਾਰੀ ਹੈ ਅਤੇ ਜ਼ਬਤ, ਨੇਮ ਜਾਂ ਪਾਬੰਦੀ ਦੇ ਜੀਵਨ ਨੂੰ 'ਗੁਲਾਮੀ' ਦੱਸ ਕੇ, ਆਪ ਹੁਦਰੇ-ਪਨ ਤੇ ਗੈਰ-ਜ਼ੁਮੇਵਾਰੀ ਦਾ ਬੋਲ ਬਾਲਾ ਕੀਤਾ ਹੈ। ਇਸ ਵੇਲੇ ਧਾਰਮਿਕ ਤੇ ਸਮਾਜਿਕ ਪੱਖ ਤੋਂ ਕੌਮ ਦੀ ਦਸ਼ਾ ਕੁਝ ਇਉਂ ਬਿਆਨੀ ਜਾ ਸਕਦੀ ਹੈ :

ਇਕ ਚਾਕ ਹੋ ਤੋ ਸੀਂ ਲੂੰ, ਹਮਦਮ ਗਰੇਬਾਂ ਅਪਨਾ,
ਜ਼ਾਲਮ ਨੇ ਫਾੜ ਡਾਲਾ ਹੈ, ਯੇ ਤਾਰ ਤਾਰ ਕਰਕੇ।

ਤਬਾ–ਕਬਾਬਿ ਸੀਖ ਹੈਂ ਹਮ, ਕਰਵਟੇ ਹਰਸੂ ਬਦਲਤੇ ਹੈਂ,
ਜੋ ਜਲ ਜਾਤਾ ਹੈ ਯਿਹ ਪਹਿਲੂ, ਤੋ ਵੁਹ ਪਹਿਲੂ ਬਦਲਤੇ ਹੈਂ।

ਪੰਥ-ਦਰਦੀਆਂ ਤੇ ਵੀਚਾਰਵਾਨਾਂ ਵਿਚ, ਕੌਮ ਅੰਦਰ ਆਈਆਂ ਊਣਤਾਈਆਂ ਬਾਬਤ ਕੋਈ ਦੋ ਰਾਵਾਂ ਨਹੀਂ। ਸਾਰੇ ਹੀ ਇਸ ਘਾਟ ਨੂੰ ਪੂਰੀ ਸ਼ਿਦੱਤ ਨਾਲ ਮਹਿਸੂਸਦੇ ਤੇ ਦੂਰ ਕਰਨ ਲਈ ਫਿਕਰ-ਮੰਦ ਹਨ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਪ੍ਰਚਾਰ ਦੀ ਗੱਲ ਕਿਸੇ ਸਿਰਿਓਂ ਵੀ ਤੜਪ, ਤੱਪ ਤਿਆਗ, ਨਿਸ਼ਕਾਮਤਾ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ੁਰੂ ਨਹੀਂ ਹੋ ਰਹੀ। ਇਸ ਦਾ ਆਰੰਭ ਕਿਥੋਂ ਤੇ ਕਿਵੇਂ ਹੋਵੇ ? ਬਸ, ਇਹੀ ਸਮੱਸਿਆ ਹੈ ਜੋ ਚਟਾਨ ਵਾਂਗ ਸਿਖੀ ਪ੍ਰਚਾਰ ਦੇ ਰਥ ਦਾ ਰਾਹ ਰੋਕੀ ਖੜੀ ਹੈ। ਅਜਬ ਬੇਬਸੀ ਹੈ।

ਪ੍ਰੰਤੂ, ਜਿੰਨੀ ਇਹ ਸਮੱਸਿਆ ਕਠਿਨ ਹੈ, ਗਹੁ ਨਾਲ ਵਾਚਿਆਂ, ਵੀਚਾਰਿਆਂ ਉਤਨੀ ਹੀ ਇਹ ਸੌਖੀ ਤਰ੍ਹਾਂ ਹੱਲ ਵੀ ਹੋ ਸਕਦੀ ਹੈ। ਜਦ ਕੌਮ ਦੇ ਪ੍ਰਚਾਰ ਨਾਲ ਸਬੰਧਤ ਬਹੁਤੇ ਅੰਗ ਸਾਡੀ ਤਵੱਜੋ ਦੇ ਸਮਾਨ ਮੁਥਾਜ ਹਨ ਤਾਂ ਫੇਰ ਕੰਮ ਆਰੰਭ ਕਰਨ ਵਿਚ ਔਕੜ ਕਾਹਦੀ ? ਇਹ ਕਿਤਿਓਂ ਤੇ ਕਿਸੇ ਪਾਸਿਓਂ ਵੀ ਆਰੰਭ ਕੀਤਾ ਜਾ ਸਕਦਾ ਹੈ। ਹਾਂ, ਇਕੋ ਸਮੇਂ ਬਹੁਤੇ ਕੰਮ ਛੋਹਣੇ ਯੋਗ ਨਹੀਂ। ਅੰਗਰੇਜ਼ੀ ਵਿਚ ਇਸ ਸੰਬੰਧੀ ਕਿਤਨਾ ਸੁੰਦਰ ਕਥਨ ਹੈ :

One thing at a time and that do well,
This is the old secret, as many can tell.

ਮੇਰੇ ਤੁਛ ਵੀਚਾਰ ਅਨੁਸਾਰ ਤਾਂ ਸਿਖਾਂ ਵਿਚ ਧਰਮ ਪ੍ਰਚਾਰ ਮੁਹਿੰਮ ਚਲਾਉਣ ਲਈ ਦੋ ਵੱਡੇ ਖੇਤਰ ਹਨ : ਇਕ ਪੇਂਡੂ ਤੇ ਦੂਜਾ ਸ਼ਹਿਰੀ ਤੇ ਬੁਧੀ-ਜੀਵੀਆਂ ਦਾ। ਪਹਿਲਾਂ ਯੂਨੀਵਰਸਟੀਆਂ, ਕਾਲਜਾਂ, ਸਕੂਲਾਂ, ਵਕੀਲਾਂ ਤੇ ਡਾਕਟਰਾਂ ਆਦਿ ਦੇ ਵਰਗ ਨੂੰ ਸਿਖੀ ਪ੍ਰਚਾਰ ਵਲ ਸਾਵਧਾਨ ਤੇ ਤੱਤਪਰ

ਕਰਨ ਅਤੇ ਫੇਰ ਉਨ੍ਹਾਂ ਨੂੰ ਨਾਲ ਲੈ ਕੇ ਜਨਤਾ ਵਲ ਵਧਣ ਦੀ ਲੋੜ ਹੈ। ਜੇ ਅਸੀਂ ਅੱਜੀਆਂ ਕਾਲਜਾਂ ਦੇ ਸਿੱਖ ਪ੍ਰਿੰਸੀਪਲ ਸਾਹਿਬਾਨ ਨੂੰ ਹੀ ਸਿਖੀ ਤੇ ਇਸ ਦੇ ਪ੍ਰਚਾਰ ਦਾ ਮੁਦੱਈ ਨਹੀਂ ਬਣਾ ਸਕਦੇ, ਤਾਂ ਪ੍ਰੋਫੈਸਰਾਂ ਬਾਬਤ ਸੋਚਣਾ ਬੇਅਰਥ ਹੈ। ਇਸੇ ਤਰ੍ਹਾਂ, ਜੇ ਸਿੱਖ ਕਾਲਜਾਂ ਦੇ ਸਿੱਖ ਪ੍ਰੋਫੈਸਰ ਸਾਹਿਬਾਨ ਸਾਥੋਂ ਸਿਖੀ ਦੇ ਸ਼ੈਦਾਈ ਨਹੀਂ ਬਣ ਸਕਦੇ ਤਾਂ ਹਜ਼ਾਰਾਂ ਵਿਦਿਆਰਥੀਆਂ ਵਿਚ ਸਿਖੀ ਦੀ ਚਿਣਗ ਮਘਾ ਸੱਕਣਾ ਸੰਭਵ ਨਹੀਂ। ਏਹੋ ਗੱਲ ਸਕੂਲਾਂ ਦੇ ਪ੍ਰਿੰਸੀਪਲਾਂ, ਹੈਡਮਾਸਟਰਾਂ, ਅਧਿਆਪਕਾਂ ਤੇ ਵਿਦਿਆਰਥੀਆਂ ਬਾਬਤ ਕਹੀ ਜਾ ਸਕਦੀ ਹੈ।

ਮੇਰਾ ਵਿਸ਼ਵਾਸ ਹੈ ਕਿ ਇਕ ਢਿੱਲੜ ਪੇਂਡੂ ਸਿੱਖ, ਕਮਜ਼ੋਰੀਆਂ ਦੇ ਬਾਵਜੂਦ, ਸਿੱਖ ਧਰਮ ਦਾ ਹੀ ਮੁਦੱਈ ਤੇ ਅਵਲੰਬੀ ਹੁੰਦਾ ਹੈ, ਪ੍ਰੰਤੂ ਪੜ੍ਹਿਆ ਲਿਖਿਆ ਸਿੱਖ, ਜਿਸ ਦਾ ਈਮਾਨ ਸਿਖੀ ਤੋਂ ਥਿੜਕ ਚੁੱਕਾ ਹੋਵੇ, ਹੋਰਨਾਂ ਨੂੰ ਵੀ ਸਿਖੀ ਦੇ ਮਾਰਗ ਤੋਂ ਡੇਗਣ ਲਈ ਜਤਨਸ਼ੀਲ ਹੋ ਜਾਂਦਾ ਹੈ। ਜਿਥੇ ਪਹਿਲਾ ਕਮਜ਼ੋਰੀਆਂ ਦੇ ਬਾਵਜੂਦ, ਸਿੱਖ ਧਰਮ ਤੋਂ ਬਿਨਾਂ ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ, ਉਥੇ ਦੂਜਾ, ਸਿਖੀ ਦਾ ਇਕ ਕਟ ਚੁੱਕਾ ਅੰਗ ਤੇ ਦੁਸ਼ਮਣ ਹੋ ਨਿਬੜਦਾ ਹੈ।

ਸੋ, ਸਾਨੂੰ ਪਹਿਲਾਂ ਪੜ੍ਹੇ ਲਿਖੇ ਅਤੇ ਬਾਲਕ ਤੇ ਬਾਲਗ ਵਰਗ ਦੀ ਸਾਰ ਲੈਣੀ ਉਚਿਤ ਹੈ; ਕਿਉਂਕਿ ਉਹ ਯੁਕਤੀ ਸ਼ੀਲ ਤੇ ਪ੍ਰਬੀਨ ਹੈ। ਜੇ ਸਿੱਧੇ ਰਾਹ ਉਤੇ ਨਾ ਆਇਆ ਤਾਂ "ਆਪ ਗਏ ਅਉਰਨ ਹੂੰ ਘਾਲਹਿ" ਦੇ ਵਾਕ ਅਨੁਸਾਰ ਹੋਰਨਾਂ ਦੇ ਈਮਾਨ ਨੂੰ ਵੀ ਕਮਜ਼ੋਰ ਕਰਨ ਦਾ ਕਾਰਨ ਬਣੇਗਾ। ਇਹ ਵਰਗ ਬਟੇਰਿਆਂ, ਬਾਜ਼ਾਂ ਤੇ ਹਰਣਾਂ ਸਮਾਨ ਹੈ, ਜੋ ਆਪਣੀ ਜਾਤੀ ਦੇ ਜਾਨਵਰਾਂ ਨੂੰ ਹੀ ਫੰਦੇ ਵਿਚ ਫਸਾਉਂਦੇ ਹਨ :

ਹਰਣਾਂ ਬਾਜਾਂ ਤੇ ਸਿਕਦਾਰਾਂ ਏਨਾ ਪੜਿਆ ਨਾਉ ॥
ਫਾਂਜੀ ਲਗੀ ਜਾਤਿ ਫਹਾਇਨਿ, ਅਗੈ ਨਾਹੀ ਥਾਉ ॥

(ਵੇਖੋ, ਏਥੇ ਬਾਣੀ ਵਿਚ ਸਤਿਗੁਰਾਂ ਵਲੋਂ ਬਿੰਦੀ ਦੀ ਕੀਤੀ ਵਰਤੋਂ) ਵਿਦਿਆਰਥੀ ਵਰਗ ਬਾਰੇ ਚੇਤੇ ਰੱਖਣ ਯੋਗ ਵਿਦਵਾਨ ਐਮਰਸਨ ਦਾ

ਕਥਨ ਹੈ :

The destiny of a nation upon a given time depends on its generation between five and twenty. (Emerson)

(ਭਾਵ : ਕਿਸੇ ਕੌਮ ਦੀ ਕਿਸਮਤ ਦਾ ਨਿਰਭਰ ਉਸ ਦੇ ਪੰਜ ਤੇ ਵੀਹ ਸਾਲ ਦੇ ਬੱਚਿਆਂ ਦੀ ਪਨੀਰੀ ਉਤੇ ਹੁੰਦਾ ਹੈ।

ਉਪ੍ਰੋਕਤ ਵਰਗ ਵਿਚ ਸਫਲ ਪ੍ਰਚਾਰ ਲਈ ਪ੍ਰੈਸ, ਪਲੈਟਫਾਰਮ, ਗੋਸ਼ਟੀਆਂ ਤੇ ਸਕਰੀਨ ਆਦਿ ਸਾਧਨ ਸਫਲਤਾ ਪੂਰਬਕ ਵਰਤੇ ਜਾ ਸਕਦੇ ਹਨ।

ਪੇਂਡੂ ਵਰਗ ਲਈ ਬਹੁਤ ਕੁਝ ਸੋਚਣ ਤੇ ਵਿਉਂਤਣ ਦੀ ਥਾਂ ਫਿਲਹਾਲ ਕੇਵਲ ਪਿੰਡਾਂ ਦੀਆਂ ਧਰਮਸਾਲਾਂ ਤੇ ਗ੍ਰੰਥੀਆਂ ਦੀ ਸਾਰ ਲੈਣੀ ਹੀ ਕਾਫੀ ਤੇ ਸਹੀ ਕਦਮ ਹੈ। ਧਰਮਸਾਲ ਦੀ ਸੰਭਾਲ ਨਾਲ ਸਿੱਖ ਚਲਣ ਆਪਣੇ ਆਪ ਸੰਭਾਲਿਆ ਰਹੇਗਾ। ਅੰਗਰੇਜ਼ੀ ਦੇ ਇਸ ਮੁਹਾਵਰੇ :

Take care of pennies and pund will take care of itself.

(ਭਾਵ : ਤੁਸੀਂ ਪੈਸਿਆਂ ਨੂੰ ਅਜਾਈਂ ਨ ਗਵਾਓ ਰੁਪਇਆ ਆਪਣੇ ਆਪ ਬਚ ਜਾਏਗਾ।) ਅਨੁਸਾਰ ਜੇ ਅਸੀਂ ਗ੍ਰੰਥੀ ਸਿੰਘਾਂ ਦੀ ਸਾਰ ਲੈ ਸਕੀਏ ਤਾਂ ਗੁਰਦੁਆਰਾ, ਸੰਗਤਿ ਤੇ ਸਿਖੀ ਆਪੇ ਬਹਾਲ ਹੋ ਜਾਣਗੇ। ਦੇਹਾਤੀ ਗੁਰਦੁਆਰਿਆ ਵਿਚ ਗੁਰਮਤਿ ਤੇ ਸਿੱਖ ਰਹੁ-ਰੀਤ ਦੇ ਜਾਣੂ ਗ੍ਰੰਥੀ ਸਾਹਿਬਾਨ ਰਾਹੀਂ "ਇੱਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਦੇ ਪ੍ਰਚਾਰ ਨਾਲ ਕੌਮ ਨੂੰ ਇਕ ਲੜੀ ਵਿਚ ਪ੍ਰੋਤਾ ਜਾ ਸਕਦਾ ਹੈ। ਸਿੱਖ ਨੂੰ ਕੇਵਲ ਸਹੀ ਤੇ ਸਿਦਕੀ ਗੁਰਸਿਖ ਬਨਾਉਣ ਦੀ ਲੋੜ ਹੈ, ਪੰਥਕ ਉਹ ਆਪੇ ਬਣ ਜਾਵੇਗਾ। ਸੋ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸਿੱਖ ਵਿਦਿਆਲਿਆਂ ਤੇ ਹੋਰ ਸੰਸਥਾਵਾਂ ਤੇ ਰੀਫਰੈਸ਼ਰ ਕੋਰਸਾਂ ਰਾਹੀਂ ਗ੍ਰੰਥੀ ਸਾਹਿਬਾਨ ਨੂੰ ਗੁਰਮਤਿ ਤੋਂ ਜਾਣੂ ਕਰਨ ਅਤੇ ਇਕ ਲੜੀ ਵਿਚ ਪ੍ਰੋਣ ਦੀ ਬੇਹਦ ਤੇ ਤੁਰੰਤ ਲੋੜ ਹੈ।

ਸਮੇਂ ਦੀ ਮੰਗ ਹੈ, ਹਾਲਤ ਦਾ ਤਕਾਜ਼ਾ ਹੈ ਕਿ ਇਸ ਪਾਸੇ ਤੁਰੰਤ ਜੁੱਟਿਆ ਜਾਵੇ। ਜਦ ਅਸੀਂ ਇਸ ਪਾਸੇ ਕੁਝ ਕਦਮ ਅਗਾਂਹ ਵਲ ਪੁਟਾਂਗੇ ਤਾਂ ਸਤਿਗੁਰੂ ਆਪ ਅੱਗੇ ਵੱਧ ਕੇ ਸਾਡਾ ਰਾਹ ਰੁਸ਼ਨਾਵੇਗਾ। ਮੰਜ਼ਿਲ ਉਤੇ ਪਹੁੰਚ ਸਕਣ ਦੇ ਵਿਸ਼ਵਾਸ ਨਾਲ ਤੁਰਨ ਦੀ ਲੋੜ ਹੈ। ਕਦੇ ਕੋਈ ਮੰਜ਼ਿਲ ਵੇਖ ਕੇ ਘਰੋਂ ਨਹੀਂ ਟੁਰਿਆ। ਵੇਖੋ, ਵੀਚਾਰਵਾਨਾਂ ਦੇ ਇਹ ਕਥਨ ਸਾਨੂੰ ਆਪਣੇ ਟੀਚੇ ਵਲ ਤੁਰੰਤ ਪੈਰ ਪੁੱਟਣ ਲਈ ਕਿਵੇਂ ਪ੍ਰੇਰ ਰਹੇ ਹਨ :

(1) Go; as far as you can see; when you get there, you will see further.

(2) A thousand-mile-journey can be begun just with one step.

ਭਾਵ : ੧. ਜਿਥੋਂ ਤਕ ਜਾ ਸਕਦੇ ਹੋ, ਜਾਓ। ਜਦ ਤੁਸੀਂ ਓਥੇ ਪਹੁੰਚੋਗੇ ਤਾਂ ਅੱਗੇ ਵੇਖ ਸਕੋਗੇ।

੨. ਹਜ਼ਾਰਾਂ ਮੀਲਾਂ ਦਾ ਸਫਰ ਕੇਵਲ ਇਕ ਕਦਮ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ।

ਹਾਂ, ਸਾਨੂੰ ਕੁੱਝ ਇਵੇਂ ਵੀ ਆਦੇਸ਼ ਹੈ, ਤਾਕੀਦ ਹੈ, ਚੇਤਾਵਨੀ ਹੈ :

ਐ ਜੂਇ ਆਬ ਬੜ੍ਹਕਰ, ਹੋ ਦਰਯਾਇ ਤੁੰਦੋ ਤੇਜ਼,
ਸਾਹਿਲ ਤੁਝੇ ਅਤਾਅ ਹੋ, ਸਾਹਿਲ ਨ ਕਰ ਕਬੂਲ।
ਤਥਾ : ਇਸ ਦੌਰ ਕੀ ਜ਼ੁਲਮਤ ਮੇਂ ਹਰ ਕਲਬਿ ਪ੍ਰੇਸ਼ਾਂ ਕੋ,
ਵੁਹ ਦਾਗਿ ਮੁਹੱਬਤ ਦੇ, ਜੋ ਚਾਂਦ ਕੋ ਸ਼ਰਮਾ ਦੇ।

ਅਤੇ ਅੰਤ ਵਿਚ–

ਆਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ ॥
ਨਾਨਕ, ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ ॥
(ਮ: ੫, ਪੰਨਾ ੧੦੯੬)

ਸਾਡੇ ਬਦਲਦੇ ਪ੍ਰਚਾਰ-ਢੰਗ

ਸਿਖੀ ਇਕ ਪ੍ਰਚਾਰਕ ਪ੍ਰਗਤੀ-ਸ਼ੀਲ ਮੱਤ ਹੈ। ਇਸ ਦੇ ਬੁਨਿਆਦੀ ਸਿਧਾਂਤ, ਜਿਹਾ ਕਿ ਇਕ ਅਕਾਲ ਪੁਰਖ ਦੀ ਹੋਂਦ ਤੇ ਪੂਜਾ ਉਤੇ ਵਿਸ਼ਵਾਸ, ਗੁਰੂ ਨਾਨਕ ਦੇਵ ਜੀ ਆਦਿ ਦਸਾਂ ਗੁਰੂ ਸਾਹਿਬਾਨ ਦਾ ਇਕ ਜੋਤਿ ਤੇ ਸ਼ਬਦ (ਗੁਰਬਾਣੀ) ਦਾ ਗੁਰੂ ਰੂਪ ਹੋਣਾ, ਖੰਡੇ ਦੀ ਪਾਹੁਲ, ''ਏਕ ਪਿਤਾ ਏਕਸ ਕੇ ਹਮ ਬਾਰਿਕ'' ਦਾ ਬੁਨਿਆਦੀ ਸਿਧਾਂਤ ਅਤੇ 'ਮਨੁੱਖੀ ਸਮਾਨਤਾ' ਉਤੇ ਨਿਸ਼ਚਾ, ਤਾਂ ਅ-ਬਦਲ ਹਨ; ਪ੍ਰੰਤੂ, ਇਸ ਅਮੁਲੀਕ ਵੀਚਾਰਧਾਰਾ ਦੇ ਪ੍ਰਚਾਰਨ, ਪ੍ਰਸਾਰਨ ਦੇ ਢੰਗਾਂ ਅਤੇ ਸਾਧਨਾਂ ਦਾ ਸਮੇਂ ਸਮੇਂ ਬਦਲਣਾ ਕਿਸੇ ਤਰ੍ਹਾਂ ਵੀ ਵੈਹਤ ਤੇ ਵਿਵਰਜਤ ਨਹੀਂ।

ਵੇਖੋ, ਮਨੁੱਖ ਨੇ ਸੈਲਫ, ਪੱਥਰ ਤੇ ਧਾਤ ਦੇ ਜੁਗਾਂ ਤੋਂ ਉੱਠ ਕੇ, ਹਰ ਨਵੇਂ ਤੇ ਬਦਲੇ ਜ਼ਮਾਨੇ ਵਿਚ ਆਪਣੀਆਂ ਖੋਜਾਂ ਤੇ ਲਭਤਾਂ ਤੋਂ ਕਿਵੇਂ ਲਾਭ ਉਠਾਇਆ ਅਤੇ ਜੀਵਨ ਨੂੰ ਹਰ ਪਖੋਂ ਸੋਹਣਾ, ਸੁਚੱਜਾ ਤੇ ਸੁਖਦਾਈ ਬਣਾਉਣ ਦਾ ਜਤਨ ਕੀਤਾ ਹੈ। ਪ੍ਰਾਪਤ ਵਿਗਿਆਨ ਦੇ ਬਲ ਬੋਤੇ ਅੱਜ ਉਹ ਚੰਦ ਨੂੰ ਛੂਹ ਸਕਦਾ ਹੈ। ਉਹ ਘੋੜੇ ਆਦਿ ਦੀ ਸਵਾਰੀ ਦੀ ਥਾਂ ਰੇਲ ਗੱਡੀਆਂ, ਕਾਰਾਂ ਤੇ ਆਵਾਜ਼ ਨਾਲੋਂ ਤੇਜ਼ ਉੱਡਣ ਵਾਲੇ ਜਹਾਜ਼ਾਂ ਦੀ ਵਰਤੋਂ ਨਾਲ ਦੂਰੀ ਦਾ ਅਭਾਵ ਕਰ ਰਿਹਾ ਹੈ। ਰੇਡੀਓ ਤੇ ਟੈਲੀਵੀਜ਼ਨਾਂ ਰਾਹੀਂ ਉਹ ਸਾਰੇ ਸੰਸਾਰ ਨਾਲ ਇਉਂ ਸਾਂਝ ਪਾ ਰਿਹਾ ਹੈ, ਜਿਵੇਂ ਕਿ ਇਕ ਨਾਲ ਵਸਦੇ ਗਵਾਂਢੀ ਨਾਲ ਪੈ ਸਕਦੀ ਹੈ।

ਸਿਖੀ ਇਕ ਸੁਧਾਰ-ਸਮਰਤਕ ਤੇ ਅਗਾਂਹ-ਵਧੂ ਧਰਮ ਹੈ। ਜਗਤ ਕਲਿਆਨ ਲਈ, ਸਿਖੀ-ਪ੍ਰਚਾਰ ਵਿਚ ਵਰਤਮਾਨ ਵਿਗਿਆਨਿਕ ਕਾਢਾਂ ਨੂੰ

ਵਰਤੋਂ ਵਿਚ ਨਾ ਲਿਆਉਣਾ, ਸਿਖੀ ਦੇ ਸੱਫੁਟ ਚਸ਼ਮੇ ਨੂੰ ਆਪਣੀ ਹੱਥੀਂ ਬੰਦ ਕਰਨ ਤੁੱਲ ਹੈ। ਅਜੇਹਾ ਹੋਣ ਦੀ ਸੂਰਤ ਵਿਚ 'ਯਾਰ ਲੋਕ' ਅੱਗੇ ਵੱਧ ਕੇ ਮੰਜ਼ਲ ਉਤੇ ਪਹੁੰਚ ਜਾਣਗੇ, ਕਾਰਵਾਂ ਤੁਰ ਜਾਏਗਾ ਅਤੇ ਅਸੀਂ ਬੈਠੇ ਗਰਦ ਗੁਬਾਰ ਵੇਖੀ ਤੇ ਕਾਫਲੇ ਦੇ ਟੱਲਾਂ ਦੀ ਆਵਾਜ਼ ਵਿਚ ਮਸਤ ਹੁੰਘ-ਲਾਈ ਜਾਵਾਂਗੇ। ਫਿਰ ਸਾਡੀ ਤਰਸ-ਯੋਗ ਤੇ ਦੀਨ ਦਸ਼ਾ ਉੱਤੇ ਅਵੱਸ਼ ਇਹ ਸ਼ੇਅਰ ਸਾਦਕ ਹੋਵੇਗਾ :

*ਯਾਰਾਨਿ ਤੇਜ਼ ਗਾਮ ਨੇ, ਮਹਮਲ ਕੋ ਜਾ ਲੀਆ,
ਹਮ ਯੂੰਹੀ ਮਹਵ ਨਾਲਾਇ ਜਰਸਿ ਕਾਰਵਾਂ ਰਹੇ। (ਇਕਬਾਲ)

ਇਹ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਫਰ ਦੀਆਂ ਵਰਤਮਾਨ ਸਹੂਲਤਾਂ ਪ੍ਰਾਪਤ ਨਾ ਹੋਣ ਕਰਕੇ ਉਨ੍ਹਾਂ ਨੇ ਸੰਸਾਰ ਦੇ ਇਕ ਵੱਡੇ ਖੇਤਰ ਨੂੰ ਵਧੇਰੇ ਕਰਕੇ ਪੈਦਲ ਹੀ ਗਾਹਿਆ ਤੇ ਇਸ ਤਰ੍ਹਾਂ ਵੀਹ ਕੁ ਹਜ਼ਾਰ ਮੀਲ ਦਾ ਸਫਰ ਕਰਨ ਦਾ ਕਮਾਲ ਕੀਤਾ; ਪ੍ਰੰਤੂ, ਇਸ ਦਾ ਇਹ ਅਰਥ ਨਹੀਂ ਕਿ ਅੱਜ ਅਸੀਂ ਵੀ ਜਿਧਰ ਪ੍ਰਚਾਰ ਦੌਰਾ ਕਰੀਏ, ਪੈਦਲ ਹੀ ਕਰੀਏ ਰੇਲ ਗੱਡੀ ਲਾਊਡ ਸਪੀਕਰਾਂ, ਰੇਡੀਓ ਤੇ ਟੈਲੀਵੀਜ਼ਨ ਦੀ ਵਰਤੋਂ ਨ ਕਰੀਏ। ਜੇ ਗੁਰਸਿਖਾਂ ਨੂੰ ਉਸ ਸਮੇਂ ਦੀ ਲੋੜ ਅਨੁਸਾਰ ਪਾਣੀ ਢੋਣਾ, ਪੱਖਾ ਫੇਰਨ, ਚੱਕੀ ਪੀਹਣ ਆਦਿ ਸੇਵਾ ਦੀ ਤਾਕੀਦ ਸੀ ਤਾਂ ਇਸ ਦਾ ਭਾਵ ਕਦਾਚਿਤ ਇਹ ਨਹੀਂ ਹੋ ਸਕਦਾ ਕਿ ਅਸੀਂ ਉਪਰੋਕਤ ਸੇਵਾ ਨੂੰ ਜਿਉਂ ਦੀ ਤਿਉਂ ਕਾਇਮ ਰੱਖਣ ਲਈ ਬਿਜਲੀ ਦੇ ਪੱਖਿਆਂ, ਪਾਣੀ ਦੇ ਨਲਕਿਆਂ ਅਤੇ ਤਾਕਤ ਨਾਲ ਚਲਣ ਵਾਲੀਆਂ ਆਟੇ ਦੀਆਂ ਚਕੀਆਂ ਦੀ ਵਰਤੋਂ ਛੱਡ ਦੇਈਏ। ਪਾਣੀ ਢੋਣਾ, ਪੱਖਾ ਫੇਰਨਾ ਤੇ ਚੱਕੀ ਪੀਹਣਾ ਤਾਂ ਸੇਵਾ ਦੇ ਸੰਕੇਤ ਹਨ। ਜਿਸ ਸਮੇਂ ਹਾਲਾਤ ਤੇ ਪ੍ਰਾਪਤ ਸਾਧਨਾਂ ਅਨੁਸਾਰ, ਜਿਸ ਪ੍ਰਕਾਰ ਦੀ

---

*ਤੇਜ਼ ਤੁਰਨ ਵਾਲਿਆਂ ਤੇ ਉਸ ਕਚਾਵੇ ਨੂੰ ਜਾ ਹੱਥ ਪਾਇਆ ਜਿਸ ਵਿਚ ਲੈਲਾਂ ਸਫਰ ਕਰਦੀ ਸੀ। ਅਸੀਂ ਏਵੇਂ ਕਾਫਲੇ ਦੀਆਂ ਘੰਟੀਆਂ ਦੀ ਆਵਾਜ਼ ਵਿਚ ਹੀ ਮਸਤ ਰਹੇ।

ਸੇਵਾ ਦੀ ਲੋੜ ਭਾਸੀ, ਸਤਿਗੁਰਾਂ ਨੇ ਵੈਸੀ ਸੇਵਾ ਕਰਨ ਦੀ ਤਾਕੀਦ ਕਰ ਦਿਤੀ। ਗੁਰਦੇਵ ਦਾ ਪ੍ਰਯੋਜਨ ਸਿੱਖ ਦੇ ਅੰਦਰ ਐਸਾ ਭਾਵ ਪੈਦਾ ਕਰਨਾ ਹੈ, ਜਿਸ ਨਾਲ ਉਹ ਸਮੇਂ ਅਨਕੂਲ ਮਨੁੱਖ ਮਾਤਰ ਦੀ ਹਰ ਤਰ੍ਹਾਂ ਦੀ ਯੋਗ ਸੇਵਾ ਨੂੰ ਗੁਰੂ ਦੀ ਸੇਵਾ ਸਮਝੇ ਤੇ ਨਿਸ਼ਕਾਮ ਹੋ ਕੇ ਕਰ ਸਕੇ। ਬਦਲਦੇ ਹਾਲਾਤ ਅਨੁਸਾਰ ਇਹ ਸੇਵਾ ਬਦਲਦੀ ਰਹੇਗੀ। ਸੇਵਾ ਦੇ ਲੰਮੇ ਚੌੜੇ ਤੇ ਸਮੇਂ ਸਮੇਂ ਬਦਲਦੇ ਖੇਤਰ ਸਦਾ ਲਈ ਸੀਮਤ ਜਾਂ ਨਿਯਤ ਨਹੀਂ ਕੀਤੇ ਜਾ ਸਕਦੇ। ਸੇਵਾ ਇਕ ਭਾਵਨਾ ਹੈ, ਜਿਸ ਸੇਵਾ ਨਾਲ ਵੀ ਸਤਿਗੁਰੂ ਜੀ ਦਾ ਮਨ ਮੰਨੇ, ਓਹੀ ਸੇਵਾ ਸਫਲ ਹੈ। ਗੁਰਵਾਕ ਹੈ :

> ਸਾ ਸੇਵਾ ਕੀਤੀ ਸਫਲੁ ਹੈ,
> ਜਿਤੁ ਸਤਿਗੁਰ ਕਾ ਮਨੁ ਮੰਨੇ ॥ (ਮ: ੪, ਪੰਨਾ ੩੧੪)

ਕੋਈ ਸਮਾ ਸੀ ਜਦ ਆਪਣੇ ਮੱਤ ਅਥਵਾ ਵੀਚਾਰਾਂ ਨੂੰ ਪ੍ਰਸਪਰ ਵੀਚਾਰ-ਵਟਾਂਦਰਿਆਂ, ਗੋਸ਼ਟੀਆਂ, ਵਖਿਆਨਾਂ, ਬਹਿਸਾਂ ਅਤੇ ਸ਼ਾਸਤ੍ਰਾਰਥ ਰਾਹੀਂ ਪ੍ਰਚਾਰਿਆ ਜਾਂਦਾ ਸੀ। ਕਾਗਜ਼ ਦੀ ਥੁੜ ਅਤੇ ਛਪਾਈ-ਜੰਤਰਾਂ ਦੀ ਅਣਹੋਂਦ ਕਾਰਨ, ਭੋਜ-ਪੱਤਰਾਂ, ਪੱਥਰਾਂ ਤੇ ਸਿਲਾਂ ਆਦਿ ਉਤੇ ਵੀਚਾਰ ਖੋਦੇ (ਉਕਰੇ) ਜਾਂਦੇ ਸਨ।

ਉਪ੍ਰੰਤ, ਇਕ ਸਮਾਂ ਐਸਾ ਵੀ ਆਇਆ ਜਦ ਸੀਮਤ ਮਿਕਦਾਰ ਵਿਚ ਕਾਗਜ਼ ਤੇ ਸਿਆਹੀ ਪ੍ਰਾਪਤ ਹੋਣ ਲਗੀ। ਸਿਆਹੀ ਬਣਾਉਣ ਦੀ ਬਿਧੀ ਦੀ ਇਹ ਮਹੱਤਤਾ ਸੀ ਕਿ ਇਸ ਦੇ ਨੁਸਖੇ ਨੂੰ ਪੁਸਤਕਾਂ ਤੇ ਗ੍ਰੰਥਾਂ ਉਤੇ ਲਿਖ ਕੇ ਸਾਂਭਿਆ ਜਾਣ ਲੱਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕ ਲਿਖਤੀ ਬੀੜਾਂ ਅਜੇਹੀਆਂ ਮਿਲਦੀਆਂ ਹਨ, ਜਿਨ੍ਹਾਂ ਦੇ ਅੰਤ ਵਿਚ ''ਸਿਆਹੀ ਦੀ ਬਿਧੀ'' ਦਾ ਨੁਸਖਾ ਅੰਕਿਤ ਹੈ।

ਆਖਰ ਪ੍ਰੈਸ (ਛਾਪੇਖਾਨੇ) ਦਾ ਜੁਗ ਆਇਆ। ਪਹਿਲਾਂ ਪੱਥਰ ਦਾ ਛਾਪਾ ਤੁਰਿਆ ਤੇ ਫੇਰ ਸਿੱਕੇ ਦਾ। ਪਲੇਟ ਫਾਰਮ ਨਾਲੋਂ ਪ੍ਰੈਸ ਰਾਹੀਂ ਪ੍ਰਚਾਰ ਕਰਨਾ, ਨ ਕੇਵਲ ਵਧੇਰੇ ਸੌਖਾ ਹੈ; ਸਗੋਂ, ਇਸ ਦਾ ਖੇਤਰ ਵੀ ਕਿਤੇ

ਰੋਚਕ ਤੇ ਪਾਇਦਾਰ ਹੈ। ਜਿਵੇਂ ਜਿਵੇਂ ਛਪਾਈ ਦੀ ਜੁਗਤੀ ਵਿਚ ਪ੍ਰਗਤੀ ਹੁੰਦੀ ਗਈ ਇਹ ਸਾਧਨ ਵਧੇਰੇ ਸੁਚੱਜਾ ਬਣਦਾ ਗਿਆ। ਅੱਜ ਵੀਚਾਰ-ਵਟਾਂਦਰੇ ਤੇ ਜਾਣਕਾਰੀ ਲਈ ਪੁਸਤਕਾਂ, ਰਸਾਲਿਆਂ, ਅਖਬਾਰਾਂ ਤੇ ਚਿੱਤਰਾਂ ਆਦਿ ਰਾਹੀਂ ਆਪਣੇ ਆਪਣੇ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਆਰਥਕ ਫਲਸਫੇ ਨੂੰ ਫੈਲਾਇਆ ਜਾ ਰਿਹਾ ਹੈ।

ਖੇਦ ਤੇ ਬਦਕਿਸਮਤੀ ਦੀ ਗੱਲ ਹੈ ਕਿ ਪਹਿਲੇ ਪਹਿਲ, ਅਣਭੋਲ ਤੇ ਸ਼ਰਧਾ-ਵੱਸ ਸਿਖਾਂ ਵਿਚ ਇਹ ਖਿਆਲ ਪ੍ਰਚਾਰਿਆ ਗਿਆ ਕਿ 'ਗੁਰਾਂ ਦੀ ਪਵਿੱਤਰ ਬਾਣੀ' ਕੇਵਲ ਗੁਰਾਂ ਦੇ ਮੁਖੋਂ ਉਚਾਰੀ ਲਿਪੀ–ਗੁਰਮੁਖੀ ਤੋਂ ਬਿਨਾ ਕਿਸੇ ਹੋਰ ਲਿਪੀ ਵਿਚ ਲਿਖੇ ਜਾਣਾ, ਗੁਰਬਾਣੀ ਦਾ ਨਿਰਾਦਰ ਹੈ।

ਇਸ ਈਮਾਨਦਾਰਨਾ, ਪ੍ਰੰਤੂ ਅਲਪ ਦ੍ਰਿਸ਼ਟੀ-ਭਰਪੂਰ ਜਜ਼ਬੇ ਦਾ ਇਹ ਅਸਰ ਹੋਇਆ ਕਿ ਬਹੁਤ ਹੀ ਘੱਟ ਬੋਲੀਆਂ ਵਿਚ ਗੁਰਬਾਣੀ ਛਪ ਸਕੀ। ਆਖਰ, ਸਾਨੂੰ ਹੁਣ ਸਮਝ ਆਈ ਹੈ ਕਿ ਗੁਰਬਾਣੀ ਸੰਸਾਰ ਦੀਆਂ ਸਭ ਬੋਲੀਆਂ ਵਿਚ ਛਪਣੀ ਚਾਹੀਦੀ ਹੈ। ਅਜੇਹਾ ਨ ਹੋਣ ਜਾਂ ਨ ਕਰਨ ਦੀ ਸੂਰਤ ਵਿਚ ਅਸੀਂ ਗੁਰੂ ਜੀ ਅਤੇ ਮਨੁੱਖ ਜਾਤੀ ਦੇ ਦੇਣਹਾਰ ਹੋਵਾਂਗੇ। ਸਤਿਗੁਰੂਆਂ ਦੇ ਉਪਦੇਸ਼ ਨੂੰ ਸੀਮਤ ਘੇਰੇ ਵਿਚ ਰੱਖਣਾ ਅਤੇ ਸੰਸਾਰ ਦੀਆਂ ਧਰਮ-ਭੁਖੀਆਂ ਰੂਹਾਂ ਨੂੰ ਨ ਦੇਣਾ, ਸਾਡੀ, ਇਕ ਐਸੀ ਅਣਗਹਿਲੀ, ਅਵੱਗਿਆ ਤੇ ਸੰਸਾਰ ਨਾਲ ਅਜੇਹਾ ਧੱਕਾ ਹੈ, ਜੋ ਸ਼ਾਇਦ ਕਦੀ ਮਾਫ ਨਾ ਹੋ ਸਕੇ।

ਪ੍ਰੈਸ-ਜੁਗ ਦੇ ਨਾਲ-ਨਾਲ ਫੇਰ ਰੇਡੀਓ, ਰੀਕਾਰਡਿੰਗ ਤੇ ਟੈਲੀਵੀਜ਼ਨ ਦੇ ਜੁੱਗ ਦਾ ਅਰੰਭ ਹੋਇਆ। ਵੀਚਾਰਾਂ ਦੇ ਪ੍ਰਸਾਰਨ ਵਿਚ ਰੇਡੀਓ ਤੇ ਟੈਲੀ-ਵੀਜ਼ਨ ਤਾਂ ਪੁਸਤਕਾਂ ਤੇ ਅਖਬਾਰਾਂ ਆਦਿ ਨੂੰ ਵੀ ਮਾਤ ਪਾ ਗਏ। ਪੜ੍ਹਿਆ ਅਨਪੜ੍ਹਿਆ, ਸਭ ਇਸ ਦੀ ਮਾਰ ਤੇ ਅਸਰ ਹੇਠ ਆ ਰਿਹਾ ਹੈ। ਜਾਣਕਾਰੀ ਦੀ ਜਾਣਕਾਰੀ ਤੇ ਦਿਲ ਪ੍ਰਚਾਵੇ ਦਾ ਦਿਲ ਪ੍ਰਚਾਵਾ। ਵੰਨ ਸੁਵੰਨੇ ਫੀਚਰ ਤੇ ਪ੍ਰੋਗਰਾਮ, ਸੰਗੀਤ ਤੇ ਮਨੋਰੰਜਨ ਸਭ ਨੂੰ ਪ੍ਰਭਾਵਿਤ ਕਰਦੇ ਤੇ ਆਪਣਾ ਪ੍ਰਭਾਵ ਪਾਉਂਦੇ ਹਨ। ਹਰ ਤਰ੍ਹਾਂ ਦੇ ਚੰਗੇ ਮੰਦੇ, ਪ੍ਰਾਪੇਗੰਡੇ ਲਈ ਇਸ ਨੂੰ ਵਰਤਿਆ

ਜਾ ਸਕਦਾ ਹੈ। ਧਰਮ-ਪ੍ਰਚਾਰ ਦੀ ਵਿਉਂਤ ਸਮੇਂ ਪ੍ਰਾਪੇਗੰਡੇ ਦੇ ਅਜੇਹੇ ਸਫਲ ਸਾਧਨ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਰੇਡੀਓ ਤੇ ਬ੍ਰਾਡਕਾਸਟਿੰਗ ਉਤੇ ਤਾਂ ਸਰਕਾਰ ਦਾ ਕਬਜ਼ਾ ਹੈ। ਪ੍ਰੰਤੂ, ਗੁਰਬਾਣੀ ਦੀ ਰੀਕਾਰਡਿੰਗ ਉਤੇ ਅਜੇਹੀ ਕੋਈ ਪਾਬੰਦੀ ਨਹੀਂ। ਸ਼ੁਕਰ ਹੈ ਕਿ ਹੁਣ ਗੁਰਬਾਣੀ ਰੀਕਾਰਡਿੰਗ ਵਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਅਰੰਭ ਹੋਇਆ ਹੈ। ਗੁਰਬਾਣੀ ਦੇ ਸ਼ਬਦਾਂ ਦੇ ਰੀਕਾਰਡ ਕੀਤੇ ਹੋਏ ਟੇਪ ਇਕ ਤੋਂ ਦੂਜੀ ਥਾਂ ਭੇਜੇ ਜਾ ਰਹੇ ਹਨ। ਕਥਾ ਵਖਿਆਨ ਦੀ ਰੀਕਾਰਡਿੰਗ ਵਲ ਅਜੇ ਵਧੇਰੇ ਧਿਆਨ ਨਹੀਂ ਦਿੱਤਾ ਜਾ ਰਿਹਾ। ਆਸ ਹੈ ਕਿ ਸਮੂਹ ਸਿਖ ਸੁਸਾਇਟੀਆਂ, ਪ੍ਰਚਾਰ ਲਈ, ਇਸ ਸਾਧਨ ਦੀ ਵੀ ਵੱਧ ਤੋਂ ਵੱਧ ਵਰਤੋਂ ਕਰਨਗੀਆਂ। ਹਜ਼ਾਰ ਚਾਹੀਏ, ਅੱਜ ਅਸੀਂ ਪੰਥ ਵਿਚ ਹੋ ਗੁਜ਼ਰੀਆਂ ਮਹਾਨ ਤੇ ਵਿਦਵਾਨ ਹਸਤੀਆਂ ਦੇ ਉਪਦੇਸ਼ਾਂ ਨੂੰ, ਉਨ੍ਹਾਂ ਦੀ ਅਵਾਜ਼ ਤੇ ਸ਼ਬਦਾਂ ਵਿਚ ਨਹੀਂ ਦੁਹਰਾ ਸਕਦੇ। ਅਗੇ ਲਈ, ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਅਜੋਕੇ ਜੁਗ ਵਿਚ ਪ੍ਰਚਾਰ ਦਾ ਇਕ ਮਹਾਨ ਬਲਵਾਨ ਸਾਧਨ ਹੈ– ਸਕਰੀਨ (ਪਰਦਾ)। ਜਿਤਨੀ ਰੁਚੀ ਨਾਲ ਲੋਕ ਸਕਰੀਨ ਉਤੇ ਉਤਾਰੀ ਗਈ ਫਿਲਮ ਦੀ ਕਹਾਣੀ ਵੇਖਦੇ ਤੇ ਉਸ ਤੋਂ ਪ੍ਰਭਾਵਤ ਹੁੰਦੇ ਹਨ, ਉਤਨਾ ਕਿਸੇ ਹੋਰ ਪ੍ਰਾਪੇਗੰਡਾ-ਢੰਗ ਤੋਂ ਨਹੀਂ ਹੁੰਦੇ। ਹੋਣ ਵੀ ਕਿਉਂ ਨਾ, ਜਦ ਸਿਆਣਿਆਂ ਦਾ ਨਿਰਣਾ ਹੈ–

"ਸ਼ੁਨੀਦਾ ਕੈ ਬੁਵਦ ਮਾਨਿੰਦਿ ਦੀਦਾ"

(ਭਾਵ–ਸੁਣਿਆ, ਵੇਖਣ ਦੇ ਬਰਾਬਰ ਨਹੀਂ ਹੋ ਸਕਦਾ)। ਇਹੀ ਕਾਰਨ ਹੈ ਕਿ ਸਮੂਹ ਸਭਾ ਸੁਸਾਇਟੀਆਂ, ਸਰਕਾਰਾਂ ਤੇ ਪ੍ਰਚਾਰ-ਮਿਸ਼ਨ ਇਸ ਮਨੋਹਰ ਸਾਧਨ ਨੂੰ ਅਪਣਾਅ ਰਹੇ ਹਨ। ਸਮਾਜ ਸੁਧਾਰ ਤੇ ਚਲਣ ਨੂੰ ਉੱਚਾ, ਸੁੱਚਾ ਤੇ ਸਚਿਆਰਾ ਬਣਾਉਣ ਲਈ ਜੋ ਰੋਲ ਸਕਰੀਨ ਅਦਾ ਕਰ ਸਕਦਾ ਹੈ, ਉਹ ਹੋਰ ਕੋਈ ਸਾਧਨ ਨਹੀਂ ਕਰ ਸਕਦਾ। ਜਿਨ੍ਹਾਂ ਨੇ ਹਜ਼ਰਤ

ਮੂਸਾ ਨਾਲ ਸੰਬੰਧਤ ਫਿਲਮ, **Ten Commandments** (ਹਜ਼ਰਤ ਮੂਸਾ ਦੇ ਦਸ ਹੁਕਮ), ਵੇਖੀ ਹੈ, ਉਹ ਜਾਣਦੇ ਹਨ ਕਿ ਇਹ ਫਿਲਮ ਯਹੂਦੀ ਮੱਤ ਦੀ ਜਾਣਕਾਰੀ ਤੇ ਪ੍ਰਚਾਰ ਲਈ ਕਿੱਡਾ ਵੱਡਾ ਤੇ ਸਫਲ ਵਸੀਲਾ ਸੀ।

ਸਿਆਣਿਆਂ ਤੇ ਭਲੇ ਲੋਕਾਂ ਵਲੋਂ ਬ-ਜਾਅ ਤੌਰ ਉਤੇ ਇਹ ਨੁਕਤਾ ਉਠਾਇਆ ਤੇ ਇਤਰਾਜ਼ ਪੇਸ਼ ਕੀਤਾ ਜਾਂਦਾ ਹੈ ਕਿ ਆਮ ਤੌਰ ਉਤੇ ਸਾਡੇ ਦੇਸ਼ ਵਿਚ ਜੋ ਫਿਲਮਾਂ ਬਣਦੀਆਂ ਹਨ, ਉਹ ਨੌਜਵਾਨ ਬੱਚੇ, ਬੱਚੀਆਂ ਦਾ ਚਲਣ ਉੱਚਿਆਉਣ ਦੀ ਥਾਂ, ਨੀਵਾਂ ਕਰਦੀਆਂ ਹਨ। ਪੱਛਮੀ ਢੰਗ ਦੇ ਨਾਚ, ਤੇ ਨੰਗੇਜ਼ਵਾਦ ਜਿਨ੍ਹਾਂ ਵਿਚ ਸਰੀਰ ਦੀਆਂ ਕੁਝ ਹਰਕਤਾਂ, ਮੰਦ ਤੇ ਕਾਮਕ-ਰੁਚੀਆਂ ਨੂੰ ਉਤੇਜਨਾ ਦਿੰਦੀਆਂ ਹਨ, ਭਾਰਤੀ ਤਹਜ਼ੀਬ ਦੇ ਅਨਕੂਲ ਨਹੀਂ। ਅਸੀਂ ਇਨ੍ਹਾਂ ਅਤੇ ਅਜੇਹੇ ਹੋਰ ਇਤਰਾਜ਼ਾਂ ਨਾਲ ਸੌ ਫੀ ਸਦੀ ਸਹਿਮਤ ਹਾਂ। ਪ੍ਰੰਤੂ, ਇਸ ਸੰਬੰਧ ਵਿਚ ਵੀਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਇਸ ਵਿਚ ਦੋਸ਼ ਸਕਰੀਨ ਅਥਵਾ ਫਿਲਮ-ਸਾਧਨ ਦਾ ਨਹੀਂ। ਕਿਸੇ ਵੀ ਨੇਕ ਤੋਂ ਨੇਕ ਸਾਧਨ ਦੀ ਦੁਰ-ਵਰਤੋਂ ਹੋ ਸਕਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਫਿਲਮਾਂ ਦੇ ਨਿਰਮਾਤਾ ਅਜੇਹੀਆਂ ਅਸਭ੍ਯ ਫਿਲਮਾਂ ਬਣਾਉਂਦੇ ਕਿਉਂ ਹਨ ? ਉਨ੍ਹਾਂ ਦਾ ਕਥਨ ਹੈ ਕਿ ਜੇ ਉਹ ਕੇਵਲ ਉੱਚ ਪੱਧਰ ਦੀ ਇਖਲਾਕੀ (ਆਚਰਣਕ), ਸੁਧਾਰਿਕ ਜਾਂ ਧਾਰਮਿਕ ਫਿਲਮ ਹੀ ਬਣਾਉਣ, ਅਤੇ ਆਮ ਜਨਤਾ ਦੀ ਪਸੰਦ ਦੇ ਮਨੋਰੰਜਨ ਦਾ ਪ੍ਰਬੰਧ ਨ ਕਰਨ, ਤਾਂ ਫਿਲਮ ਫੇਲ੍ਹ ਹੋ ਜਾਂਦੀ ਹੈ ਅਤੇ ਉਹ ਇਸ ਤਰ੍ਹਾਂ ਘਏ ਘਾਟੇ ਨਾਲ ਪਿੱਸ ਜਾਂਦੇ ਹਨ। ਐਸੀ ਸਥਿਤੀ ਵਿਚ ਹੋਵੇ, ਤਾਂ ਕੀ ? ਇਹ ਤਾਂ ਮੁਰਗੀ ਤੇ ਅੰਡੇ ਵਾਲੀ ਸਮੱਸਿਆ ਹੈ। ਇਥੇ ਪਹਿਲ ਕੌਣ ਕਰੇ। ਨਿਰਮਾਤਾ ਜਾਂ ਜੰਤਕ-ਰੁਚੀਆਂ ?

ਕੁਛ ਵੀ ਹੋਵੇ, ਸਮੂਹ ਸਭਾ ਸੁਸਾਇਟੀਆਂ ਤੇ ਸਰਕਾਰਾਂ ਦੀ ਇਹ ਭਾਰੀ ਜ਼ੁੰਮੇਵਾਰੀ ਹੈ ਕਿ ਉਹ ਫਾਹਸ਼ ਤੇ ਚਲਣ-ਹੀਣਤਾ ਪ੍ਰਚਾਰਨ ਵਾਲੀ ਫਿਲਮ ਨੂੰ ਰੋਕਣ ਤੇ ਜਨਤਾ ਦਾ ਸੂਛ ਸੁਭਾ ਘੜਨ ਲਈ

ਐਸਾ ਪ੍ਰਬੰਧ ਕਰਨ, ਜਿਸ ਨਾਲ ਕੌਮ ਐਸ਼ ਆਰਾਮ ਦੇ ਪਿਆਲੇ ਵਿਚ ਗਰਕ ਕਰਨ ਵਾਲੇ ਮਨੋਰੰਜਨ ਮਾਣਨ ਦੀ ਥਾਂ, ਉੱਚ ਚਲਨ-ਉਪਜਾਊ, ਨਿਰੋਏ, ਨਿੱਗਰ ਤੇ ਸਾਹਸ-ਭਰਪੂਰ ਨਾਟਕ ਤੇ ਫਿਲਮਾਂ ਨੂੰ ਮਾਣੇ ਅਤੇ ਉਚੇਰੀ ਉਠੇ।

ਉਪ੍ਰੋਕਤ ਵੀਚਾਰ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਸਕਰੀਨ (ਪਰਦਾ) ਆਪਣੀ ਜ਼ਾਤ ਵਿਚ ਮਾੜੀ ਵਸਤੂ ਨਹੀਂ; ਸਗੋਂ, ਸੁਵਰਤੋਂ ਹੋਣ ਦੀ ਸੂਰਤ ਵਿਚ ਇਕ ਮਹਾਨ ਵਸੀਲਾ ਹੈ, ਜਨ-ਸਾਧਾਰਨ ਨੂੰ ਉੱਚਾ ਚੁੱਕਣ ਤੇ ਲਾਭਦਾਇਕ ਜਾਣਕਾਰੀ ਦੇਣ ਦਾ। ਹਾਂ, ਇਸ ਦੀ ਦੁਰ-ਵਰਤੋਂ ਇਸ ਨੂੰ ਅਵੱਸ਼ ਨਿੰਦਨੀਯ ਬਣਾ ਦਿੰਦੀ ਹੈ। ਅੰਗੂਰ ਕਿਤਨਾ ਸੁੰਦਰ, ਰਸਦਾਇਕ ਤੇ ਸੱਤਾ ਦੇਣ ਵਾਲਾ ਫਲ ਹੈ; ਪ੍ਰੰਤੂ, ਜਦ ਇਹ ਤਰੱਕ ਜਾਂਦਾ ਹੈ ਤਾਂ ਇਸ ਦੀ ਸ਼ਰਾਬ ਬਣਦੀ ਅਤੇ ਸ਼ਾਇਰ ਨੂੰ ਇਹ ਕਹਿਣ ਉਤੇ ਮਜਬੂਰ ਕਰਦੀ ਹੈ ਕਿ :

ਅੰਗੂਰ ਮੇ ਥੇ ਮੇ (ਮੈ=ਸ਼ਰਾਬ) ਥੀ,
ਪਾਣੀ ਕੀ ਚਾਰ ਬੂੰਦੇਂ।
ਜਿਸ ਦਿਨ ਸੇ ਖਿਚ ਗਈ ਹੈ,
ਤਲਵਾਰ ਬਨ ਗਈ ਹੈ। (ਜ਼ੌਕ)

ਹਰ ਪਾਸਿਓਂ ਆਵਾਜ਼ਾਂ ਆ ਰਹੀਆਂ ਹਨ ਕਿ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਦੇ ਮਨੁੱਖ ਮਾਤਰ ਦੀ ਕਲਿਆਣ ਲਈ ਚਲਾਏ ਅਦੁੱਤੀ ਧਰਮ ਨੂੰ ਸੰਸਾਰ ਦੇ ਕੋਨੇ ਕੋਨੇ ਤਕ ਪਹੁੰਚਾਓ। ਆਵੇ :

''ਬੜੇ ਗੌਰ ਸੇ ਸੁਨ ਰਹਾ ਥਾ ਜ਼ਮਾਨਾ,
ਹਮੀਂ ਸੋ ਗਏ, ਦਾਸਤਾਂ ਕਹਤੇ ਕਹਤੇ।''

ਵਾਲੀ ਗੱਲ ਨ ਕਰੋ। ਇਸ ਨੇਕ ਕੰਮ ਦੀ ਸੰਪੂਰਨਤਾ ਲਈ ਜਿਥੇ ਪਲੇਟ-ਫਾਰਮ, ਪ੍ਰੈਸ, ਰੇਡੀਓ ਆਦਿ ਆਧੁਨਿਕ ਸਾਧਨਾਂ ਤੇ ਵਸੀਲਿਆਂ ਦੀ ਲੋੜ ਹੈ, ਓਥੇ ਸਕਰੀਨ ਤੋਂ ਲਾਭ ਉਠਾਉਣ ਦੀ ਵੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪਾਸੇ ਵਲ ਕੁਝ ਨਿਰੋਈ ਸੇਧ ਤੇ ਸਹਾਇਤਾ ਦੇ ਕੇ ਪਹਿਲਾਂ 'ਸਚ ਖੰਡ ਵਸੈ ਨਿਰੰਕਾਰ' ਤੇ 'ਗੋਬਿੰਦ ਦਰਸ਼ਨ' ਅਤੇ ਹੁਣ

'ਨਿਰੰਕਾਰੀ ਦਰਸ਼ਨ' ਨਾਮ ਦੀਆਂ ਡਾਕਿਊਮੈਂਟਰੀ ਫਿਲਮਾਂ ਤਿਆਰ ਕਰਵਾਈਆਂ ਹਨ। ਸੰਗਤਾਂ ਨੇ ਇਨ੍ਹਾਂ ਨੂੰ ਬੇਹਦ ਪਸੰਦ ਕੀਤਾ ਹੈ ਤੇ ਬਾਹਰ ਸ਼ਹਿਰਾਂ ਤੇ ਪਿੰਡਾਂ ਵਿਚ ਵਿਖਾਉਣ ਦੀ ਵਾਰੀ ਨਹੀਂ ਬੱਝਦੀ। ਇਹਨਾਂ ਤੋਂ ਛੁੱਟ ਵਿਅਕਤੀਗਤ ਉੱਦਮ ਨਾਲ ਵੀ ਕੁਝ ਕੁ ਹੋਰ ਡਾਕਿਊਮੈਂਟਰੀ ਫਿਲਮਾਂ ਤਿਆਰ ਹੋਈਆਂ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਬਾਰੇ ਪ੍ਰਚਾਰ ਦੇ ਨੁਕਤੇ ਤੋਂ ਇਹ ਸਭ ਕੁਝ ਅਹਿਮ ਹੈ, ਪ੍ਰਸੰਸਾ ਯੋਗ ਹੈ, ਸਮੇਂ ਦੀ ਮੰਗ ਹੈ।

ਸ੍ਰੀ ਅੰਮ੍ਰਿਤਸਰ ਵਿਖੇ ਪੰਜਾਬ ਸਰਕਾਰ ਵਲੋਂ **Light and Sound** (ਰੌਸ਼ਨੀ ਤੇ ਆਵਾਜ਼) ਰਾਹੀਂ ਤਿਆਰ ਕਰਵਾਈ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿੱਤਰ ਨੂੰ ਦਰਸਾਉਣ ਵਾਲੀ ਫਿਲਮ 'ਜਗ ਚਾਨਣ ਹੋਆ' ਵਿਖਾਈ ਗਈ ਸੀ। ਬੜਾ ਪ੍ਰਭਾਵ ਪਿਆ ਸੀ ਲੋਕਾਂ ਉੱਤੇ ਸਤਿਗੁਰੂ ਜੀ ਦੀ ਅਜ਼ਮਤ (ਵਡਿਆਈ) ਦਾ, ਇਸ ਨੂੰ ਤੱਕ ਕੇ। ਕੇਵਲ ਸਿੱਖ ਹੀ ਨਹੀਂ, ਸਗੋਂ ਸਭ ਮਾਈ ਭਾਈ ਇਸ ਨੂੰ ਵੇਖ ਕੇ ਨਿਰੰਕਾਰੀ ਬਾਬੇ ਦੀ 'ਵਡੀ ਵਡਿਆਈ' ਤੋਂ ਪ੍ਰਭਾਵਤ ਹੋਏ ਸਨ।*

ਇਹਨਾਂ ਫਿਲਮਾਂ ਦੇ ਨਾਲ ਨਾਲ ਕੁਝ ਨਾਟਕ ਵੀ ਖੇਡੇ ਜਾ ਰਹੇ ਹਨ। ਇਹਨਾਂ ਵਿਚੋਂ 'ਚਮਕੌਰ ਦੀ ਗੜ੍ਹੀ', 'ਜਿਨਿ ਸਚੁ ਪਲੈ ਹੋਇ।' ਅਤੇ 'ਨਾਨਕ ਨਾਮੁ ਸਮਾਲਿ ਤੂ' ਖਾਸ ਕਰਕੇ ਵਰਨਣ ਯੋਗ ਹਨ। ਇਹ ਸਭ ਕੁਝ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਅਮਰ ਤੇ ਅਦੁੱਤੀ ਸਿਧਾਂਤਾਂ ਨੂੰ ਸਮਝਣ ਤੇ ਪ੍ਰਚਾਰਨ ਲਈ ਕਿਤਨਾ ਜ਼ਰੂਰੀ ਹੈ, ਇਹ ਹਕੀਕਤ, ਇਹ ਨਾਟਕ ਵੇਖਿਆਂ ਹੀ ਜਾਣੀ ਜਾ ਸਕਦੀ ਹੈ।

ਫੀਚਰ ਫਿਲਮਾਂ ਦੇ ਖੇਤਰ ਵਿਚ ਅਜੇ ਅਸੀਂ ਬਹੁਤ ਪਿਛੇ ਹਾਂ। ਜਦ ਕਦੀ ਕਿਸੇ ਹਿੰਦੀ ਫਿਲਮ ਵਿਚ ਕੋਈ ਸੱਜਣ ਸਿੱਖ ਦਾ ਰੋਲ ਨਿਭਾਂਦਾ

---

*ਹੁਣੇ ਜਿਹੇ ੧੯੭੭ ਈਸਵੀ ਵਿਚ ਵੀ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਦਿਵਸ ਸਮੇਂ ਹਰਿਮੰਦਰ ਸਾਹਿਬ ਸੰਬੰਧੀ ਫਿਲਮ ਵਿਖਾਈ ਗਈ ਸੀ।

ਵਿਖਾਇਆ ਜਾਂਦਾ ਹੈ, ਤਾਂ ਉਸ ਦਾ ਕੋਝਾ ਰੋਲ ਵੇਖ ਕੇ ਸਿਖਾਂ ਵਿਚ ਰੋਸ ਪੈਦਾ ਹੁੰਦਾ ਹੈ, ਤਕੜੀ ਹਲ ਚਲ ਮੱਚਦੀ ਹੈ। ਆਖਰ, ਉਹ ਹਿੱਸਾ ਫਿਲਮ ਵਿਚੋਂ ਖਾਰਜ ਕਰਵਾ ਕੇ ਹੀ ਸਾਹ ਲਿਆ ਜਾਂਦਾ ਹੈ। ਸਿਖਾਂ ਨੂੰ ਅਜੇਹੇ ਸਮਿਆਂ ਉਤੇ ਇਹ ਇਤਰਾਜ਼ ਨਹੀਂ ਹੁੰਦਾ ਕਿ ਸਿੱਖ ਨੂੰ ਫਿਲਮ ਵਿਚ ਕਿਉਂ ਵਿਖਾਇਆ ਗਿਆ ਹੈ। ਸਗੋਂ, ਇਤਰਾਜ਼ ਇਹ ਹੁੰਦਾ ਹੈ ਕਿ ਉਸ ਪਾਸੋਂ ਉਹ ਰੋਲ ਕਰਵਾਇਆ ਗਿਆ ਅਤੇ ਪੰਜਾਬੀ ਬੋਲੀ ਅਜੇਹੇ ਗਵਾਰ ਢੰਗ ਨਾਲ ਬੁਲਵਾਈ ਗਈ ਹੈ, ਜੋ ਲੋਕਾਂ ਦੇ ਹਾਸੇ ਦਾ ਕਾਰਨ ਬਣੇ ਅਤੇ ਸਿਖਾਂ ਨੂੰ ਇਕ ਅਸਭਯ ਕੌਮ ਦੇ ਰੂਪ ਵਿਚ ਪ੍ਰਗਟ ਕਰੇ।

ਇਸ ਦਾ ਹਕੀਕੀ ਤੇ ਨਿੱਗਰ ਇਲਾਜ ਇਹ ਹੈ ਕਿ ਖਾਸ ਖਾਸ ਪਾਬੰਦੀਆਂ ਦੇ ਅਧੀਨ ਸਿੱਖ ਚਲਣ, ਸਿਖੀ ਸਿਦਕ, ਸਿੱਖ ਇਤਿਹਾਸ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ, ਕਰਾਇਆ ਜਾਵੇ। ਸ਼੍ਰੋਮਣੀ ਗੁ: ਪ੍ਰ: ਕਮੇਟੀ ਤੇ ਚੀਫ ਖਾਲਸਾ ਦੀਵਾਨ ਤੇ ਹੋਰ ਜ਼ੁਮੇਵਾਰ ਸੁਸਾਇਟੀਆਂ ਫਿਲਮਾਉਣ ਜੋਗ ਕਹਾਣੀ ਦਾ ਅੱਖਰ ਅੱਖਰ ਵਾਚਣ ਅਤੇ ਵੇਖਣ ਕਿ ਕਿਸੇ ਸੰਬੰਧਤ ਫਿਲਮ ਵਿਚ ਸਿੱਖ ਸਤਿਗੁਰੂਆਂ, ਸਾਹਿਬਜ਼ਾਦਿਆਂ, ਗੁਰੂ ਜੀ ਕੇ ਮਹਿਲਾਂ ਤੇ ਪੰਜਾਂ ਪਿਆਰਿਆਂ ਆਦਿ ਮਹਾਨ ਵਿਅਕਤੀਆਂ ਦੇ ਸਾਂਗ ਨਾ ਉਤਾਰੇ ਜਾਣ। ਫਿਲਮ ਦੀ ਕਹਾਣੀ ਅਤੇ ਐਕਟਿੰਗ ਵਿਚ ਕੋਈ ਗੱਲ ਅਜੇਹੀ ਨਾ ਹੋਵੇ, ਜੋ ਸਿਖੀ ਦੇ ਬੁਨਿਆਦੀ ਸਿਧਾਂਤਾਂ ਦੇ ਪ੍ਰਤਿਕੂਲ ਨਾ ਹੋਵੇ। ਸਗੋਂ, ਫਿਲਮੀ ਕਹਾਣੀ ਗੁਰਮਤਿ ਸਿਧਾਂਤ, ਸਿੱਖ ਦੇ ਸਿਦਕ, ਉੱਚੇ ਸੁੱਚੇ ਆਚਾਰ ਤੇ ਸਰਬੱਤ ਦੇ ਭਲੇ ਦੀ ਲੋਚਾ ਨੂੰ ਉਜਾਗਰ ਕਰਦੀ ਹੋਵੇ। ਚੰਗਾ ਹੈ ਜੇ ਸਿਖਾਂ ਦਾ ਰੋਲ ਕਰਨ ਵਾਲੇ ਪਾਤਰ, ਸਿੱਖ ਹੀ ਹੋਣ।

ਜੇ ਅਜੇਹਾ ਹੋ ਸਕੇ ਤਾਂ ਸ਼ਾਇਦ ਅਸੀਂ ਸਿਖੀ ਦੇ ਸਦੀਵੀ ਸਿਧਾਂਤਾਂ ਨੂੰ ਵੱਖ ਵੱਖ ਬੋਲੀਆਂ ਵਿਚ ਬਣੀਆਂ ਫਿਲਮਾਂ ਦੁਆਰਾ ਸੰਸਾਰ ਦੇ ਉਹਨਾਂ ਲੋਕਾਂ ਤਕ ਪਹੁੰਚਾਉਣ ਵਿਚ ਸਫਲ ਹੋ ਸਕੀਏ, ਜਿਨ੍ਹਾਂ ਤਕ ਵੈਸੇ ਸਾਡੀ ਰਸਾਈ (ਪਹੁੰਚ) ਸ਼ਾਇਦ ਸਦੀਆਂ ਤਕ ਵੀ ਨ ਹੋ ਸਕੇ। ਗੁਰੂ ਬਾਬੇ ਦਾ ਧਾਣਕ ਰੂਪ ਧਾਰਨਾ, ਹਰਦੁਆਰ ਪੱਛਮ ਵਲ ਗੰਗਾ ਜਲ ਸੁਟਣਾ ਤੇ ਕਾਅਬੇ ਵਲ ਪੈਰ

ਕਰਕੇ ਲੇਟਣਾ ਆਦਿ ਇਕ ਬਚਿੱਤ੍ਰ ਨਾਟਕ ਹੀ ਤਾਂ ਸਨ, ਗੁਰੂ ਸਿਧਾਂਤ ਦੇ ਉਜਾਗਰ ਕਰਨ ਤੇ ਸਮਝਾਉਣ ਹਿਤ।

ਅੰਤ ਵਿਚ ਫੇਰ ਸਨਿਮਰ ਬਿਨੈ ਹੈ ਕਿ ਜਗਤ-ਗੁਰੂ ਜੀ ਦੇ ਜਗਤ-ਉਪਦੇਸ਼ਾਂ ਨੂੰ ਪ੍ਰਾਣੀ-ਮਾਤਰ ਤਕ ਪਹੁੰਚਾਉਣ ਲਈ ਸਾਨੂੰ ਪੂਰੀ ਜ਼ੁੰਮੇਵਾਰੀ, ਵੀਚਾਰ ਤੇ ਦੀਰਘ ਦ੍ਰਿਸ਼ਟੀ ਨਾਲ ਪ੍ਰਚਾਰ ਦੇ ਬਦਲਦੇ ਢੰਗਾਂ ਨੂੰ ਅਪਨਾ-ਉਣਾ ਪਵੇਗਾ। ਕੇਵਲ ਰਾਹ ਪੁੱਛ ਲੈਣ ਨਾਲ ਮੰਜ਼ਲ ਸਾਡੇ ਨੇੜੇ ਨਹੀਂ ਆਵੇਗੀ। ਅਕਾਰਨ ਤੇ ਬਿਨਾਂ ਸਾਰੇ ਪੱਖ ਵੀਚਾਰੇ ਦੇ, ਜੋਸ਼ ਵਿਚ ਆ ਕੇ, ਧਾਰਮਿਕ ਫਿਲਮਾਂ ਵਿਰੁੱਧ ਕਿਸੇ ਪ੍ਰਕਾਰ ਦਾ ਫਤਵਾ ਦੇਣਾ, ਪੰਥਕ ਹਿੱਤਾਂ ਦੀ ਗੱਲ ਨਹੀਂ।

ਸੁਜਾਨ ਪਾਠਕ ਜੀ, ਜਿਵੇਂ ਆਪ ਜੀ ਦੇ ਧੁਰ ਅੰਦਰ ਸਤਿਗੁਰਾਂ ਦਾ ਆਦਰ ਸਤਿਕਾਰ ਵਸਦਾ ਹੈ, ਤਿਵੇਂ ਹੋਰਨਾਂ ਜ਼ੁੰਮੇਵਾਰ, ਵਿਦਵਾਨ ਤੇ ਯੋਗ ਹਸਤੀਆਂ ਵਿਚ ਵੀ ਵਸਦਾ ਵੇਖੋ, ਉਨ੍ਹਾਂ ਦੀ ਕੀਮਤੀ ਰਾਏ ਦੀ ਕਦਰ ਕਰੋ। ਸਿਖੀ ਸਿਧਾਂਤਾਂ ਦੀਆਂ ਬੁਨਿਆਦੀ ਕੀਮਤਾਂ ਵਿਚ ਵਾਧਾ ਘਾਟਾ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ; ਪ੍ਰੰਤੂ, ਜੇ ਕਿਸੇ ਦੇਸ਼ ਵਿਚ, ਉਥੋਂ ਦੇ ਰਿਵਾਜ, ਲਿਬਾਸ, ਹਵਾ, ਪਾਣੀ ਆਦਿ ਕਾਰਨ ਸੰਗਤਾਂ ਤੇ ਬੈਠਣ ਉਠਣ ਆਦਿ ਵਿਚ ਪੰਜਾਬ ਦੀਆਂ ਸੰਗਤਾਂ ਨਾਲੋਂ ਕੋਈ ਫਰਕ ਹੋਵੇ, ਤਾਂ ਹਵਾ ਪਾਣੀ ਆਦਿ ਅਨਕੂਲ ਅਜੇਹੀ ਛੋਟ ਦੇਣੀ ਸਿਖੀ ਸਿਧਾਂਤਾਂ ਦੇ ਉਲਟ ਨਹੀਂ। ਅਸਾਂ ਸੰਸਾਰ ਦੇ ਪ੍ਰਾਣੀ ਮਾਤ੍ਰ ਨੂੰ ਗੁਰੂ ਜੀ ਦਾ ਸਿੱਖ ਬਨਾਉਣਾ ਹੈ, ਨਾ ਕਿ ਨਾਲ ਪੰਜਾਬੀ ਵੀ। ਵੇਖੋ, 'ਬਾਬਾ ਜੀ' ਨੇ ਹਰ ਉਦਾਸੀ ਵੇਲੇ ਵਖਰਾ, ਵਚਿੱਤਰ ਤੇ ਨਾਟਕੀ ਲਿਬਾਸ ਧਾਰਿਆ। ਉਨ੍ਹਾਂ ਦਾ ਪ੍ਰਚਾਰ-ਢੰਗ ਵੀ ਨਾਟਕੀ ਸੀ। ਇਹ ਲਿਬਾਸ ਤੇ ਨਾਟਕੀ ਢੰਗ ਦੀਆਂ ਗੱਲਾਂ ਤਾਂ ਕਿਸੇ ਉੱਚ ਉੱਦੇਸ਼ ਦੀ ਪੂਰਤੀ ਲਈ ਸਨ। ਉਨ੍ਹਾਂ ਦਾ ਅਸਲੀ ਲਿਬਾਸ ਉਹ ਸੀ ਜੋ ਉਹਨਾਂ ਉਦਾਸੀਆਂ ਤੋਂ ਪਹਿਲਾਂ ਤੇ ਬਾਦ ਵਿਚ ਧਾਰਨ ਕੀਤਾ। ਕੀ ਟੁੰਡਰਾ (ਰੂਸ); ਅਲਾਸਕਾ (ਅਮਰੀਕਾ) ਚੀਨ, ਜਾਪਾਨ, ਅਫਰੀਕਾ ਤੇ ਭਾਰਤ ਦੇ ਵਸਨੀਕਾਂ ਦੇ ਪਹਿਰਾਵੇ, ਖੁਰਾਕ ਆਦਿ ਵਿਚ ਫਰਕ ਨਹੀਂ?

ਦੂਰ ਜਾਣ ਦੀ ਲੋੜ ਨਹੀਂ, ਸਾਡੇ ਭਾਰਤ ਵਿਚ ਹੀ ਦੱਖਣੀ ਲੋਕਾਂ ਦੀ ਪੁਸ਼ਾਕ ਪੰਜਾਬੀਆਂ ਨਾਲ ਨਹੀਂ ਮਿਲਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ''ਤੇੜ ਲੁੰਗੀ, ਮੋਢੇ ਖੇਸ, ਜੈਸਾ ਦੇਸ ਵੈਸਾ ਭੇਸ'' ਵਾਲੀ ਸਾਖੀ ਵਿਚ ਦੱਸੀ ਸੇਧ ਸਾਡੀ ਸਦੀਵੀ ਅਗਵਾਈ ਲਈ ਕਾਫ਼ੀ ਹੈ। ਸਭ ਧਰਮਾਂ ਨਾਲੋਂ ਖਾਣ, ਪੀਣ ਤੇ ਪਹਿਰਾਵੇ ਵਿਚ ਕਿਤੇ ਵੱਧ ਖੁਲ੍ਹ ਤੇ ਸਹੀ ਸੇਧ ਸਿੱਖ ਧਰਮ ਵਿਚ ਪ੍ਰਾਪਤ ਹੈ। ਇਥੇ ਹਲਾਲ ਹਰਾਮ ਦਾ ਕੋਈ ਝਗੜਾ ਨਹੀਂ। ਉਹ ਨ ਖਾਣ ਦੀ ਤਾਕੀਦ ਹੈ ਜਿਸ ਸਰੀਰ ਰੋਗੀ ਨ ਹੋਵੇ ਤੇ ਮਨ ਵਿਕਾਰੀ।*

ਸੋ, ਬੁਨਿਆਦੀ ਸਿਧਾਂਤਾਂ ਨੂੰ ਕਾਇਮ ਰਖਦੇ ਹੋਏ ਸਾਨੂੰ ਸਿਖੀ ਦੇ ਵਾਧੇ ਲਈ ਸਦਾ ਉੱਨਤੀ-ਸ਼ੀਲ ਰਹਿਣਾ ਲੋੜੀਏ। ਵੇਖੋ, ਇਕ ਸੂਝਵਾਨ ਸ਼ਾਇਰ ਅਟਕੇ ਪਾਣੀ ਵਾਂਗ, ਇਕ ਥਾਂ ਅਟਕੀਆਂ ਕੌਮਾਂ ਨੂੰ ਕਿਵੇਂ ਟੁੰਬ ਤੇ ਚੇਤਾਵਨੀ ਦੇ ਰਿਹਾ ਹੈ :–

ਬਖਸ਼ਾ ਗਿਆ ਹੈ ਜੋਸ਼ਿ ਜਨੂੰ† ਖਾਸ ਖਾਸ ਕੋ,
ਅਕਲੋ ਸ਼ਊਰੋ ਹੋਸ਼ ਕਾ ਅਹਿਸਾਸ ਆਮ ਹੈ।
ਉਸ ਕੌਮ ਕੋ ਜਹਾਂ ਸੇ ਮਿਟ ਜਾਨਾ ਚਾਹੀਏ,
ਜਿਸ ਕੌਮ ਪੇ ਸ਼ਰਾਬਿ ਤਗ਼ਯਰ‡ ਹਰਾਮ ਹੈ।

---

*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥...
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਮ: ੧)

†ਜੋਸ਼ ਤੇ ਤੜਪ ਭਰਪੂਰ ਜੋਸ਼।

‡ਤਬਦੀਲੀ ਦੀ ਸ਼ਰਾਬ, ਭਾਵ ਯੋਗ ਤਬਦੀਲੀ।

ਸਿੱਖੀ–ਪ੍ਰਚਾਰ ਬਾਰੇ

(੧)

ਲੇਖਕ ਨੂੰ ਸਿਖ ਧਰਮ ਦੇ 'ਪ੍ਰਚਾਰ ਦੀ ਗੱਲ' ਨੂੰ ਪਿਛਲੇ ਪੰਜਾਹ ਕੁ ਸਾਲ ਤੋਂ ਵਿਸ਼ੇਸ਼ ਜ਼ੁੰਮੇਵਾਰੀ ਨਾਲ ਸੋਚਣ, ਸਮਝਣ, ਵੀਚਾਰਨ ਤੇ ਵਿਉਂਤਣ ਦਾ ਸਮਾਂ ਮਿਲਿਆ ਹੈ। ਪਰੰਤੂ ਫਾਰਸੀ ਦੇ ਇਕ ਕਥਨ ਅਨੁਸਾਰ, "ਬਸਾ ਆਰਜ਼ੂ ਕਿ ਖ਼ਾਕ ਸ਼ੁਦ" (ਬੇਅੰਤ ਇੱਛਾਵਾਂ ਜੋ ਕਿ ਮਿੱਟੀ ਵਿਚ ਮਿਲ ਗਈਆਂ) ਅਨੁਸਾਰ ਪ੍ਰਚਾਰ-ਖੇਤਰ ਵਿਚ ਕੌਮ ਵਲੋਂ ਨੀਮ-ਦਿਲੀ ਜਾਂ ਵਕਤੀ ਜੋਸ਼ ਨਾਲ ਚਲਾਈ ਹਰੇਕ ਲਹਿਰ ਤੇ ਛੋਟਾ ਮੋਟਾ ਪੁੱਟਿਆ ਹਰੇਕ ਕਦਮ ਬੇਬਸੀ, ਨਿਰਾਸ਼ਾ ਤੇ ਅਸਫਲਤਾ ਦੀ ਤਸਵੀਰ ਬਣ ਕੇ ਰਹਿ ਜਾਂਦਾ ਰਿਹਾ ਹੈ। ਇਸ ਅਸਫਲਤਾ ਦੇ ਫਲ-ਸਰੂਪ ਪੰਥ ਦੇ ਹਿਤੂ ਤੇ ਸਿਆਣੇ ਤਬਕੇ ਵਿਚ ਨਿਰਾਸ਼ਾ ਅਤੇ ਸਾਧਾਰਨ ਤੇ ਪਛੜੇ ਸਿਖਾਂ ਵਿਚ ਵਧੇਰੇ ਗਿਰਾਵਟ ਆਈ ਹੈ।

ਹੋ ਸਕਦਾ ਹੈ ਕਿ ਮੇਰੇ ਉਪਰੋਕਤ ਕਥਨ ਨਾਲ ਮਤਭੇਦ ਪ੍ਰਗਟ ਕਰਦੇ ਹੋਏ ਕੁਝ ਸੱਜਣ ਇਹ ਦਾਅਵਾ ਕਰਨ ਕਿ ਸਿੱਖਾਂ ਦੀ ਜਨ-ਸੰਖਿਆ ਵਿਚ ਪਹਿਲੇ ਨਾਲੋਂ ਵਾਧਾ ਹੋਇਆ ਹੈ। ਪਰੰਤੂ, ਇਸ ਪ੍ਰਗਤੀ ਦਾ ਟਾਕਰਾ ਜਦ ਉਹ ਗਵਾਂਢੀ, ਈਸਾਈ ਜਾਂ ਇਸਲਾਮ ਜੇਹੇ ਪ੍ਰਚਾਰਕ-ਮੱਤ ਦੀ ਵਧੀ ਸੰਖਿਆ ਤੇ ਕੌਮਾਂਤਰੀ ਪੱਧਰ ਤੇ ਕੀਤੇ ਜਾ ਰਹੇ ਪ੍ਰਚਾਰ-ਉੱਦਮ ਨਾਲ ਕਰਨਗੇ, ਤਾਂ ਧਰਤੀ ਉਨ੍ਹਾਂ ਦੇ ਪੈਰਾਂ ਹੇਠੋਂ ਨਿਕਲ ਜਾਵੇਗੀ। ਉਹ ਵੇਖਣਗੇ ਕਿ ਸਾਡੇ ਉਤੇ ਸ਼ਾਇਰ ਦਾ ਇਹ ਕਥਨ ਕਿਵੇਂ ਢੁਕਦਾ ਹੈ :–

ਯਾਰਾਨਿ ਤੇਜ਼* ਗਾਮ ਨੇ† ਮਹਮਲ ਕੋ ਜਾ ਲੀਆ ॥
ਹਮ ਯੂੰਹੀ ਮਾਹਵ‡ ਨਾਲਾਇ ਜਰਸਿ ਕਾਰਵਾਂ ਰਹੇ ॥

ਆਪਣੇ ਉਪਰੋਕਤ ਦਾਅਵੇ ਦੀ ਪੁਸ਼ਟੀ ਵਿਚ ਮੈਂ ਪਾਠਕਾਂ ਦਾ ਧਿਆਨ ਕੁਝ ਉਹਨਾਂ ਅੰਕੜਿਆਂ ਤੇ ਹਕੀਕਤਾਂ ਵਲ ਦਿਵਾਉਣਾ ਚਾਹੁੰਦਾ ਹਾਂ ਜੋ ਪ੍ਰਚਾਰ ਦੇ ਮੈਦਾਨ ਵਿਚ ਮੱਲਾਂ ਮਾਰਨ ਵਾਲੇ ਅਨ-ਮਤਾਂ ਦੇ ਮਿਸ਼ਨਰੀਆਂ ਦੀਆਂ ਪ੍ਰਾਪਤੀਆਂ ਦਾ ਠੋਸ ਸਬੂਤ ਹਨ।

ਅਫਰੀਕਾ ਜਿਹੇ ਪਛੜੇ ਦੇਸ਼ ਵਿਚ, ਪਹਿਲਾਂ, ਇਸਲਾਮ ਦੀ ਪ੍ਰਚਾਰ-ਮੁਹਿੰਮ ਦੀ ਇਕ ਵੰਨਗੀ ਵੇਖੋ : ੯ ਮਈ ੧੯੫੯ ਦੀ ਟ੍ਰਿਬਿਊਨ ਅਖਬਾਰ 'ਚ ਮਿਸਟਰ ਏਰਾਸ ਕੋਸਕਿਲਿਨ, ਸਪੈਸ਼ਲ ਪੱਤਰ-ਪ੍ਰੇਰਕ 'ਕਰਿਸਚੀਅਨ ਸਾਇੰਸ ਮੋਨੀਟਰ' ਦਾ ਇਕ ਉਚੇਚਾ ਲੇਖ ਛਪਿਆ ਸੀ। ਇਸ ਵਿਚ ਉਹ ਦਸਦੇ ਹਨ ਕਿ ਪਿਛਲੇ ਤੀਹਾਂ ਸਾਲਾਂ ਵਿਚ ਮੁਸਲਮਾਨਾਂ ਦੀ ਗਿਣਤੀ ਮਹਾਂ-ਦੀਪ ਅਫਰੀਕਾ ਵਿਖੇ ਦੂਣੀ ਤੋਂ ਵੱਧ ਹੋ ਗਈ ਹੈ। ਉਦਾਹਰਣ ਵਜੋਂ ਉਹ ਲਿਖਦੇ ਹਨ ਕਿ ਫਰਾਂਸੀਸੀ ਪੱਛਮੀ ਅਫਰੀਕਾ ਦੀ ਕੁਲ ਵਸੋਂ ਤਿੰਨ ਕਰੋੜ ਪੰਜਾਹ ਲੱਖ ਹੈ। ਇਕੱਲੇ ਇਸ ਦੇਸ਼ ਵਿਚ ਹੀ ਮੁਸਲਮਾਨਾਂ ਦੀ ਗਿਣਤੀ ਜੋ ੧੯੫੨ ਵਿਚ ਪੱਚਾਸੀ ਲੱਖ ਸੀ ਵੱਧ ਕੇ, ੧ ਜਨਵਰੀ ੧੯੫੯ ਨੂੰ, ਇਕ ਕਰੋੜ ਤਕ ਪਹੁੰਚ ਗਈ ਸੀ। ਅਗੇ ਚਲ ਕੇ ਉਹ ਦੱਸਦੇ ਹਨ ਕਿ ਇਸ ਮਹਾਂਦੀਪ ਵਿਚ ਪ੍ਰਚਾਰ ਦੀ ਇਸ ਸਫਲਤਾ ਵਿਚ ਬਹੁਤਾ ਹੱਥ ਮਿਸਰ, ਸ਼ਾਮ, ਲਿਬੀਆ ਤੇ ਹੋਰ ਅਰਬ ਦੇਸ਼ਾਂ ਦੇ ਉਹਨਾਂ ਮੁਸਲਮਾਨ ਬਿਉਪਾਰੀਆਂ ਦਾ ਹੈ, ਜਿਹਨਾਂ ਦੀ ਅਫਰੀਕਾ ਦੇ ਕੇਂਦਰੀ ਇਲਾਕਿਆਂ ਤਕ ਪਹੁੰਚ ਹੈ ਅਤੇ ਜੋ ਇਸਲਾਮ ਦੇ ਪ੍ਰਚਾਰ ਲਈ ਖਾਸ ਉਤਸ਼ਾਹ ਅਤੇ ਲਗਨ ਰਖਦੇ ਹਨ।

ਮੁਸਲਮਾਨਾਂ ਵਿਚ ਹੀ ਕੱਲ੍ਹ ਦਾ ਜੰਮਿਆ ਇਕ ਫਿਰਕਾ 'ਅਹਿਮਦੀਆ' (ਮਿਰਜ਼ਈਆਂ) ਦਾ ਹੈ। ਇਸ ਨੇ ਥੋੜ੍ਹੇ ਜਿਹੇ ਸਮੇਂ ਵਿਚ, ਪ੍ਰਚਾਰ ਨਾਲ,

*ਕਦਮ। †ਕਚਾਵਾ (ਜਿਸ ਵਿਚ ਲੈਲਾ ਸਫਰ ਕਰਦੀ ਸੀ)।
‡ਕਾਫਲੇ ਦੀਆਂ ਘੰਟੀਆਂ ਦੇ ਰੌਣ (ਵੱਜਣ) ਦੀ ਆਵਾਜ਼।

ਆਪਣੇ ਮੱਤ ਲਈ ਜੋ ਅੰਤਰ-ਰਾਸ਼ਟਰੀ ਮਹਾਨਤਾ ਪ੍ਰਾਪਤ ਕਰ ਲਈ ਹੈ, ਉਹ ਹੈਰਾਨ ਕਰਨ ਵਾਲੀ ਹੈ। ਜ਼ਰਾ ਦਿਲ ਨੂੰ ਥੰਮ ਕੇ, ਕਰੋ ਟਾਕਰਾ ਹੇਠ ਲਿਖੇ ਕੁਝ ਕੁ ਅੰਕੜਿਆਂ ਦਾ, ਸਾਡੇ ਵਲੋਂ ਕੀਤੇ ਗਏ ਪ੍ਰਚਾਰ ਉੱਦਮ ਤੇ ਉਪਰਾਲਿਆਂ ਨਾਲ :-

ਪ੍ਰਦੇਸੀ ਕੇਂਦਰਾਂ ਤੇ ਪ੍ਰਚਾਰਕਾਂ ਦੀ ਸੰਖਿਆ :

੧. ਇੰਗਲੈਂਡ	ਕੇਂਦਰ	੧,	ਪ੍ਰਚਾਰਕ	੩
੨. ਅਮਰੀਕਾ	,,	੧੯,	,,	੫
੩. ਜਰਮਨੀ	,,	੨,	,,	੨
੪. ਹਾਲੈਂਡ	,,	੧,	,,	੨
੫. ਸਵਿਟਜ਼ਰਲੈਂਡ	,,	੧,	,,	੧
੬. ਸੈਰਾਲੀਊਨ	,,	੪੪,	,,	੪
੭. ਲੰਕਾ	,,	੩,	,,	੨
੮. ਸਿੰਘਾਪੁਰ	,,	੧,	,,	੨
੯. ਬੋਰਨੀਊ	,,	੫,	,,	੩
੧੦. ਇੰਡੋਨੇਸ਼ੀਆ	,,	੪੯,	,,	੧੦
੧੧. ਪੂਰਬੀ ਅਫਰੀਕਾ	,,	੧੯,	,,	੨੦
੧੨. ਨਾਇਜ਼ੇਰੀਆ	,,	੩੩,	,,	੪
੧੩. ਗੋਲਡ ਕੋਸਟ	,,	੨੪੭,	,,	੧੭.
੧੪. ਸਪੇਨ	,,	੧,	,,	੧

ਆਪਣੇ ਮੱਤ ਦੇ ਪ੍ਰਚਾਰ ਹਿਤ ਮਣਾਂ ਮੂੰਹੀ ਲਿਟਰੇਚਰ, ਇਕ ਸੋਚੀ ਸਮਝੀ ਵਿਉਂਤਬੰਦੀ ਅਧੀਨ, ਇਹਨਾਂ ਵਲੋਂ ਪ੍ਰਕਾਸ਼ਤ ਕੀਤਾ ਤੇ ਵੰਡਿਆ ਜਾ ਰਿਹਾ ਹੈ। ਇਸ ਤੋਂ ਛੁੱਟ ਵੱਖ ਵੱਖ ਦੇਸ਼ਾਂ ਦੀਆਂ ਬੋਲੀਆਂ ਵਿਚ ਕਢੇ ਜਾ ਰਹੇ ਪੱਤਰਾਂ ਦੀ ਗਿਣਤੀ ਇਸ ਪ੍ਰਕਾਰ ਹੈ :-

੧. ਅਮਰੀਕਾ ਵਿਚ 'ਮੁਸਲਿਮ ਸਨਰਾਈਜ਼ ਅਹਿਮਦੀਆ ਗਜ਼ਟ'।

੨. ਸਵਿਟਜ਼ਰਲੈਂਡ 'ਦਾਰੁਲੱਸਲਾਮ'।

੩. ਫਲਸਤੀਨ, 'ਅਲ-ਬਸ਼ਰਾ' ।
੪. ਫਰੀ ਟਾਊਨ, 'ਅਲ-ਬਸ਼ਰਾ' ।
੫. ਸੈਰਾਲੂਨ, 'ਦੀ ਅਫਰੀਕਨ ਕਰੇਸੈਂਟ' ।
੬. ਗੋਲਡ ਕੋਸਟ, 'ਦੀ ਸਨਰਾਈਜ਼' ।
੭. ਨਾਇਜੇਰੀਆ, 'ਦੀ ਟਰੁਥ' ।
੮. ਬੋਰਨੀਊ, 'ਪੀਸ' ।
੯. ਪੂਰਬੀ ਅਫਰੀਕਾ, 'ਯਾ-ਮੇਗੂ' ।
੧੦. ਇੰਡੋਨੇਸ਼ੀਆ, 'ਨੀ ਨਾਰਿਸੱਲਾਮ' ।

ਫੇਰ, ਜੇ ਇਸ ਮੱਤ ਦਾ ਬਾਨੀ, ਮਿਰਜ਼ਾ ਗੁਲਾਮ ਅਹਿਮਦ ਕਾਦਿਆਨੀ, ਮਾਨ ਨਾਲ ਇਹ ਦਾਅਵਾ ਕਰੇ ਕਿ "ਹੇ ਖੁਦਾ, ਮੈਂ ਤੇਰੀ ਤਬਲੀਗ ਕੋ ਜ਼ਮੀਨ ਕੇ ਕਿਨਾਰੋਂ ਤਕ ਪਹੁੰਚਾਊਂਗਾ, ਵੋਹ ਦਿਨ ਦੂਰ ਨਹੀਂ, ਜਬ ਦੁਨੀਆ ਮੇਂ ਏਕ ਹੀ ਮਜ਼ਹਬ ਹੋਗਾ, ਯਾਨੀ ਇਸਲਾਮ, ਔਰ ਏਕ ਹੀ ਰਸੂਲ–'ਮੁਹੰਮਦ ਰਸੱਲਮ'–ਤਾਂ ਇਸ ਵਿਚ ਅਸਚਰਜਤਾ ਜਾਂ ਮੁਬਾਲਗੇ ਦੀ ਕਿਹੜੀ ਗੱਲ ਹੈ ?"

ਈਸਾਈ ਮੱਤ ਦੇ ਪ੍ਰਚਾਰ ਦੇ ਵਾਧੇ ਤੇ ਈਸਾਈ ਮਿਸ਼ਨਰੀਆਂ ਦੀ ਪ੍ਰਚਾਰ ਲਈ ਤੜਪ ਦੀ ਗੱਲ ਹੀ ਕੀ ਕਰੀਏ। ਇਹਨਾਂ ਲੋਕਾਂ ਤਾਂ ਪ੍ਰਚਾਰ ਖੇਤਰ ਵਿਚ ਕਰਾਮਾਤ ਕੀਤੀ ਹੈ। ਅੱਜ ਤਕ ੧੪੭੩ ਬੋਲੀਆਂ ਵਿਚ ਅੰਜੀਲ ਦੇ ਤਰਜਮੇ ਛਪ ਚੁੱਕੇ ਹਨ, ਕਰੋੜਾਂ ਦੀ ਗਿਣਤੀ ਵਿਚ ਅੰਜੀਲਾਂ ਛਾਪੀਆਂ, ਵੰਡੀਆਂ ਅਤੇ ਵੀਰਾਨਿਆਂ ਵਿਚ ਸੁੱਟੀਆਂ ਜਾ ਰਹੀਆਂ ਹਨ। ਅੰਜੀਲ ਨੂੰ ਅਫਰੀਕਾ ਦੀ ਨਾਮਾ ਬੋਲੀ ਵਿਚ ਤਰਜਮਾ ਕਰਨ ਵੇਲੇ ਸੰਨ ੧੮੨੫ ਤੋਂ ੧੯੬੭ (੧੪੨ ਸਾਲ) ਦਾ ਸਮਾਂ ਲੱਗਾ ਹੈ। **(Our Times, Dec. 1976, Poona)** ਗੱਲ ਕੇਵਲ ਪੈਸੇ ਤੇ ਸਾਧਨਾਂ ਦੀ ਹੀ ਨਹੀਂ। ਸਗੋਂ ਆਪਣੇ ਮੱਤ ਨੂੰ ਪ੍ਰਚਾਰਨ ਲਈ ਉਸ 'ਤੜਪ' ਤੇ 'ਇਸ਼ਕ' ਦੀ ਹੈ, ਜੋ ਇਹਨਾਂ ਲੋਕਾਂ ਦੇ ਦਿਲਾਂ ਦੀਆਂ ਡੂੰਘਾਈਆਂ ਵਿਚ ਠਾਠਾਂ ਮਾਰ ਰਿਹਾ ਹੈ। ਅਫਰੀਕਾ ਜਿਹੇ ਗਰਮ ਤੇ ਅੰਧ ਮਹਾਂਦੀਪ ਵਿਚ

ਠੰਡੇ ਦੇਸ਼ਾਂ ਦੇ ਜੰਮ-ਪਲ ਇਹਨਾਂ, ਸੈਂਹਲ ਮਿਸ਼ਨਰੀਆਂ ਦਾ ਪੁੱਜਣਾ ਅਤੇ ਅਨਾਥਾਂ, ਅਪਾਹਜਾਂ ਤੇ ਕੋਹੜੀਆਂ ਦੀ ਨਿਰੰਤਰ ਸੇਵਾ ਵਿਚ ਆਪਣੀਆਂ ਜਵਾਨੀਆਂ ਤੇ ਜਿੰਦਾ ਵਾਰਨੀਆਂ, ਇਨ੍ਹਾਂ ਦੀ ਸਫਲਤਾ ਦੀ ਕੁੰਜੀ ਹੈ।

ਕੁਝ ਸਾਲ ਹੋਏ ਪ੍ਰਿੰਸੀਪਲ ਸਰਦਾਰ ਸਿੰਘ ਜੀ ਰਟੌਲ ਤੇ ਹੈਡਮਾਸਟਰ ਬੂਟਾ ਸਿੰਘ ਜੀ ਬਟਾਲਾ ਨਾਲ ਇਸ ਲੇਖਕ ਨੂੰ ਪੂਨੇ ਵਿਚ ਇਹਨਾ ਲੋਕਾਂ ਦਾ ਇਕ ਮਿਸ਼ਨਰੀ ਕਾਲਜ-ਪੈਪਲ ਸੈਮੀਨਾਰ ਵੇਖਣ ਦਾ ਅਵਸਰ ਮਿਲਿਆ। ਵੇਖ ਕੇ ਦੰਦ ਜੁੜ ਗਏ ਤੇ 'ਵਾਹ ਵਾਹ' ਦੇ ਸ਼ਬਦ ਮੇਰੇ ਤੇ ਮੇਰੇ ਸਾਥੀਆਂ ਦੇ ਮੂੰਹੋਂ ਸੁਤੇ ਹੀ ਨਿਕਲ ਗਏ। ਸਾਡੇ ਪ੍ਰਚਾਰ ਸਾਧਨਾਂ ਦੇ ਦ੍ਰਿਸ਼ਟੀਕੋਣ ਤੋਂ ਇਹ ''ਖਾਕ ਰਾ ਚਿ ਨਿਸਬਤ ਅਸਤ ਬਾ ਆਲਿਮ ਪਾਕ'' ਵਾਲੀ ਗੱਲ ਸੀ। ਇਸ ਪ੍ਰਸੰਸਾ ਦੇ ਨਾਲ ਨਾਲ ਸਾਡੇ ਸਭ ਦੇ ਦਿਲਾਂ ਅੰਦਰ ਸਿਖੀ ਪ੍ਰਚਾਰ ਬਾਰੇ ਇਕ ਡੂੰਘੇ ਦੁੱਖ ਤੇ ਘਾਟ ਦਾ ਅਹਿਸਾਸ ਵੀ ਹੋਇਆ। ਹੁੰਦਾ ਵੀ ਕਿਉਂ ਨਾ ਜਦ ਕਿ ਗੁਆਂਢੀ, ਸੰਸਾਰ ਦੀ ਧਰਮ-ਮੰਡੀ ਵਿਚ, ਆਪਣੇ ਮੁਲੰਮੇ ਨੂੰ ਸੋਨੇ ਦੇ ਭਾਅ ਵੇਚਣ ਵਿਚ ਸਫਲ ਹੋਏ ਹਨ; ਪ੍ਰੰਤੂ, ਅਸੀਂ ਬਾਬੇ ਨਾਨਕ ਦੇ ਸਰਲ, ਸੌਖੇ, ਸੱਚੇ ਤੇ ਮਨੁੱਖ-ਮਾਤਰ ਦੀ ਭਲਾਈ ਹਿਤ ਕੀਤੇ ਅਮਰ ਉਪਦੇਸ਼ਾਂ ਦੇ ਬਾਰ੍ਹਾਂ ਵੰਨੀ ਦੇ ਸੋਨੇ ਨੂੰ ਪਿੱਤਲ ਦੇ ਭਾਅ ਵੀ ਨਾ ਦੇ ਸਕੇ ਹੋਈਏ। ਦੇਣਾ ਤਾਂ ਇਕ ਪਾਸੇ ਰਿਹਾ, ਲੋਕਾਂ ਨੂੰ ਇਸ ਲਾਲਾਂ ਦੀ ਖਾਣ ਦੀ ਸੋਅ ਤਕ ਪਹੁੰਚਾਣੋਂ ਵੀ ਅਸਮਰਥ ਰਹੇ ਹਾਂ। ਇਸ ਨਾ-ਖਿਮਾ ਕੀਤੀ ਜਾਣ ਵਾਲੀ ਅਨਗਹਿਲੀ ਲਈ ਮੁਜਰਮ ਕੌਣ ?

ਹਾਂ, ਸੰਖੇਪ ਵਿਚ, ਉਪ੍ਰੋਕਤ ਮਿਸ਼ਨਰੀ ਕਾਲਜ ਦੀ ਹੋਰ ਗੱਲ ਕਰਾਂ :–

ਇਸ ਆਸ਼ਰਮ ਵਿਚ ਇਕ ਹਜ਼ਾਰ ਵਿਦਿਆਰਥੀ ਪੜ੍ਹਦੇ ਹਨ। ਕੋਰਸ ਅੱਠ ਸਾਲ ਦਾ ਹੈ। ਵਿਦਿਆਰਥੀਆਂ ਦੀ ਪਹਿਲੀ ਪ੍ਰਤੱਗਿਆ ਤਾਂ ਇਹ ਹੈ ਕਿ ਉਹ ਜੀਵਨ ਭਰ ਵਿਆਹ ਨਹੀਂ ਕਰਾਉਣਗੇ, ਤਾਂ ਜੋ ਪ੍ਰਚਾਰ ਦੇ ਕੰਮ ਨੂੰ ਆਪੂ ਪ੍ਰਯੰਤ ਇਕ ਰੱਸ ਨਿਭਾ ਸਕਣ। ਸਾਰੇ ਮੱਤਾਂ ਦੀ ਵਾਕਫੀ ਤੇ ਹੋਰ ਹਰ ਪ੍ਰਚਾਰ ਦੇ ਗਿਆਨ ਨਾਲ ਲੈਸ ਹੋ ਕੇ ਏਥੋਂ ਹਰ ਸਾਲ ਦੋ ਸੌ ਵਿਦਿਆਰਥੀ ਪਾਸ ਹੋ ਕੇ, ਭਾਰਤ ਦੇ ਦੱਖਣੀ ਤੇ ਪੂਰਬੀ ਹਿੱਸਿਆਂ ਉਤੇ,

ਛਾ ਰਹੇ ਹਨ। ਸੁਤੰਤਰ ਤੇ ਮਾਇਆਧਾਰੀ ਹੋਰ ਈਸਾਈ ਦੇਸਾਂ ਪ੍ਰਦੇਸ਼ਾਂ ਵਿਚ ਹੋਰ ਕਿਤਨੇ ਅਜੇਹੇ ਆਸ਼ਰਮ ਹੋਣਗੇ ਇਸ ਦਾ ਅੰਦਾਜ਼ਾ ਪਾਠਕ ਜਨ ਆਪ ਹੀ ਲਾ ਲੈਣ।

ਹੋਰ ਤਾਂ ਹੋਰ, ਆਰੀਆ ਸਮਾਜ ਦਾ ਪ੍ਰਚਾਰ-ਉੱਦਮ ਵੀ ਰੀਸ ਕਰਨ ਯੋਗ ਹੈ। ਵਧੇਰੇ ਵਿਸਥਾਰ ਵਿਚ ਨਾ ਜਾਂਦਾ ਹੋਇਆ ਕੇਵਲ ਇਤਨਾ ਹੀ ਬਿਨੈ ਕਰਦਾ ਹਾਂ ਕਿ ਇਸ ਵੇਲੇ ਪ੍ਰਦੇਸ਼ਾਂ ਵਿਚ ਇਨ੍ਹਾਂ ਦੇ ੧੧੦੦ ਕੇਂਦਰ ਹਨ। ਅਖਬਾਰ 'ਮਿਲਾਪ' ਦੇ ਸਾਬਕ ਐਡੀਟਰ ਸ੍ਰੀ ਖੁਸ਼ਹਾਲ ਚੰਦ ਜੀ ਖੁਰਸੰਦ, ਜੋ ਸੰਨਿਆਸ ਧਾਰਨ ਉਪਰੰਤ ਸ੍ਰੀ ਅਨੰਦ ਸਵਾਮੀ ਜੀ ਦੇ ਨਾਮ ਦੇ ਧਾਰਨੀ ਹੋਏ, ੮੧ ਸਾਲ ਦੀ ਆਯੂ ਵਿਚ ਜਾਪਾਨ ਆਦਿ ਦੇਸ਼ਾਂ ਦਾ ਦੌਰਾ ਕਰ ਤੇ ਸਮਾਜ ਦੇ ਨਵੇਂ ਕੇਂਦਰ ਖੋਲ੍ਹਦੇ ਰਹੇ।

ਇਹੋ ਹਾਲ ਰਾਧਾ ਸਵਾਮੀ ਮੱਤ ਦੇ ਵਿਸਥਾਰ ਤੇ ਪ੍ਰਚਾਰ ਦਾ ਹੈ। ਪਰੰਤੂ, ਇਥੇ ਕਿਸ ਕਿਸ ਦੀ ਗੱਲ ਕਰੀਏ ? ਸਭ ਯਾਰ ਲੋਕ ਆਪਣੇ ਆਪਣੇ ਪ੍ਰਚਾਰ ਦੀ ਛੋਟੀ ਵੱਡੀ ਸ਼ਮ੍ਹਾਂ ਜਗਾ ਕੇ, ਧਰਮ-ਭੁੱਖੀਆਂ ਰੂਹਾਂ ਨੂੰ ਰੌਸ਼ਨੀ ਵਿਖਾਉਣ ਲਈ ਸੰਸਾਰ ਦੇ ਕੋਨੇ ਕੋਨੇ ਤਕ ਪੁੱਜ ਚੁਕੇ ਹਨ; ਪਰੰਤੂ ਖਾਲਸਾ ਜੀ ਗਫਲਤ ਦੀ ਘੋਰ ਨਿੰਦਰਾ ਵਿਚ, ਸੁੱਤੇ ਸੁੱਤੇ ਹੀ ਕਦੀ ਕਦਾਈ ਬੜਕ਼ਾ ਛੱਡਦੇ ਹਨ ਕਿ 'ਜਗਤ ਗੁਰੂ ਨਾਨਕ ਦੇਵ ਜੀ' ਵਲੋਂ ਜਗਾਈ ਗੁਰਮਤ ਦੀ ਮਹਾਂ ਪ੍ਰਚੰਡ ਜੋਤੀ ਦੀ ਰੌਸ਼ਨੀ ਸਭ ਤੋਂ ਵੱਧ ਹੈ। ਗੁਰਪੁਰਬਾਂ ਤੇ ਹੋਰ ਸੰਮੇਲਨਾਂ ਸਮੇਂ ''ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।'' ਦਾ ਦਾਅਵਾ ਕਰ ਛੱਡਣਾ ਸਾਡਾ ਸ਼ੁਗ਼ਲ ਜਿਹਾ ਬਣ ਗਿਆ ਹੈ। ਕਦੀ ਸੋਚਣ ਦਾ ਕਸ਼ਟ ਹੀ ਨਹੀਂ ਕੀਤਾ ਕਿ ਅੱਜ ਉਹ ਚਾਨਣ ਤਾਂ ਪੰਜਾਬ ਵਿਚ ਵੀ ਪੂਰੀ ਤਰ੍ਹਾਂ ਪ੍ਰਕਾਸ਼ਮਾਨ ਨਹੀਂ ਹੋਇਆ।

ਮੰਨਿਆ ਕਿ ਸਾਡੇ ਪਾਸ ਈਸਾਈ ਮਿਸ਼ਨਰੀਆਂ ਜਿੰਨੇ ਮਾਇਕ ਸਾਧਨ ਨਹੀਂ। ਪਰੰਤੂ, ਵੇਖਣ ਵੀਚਾਰਨ ਵਾਲੀ ਗੱਲ ਇਹ ਹੈ ਕਿ ਅਹਿਮਦੀਆ ਮੁਸਲਮਾਨਾਂ ਪਾਸ ਕਿਹੜੀ ਸਲਤਨਤ ਸੀ ਜਾਂ ਹੈ ? ਰਾਧਾ ਸਵਾਮੀ ਮੱਤ,

ਭਾਈਜ਼ਮ, ਆਰੀਆ ਸਮਾਜ ਤੇ ਰਾਮਾ ਕ੍ਰਿਸ਼ਨਾ ਮੱਤ ਵਾਲਿਆਂ ਨੂੰ ਕਿਸ ਬਾਦਸ਼ਾਹ ਦੀ ਸਰਪ੍ਰਸਤੀ ਹਾਸਿਲ ਹੈ ? ਇਨ੍ਹਾਂ ਦੀ ਸਫਲਤਾ ਦਾ ਰਾਜ਼ (ਭੇਤ) ਅਵੱਸ਼ ਕੋਈ ਹੋਰ ਹੀ ਲੱਭੇਗਾ।

ਏਥੇ, ਲੇਖਕ ਨਾਲ ਵਾਪਰੀ ਇਹ ਇਕ ਘਟਨਾ ਅੰਕਿਤ ਕਰਨਾ ਵੀ ਪਾਠਕਾਂ ਲਈ ਲਾਭ ਤੇ ਦਿਲਚਸਪੀ ਦਾ ਕਾਰਨ ਹੋਵੇਗਾ :

੨੭ ਅਗਸਤ, ੧੯੭੫ ਦੀ ਗੱਲ ਹੈ ਕਿ ਮੈਂ ਪੂਨੇ ਤੋਂ ਟਰੇਨ ਰਾਹੀਂ ਬੰਬਈ ਆ ਰਿਹਾ ਸਾਂ। ਓਥੇ ਜਿੰਨਾਹ ਕਾਂਗਰਸ ਹਾਲ ਵਿਚ ਮੇਰਾ ਇਸ ਵਿਸ਼ੇ ਉਤੇ ਵਿਆਖਿਆਨ ਸੀ ਕਿ "ਮੈਨੂੰ ਸਿਖੀ ਕਿਉਂ ਪਿਆਰੀ ਹੈ।"

ਮੇਰੇ ਨਾਲ ਦੀ ਸੀਟ ਉਤੇ ਇਕ ੩੦ ਕੁ ਸਾਲ ਦਾ ਨੌਜਵਾਨ ਆਪਣੀ ਪੁਸਤਕ ਵਾਚਣ ਵਿਚ ਮਸਰੂਫ ਸੀ। ਮੈਂ ਵੀ ਇਕ ਕਾਗਜ਼ ਉਤੇ ਆਪਣੇ ਲੈਕਚਰ ਬਾਰੇ ਨੋਟ ਕੀਤੇ ਨੁਕਤੇ ਵਿਚਾਰ ਰਿਹਾ ਸਾਂ। ਮੇਰੇ ਸਾਥੀ ਨੇ, ਕਿਤੇ, ਮੇਰੇ ਲਿਖੇ ਇਹ ਸ਼ਬਦ ਵਾਚ ਲਏ—"**The Religion of Man**"। ਉਹ ਉਤਸਕਤਾ ਸਹਿਤ ਪੁੱਛਣ ਲੱਗਾ—"ਆਪ ਕੌਣ ਹੋ ਤੇ ਕੀ ਕੰਮ ਕਰਦੇ ਹੋ ?"

ਮੈਂ, ਆਪਣੇ ਬਾਰੇ ਸੰਖੇਪ ਵਾਕਫੀ ਦੇਣ ਉਪ੍ਰੰਤ, ਉਸ ਤੋਂ ਪੁੱਛਿਆ ਕਿ "ਉਹ ਕੀ ਵਿਹਾਰ ਕਰਦਾ ਹੈ ਤੇ ਹੁਣ ਬੰਬਈ ਕਿਵੇਂ ਜਾ ਰਿਹਾ ਹੈ ?"

ਉਸ ਵਲੋਂ ਆਪਣੇ ਬਾਰੇ ਦੱਸੀ ਗੱਲਬਾਤ ਦਾ ਸੰਖੇਪ ਇਉਂ ਹੈ :—

"ਮੈਂ De Nobili College, ਪੂਨਾ ਵਿਚ ਈਸਾਈ ਮਿਸ਼ਨਰੀ ਦੀ ਟਰੇਨਿੰਗ ਲੈ ਰਿਹਾ ਹਾਂ। ਇਸ ਟਰੇਨਿੰਗ ਦਾ ਨਾਮ ਹੈ :—

Training of the member of the Society of Jesus (S.J.), Raligious Order.

ਮਿਸ਼ਨਰੀ ਬਣਨ ਲਈ ਸਾਰੇ ਕੋਰਸ ਦਾ ਸਮਾ ਤੇ ਵੇਰਵਾ ਇਸ ਪ੍ਰਕਾਰ ਹੈ :

1. Apprenticeship	for	2 years.
2. Study of Humanities	for	1 year.
3. Philosophy	for	3 years.
4. Teaching in a School	for	2 years.
5. Secular Degree (M.A. M.Sc., B.Ed., M.Ed.)	for	2 years.
6. Theology	for	3 years.
7. Priesthood	for	1 year.

ਇਸ ਤਰ੍ਹਾਂ ਇਸ ਟਰੇਨਿੰਗ ਨੂੰ ਕੁਲ ੧੪ ਸਾਲ ਦਾ ਲੰਮਾਂ ਸਮਾਂ ਲੱਗਦਾ ਹੈ।

ਉਸ ਨੌਜਵਾਨ ਨੇ ਦਸਿਆ ਕਿ ਉਸ ਦਾ ਨਾਮ ਬ੍ਰਦਰ ਜੀ. ਐਲ, ਰਾਜਿੰਦਰ ਐਸ. ਜੇ. (Brother G. L., Rajinder, S. J.) ਹੈ। ਉਹ ਕੇਰਲਾ ਦਾ ਰਹਿਣ ਵਾਲਾ ਹੈ, ਅਤੇ ਪਹਿਲਾਂ ਉਸ ਦੇ ਬਾਬੇ ਨੇ ਈਸਾਈ ਮੱਤ ਧਾਰਨ ਕੀਤਾ ਸੀ। ਉਸ ਨੇ ਆਪ ਸਾਰੀ ਆਯੂ ਬ੍ਰਹਮਚਾਰੀ ਰਹਿ ਕੇ ਈਸਾਈ ਮੱਤ ਦਾ ਪ੍ਰਚਾਰ ਕਰਨ ਦੀ ਪ੍ਰਤੱਗਿਆ ਕੀਤੀ ਹੈ।

ਅੱਗੇ ਚਲ ਕੇ ਉਸ ਨੇ ਦਸਿਆ ਕਿ ਬੰਬਈ, ਜਿਸ ਪ੍ਰਵਾਰ ਵਿਚ ਉਹ ਕੁਝ ਸਮਾਂ ਰਿਹਾ ਸੀ ਉਸ ਪ੍ਰਵਾਰ ਦੀ ਇਕ ਲੜਕੀ, ਇਕ ਹਿੰਦੂ ਨੌਜਵਾਨ ਨਾਲ ਵਿਆਹ ਕਰਨ ਅਤੇ ਈਸਾਈ ਧਰਮ ਤਿਆਗਣ ਲਈ ਬਜ਼ਿੱਦ ਹੈ। ਪੂਨੇ ਵਾਲੇ ਟਰੇਨਿੰਗ ਕਾਲਜ ਦੇ ਮੁਖੀ ਨੇ ਉਸ ਨੂੰ ਵਿਸ਼ੇਸ਼ ਤੌਰ ਉਤੇ ਭੇਜਿਆ ਹੈ ਕਿ ਉਹ, ਜਿਵੇਂ ਕਿਵੇਂ, ਉਸ ਈਸਾਈ ਕੰਨਿਆ ਨੂੰ ਆਪਣਾ ਇਹ ਇਰਾਦਾ ਤਰਕ ਕਰਨ ਉਤੇ ਜ਼ੋਰ ਦੇਵੇ।

ਕੀ ਗਵਾਂਢੀਆਂ ਵਲੋਂ ਪ੍ਰਚਾਰ ਖੇਤਰ ਵਿਚ ਇਹ ਇਕ ਇਕੱਲੀ ਸੱਚੀ, ਵਾਰਤਾ, ਸਾਨੂੰ, ਆਪਣੀ ਅਨ-ਗਹਿਲੀ ਤੇ ਘੋਰ ਨਿੰਦਰਾ ਤੋਂ ਝੰਜੋੜ ਕੇ ਜਗਾਉਣ ਲਈ ਕਾਫੀ ਨਹੀਂ ? ਇਨ੍ਹਾਂ ਲੋਕਾਂ ਦਾ ਇਤਨੇ ਲੰਮੇ ਸਮੇਂ ਲਈ ਮਿਸ਼ਨਰੀ ਸਿਖਿਆ ਲੈਣਾ, ਉਮਰ ਭਰ ਬ੍ਰਹਮਚਰਯਾ ਧਾਰਨ ਲਈ ਦ੍ਰਿੜ੍ਹ

ਪ੍ਰਤੱਗਿਆ ਕਰਨਾ ਅਤੇ ਈਸਾ ਜੀ ਦੇ ਬਚਨਾਂ ਵਿਚ ਪਰਪੱਕ ਵਿਸ਼ਵਾਸ ਤੇ ਪ੍ਰਚਾਰ ਲਈ ਅਥਾਹ ਜੋਸ਼, ਸੋਜ਼ ਤੇ ਤੜਪ ਰੱਖਣਾ, ਕੀ ਸਾਡੇ ਲਈ ਇਕ ਪ੍ਰੇਰਣਾ-ਭਰਪੂਰ ਮਿਸਾਲ ਨਹੀਂ ? ਜੇ ਹਰ ਮੈਦਾਨ ਵਿਚ ਸਫਲਤਾ ਈਸਾਈ ਮਿਸ਼ਨਰੀਆਂ ਦੇ ਪੈਰ ਚੁੰਮ ਰਹੀ ਹੈ, ਤਾਂ ਇਸ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਹੈ ?

ਕੀ ਅਸੀਂ ਵੀ ਕਦੀ ਪ੍ਰਚਾਰ-ਖੇਤਰ ਵਿਚ ਅਜੇਹੇ ਰੀਸ-ਕਰਨ-ਯੋਗ ਤੌਰ ਤਰੀਕੇ ਅਪਣਾਅ ਸਕਾਂਗੇ ?

ਇਕ ਉਦਾਹਰਣ ਹੋਰ—

ਦੇਸ਼ ਵੰਡ ਤੋਂ ਪਹਿਲਾਂ ਦੀ ਗੱਲ ਹੈ ਕਿ ਮੈਂ ਟਰੇਨ ਵਿਚ ਪਾਲਮਪੁਰ ਜਾ ਰਿਹਾ ਸਾਂ। ਮੇਰੇ ਨਾਲ ਇਕ ਅੱਧਖੜ ਉਮਰ ਦਾ ਮੁਸਲਮਾਨ, ਆਪਣੀ ਜਵਾਨ ਧੀ ਸਮੇਤ, ਸਫਰ ਕਰ ਰਿਹਾ ਸੀ। ਗੱਲਬਾਤ ਦੇ ਦੌਰਾਨ ਉਸ ਨੇ ਦਸਿਆ ਕਿ ਆਮ ਪੜ੍ਹਾਈ ਕਰ ਲੈਣ ਉਪ੍ਰੰਤ ਉਸ ਦੀ ਧੀ ਜਲੰਧਰ ਵਿਖੇ ਇਕ ਮੁਸਲਿਮ ਅਦਾਰੇ ਤੋਂ ਦੀਨੀ ਤਾਲੀਮ ਹਾਸਲ ਕਰਕੇ ਵਾਪਸ ਆ ਰਹੀ ਹੈ।

ਕੀ ਕਦੀ ਕਿਸੇ ਰੱਜੇ ਪੁਜੇ ਸਿੱਖ ਸਰਦਾਰ ਨੇ ਵੀ ਆਪਣੇ ਧੀਆਂ ਪੁੱਤਾਂ ਨੂੰ, ਆਪਣੇ ਖਰਚ ਉਤੇ ਵਿਸ਼ੇਸ਼ ਤੌਰ ਉਤੇ ਸਿੱਖ ਧਰਮ ਦੀ ਬਾਕਾਇਦਾ ਜਾਣਕਾਰੀ ਦੇਣ ਦੀ ਲੋੜ ਸਮਝੀ ਹੈ ?

ਘੱਟ ਤੋਂ ਘੱਟ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ੫੦ ਸਾਲਾ ਇਤਿਹਾਸ ਵਿਚ ਤਾਂ ਐਸੀ ਕੋਈ ਮਿਸਾਲ ਨਹੀਂ ਮਿਲਦੀ। ਆਮ ਤੌਰ ਉਤੇ ਸਾਡੇ ਇਹਨਾਂ ਧਾਰਮਿਕ ਜਾਂ ਗੁਰਮਤਿ ਕਾਲਜਾਂ ਵਿਚ ਉਹ ਵਿਦਿਆਰਥੀ ਹੀ ਦਾਖਲੇ ਹਿਤ ਦਰਸ਼ਨ ਦਿੰਦੇ ਹਨ, ਜਿਨ੍ਹਾਂ ਦਾ ਹੋਰਥੇ ਕਿਤੇ ਨਹੁੰ ਨਹੀਂ ਅੜਦਾ।

ਅਸੀਂ ਕਦੋਂ ਸਮਝਾਂਗੇ ਕਿ ਧਰਮ-ਪ੍ਰਚਾਰ ਅਥਵਾ ਨਾਮ ਜਪਣ ਤੇ ਹੋਰਨਾਂ ਨੂੰ ਨਾਮ ਜਪਾਣ ਦਾ ਇਹ ਦੈਵੀ ਕੰਮ, ਸਭ ਤੋਂ ਉੱਤਮ, ਸ੍ਰੇਸ਼ਟ, ਮਾਨ ਵਾਲਾ, ਕਲਿਆਣਕਾਰੀ ਤੇ ਸੁਖਦਾਈ ਹੈ ?

ਗੁਰੂ ਕੇ ਸਿੱਖ ਨੂੰ ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਉਪਦੇਸ਼ ਹੈ। ਉਸ ਦੀ ਵੰਡ ਕੇ ਛਕਣ ਦੀ ਇਹ ਸਾਂਝ ਕੇਵਲ ਆਪਣੀ ਕਿਰਤ ਕਮਾਈ ਤਕ ਹੀ ਸੀਮਤ ਨਹੀਂ, ਸਗੋਂ ਉਸ ਨੇ ਹੋਰਨਾਂ ਨਾਲ ਗੁਣਾਂ ਦੀ ਸਾਂਝ ਵੀ ਪੈਦਾ ਕਰਨੀ ਹੈ। ਉਸ ਨੂੰ 'ਅਗਸੋਂ' ਪਠਾਏ ਨਿਰੰਕਾਰੀ ਬਾਬੇ ਦਾ ਆਦੇਸ਼ ਹੈ–

ਸਾਂਝ ਕਰੀਜੈ ਗੁਣਾ ਕੇਰੀ, ਛੋਡ ਅਵਗੁਣ ਚਲੀਐ ॥ (ਪੰਨਾ ੭੬੬)

ਇਸ ਲਈ ਨਿਰੰਕਾਰੀ 'ਬਾਬੇ' ਵਲੋਂ ਪ੍ਰਾਪਤ 'ਭਗਤਿ ਖਜਾਨੇ' ਵਿਚੋਂ ਉਸ ਨੇ ਨਾਮ ਦੀ ਦਾਤ ਨਾਲ ਪ੍ਰਾਣੀ ਮਾਤ੍ਰ ਨੂੰ ਨਿਹਾਲ ਕਰਨਾ ਹੈ। ਮਨੁੱਖ ਨੂੰ ਸੱਚੇ ਸੁੱਚੇ ਆਚਾਰ ਦਾ ਵਾਰਸ ਬਣਾ ਕੇ ਹਰ ਪਾਸੇ ਸੁਖ, ਸ਼ਾਂਤੀ ਤੇ ਵਿਸ਼ਵਾਸ-ਭਰਪੂਰ ਜੀਵਨ ਦੀ ਕਾਂਗ ਲੈ ਆਉਣੀ ਹੈ। ਅਜੇਹਾ ਕਰਦਿਆਂ ਉਸ ਨੇ ਰੂਪ, ਰੰਗ, ਜ਼ਾਤ, ਪਾਤ, ਕੁਲ, ਨਸਲ, ਦੇਸ਼ ਕਾਲ ਤੇ ਮੱਤ-ਮਤਾਵਾਂ ਦੇ ਵਿਤਕਰਿਆਂ ਤੋਂ ਉਚੇਰੇ ਉਠਣਾ ਹੈ। ਸਿਖੀ ਆਸ਼ੇ ਅਨੁਸਾਰ ਸਿੱਖ ਦਾ ਜੀਵਨ-ਮੰਤਵ ਕੇਵਲ ਆਪਣੀ ਜ਼ਾਤ ਵਿਚ ਹੀ ਧਰਮੀ ਹੋਣਾ ਨਹੀਂ, ਸਗੋਂ ਆਪਣੇ ਅੰਦਰ ਵਸਦੀ ਤੇ ਲੱਟ ਲੱਟ ਜਗਦੀ ਜੀਵਨ-ਜੋਤਿ ਦੀ ਪਾਵਨ ਛੁਹ ਨਾਲ ਮਾਇਆ ਵੇੜ੍ਹੇ ਸਵਾਰਥੀ ਲੋਕਾਂ ਦੇ ਬੁਝੇ ਦਿਲ-ਦੀਪ ਵੀ ਰੌਸ਼ਨ ਕਰਨੇ ਹਨ। ਜਦ ਤਕ ਸਮਸਤ ਸੰਸਾਰ 'ਬੇਗਮਪੁਰਾ' (ਧਰਮੀ) ਨਹੀਂ ਬਣ ਜਾਂਦਾ, ਇਸ ਲਈ ਮਹਿਲਾਂ ਵਿਚਲੇ ਸੁਖ ਆਰਾਮ ਤੇ ਲੋਭ, ਲਾਲਚ-ਗ੍ਰਸਿਆ ਸਵਾਰਥੀ ਜੀਵਨ ਨਾਗਾਂ ਦੇ ਡੰਗਾਂ ਤੇ ਭੱਠਾਂ ਦੇ ਭਾਂਬੜਾਂ ਸਮਾਨ ਹੈ। ਸਿਮਰਨ ਤੇ ਸੇਵਾ ਉਸ ਦੇ ਬੇਕਰਾਰ ਜੀਵਨ ਦੇ ਦੋ ਵੱਡੇ ਰਾਹ-ਦੀਪ ਹਨ। "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦਾ ਰੱਬੀ-ਗੀਤ ਗਾਉਣਾ ਤੇ ਖਾਲਕ ਦੀ ਕੁਲ ਮਖਲੂਕ ਨੂੰ ਆਪਣੀ ਪਿਆਰ-ਗਲਵਕੜੀ ਦੀ ਨਿਘ ਦੇਣੀ, ਉਸ ਦੀ ਹਾਰਦਿਕ ਲੋਚਾ ਹੈ ਤੇ 'ਸਰਬਤ ਦਾ ਭਲਾ' ਮੰਗਣਾ ਉਸ ਦੀ ਧੜਕਨ।

ਅਜੇਹਾ ਹੋਵੇ ਵੀ ਕਿਉਂ ਨਾ, ਜਦ ਕਿ ਉਸ ਦੇ ਕਾਮਲ ਮੁਰਸ਼ਦ ਨੇ '੧ ਓ' ਦਾ ਨਾਦ ਗੁੰਜਾਇਆ, ਤੇ ਸਾਰਾ ਜਗ ਤਾਰਨ ਲਈ ਲੰਮੀਆਂ ਉਦਾਸੀਆਂ ਲਾ ਕੇ ਦੇਸਾਂ, ਪ੍ਰਦੇਸਾਂ ਵਿਚ ਨਾਮ ਦਾ ਛੱਟਾ ਦਿੱਤਾ, ਅਤੇ ਚੋਰਾਂ ਠੱਗਾਂ, ਰਾਖਸ਼ਾਂ, ਜਾਦੂਗਰਾਂ, ਪੀਰਾਂ, ਫਕੀਰਾਂ, ਜੋਗੀਆ ਮਲਕਾਂ, ਰਾਜਿਆਂ, ਬ੍ਰਾਹਮਣਾਂ, ਕਾਜ਼ੀਆਂ ਤੇ ਕਿਰਤੀਆਂ ਨੂੰ ਇਕ ਸਮਾਨ ਰੱਬ ਦਾ ਰਾਹ ਵਿਖਾ-ਇਆ ਹੋਵੇ। ਰਾਹ ਵੀ ਉਹ ਜਿਸਨੂੰ ਭਾਈ ਗੁਰਦਾਸ ਜੀ 'ਗਾਡੀ ਰਾਹ' ਕਰਕੇ ਲਿਖਦੇ ਹਨ। ਬਸ, ਪਾਂਧੀ ਇਕ ਵੇਰ ਰਾਹੇ ਪਿਆ ਨਹੀਂ ਤੇ ਮੰਜ਼ਲ ਆਪ ਤੁਰ ਕੇ ਉਸ ਦੇ ਕਦਮਾਂ ਵਿਚ ਆਈ ਨਹੀਂ। ਸ਼ਰਤ ਕੇਵਲ ਇਹ ਹੈ ਕਿ ਉਸ ਵਿਚ ਅਗੇ ਵਧਣ ਲਈ ਬੇਤਾਬੀ ਤੇ ਵਿਸ਼ਵਾਸ ਦੀ ਕਮੀ ਨ ਆਵੇ; ਉਸ ਨੇ ਸਿਦਕ ਦੀ ਫੀਸ ਤਾਰੀ ਹੋਵੇ।

ਗੁਰੂ ਬਾਬੇ ਦੀ ਗੱਲ ਤਾਂ ਠੀਕ ਹੈ, ਯਥਾਰਥ ਹੈ। ਪਰੰਤੂ, ਸਵਾਲਾਂ ਦਾ ਸਵਾਲ ਇਹ ਹੈ ਕਿ ਕੀ ਅਜੇਹੇ 'ਗਾਡੀ ਰਾਹ' ਦੇ ਹੁੰਦਿਆਂ ਸੁੰਦਿਆਂ 'ਬਾਬੇ' ਦੇ ਨਾਮ-ਲੇਵਾ (ਸਿਖ) ਸੰਸਾਰ ਨੂੰ ਔਂਤੜ ਪੈਣੋਂ ਬਚਾ ਸਕੇ ਹਨ? ਕੀ ਸੰਸਾਰ ਵਿਚ 'ਸਚ' ਤੇ 'ਸਚੇ-ਆਚਾਰ' ਦਾ ਬੋਲ-ਬਾਲਾ ਹੋ ਗਿਆ ਹੈ? ਕੀ 'ਸਾਧ ਸਮੂਹ ਪ੍ਰਸੰਨ ਫਿਰੈ ਜਗ, ਸਤ੍ਰੁ ਸਭੈ ਅਵਲੋਕ ਚਪੈਂਗੇ' ਵਾਲਾ ਯੁੱਗ ਵਾਪਰ ਚੁੱਕਾ ਹੈ?

ਉਪ੍ਰੋਕਤ ਪ੍ਰਸ਼ਨਾਂ ਦਾ ਉੱਤਰ ਉਤਸ਼ਾਹ-ਜਨਕ ਨਹੀਂ, ਸ਼ਰਮਸਾਰ ਕਰਨ ਵਾਲਾ ਹੈ। ਫੇਰ ਗੁਰੂ ਦਾ ਖਾਸ ਰੂਪ ਖਾਲਸਾ ਆਪਣੇ ਛੋਟੇ-ਮੋਟੇ ਧੰਦਿਆਂ, ਧੜੇਬੰਦੀਆਂ ਤੇ ਵਕਤੀ ਹਾਨਾਂ ਲਾਭਾਂ ਵਿਚ ਉਲਝ ਕੇ, ਦੁਨੀਆਂ ਦੀਆਂ ਫੋਕੀਆਂ ਵਡਿਆਈਆਂ ਤੇ ਚੌਧਰਾਂ ਨੂੰ ਜੀਵਨ-ਮੰਤਵ ਮਿੱਥ ਕੇ, ਸਭਾ ਸੁਸਾਇਟੀਆਂ ਦੀਆਂ ਮੈਂਬਰੀਆਂ ਦੀ ਮਾਨ ਵਡਿਆਈ ਵਿਚ ਪਲਚ ਕੇ, ਆਪਣੇ ਮਹਾਨ ਉਦੇਸ਼ ਤੇ ਕਰਤੱਵ ਨੂੰ ਭੁਲ ਬੈਠੇ, ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ? ਇਹ ਅਕ੍ਰਿਤਘਣਤਾ ਕਿਤਨੀ ਦੁਖਦਾਈ ਹੈ।

ਇਸ ਦੀ ਰਵਾਨੀ ਵਿਚ ਇਹ 'ਸਕੂਨ'* (ਸਿਥਲਤਾ) ਮੌਤ ਹੈ, ਇਕ ਭਿਆਨਕ ਮੌਤ। ਉਸ ਨੂੰ ਇਸ ਮਾਰੂ ਗਫਲਤ ਤੋਂ ਟੁੰਬ ਕੇ ਸਾਵਧਾਨ ਕਰਨ ਅਤੇ ਆਪਣੇ ਅਸਲੇ ਤੇ ਕਰਤੱਵ ਦੀ ਸੋਝੀ ਕਰਾਉਣ ਦੀ ਲੋੜ ਹੈ। ਉਸ ਨੂੰ ਇਹ ਚਿਤਾਵਣੀ ਦੇਣ ਦੀ ਅਵੱਸ਼ਕਤਾ ਹੈ ਕਿ 'ਤੂੰ ਸ਼ਾਹੀ ਹੈਂ' ਪਰਵਾਜ਼ ਹੈ ਕਾਮ ਤੇਰਾ, ਤੇਰੇ ਸਾਹਮਣੇ ਆਸਮਾਂ ਔਰ ਭੀ ਹੈ।'

ਪਰੰਤੂ ਇਹ ਸਭ ਕੁਝ ਕਿਵੇਂ ਹੋਵੇ? ਉੱਤਰ ਹੈ-ਕੁਝ ਇਸ ਤਰ੍ਹਾਂ ਕੁਝ ਇਵੇਂ ਸੋਚਿਆ, ਕੁਝ ਇਵੇਂ ਵਿਉਂਤਿਆ :

ਆਦਰਸ਼ਕ ਉਪਦੇਸ਼ਕਾਂ, ਪ੍ਰਚਾਰਕਾਂ ਰਾਹੀਂ-

ਸਿੱਖੀ ਇਕ ਪ੍ਰਚਾਰਕ ਧਰਮ ਹੈ। ਇਸ ਦੇ ਪਰਸਾਰ ਲਈ ਆਦਰਸ਼ਕ ਪ੍ਰਚਾਰਕਾਂ ਦੀ ਮਹਾਨਤਾ ਤੇ ਲੋੜ ਨੂੰ ਕਦੀ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਹ ਉਹੀ ਸਾਧਨ ਹੈ ਜਿਸ ਰਾਹੀਂ ਨਿਰੰਕਾਰੀ ਬਾਬੇ ਨੇ ਸਾਰੇ ਸੰਸਾਰ ਉਤੇ ਸਫਲ ਰਟਨ ਕੀਤਾ ਸੀ। ਆਓ, ਵੀਚਾਰੀਏ :

ਆਦਰਸ਼ਕ ਪ੍ਰਚਾਰਕ ਬਣਨ ਲਈ ਸਾਡੀ ਅਗਵਾਈ ਸਭ ਤੋਂ ਵਧ ਗੁਰਦੇਵ ਦੇ ਆਪਣੇ ਪਾਏ ਪੂਰਨੇ ਕਰਦੇ ਹਨ। ਇਸ ਤੋਂ ਛੁੱਟ ਉਹਨਾਂ ਨੇ ਉਹ ਗੁਣ ਵੀ ਅੰਕਿਤ ਕੀਤੇ ਹਨ ਜੋ ਅਜੇਹੇ ਪ੍ਰਚਾਰਕ ਦੀ ਸਫਲਤਾ ਦੇ ਜ਼ਾਮਨ ਹਨ। ਇਹ ਗੁਣ ਹਨ :-

(ੳ) ਜਿਸ ਦੇ ਅੰਦਰਿ ਸਚੁ ਹੈ, ਸੋ ਸਚਾ ਨਾਮੁ ਮੁਖਿ ਸਚੁ ਅਲਾਏ।
ਓਹੁ ਹਰਿ ਮਾਰਗਿ ਆਪਿ ਚਲਦਾ, ਹੋਰਨਾ ਨੋ ਹਰਿ ਮਾਰਗਿ ਪਾਏ।
(ਮਾਝ ਕੀ ਵਾਰ ਮ: ੪ ਪੰ: ੧੪੦)

---

*ਸਕੂਨਿ ਬੇਕਰਾਰੀ ਮੌਤ ਕਾ ਪੈਗ਼ਾਮ ਹੈ, ਸਾਕੀ
ਕਿ ਦਿਲ ਕੀ ਧੜਕਨ ਕਾ ਜ਼ਿੰਦਗਾਨੀ ਨਾਮ ਹੈ, ਸਾਕੀ।
ਮੌਤ ਹੈ ਤੇਰਾ ਸਕੂੰ, ਤੇਰੀ ਰਵਾਨੀ ਜ਼ਿੰਦਗੀ।
(ਸਕੂਨ, ਸਕੂੰ=ਰੁਕਣਾ, ਸਿਥਲਤਾ, ਠਹਿਰਾਉ।)

(ਅ) ਆਪਣਾ ਮਨੁ ਪਰਬੋਧਹੁ, ਬੂਝਹੁ ਸੋਈ।
ਲੋਕ ਸਮਝਾਵਹੁ, ਸੁਣੇ ਨ ਕੋਈ।
ਗੁਰਮੁਖਿ ਸਮਝਹੁ, ਸਦਾ ਸੁਖੁ ਹੋਈ। (ਮ: ੩, ਪੰ: ੩੦)

(ੲ) ਪ੍ਰਥਮੇ ਮਨੁ ਪ੍ਰਬੋਧੈ ਅਪਨਾ, ਪਾਛੈ ਅਵਰ ਰੀਝਾਵੈ।
(ਆਸਾ ਮ: ੫, ਪੰਨਾ ੩੮੧)

(ਸ) ਆਪਿ ਕਮਾਉ, ਅਵਰਾ ਉਪਦੇਸ। ਰਾਮ ਨਾਮ ਹਿਰਦੈ ਪਰਵੇਸ।
(ਗਉੜੀ ਮ: ੫, ਪੰਨਾ ੧੮੫)

(ਹ) ਰਹਤ ਅਵਰ, ਕਛੁ ਅਵਰ ਕਮਾਵਤ।
ਮਨਿ ਨਹੀ ਪ੍ਰੀਤਿ, ਮੁਖਹੁ ਗੰਢ ਲਾਵਤ। (ਸੁਖਮਨੀ, ਪੰ: ੨੬੯)

ਉਪਰੋਕਤ ਪ੍ਰਮਾਣਾਂ ਤੋਂ ਇਹ ਹਕੀਕਤ ਚਿੱਟੇ ਦਿਨ ਵਾਂਗ ਰੋਸ਼ਨ ਹੋ ਜਾਂਦੀ ਹੈ ਕਿ ਉਪਦੇਸ਼ਕ ਵਿਚ ਵੱਡਾ ਗੁਣ ਤੇ ਲੋੜ ਇਸ ਗੱਲ ਦੀ ਹੈ ਕਿ ਉਸ ਦੀ ਕਥਨੀ ਤੇ ਕਰਣੀ ਇਕ ਸਮਾਨ ਹੋਵੇ। ਉਹ ਆਲਮ ਬਾ ਅਮਲ ਹੋਵੇ। ਉਹ ਤਿਆਗ, ਤੜਪ, ਨਿੰਮਰਤਾ ਤੇ ਮਿਠਾਸ ਦਾ ਮੁਜੱਸਮਾ ਹੋਵੇ। ਉਸ ਦੀ ਨਿਗਾਹ ਪਾਕ ਤੇ ਬੇਬਾਕ ਹੋਵੇ। ਉਹ ਕਿਸੇ ਦੀ ਕਾਣ ਨਾ ਰੱਖੇ। ਉਸ ਨੂੰ ਆਪਣੇ ਸੱਚੇ ਸੁੱਚੇ ਸੁੱਚੇ ਆਚਾਰ, ਵਿਹਾਰ ਤੇ ਵੀਚਾਰ ਉਤੇ ਮਾਨ ਹੋਵੇ। ਉਸ ਦੇ ਹੱਥ ਵਿਚ ਗਰੀਬੀ ਦੀ ਗਦਾ ਤੇ ਸਭ ਦੇ ਅਦਬ, ਸਤਿਕਾਰ ਦਾ ਖੰਡਾ ਹੋਵੇ। ਉਹ ਲੈਸ ਹੋਵੇ ਕੁਝ ਇਸ ਤਰ੍ਹਾਂ ਦੀਆਂ ਤਲਵਾਰਾਂ ਨਾਲ—

ਯਕੀਂ ਮੁਹਕਮ, ਅਮਲ ਪੈਹਮ, ਮਹੱਬਤ ਫਾਤਹ ਆਲਮ।
ਜਹਾਦਿ ਜ਼ਿੰਦਗਾਨੀ ਮੇਂ, ਯਿਹ ਹੈਂ ਮਰਦੋਂ ਕੀ ਸ਼ਮਸ਼ੀਰੇ। (ਇਕਬਾਲ)

ਸੱਚ ਹੈ, ਪੁੱਖਤਾ ਯਕੀਨ (ਪੂਰਨ ਵਿਸ਼ਵਾਸ), ਕਰਣੀ ਦੀ ਲਗਾਤਾਰ ਧੁਨ ਤੇ ਸਾਰੇ ਸੰਸਾਰ ਨੂੰ ਜਿਤ ਲੈਣ ਵਾਲੇ ਪਿਆਰ ਦੀਆਂ ਤਲਵਾਰਾਂ ਦੀ ਝਾਕ ਭਲਾ ਕੌਣ ਝੱਲ ਸਕਦਾ ਹੈ?

ਵਿਸ਼ਵਾਸ, ਭਰੋਸੇ ਤੇ ਸਿਦਕ ਤੋਂ ਬਿਨਾਂ ਪ੍ਰਚਾਰਕ ਲਈ ਇਕ ਕਦਮ

ਵੀ ਆਪਣੀ ਮੰਜ਼ਲ ਵਲ ਅੱਗੇ ਵਧਣਾ ਸੰਭਵ ਨਹੀਂ। ਵਿਸ਼ਵਾਸ ਤੋਂ ਤੱਤ ਗਿਆਨ ਪੈਦਾ ਹੁੰਦਾ ਹੈ, ਜਿਸ ਦੇ ਪ੍ਰਕਾਸ਼ ਵਿਚ ਉਹ ਆਪ ਤੁਰਦਾ ਤੇ ਹੋਰਨਾਂ ਨੂੰ ਸਹੀ ਮਾਰਗ ਵਿਖਾਕੇ ਤੋਰ ਸਕਦਾ ਹੈ। ਪੰਜਵੇਂ ਗੁਰਦੇਵ ਦਾ ਫੁਰਮਾਨ ਹੈ–

ਜਾ ਕੈ ਰਿਦੈ, ਬਿਸ੍ਵਾਸੁ ਪ੍ਰਭ ਆਇਆ।
ਤਤੁ ਗਿਆਨੁ, ਤਿਸੁ ਮਨਿ ਪ੍ਰਗਟਾਇਆ। (ਪੰ: ੨੮੫)

ਤੇ, ਇਸ ਦੇ ਐਨ ਉਲਟ ਵਿਸ਼ਵਾਸ ਤੇ ਸਿਦਕ ਹੀਨ, ਅਗਿਆਨੀ ਉਪਦੇਸ਼ਕ ਅਥਵਾ ਆਗੂ, ਆਪਣੇ ਨਾਲ ਦੇ ਸਾਰੇ ਸਾਥੀ ਲੈ ਡੁਬੇਗਾ। ਭਾਈ ਗੁਰਦਾਸ ਜੀ ਦਾ ਕਥਨ ਹੈ–

ਅੰਨ੍ਹਾ ਆਗੂ ਜੇ ਥੀਐ, ਸਭ ਸਾਥ ਮੁਹਾਵੈ ॥

ਸੋ, ਹੋਰਨਾਂ ਨੂੰ ਉਪਦੇਸ਼ ਕਰਨ ਵਾਲੇ ਸੱਜਣ ਦੀ ਭਾਰੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਪਹਿਲਾਂ ਆਪਣੇ ਰਿਦੇ ਵਿਚ ਪ੍ਰਗਾਸ ਕਰੇ ਤੇ ਫੇਰ ਹੋਰਨਾਂ ਨੂੰ ਕਰਾਵੇ। ਐਸੇ ਗੁਰਮੁਖ ਉਪਦੇਸ਼ਕ ਦੀ ਚਰਨ ਧੂੜ ਨੂੰ ਗੁਰਦੇਵ ਆਪ ਵੀ ਲੋਚਦੇ ਹਨ, ਫੁਰਮਾਨ ਹੈ–

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ।
(ਗਉੜੀ ਮ: ੪, ਪੰ: ੩੦੬)

ਜਦ ਉਪਦੇਸ਼ਕ ਦੇ ਆਪਣੇ ਅੰਦਰ ਹੀ ਅਕਾਲ ਪੁਰਖ, ਗੁਰਬਾਣੀ, ਅੰਮ੍ਰਿਤ ਤੇ ਸਿੱਖੀ ਰਹਤ, ਬਹੁਤ ਬਾਰੇ ਵਿਸ਼ਵਾਸ ਦੀ ਘਾਟ ਹੈ, ਤਾਂ ਉਹ ਹਜ਼ਾਰ ਜਤਨ ਕਰੇ, ਉਸ ਦੀ ਗੱਲ, ਤੱੜਪ, ਸੋਜ਼ ਤੇ ਵਿਸ਼ਵਾਸ ਹੀਣਤਾ ਕਾਰਨ ਬਣੇਗੀ ਨਹੀਂ। ਉਹ ਕਦਾਚਿਤ ਸਰੋਤਿਆਂ ਨੂੰ ਸਦੀਵੀ ਤੌਰ ਉਤੇ ਪ੍ਰਭਾਵਿਤ ਨਹੀਂ ਕਰ ਸਕੇਗਾ। ਜੇ ਕੁਝ ਸਮੇਂ ਲਈ ਉਹਨਾਂ ਨੂੰ ਆਪਣੇ ਚੁੰਚ-ਗਿਆਨ ਦੀ ਜਾਦੂ ਬਿਆਨੀ ਰਾਹੀਂ ਪ੍ਰਭਾਵਤ ਕਰਨ ਵਿਚ ਸਫਲ ਹੋ ਵੀ ਜਾਵੇ, ਤਾਂ ਬਾਦ ਵਿਚ ਉਸ ਦੀ ਕਰਣੀ ਦਾ ਪਾਜ ਖੁੱਲ੍ਹਣ

ਨਾਲ, ਸਗੋਂ ਉਸ ਦੇ ਕਥਨ ਕੀਤੇ ਸਿਧਾਂਤਾਂ ਤੋਂ ਹੋਰ ਵੀ ਦੁਰੇਡੇ ਚਲੇ ਜਾਣਗੇ। ਇਸ ਤਰ੍ਹਾਂ, ਉਸਦਾ ਪ੍ਰਚਾਰ ਲਾਭਦਾਇਕ ਹੋਣ ਦੀ ਥਾਂ ਉਲਟਾ ਹਾਨੀ-ਕਾਰਕ ਸਿੱਧ ਹੋਵੇਗਾ।

ਸੋ, ਜਿਥੇ ਕਰਨੀ ਕਰਤੂਤ 'ਤੇ ਪਾਕ ਪਵਿੱਤਰ ਜੀਵਨ ਵਾਲੇ ਵਿਦਵਾਨ ਉਪਦੇਸ਼ਕ ਪੈਦਾ ਕਰਨ ਤੇ ਉਹਨਾਂ ਨੂੰ ਪ੍ਰਚਾਰ ਦੇ ਮਹਾਨ ਉਪਕਾਰੀ ਕੰਮ ਦੇ ਜ਼ੁੰਮੇਵਾਰ ਬਣਾਉਣ ਦੀ ਲੋੜ ਹੈ, ਓਥੇ ਅੱਲੜ, ਆਚਰਣ-ਹੀਣ, ਅਗਿਆਨੀ, ਦੰਭੀ ਤੇ ਡੰਗ-ਟਪਾਊ ਉਪਦੇਸ਼ਕਾਂ ਤੋਂ ਬੱਚਣ ਬਚਾਣ ਦੀ ਵੀ ਘਟ ਲੋੜ ਨਹੀਂ। ਕੇਵਲ ਕਿੱਤੇ ਦੇ ਤੌਰ ਉਤੇ ਅਜਿਹੇ ਕੰਮ ਨੂੰ ਅਪਣਾਉਣਾ ਨਿੰਦਨੀਯ ਹੈ। ਵੈਸੇ ਤਾਂ ਗੁਰੂ ਦਾ ਹਰੇਕ ਸਿੱਖ ਮਿਸ਼ਨਰੀ ਹੈ; ਪ੍ਰੰਤੂ, ਫੇਰ ਵੀ, ਕੰਮ ਦੀ ਵੰਡ ਦੇ ਦ੍ਰਿਸ਼ਟੀਕੋਨ ਤੋਂ ਉਚੇਚੇ ਤੌਰ ਉਤੇ ਪ੍ਰੋਫ਼ੈਸ਼ਨਲ ਪ੍ਰਚਾਰਕਾਂ ਨੂੰ ਤਿਆਰ ਕਰਨ ਦੀ ਅਤੀ ਲੋੜ ਹੈ।

ਹੋਰ ਅਨੇਕ ਗੁਣਾਂ ਦੇ ਨਾਲ ਨਾਲ ਜਦ ਇਹ ਲੋਕ ਦ੍ਰਿੜ੍ਹ ਵਿਸ਼ਵਾਸ, ਵਿਦਿਆ, ਕਰਣੀ, ਦਿਲੀ ਤੜਪ ਤੇ ਜਨੂੰਨੀਆਂ ਵਾਲਾ ਜੋਸ਼ ਲੈ ਕੇ ਮੈਦਾਨ ਵਿਚ ਨਿਤਰਨਗੇ, ਤਾਂ ਸਫਲਤਾ ਆਪ ਅੱਗੇ ਵਧ ਕੇ ਇਨ੍ਹਾਂ ਦਾ ਸੁਆਗਤ ਕਰੇਗੀ।

ਅਜੇਹੇ ਸੁਯੋਗ ਉਪਦੇਸ਼ਕ ਕਿਵੇਂ ਬਣਨ ਤੇ ਕੌਣ ਬਣਾਵੇ? ਇਹ ਵਿਸ਼ਾ ਵਿਸ਼ੇਸ਼ ਵੀਚਾਰ ਦਾ ਮੁਥਾਜ ਹੈ।

(੩)

ਜਦ ਅਸੀਂ ਆਦਰਸ਼ਕ ਉਪਦੇਸ਼ਕ ਅਥਵਾ ਮਿਸ਼ਨਰੀ ਦੀ ਗੱਲ ਕਰਦੇ ਹਾਂ ਤਾਂ ਸੁਤੇ ਹੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੇ ਆਦਰਸ਼ਕ ਮਿਸ਼ਨਰੀ ਤਿਆਰ ਕਿੱਥੇ ਤੇ ਕਿਵੇਂ ਹੋਣ? ਇਸ ਦਾ ਉੱਤਰ ਬੜਾ ਸੌਖਾ, ਸਿੱਧਾ ਤੇ ਸਪੱਸ਼ਟ ਹੈ। ਜਿਵੇਂ ਅਧਿਆਪਕਾਂ, ਡਾਕਟਰਾਂ ਇੰਜੀਨੀਅਰਾਂ ਅਤੇ ਹੋਰ ਤਕਨੀਕੀ ਮਾਹਿਰਾਂ ਲਈ ਬਾਕਾਇਦਾ ਟਰੇਨਿੰਗ ਤੇ ਸਿਖਲਾਈ ਦੀ ਲੋੜ ਹੈ, ਉਸੇ ਤਰ੍ਹਾਂ ਉਪਦੇਸ਼ਕਾਂ ਤੇ ਪ੍ਰਚਾਰਕਾਂ ਨੂੰ ਵੀ ਵਿਉਂਤ-ਬੱਧ ਢੰਗ

ਨਾਲ ਟਰੇਨਿੰਗ ਦੇਣ ਅਤੇ ਜ਼ਬਤ (ਰਹਿਤ) ਦੇ ਪਾਲਣ ਦੀ ਲੋੜ ਹੈ। ਇਹ ਵੀ ਧਾਰਮਿਕ ਵਿਦਿਆਲਿਆਂ ਰਾਹੀਂ ਆਪਣੇ ਮਹਾਨ, ਪਰੰਤੂ, ਕਠਨ ਕਰਤੱਵ ਵਿਚ ਓਸੇ ਤਰ੍ਹਾਂ ਨਿਪੁੰਨਤਾ ਪ੍ਰਾਪਤ ਕਰਨ, ਜਿਵੇਂ ਹੋਰ ਕਿੱਤਿਆਂ ਦੇ ਮਾਹਿਰ ਲੋਕ ਕਰਦੇ ਹਨ।

ਆਪਣੇ ਆਪਣੇ ਮੱਤ ਦੇ ਪਰਚਾਰ ਖੇਤਰ ਵਿਚ ਜਿਨ੍ਹਾਂ ਲੋਕਾਂ ਨੇ ਹੈਰਾਨ ਕਰਨ ਵਾਲੀ ਹਕੀਕੀ ਪ੍ਰਗਤੀ ਕੀਤੀ ਹੈ, ਉਹਨਾਂ ਵਲੋਂ ਆਪਣੇ ਪ੍ਰਚਾਰਕਾਂ ਨੂੰ ਟਰੇਨਿੰਗ ਦੇਣ ਲਈ ਚਲਾਏ ਜਾ ਰਹੇ ਵਿਦਿਆਲਿਆਂ ਦੇ ਸਿਸਟਮ ਨੂੰ ਘੋਖਣਾ, ਠੀਕ ਪਾਸੇ ਵਲ ਪਹਿਲਾ ਕਦਮ ਹੈ। ਇਸ ਸੰਬੰਧ ਵਿਚ ਇਸਲਾਮ ਅਤੇ ਈਸਾਈ ਮੱਤ ਦੇ ਅਵਲੰਬੀਆਂ ਵਲੋਂ ਚਲਾਏ ਜਾ ਰਹੇ ਧਾਰਮਿਕ ਅਦਾਰਿਆਂ ਦਾ ਸਰਵੇਖਣ ਵਿਸ਼ੇਸ਼ ਤੌਰ ਉਤੇ ਜ਼ਰੂਰੀ ਹੈ।

ਪਹਿਲਾਂ ਇਸਲਾਮ ਨੂੰ ਹੀ ਲੈ ਲਵੋ। ਇਸ ਮੱਤ ਦੇ ਚੋਟੀ ਦੇ ਆਲਮ ਤੇ ਵਾਅਜ਼ (ਪ੍ਰਚਾਰਕ) ਪੈਦਾ ਕਰਨ ਲਈ ਹਰੇਕ ਇਸਲਾਮੀ ਦੇਸ਼ ਵਿਚ ਉਚੇਰੇ ਅਦਾਰੇ ਹਨ, ਯੂਨੀਵਰਸਿਟੀਆਂ ਹਨ, ਬੁੱਧੀ ਨੂੰ ਚਕ੍ਰਿਤ ਕਰ ਦੇਣ ਵਾਲੇ ਪੁਸਤਕਾਲੇ ਹਨ। ਮਿਸਰ ਦੀ ਰਾਜਧਾਨੀ, ਕਾਹਿਰਾ ਵਿਖੇ ਇਸਲਾਮੀ ਤਾਲੀਮ ਦੇ ਵਿਦਵਾਨ ਤੇ ਜਗਤ-ਪ੍ਰਸਿੱਧ ਮੁਕੱਰਰ (ਬੁਲਾਰੇ) ਪੈਦਾ ਕਰਨ ਲਈ ਪੁਰਾਣੇ ਸਮਿਆਂ ਤੋਂ ਚਲਿਆ ਆ ਰਿਹਾ ਅਲ ਅਜ਼ਹਰ ਨਾਮ ਦਾ ਮਹਾਨ ਮਦਰੱਸਾ ਹੈ। ਭਾਰਤ ਵਰਗੇ ਦੇਸ਼ ਵਿਚ ਵੀ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਤੋਂ ਛੁਟ, ਦੇਉਬੰਦ, ਸਹਾਰਨਪੁਰ, ਹੈਦਰਾਬਾਦ, ਭੂਪਾਲ ਆਦਿ ਥਾਵਾਂ ਉਤੇ ਇਸਲਾਮੀ ਤਾਲੀਮ ਦੇਣ ਅਤੇ ਵੱਡੀ ਤੇ ਉਚੇਰੀ ਪੱਧਰ ਉਤੇ ਪਰਚਾਰਕ ਪੈਦਾ ਕਰਨ ਲਈ ਮਜ਼ਬੀ ਅਦਾਰੇ ਹਨ। ਇਹਨਾਂ ਵਿਚ "ਕਮ ਖਰਚ, ਬਾਲਾ ਨਸ਼ੀਂ" (ਖਰਚ ਥੋੜ੍ਹਾ ਅਤੇ ਕੰਮ ਸੁਥਰਾ) ਵਾਲੀ ਵਿਉਂਤ, ਪੜਚੋਲਨ ਤੇ ਰੀਸ ਕਰਨ ਯੋਗ ਹੈ। ਮਿਰਜ਼ਈ (ਕਾਦਿਆਨੀ) ਮੁਸਲਮਾਨਾਂ ਦਾ ਪਰਚਾਰ ਢੰਗ ਵਧੇਰੇ ਡੂੰਘਾ, ਚਤੁਰ, ਸਫਲ ਤੇ ਅਸਰ-ਭਰਪੂਰ ਕਿਹਾ ਜਾ ਸਕਦਾ ਹੈ। ਇਸ ਵੇਲੇ ਇਕੱਲੇ

ਦੇਉਬੰਦ ਦੇ ਅਦਾਰੇ ਵਿਚ ਹੀ ੧੫੦੦ ਵਿਦਿਆਰਥੀ ੧੧ ਸਾਲਾ ਕੋਰਸ ਪੜ੍ਹ ਰਹੇ ਹਨ।

ਜੇ ਕੋਈ ਇਹ ਆਖੇ ਕਿ ਇਸਲਾਮ ਦੀ ਇਸ਼ਾਇਤ ਵਧੇਰੇ ਕਰਕੇ ਤਲਵਾਰ ਦੇ ਬਲ ਨਾਲ ਹੀ ਹੋਈ ਹੈ ਤਾਂ ਉਸ ਨੂੰ ਇਹ ਹਕੀਕਤ ਵੀ ਮੰਨਣੀ ਪਵੇਗੀ ਕਿ ਇਸ ਮੱਤ ਦੇ ਖਿਉਪਾਰੀਆਂ, ' ਮਿਸ਼ਨਰੀਆਂ ਅਤੇ ਖ਼ਵਾਜਾ ਮੁਅੱਜਦੀਨ ਚਿਸ਼ਤੀ ਤੇ ਸ਼ੇਖ਼ ਫਰੀਦ ਜਿਹੇ ਸੂਫੀ ਫਕੀਰਾਂ ਨੇ ਵੀ ਇਸਲਾਮ ਦੀ ਤਬਲੀਗ਼ ਵਿਚ ਕੋਈ ਘਟ ਹਿੱਸਾ ਨਹੀਂ ਪਾਇਆ।

ਉਦਾਹਰਣ ਵਜੋਂ – ਹਾਜੀ ਮੁਹੰਮਦ ਨੇ ਕੇਵਲ ਪੰਜਾਬ ਵਿਚ ਹੀ ਹਿੰਦੂਆਂ ਨੂੰ ਮੁਸਲਮਾਨ ਬਣਾਇਆ। ਏਸੇ ਤਰ੍ਹਾਂ ਅਬੂ ਅਲੀ ਕਲੰਦਰ (੧੨੨੪–੧੩੨੪) ਸੱਜਦ ਮਖ਼ਦੂਮ ਜਹਾਨੀਆਂ (ਜਲਾਲੁਦੀਨ ਬੁਖਾਰੀ ਦਾ ਪੋਤਰਾ) (੧੧੯੯–੧੨੯੧), ਸੱਜਦ ਅਹਿਮਦ ਕਬੀਰ, ਸਦਰੁੱਦੀਨ (ਜਲਾਲੁਦੀਨ ਬੁਖਾਰੀ ਦਾ (ਸਮਕਾਲੀ), ਮੁਅੱਜ਼ੁਦੀਨ ਚਿਸਤੀ, ਬਹਾਉਲ-ਹੱਕ ਜ਼ਕਰੀਆ ਮੁਲਤਾਨੀ ਆਦਿ ਮੁਸਲਮਾਨ ਸੂਫੀ ਫਕੀਰਾਂ ਨੇ ਲੱਖਾਂ ਹਿੰਦੂਆਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਂਦਾ। ਇਕੱਲੇ ਬਾਬਾ ਫਰੀਦ (ਪਾਕਪਟਨ) ਨੇ ਹੀ ਪੰਜਾਬ ਦੀਆਂ ੧੬ ਜਾਤੀਆਂ (**tribes**) ਨੂੰ ਮੁਸਲਮਾਨ ਬਣਾਇਆ।

ਕਾਸ਼! ਸਾਡਾ "ਸੰਤ ਸਮਾਜ" ਵੀ ਸ਼੍ਰੋ: ਕਮੇਟੀ ਨਾਲੋਂ ਵਿਲੱਖਣ ਤੇ ਵੱਖ ਵੱਖ ਰਹੁ-ਰੀਤਾਂ ਤੋਰਨ ਦੀ ਥਾਂ ਸੱਚੇ ਆਚਾਰ, ਵਿਹਾਰ, ਵੀਚਾਰ ਅਤੇ ਤੱਪ ਤਿਆਗ ਦੇ ਜੀਵਨ ਦੁਆਰਾ ਭੁੱਲੀ ਭਟਕੀ ਲੋਕਾਈ ਨੂੰ, ਏਸੇ ਤਰ੍ਹਾਂ, ਨਿਰੰਕਾਰੀ ਬਾਬੇ ਦੇ ਲੜ ਲਾ ਅਤੇ "ਗੁਰਮੁਖ ਗਾਡੀ ਰਾਹ" ਦੇ ਪਾਂਧਾਊ ਬਣਾ ਸਕਣ ਦੀ ਦੈਵੀ ਤੇ ਸਫਲ ਸੇਵਾ ਕਰ ਸਕਦਾ!

ਈਸਾਈ ਮੱਤ ਦੇ ਮਾਇਕ ਸਾਧਨਾਂ ਅਤੇ ਉਚ-ਕੋਟੀ ਦੇ ਲਗਨ ਵਾਲੇ ਮਿਸ਼ਨਰੀ ਪੈਦਾ ਕਰਨ ਦੀ ਸਮਰਥਾ ਦਾ ਵਰਨਣ ਕੀ ਕੀਤਾ ਜਾਵੇ! ਕਿਤੇ ਅਮਰੀਕਨ ਮਿਸ਼ਨ ਡਾਲਰ ਦੇ ਬਲ ਦੁਆਰਾ ਤੋਰੇ ਜਾ ਰਹੇ

ਹਸਪਤਾਲਾਂ, ਸਕੂਲਾਂ, ਕਾਲਜਾਂ ਤੇ ਮਿਸ਼ਨਰੀ ਕੇਂਦਰਾਂ ਰਾਹੀਂ, ਮੁਥਾਜ ਲੋਕਾਂ ਨੂੰ ਧੜਾ ਧੜ ਈਸਾਈ ਬਣਾ ਰਿਹਾ ਹੈ, ਕਿਤੇ ਚਰਚ ਔਫ ਇੰਗਲੈਂਡ ਹਜ਼ਰਤ 'ਯਸੂਹ' ਦੀ ਉਮੱਤ ਵਧਾ ਰਿਹਾ ਹੈ ਅਤੇ ਕਿਤੇ ਸਪੇਨ ਤੇ ਇਟਲੀ ਆਦਿ ਦੇਸ਼ਾਂ ਦੇ ਮਿਸ਼ਨ ਲੋਕਾਂ ਨੂੰ 'ਯਸੂਹ ਮਸੀਹ' ਦੇ ਵਾੜੇ ਦੀਆਂ ਭੇਡਾਂ ਵਿਚ ਸ਼ਾਮਲ ਕਰਕੇ ਖ਼ੁਦਾ ਦੇ "ਇਕਲੌਤੇ ਬੇਟੇ" ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਰਹੇ ਹਨ। ਸਵਾਦਲੀ ਗੱਲ ਤਾਂ ਇਹ ਹੈ ਕਿ ਭਾਵੇਂ ਕੋਈ ਪਰੋਟੈਸਟੈਂਟ ਮੱਤ ਦਾ ਹਾਮੀ ਹੈ ਜਾਂ ਕੈਥੋਲਿਕ ਮਤ ਦਾ, ਆਪਸ ਵਿਚ ਲੜਨ ਦੀ ਥਾਂ, ਸਭ ਦੇ ਸਿਰ ਇਕੋ ਧੁੰਨ ਸਵਾਰ ਹੈ ਕਿ ਅਨਮੱਤੀਆਂ ਨੂੰ ਹਜ਼ਰਤ ਈਸਾ ਦੇ ਲੜ ਕਿਵੇਂ ਲਾਇਆ ਜਾਵੇ। ਸੈਂਕੜੇ ਨਹੀਂ, ਹਜ਼ਾਰਾਂ, ਈਸਾਈ ਮਤ ਦੀਆਂ ਸ਼ੈਦਾਈ ਯੁਵਤੀਆਂ ਆਪਣੇ ਜੋਬਨ-ਭਰਪੂਰ ਆਯੂ ਦੇ ਬੇਹਰੀਨ ਸਾਲ, ਵਤਨ, ਮਾਤਾ ਪਿਤਾ ਤੇ ਸਕੇ ਸਬੰਧੀਆਂ ਤੋਂ ਹਜ਼ਾਰਾਂ ਮੀਲ ਦੀ ਵਿੱਥ ਉਤੇ ਇਸ ਲਗਨ, ਇਸ਼ਕ ਤੇ ਉਤਸ਼ਾਹ ਨਾਲ ਲੋੜਵੰਦਾਂ ਲੋਕਾਂ ਦੀ ਸੇਵਾ ਵਿਚ ਅਰਪਣ ਕਰ ਰਹੀਆਂ ਹਨ ਕਿ ਕਿਸੇ ਤਰ੍ਹਾਂ ਉਹ ਲੋਕ ਈਸਾ ਜੀ ਦੇ ਪੈਰੋਕਾਰ ਬਣ ਜਾਣ, ਅਤੇ ਇਸ ਸੇਵਾ ਬਦਲੇ ਉਹਨਾਂ ਦਾ ਆਪਣਾ ਜੀਵਨ ਸਫਲਾ ਹੋਵੇ।

ਈਸਾਈ ਮੱਤ ਦੇ ਬਾਹਰਲੇ ਸੁਤੰਤਰ ਤੇ ਧਨਾਢ ਦੇਸ਼ਾਂ ਦੇ ਮਿਸ਼ਨਰੀ ਅਦਾਰਿਆਂ ਦੀ ਤਾਂ ਗੱਲ ਛਡੋ, ਸਾਡੇ ਭਾਰਤ ਵਿਚ ਹੀ ਇਹਨਾਂ ਦੀ ਟਰੇਨਿੰਗ ਆਦਿ ਲਈ ਸਹਾਰਨਪੁਰ, ਜੱਬਲਪੁਰ, ਸ੍ਰੀਰਾਮਪੁਰ ਤੇ ਪੂਨੇ ਆਦਿ ਥਾਵਾਂ ਉਤੇ ਜੋ ਜੋ ਪ੍ਰਬੰਧ ਤੇ ਵਸੀਲੇ ਹਨ, ਉਹ ਸਭ ਵੇਖਣ, ਵੀਚਾਰਨ ਯੋਗ ਹਨ। ਪੇਪਲ ਸੈਮੀਨਰੀ, ਪੂਨਾ ਬਾਰੇ ਮੈਂ ਇਸ ਸਿਲਸਿਲੇ ਦੇ ਪਹਿਲੇ ਅੰਕ ਵਿਚ ਜੋ ਸੰਖੇਪ ਜਿਹਾ ਵੇਰਵਾ ਦਿੱਤਾ ਸੀ, ਉਹ ਇਕੱਲਾ ਹੀ ਸਾਡੀਆਂ ਅੱਖਾਂ ਖੋਲ੍ਹਣ ਲਈ ਕਾਫੀ ਹੈ। ਓਥੇ ਪਰਖੇ ਤੇ ਟੱਲੀ ਵਾਂਗੂ ਟਣਕਾ ਕੇ ਪਰਵਾਨ ਕੀਤੇ, ਹੋਏ ਘਟ ਤੋਂ ਘਟ ਦਸਵੀਂ ਪਾਸ ਵਿਦਿਆਰਥੀ ਲਏ ਜਾਂਦੇ ਹਨ। ਅੱਠ ਸਾਲ ਹੋਰ ਵਿਦਿਆ ਤੇ ਮਿਸ਼ਨਰੀ ਕੰਮ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਹਰੇਕ ਵਿਦਿਆਰਥੀ ਇਹ ਪ੍ਰਣ ਧਾਰ ਕੇ ਜ਼ਿੰਦਗੀ ਦੀ ਇਸ ਕਠਨ

ਘਾਣੀ ਵਲ ਪੈਰ ਪੁੱਟਦਾ ਹੈ ਕਿ ਉਹ ਸਾਰੀ ਆਯੂ ਬ੍ਰਹਮਚਰਯ ਧਾਰਦਾ ਹੋਇਆ ਆਪਣੇ ਮੱਤ ਦੇ ਪ੍ਰਚਾਰ ਦੇ ਕਠਨ ਮਾਰਗ ਨੂੰ ਅਪਣਾਏਗਾ। ਇਸ ਕਾਲਜ ਦੇ ਕੁਲ ਇਕ ਹਜ਼ਾਰ ਅਜਿਹੇ ਵਿਦਿਆਰਥੀਆਂ ਵਿਚੋਂ ਹਰ ਸਾਲ ਦੋ ਸੌ ਵਿਦਿਆਰਥੀ ਪਰਵਾਨ ਥੀਂਦੇ ਹਨ। ਇਹ ਆਪਣੇ ਮੱਤ ਦੇ ਨਾਲ ਨਾਲ ਹੋਰ ਮੱਤਾਂ ਦਾ ਗਿਆਨ ਵੀ ਪ੍ਰਾਪਤ ਕਰਦੇ ਅਤੇ ਪੂਰਨ ਵਿਸ਼ਵਾਸ ਦ੍ਰਿੜ੍ਹਤਾ, ਜੋਸ਼ ਤੇ ਜਜ਼ਬੇ ਜਿਹੇ ਹਥਿਆਰਾਂ ਨਾਲ ਲੈਸ ਹੋ ਕੇ ਘਟਾ ਵਾਂਗ ਦੇਸ਼ ਤੇ ਪ੍ਰਦੇਸ਼ ਦੇ ਧਰਮ-ਪ੍ਰਚਾਰ-ਖੇਤਰਾਂ ਉਤੇ ਛਾ ਰਹੇ ਹਨ।

ਇਹ ਹੈ ਸੰਸਾਰ ਦੇ ਦੋ ਵੱਡੇ ਤਬਲੀਗੀ ਮੱਤਾਂ ਵਲੋਂ ਤਬਲੀਗ ਲਈ ਕੀਤੇ ਜਾ ਰਹੇ ਉੱਦਮਾਂ ਦੀ ਕੁਝ ਕੁ ਝਲਕ। ਇਹਨਾਂ ਦੇ ਟਾਕਰੇ ਵਿਚ ਸਿੱਖੀ ਪ੍ਰਚਾਰ ਲਈ ਕੀਤੇ ਜਾ ਰਹੇ ਉੱਦਮ ਕਿਤਨੇ ਤੁੱਛ ਹਨ, ਇਹ ਹਕੀਕਤ ਕਿਸੇ ਵਧੇਰੀ ਵਿਆਖਿਆ ਦੀ ਮੁਥਾਜ ਨਹੀਂ। ਜਿਸ ਪਾਸੇ ਜਾਉ ਤੇ ਜਿਸ ਪੰਥ-ਦਰਦੀ ਨੂੰ ਵੀ ਮਿਲੋ, ਬਸ ਇਹੀ ਸ਼ਿਕਾਇਤ ਹੈ ਕਿ ਸਿੱਖੀ ਪ੍ਰਚਾਰ ਦੀ ਮਾਝੇ, ਮਾਲਵੇ ਵਿਚ ਲੋੜ ਹੈ, ਵਿਦਿਆਰਥੀਆਂ ਵਿਚ ਲੋੜ ਹੈ, ਗੁਰੂ ਨਾਨਕ ਨਾਮ ਲੇਵਾ ਕੂੰਡਾਂ ਵੰਣਜਾਰਿਆਂ ਵਿਚ ਲੋੜ ਹੈ, ਪੂਰਬ, ਪੱਛਮ, ਉੱਤਰ ਤੇ ਦੱਖਣ ਚਹੁੰਕੂੰਟਾਂ, ਵਿਚ ਲੋੜ ਹੈ, ਪਰ ਸਾਰ ਲੈਣ ਵਾਲਾ ਕੋਈ ਨਹੀਂ।

ਪ੍ਰਮਾਣੂ ਤੇ ਪੁਲਾੜੀ ਯੁਗ ਦਾ ਘਾਬਰਿਆ ਤੇ ਭੈ-ਭੀਤ ਹੋਇਆ ਮਨੁੱਖ ਬਾਬੇ ਨਾਨਕ ਦੇ ਠੰਡਾਂ ਪਾਉਣ ਤੇ ਸਰਬੱਤ ਦਾ ਭਲਾ ਲੋਚਣ ਵਾਲੇ ਨਿਰੰਕਾਰੀ ਪੈਗਾਮ ਨੂੰ ਬੜੀ ਬੇਸਬਰੀ ਤੇ ਉਤਕੰਠਤਾ ਨਾਲ ਉਡੀਕ ਰਿਹਾ ਹੈ। ਦੂਰ, ਅਰਸ਼ਾਂ ਕੁਰਸ਼ਾਂ ਤੇ ਪੂਰਬ ਦੀ ਲਾਲੀ ਵਲ ਨੀਝ ਲਾ ਕੇ ਤਕਦਿਆਂ ਤਕਦਿਆਂ ਉਸ ਦੀਆਂ ਅੱਖਾਂ ਪੱਕ ਗਈਆਂ ਹਨ। ਪ੍ਰੰਤੂ, ਅਸੀਂ ਹਾਂ ਕਿ ਆਪਣੀ 'ਦਾਸਤਾਨ'* (ਕਹਾਣੀ, ਵਿਥਿਆ) ਕਹਿਣ ਤੋਂ ਪਹਿਲਾਂ ਹੀ ਸੌਂ ਗਏ ਹਾਂ। ਸਾਡੀ ਗਠੜੀ ਦੇ ਵਸਤ ਵਲੇਵੇ ਉਤੇ ਹੱਥ ਸਾਫ਼ ਕਰਨ ਲਈ ਤਾਂ ਸਾਡੇ ਘਰ ਦੇ ਭੇਤੀ ਹੀ ਕਾਫ਼ੀ ਤੱਤਪਰ ਹਨ। ਕਿਤੇ ਨਕਲੀ

*ਬੜੇ ਗੌਰ ਸੁਨਹਰਾ ਥਾ ਜ਼ਮਾਨਾ, ਹਮੀਂ ਸੋ ਗਏ ਦਾਸਤਾਂ ਕਹਤੇ ਕਹਤੇ।

ਨਿਰੰਕਾਰੀਏ, ਦਸਾਂ ਜਾਮਿਆਂ ਵਿਚ ਇਕ ਜੋਤਿ ਤੇ ਜੁਗਤ ਵਿਚ ਵਰਤੇ ਸ੍ਰੀ ਗੁਰੂ ਨਾਨਕ ਦੇਵ ਜੀ, ਬੀਬੀ ਨਾਨਕੀ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਦਿ ਅਨਿੰਨ ਗੁਰਸਿੱਖਾਂ ਦੇ ਨਾਵਾਂ ਤੇ ਵਿਰਸੇ ਉਤੇ ਦਿਨ ਦਿਹਾੜੇ ਡਾਕਾ ਮਾਰ ਰਹੇ ਹਨ, ਕਿਤੇ ਰਾਧਾ ਸਵਾਮੀ ਗੁਰਬਾਣੀ ਦੇ ਭੁਲੇਖੇ ਪਾ ਕੇ ਭੋਲੇ ਭਾਲੇ ਗੁਰਸਿੱਖਾਂ ਨੂੰ ਗੁਮਰਾਹ ਕਰ ਰਹੇ ਹਨ, ਕਿਤੇ ਮਾਨ ਵਡਿਆਈ ਦੇ ਭੁੱਖੇ, ਸਵਾਰਥੀ, ਦੰਭੀ ਭੇਖਾਧਾਰੀ ਸੰਤ, ਗੁਰਮਤਿ ਦੇ ਨਾਂ ਉਤੇ ਮਨਮਤ ਦੇ ਪ੍ਰਚਾਰ ਵਿਚ ਜੁੱਟੇ ਹੋਏ ਹਨ। ਇਹ "ਭੱਦਰ ਪੁਰਸ਼" ਗੁਰ ਮਰਯਾਦਾ ਨੂੰ ਇਕ ਕਰਨ ਤੇ ਤੋਰਨ ਦੀ ਥਾਂ ਸ੍ਰ: ਗੁ: ਪ੍ਰ: ਕਮੇਟੀ ਵਲੋਂ ਇਕ ਹੋਈ ਰਹਿਤ-ਮਰਯਾਦਾ ਦੇ ਦੁੱਧ ਵਿਚ ਨਿੱਜ-ਮਤ ਦੀ ਵਿਲਖਣਤਾ ਤੇ ਨਵੀਆਂ ਕਾਂਢਾਂ ਦੀ ਕਾਂਜੀ ਮਿਲਾਉਣ ਵਿਚ ਹੀ ਫ਼ਖ਼ਰ ਸਮਝਦੇ ਹਨ। ਗੱਲ ਕੀ, ਜਿਸ ਪਾਸੇ ਨਜ਼ਰ ਮਾਰੋ ਸਿੱਖੀ ਚਮਨ ਦਾ ਢਾਂਚਾ ਤੇ ਪ੍ਰਬੰਧ ਕੁਝ ਅਜੀਬ ਢੰਗ ਨਾਲ ਵਿਗੜਿਆ ਦਿੱਸਦਾ ਹੈ। ਕਿਸੇ ਸ਼ਾਇਰ ਦਾ ਇਹ ਸ਼ੇਅਰ ਸਾਡੀ ਹਾਲਤ ਨੂੰ ਇਉਂ ਨਿਰੂਪਨ ਕਰਦਾ ਹੈ :

ਇਕ ਚਾਕ ਹੋ ਤੋ ਸੀਂ ਲੂੰ, ਹਮਦਮ ਗਰੇਬਾਂ ਅਪਨਾ॥
ਜ਼ਾਲਮ ਨੇ ਫਾੜ ਡਾਲਾ ਹੈ, ਯੇਹ ਤਾਰ ਤਾਰ ਕਰਕੇ॥†

ਸਿਆਣਿਆਂ ਦਾ ਕਥਨ ਹੈ ਕਿ ਜਿਹੋ ਜਿਹਾ ਰੋਗ ਤੇਹੋ ਜਿਹੀ ਔਸ਼ਧੀ। ਸਿੱਖੀ ਪ੍ਰਚਾਰ ਦੇ ਖੇਤਰ ਵਿਚ ਸਾਡੀ ਗਫ਼ਲਤ ਤੇ ਦ੍ਰਿਸ਼ਟੀਕੋਨ ਇਕ ਤਕੜੇ ਓਪਰੇਸ਼ਨ ਦੇ ਮੁਥਾਜ ਹਨ। ਸ਼ਾਇਦ ਇਸ ਓਪਰੇਸ਼ਨ ਦੀ ਮਾਰ ਵਿਚੋਂ "ਸਿੱਖ ਗੁਰਦੁਆਰਾ ਐਕਟ" ਵੀ ਨਾ ਬੱਚ ਸਕੇ। ਪ੍ਰੰਤੂ, ਫਿਲਹਾਲ ਇਥੇ ਅਸੀਂ ਇਸ ਲੋੜ ਦੇ ਇਕ ਅੰਗ ਬਾਰੇ ਵਿਚਾਰ ਕਰਨ ਤਕ ਹੀ ਸੀਮਤ ਰਹਿਣਾ ਚਾਹੁੰਦੇ ਹਾਂ। ਇਹ ਅੰਗ ਹੈ ਘਟ ਤੋਂ ਘਟ ਇਕ ਮਹਾਨ ਧਾਰਮਿਕ ਵਿਦਿਆਲੇ ਦੀ ਸਥਾਪਨਾ, ਜੋ ਪੰਥ ਦੀ ਸ਼ਾਨ ਦੇ ਸ਼ਾਇਆਂ ਹੋਵੇ।

---

† ਗਿਲਾ ਸੱਯਾਦ ਸੇ ਹੈ, ਨ, ਸ਼ਿਕਵਾ ਹੈ ਮੁਕੱਦਰ ਸੇ, ਅਜਬ ਕੁਛ ਢੰਗ ਸੇ ਬਿਗੜਾ ਹੈ ਯਿ: ਨਜ਼ਮਿ ਚਮਨ ਅਪਨਾ।

ਵੈਸੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ੧੯੨੭ ਤੋਂ ਹੀ "ਸ਼ਹੀਦ ਸਿੱਖ ਮਿਸ਼ਨਰੀ ਕਾਲਜ" ਨਾਂ ਦਾ ਇਕ ਅਦਾਰਾ ਸ੍ਰੀ ਅੰਮ੍ਰਿਤਸਰ ਜੀ ਵਿਖੇ ਚਲਾਉਣ ਦਾ ਸ਼ੁਭ ਉੱਦਮ ਹੁੰਦਾ ਆਇਆ ਹੈ ਅਤੇ ਇਸ ਨੇ ਕਈ ਇਕ ਪ੍ਰਸਿੱਧ ਲਿਖਾਰੀ, ਪ੍ਰਚਾਰਕ ਅਤੇ ਆਗੂ ਹਸਤੀਆਂ ਪੈਦਾ ਵੀ ਕੀਤੀਆਂ ਹਨ, ਪ੍ਰੰਤੂ ਵਰਤਮਾਨ ਯੁਗ ਇਸ ਤੋਂ ਕਿਤੇ ਵਡੇਰੇ ਉੱਦਮ ਦੀ ਮੰਗ ਕਰਦਾ ਹੈ। ਅਜੋਕੀ ਲੋੜ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਸ ਕਾਲਜ ਦੀ ਵਰਤਮਾਨ ਬਿਲਡਿੰਗ ਜੋ ੧੯੨੭ ਵਿਚ ਕਾਫੀ ਸੀ, ਅੱਜ ਨਾ ਕਾਫੀ ਹੈ। (ਇਸ ਦੀ ਸਥਾਪਨਾ ਦਾ ਗੋਲਡਨ ਜੁਬਲੀ ਸਾਲ ਸੀ, ਸੰ: ੧੯੭੭ ਪ੍ਰੰਤੂ ..) ਕਾਲਜ ਨੂੰ ਵਧੇਰੇ ਖੁਲ੍ਹੀ ਥਾਂ ਉੱਤੇ ਵਿਉਂਤਣ ਤੇ ਉਸਾਰਨ ਦੀ ਲੋੜ ਹੈ। ਜੇ ਪੋਪਲ ਸੈਮੀਨਰੀ, ਪੂਨਾ, ਦੋ ਸੌ ਏਕੜ ਭੌਂ ਵਿਚ ਪਸਰ ਸਕਦਾ ਹੈ ਤਾਂ ਪੰਥ ਦਾ ਇਹ ਇਕੋ ਇਕ ਕਾਲਜ ਘਟ ਤੋਂ ਘਟ ਵੀਹ ਪੰਝੀ ਕੁ ਏਕੜ ਥਾਂ ਵਿਚ ਤਾਂ ਸੁਸ਼ੋਭਤ ਹੋਣਾ ਲੋੜੀਏ। ਇਸ ਨੇਕ ਤੇ ਅਤਿ ਲੋੜੀਂਦੇ ਕਾਰਜ ਲਈ ਮਾਇਆ ਦੇ ਖੁਲ੍ਹੇ ਗੱਫਿਆਂ ਹਿੱਤ ਗੁਰਸੰਗਤਾਂ ਦੀ ਸੇਵਾ ਵਿਚ ਉਚੇਚੀ ਅਪੀਲ ਹੋ ਸਕਦੀ ਹੈ। ਸੰਗਤਿ ਕਾਮਧੇਨ ਹੈ।

ਹਾਂ, ਅਜਿਹਾ ਕੋਈ ਕਦਮ ਚੁੱਕਣ ਤੋਂ ਪਹਿਲਾਂ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਘਟ ਤੋਂ ਘਟ ਸਹਾਰਨਪੁਰ, ਦਿਉਬੰਦ, ਪੂਨਾ, ਗੁਰੂਕੁਲ ਕਾਂਗੜੀ ਤੇ ਕੁਰਕੁਛੇਤਰ ਆਦਿ ਥਾਵਾਂ ਵਿਚ ਚਲ ਰਹੇ ਮਜ਼ਹਬੀ ਅਦਾਰਿਆਂ ਦਾ, ਸੰਬੰਧਤ ਥਾਵਾਂ ਉੱਤੇ ਪੁੱਜ ਕੇ, ਚੰਗੀ ਤਰ੍ਹਾਂ ਅਧਿਐਨ ਕਰਨ।

ਸਤਿਗੁਰੂਆਂ ਦੀ ਬਾਣੀ, ਜੀਵਨ ਤੇ ਫਿਲਾਸਫੀ ਬਾਰੇ ਲਿਟਰੇਚਰ ਵੰਡਣਾ ਵੀ ਇਕ ਮਹਾਨ ਤੇ ਸਰਬੋਤਮ ਸੇਵਾ ਤੇ ਪ੍ਰਚਾਰ ਸਾਧਨ ਹੈ। ਪ੍ਰੰਤੂ ਇਸ ਲਿਟਰੇਚਰ ਦੇ ਸਹੀ ਵਿਆਖਿਆਕਾਰ, ਤੇ ਪ੍ਰਚਾਰਕ ਪੈਦਾ ਕਰਨ ਦਾ ਸਦੀਵੀ ਸਾਧਨ-ਵਡੇਰੇ ਸਿੱਖ ਮਿਸ਼ਨਰੀ ਕਾਲਜ ਦੇ ਰੂਪ ਵਿਚ–ਕਾਇਮ ਕਰ ਦੇਣਾ,–ਕੋਈ ਘਟ ਸੇਵਾ ਨਹੀਂ ਹੋਵੇਗੀ। ਅਜਿਹਾ ਕਾਲਜ ਕੇਵਲ ਪ੍ਰੋਫੈਸ਼ਨਲ ਮਿਸ਼ਨਰੀ ਜਾਂ ਗੁਰੂ ਘਰ ਦੇ ਕੀਰਤਨੀਏ ਪੈਦਾ ਕਰਨ ਦਾ ਵਸੀਲਾ ਹੀ ਨਾ ਹੋਵੇ, ਸਗੋਂ ਹੋਰ ਅਭਿਲਾਖੀ ਸੱਜਣਾਂ ਨੂੰ ਵੀ ਗੁਰਮਤਿ ਸਮਝਾਉਣ,

ਗੁਰਸਿੱਖਾਂ ਦੀ ਰਹਿਣੀ ਬਹਿਣੀ ਦਰਸਾਉਣ ਅਤੇ ਗੁਰਮਤਿ ਫਿਲਾਸਫੀ ਤੇ ਸਿੱਖ ਇਤਿਹਾਸ ਦੀ ਖੋਜ ਕਰਨ ਕਰਵਾਉਣ ਦਾ ਇਕ ਮਹਾਨ ਕੇਂਦਰ ਵੀ।

(੪)

ਪ੍ਰਚਾਰ ਖੇਤਰ ਵਿਚ ਈਸਾਈ ਅਤੇ ਇਸਲਾਮ ਆਦਿ ਉਘੇ ਮੱਤਾਂ ਵਲੋਂ ਕੀਤੇ ਜਾ ਰਹੇ ਰੀਸ ਕਰਨ ਯੋਗ ਜਤਨਾਂ, ਆਦਰਸ਼ਕ ਸਿੱਖ ਪ੍ਰਚਾਰਕਾਂ ਵਿਚ ਉੱਚੇ ਗੁਣਾਂ ਦੇ ਸੰਚਾਰਨ ਅਤੇ ਇਕ ਵੱਡੇ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਸੰਬੰਧੀ ਸੰਖੇਪ ਵੀਚਾਰ ਪਾਠਕਾਂ ਦੀ ਸੇਵਾ ਵਿਚ ਉੱਪਰ ਸਮਰਪਣ ਕੀਤੇ ਜਾ ਚੁਕੇ ਹਨ । ਏਥੇ ਸਾਡੀ ਵੀਚਾਰ ਦਾ ਵਿਸ਼ਾ ਹੈ—ਧਰਮਸਾਲਾ (ਗੁਰਦਵਾਰਾ) ਅਤੇ ਧਰਮਸਾਲੀਆ, ਅਥਵਾ ਗੁਰਦੁਆਰੇ ਦਾ ਮੁਖ ਸੇਵਕ, ਟਹਿਲੀਆ ਤੇ ਗੁਖੀ ਸੱਜਣ ਜੀ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਜੋਤਿ ਬਾਕੀ ਗੁਰੂ ਸਾਹਿਬਾਨ ਨੇ ਪ੍ਰਭੂ ਨਾਲ ਇਕ ਸੁਰ ਹੋ ਕੇ ਰੱਬੀ ਬਾਣੀ ਉਚਾਰੀ। ਧੁਰੋਂ ਉੱਤਰੀ 'ਖਸਮ' ਦੀ ਇਹ ਬਾਣੀ ਸਤਿਗੁਰਾਂ ਦੀ ਸ਼ੁੱਧ, ਸਵੱਛ, ਨਿਰਮਲ ਤੇ ਪ੍ਰਭੂ ਰੰਗ-ਰੱਤੀ ਆਤਮਾ ਦਾ ਅਕਸ ਹੋਣ ਕਰਕੇ, ਇਕ ਮਹਾਨ ਪ੍ਰਭੂ-ਸੱਤਾ ਅਤੇ ਦੈਵੀ ਤੇ ਸਦੀਵੀ ਸਚਾਈਆਂ ਦਾ ਅਤੁੱਟ ਭੰਡਾਰ ਰਖਦੀ ਹੈ। ਗੁਰੂ ਦੇ ਅਜੇਹੇ ਅਮੁਲ ਭੰਡਾਰੇ ਨੂੰ ਵਿਚਾਰਨ, ਨਾਮ ਰੱਤਿਆਂ ਦੀ ਸੰਗਤ ਦੀ ਮਿਲਦੀ, ਸਮੁੱਚੀ ਨੇਕੀ ਦੀ ਰੂਹ ਤੋਂ ਵਰੋਸਾਣ ਹਿਤ, ਅਤੇ ਸੰਗਤਾਂ ਦੇ ਮਿਲ ਬੈਠਣ, ਗੁਰਬਾਣੀ ਵੀਚਾਰਨ, ਗੁਰਮਤਿ ਅਪਨਾਉਣ, ਫੈਲਾਉਣ ਤੇ ਮਾਨਵ-ਭਲਾਈ ਦੇ ਗੁਰਮਤੇ ਸੋਧਨ ਹਿੱਤ ਇਕ ਸਾਂਝੇ ਸਥਾਨਕ ਤੇ ਕੇਂਦਰੀ ਅਸਥਾਨ ਦੀ ਲੋੜ ਪਈ, ਜਿਸ ਨੂੰ ਧਰਮ-ਸਾਲ ਅਥਵਾ ਗੁਰਦਵਾਰੇ ਦੀ ਸੰਗਿਆ ਦਿੱਤੀ ਗਈ।

ਸੋ, ਇਸ ਤਰ੍ਹਾਂ ਵੀਚਾਰਿਆਂ, ਗੁਰਬਾਣੀ, ਗੁਰ-ਸੰਗਤ ਤੇ ਧਰਮਸਾਲ ਇਕ ਦੂਜੀ ਤੋਂ ਅਨਿਖੜੀਆਂ ਵਸਤਾਂ ਹੋਇਆਂ। ਇਕ ਦੀ ਸੰਭਾਲ ਤੇ ਬ੍ਰਿਧੀ ਵਿਚ ਦੂਜੀ ਦੀ ਉਨਤੀ ਦਾ ਭੇਦ ਛੁਪਿਆ ਪਿਆ ਹੈ।

'ਘਰਿ ਘਰਿ ਅੰਦਰਿ ਧਰਮ' ਦੀ ਸਥਾਪਨਾ ਕਰਨ ਵਾਲੇ ਮੋਢੀ ਬਾਬੇ–ਸ੍ਰੀ ਗੁਰੂ ਨਾਨਕ ਨਿਰੰਕਾਰੀ–ਨੇ ਸਭ ਤੋਂ ਪਹਿਲੀ ਧਰਮਸਾਲ ਭਾਈ ਲਾਲੋ ਜਿਹੇ ਅਨਿੰਨ ਕਿਰਤੀ, ਸਿਖ ਦੇ ਘਰ ਬੱਧੀ ਤੇ ਬ੍ਰਹਿਮੰਡ ਦੇ ਹਰ ਘਰ ਨੂੰ ਧਰਮਸਾਲ ਤੇ ਹਰ ਪ੍ਰਵਾਰ ਨੂੰ ਗੁਰ-ਸੰਗਤ ਵਿਚ ਬਦਲ ਦੇਣ ਦਾ ਦੈਵੀ ਨਿਸਚਾ ਧਾਰਿਆ। ਗੁਰਦੇਵ ਦੇ ਇਸ ਦਾਅਵੇ ਨੂੰ ਭਾਈ ਗੁਰਦਾਸ ਜੀ ਐਉਂ ਬਿਆਨਦੇ ਹਨ :

ਘਰ ਘਰ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ ॥

(ਵਾਰ ਪਹਿਲੀ)

ਸ੍ਰੀ ਗੁਰੂ ਅਰਜਨ ਦੇਵ ਜੀ, ਧਰਮਸਾਲ ਦੀ ਰੂਪ-ਰੇਖਾ, ਹੋਰ ਵੀ ਨਿਖਾਰਦੇ ਹੋਏ, ਇਉਂ ਉਲੀਕਦੇ ਹਨ :

ਮੈ ਬਧੀ ਸਚੁ ਧਰਮਸਾਲ ਹੈ, ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥

(ਸਿਰੀ ਮ: ੫, ਪੰਨਾ ੭੩)

ਤਥਾ ਮੋਹਿ ਨਿਰਗੁਣ ਦਿਚੈ ਥਾਉਂ ਸੰਤ ਧਰਮਸਾਲੀਐ ॥

(ਗੂਜਰੀ ਮ: ੫, ਪੰਨਾ ੫੧੮)

ਸਿਖ ਮੱਤ ਦੀ ਉੱਨਤੀ ਅਥਵਾ ਪਰਚਾਰ ਦੀ ਸਫਲਤਾ ਦਾ ਭੇਦ ਧਰਮਸਾਲ ਨਾਲ ਸੰਬੰਧਿਤ ਹੈ, ਇਸ ਦੀ ਝਾਕ ਨਾਲ ਨਹੀਂ। ਝਾਕ ਤਾਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, ਵਿਹੁ ਨਾਲ ਗਲੇਫੀ ਖੰਡ ਦੇ ਤੁਲ ਹੈ। ਸਿੱਖਾਂ ਦੇ ਜੀਵਨ ਵਿਚ ਗੁਰਦੁਆਰਾ ਰੱਬੀ-ਜੀਵਨ ਦਾ ਉਹ ਸਰਚਸ਼ਮਾ ਹੈ ਜਿਸ ਵਿਚੋਂ 'ਨਾਮ', 'ਸੱਚ' ਤੇ ਸੱਚੇ ਸੁੱਚੇ ਆਚਾਰ ਵਾਲੇ ਦੈਵੀ ਜੀਵਨ ਦੇ ਫੁਹਾਰੇ ਫੁੱਟਦੇ ਹਨ। ਸਿੱਖਾਂ ਦਾ ਅਦੁੱਤੀ ਸ਼ਹਾਦਤਾਂ-ਭਰਪੂਰ ਇਤਿਹਾਸ ਇਕ ਤਰ੍ਹਾਂ ਨਾਲ ਪੰਜਵੇਂ ਗੁਰਦੇਵ ਵਲੋਂ ਸੱਚ ਦੀ ਬੱਧੀ ਸਭ ਤੋਂ ਵੱਡੀ ਧਰਮਸਾਲ–ਹਰਿਮੰਦਰ ਸਾਹਿਬ–ਦਾ ਇਤਿਹਾਸ ਹੈ।

ਹਕੀਕਤ ਇਹ ਹੈ ਕਿ ਗੁਰਦੁਆਰਾ (ਧਰਮਸਾਲ) ਇਕ ਐਸਾ ਪਾਵਨ ਜੀਵਨ-ਸੋਮਾ ਹੈ ਜਿਸ ਦੇ ਅਰਸ਼ੀ ਵਾਤਾਵਰਨ ਵਿਚ ਕਿਸੇ ਮੰਦੇ

ਵੀਚਾਰ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਪ੍ਰੰਤੂ, ਜੇ ਕੋਈ ਭਾਗਹੀਨ, ਔਝੜ ਪਿਆ ਬੰਦਾ, ਧਰਮਸਾਲ ਦੇ ਅਰਸ਼ੀ ਵਾਤਾਵਰਨ ਵਿਚ ਪੁੱਜ ਕੇ ਤੇ ਸਤਿਸੰਗ ਵਿਚ ਸ਼ਾਮਿਲ ਹੋ ਕੇ ਜਾਂ ਗੁਰਦੁਆਰੇ ਦਾ ਕੋਈ ਟਹਿਲੀਆ, ਗ੍ਰੰਥੀ ਜਾਂ ਪ੍ਰਬੰਧਕ ਕਿਸੇ ਮੰਦਵਾਸ਼ਨਾ ਜਾਂ ਸੁਵਾਰਥੀ ਹਾਣ ਲਾਭ ਦਾ ਹਾਮਿਲ (ਭਾਗੀ) ਹੁੰਦਾ ਹੈ ਤਾਂ ਉਸ ਦੇ ਬਚਾਅ ਦੀ ਕੋਈ ਸੂਰਤ ਨਹੀਂ ਰਹਿ ਜਾਂਦੀ।

ਸੋ, ਸਿੱਖ-ਧਰਮ-ਪਰਚਾਰ ਦੀ ਕੋਈ ਵੀ ਵਿਉਂਤ ਉਤਨਾ ਚਿਰ ਸਫਲ ਨਹੀਂ ਹੋ ਸਕਦੀ; ਜਿਤਨਾ ਚਿਰ ਗੁਰਦੁਆਰੇ ਦੇ ਸੇਵਕ, ਮਨ, ਬਚਨ, ਕਰਮ ਕਰਕੇ ਗੁਰਮੁਖਾਂ ਵਾਲੇ ਜੀਵਨ ਦੇ ਧਾਰਨੀ ਨਹੀਂ ਹੁੰਦੇ, ਉਹ ਅੰਤਰ ਆਤਮੇ ਸਾਖਸ਼ਾਤ ਧਰਮ ਦੀ ਮੂਰਤ ਨਹੀਂ ਬਣ ਜਾਂਦੇ। ਅਜੇਹੇ ਜੀਵਨ ਵਾਲੇ ਸੇਵਕਾਂ ਦੇ ਕਰਣੀ-ਪ੍ਰਧਾਨ ਜੀਵਨ ਦਾ ਪ੍ਰਭਾਵ ਸੁਭਾਵਿਕ ਹੀ ਸਾਰੇ ਨਗਰ ਜਾਂ ਇਲਾਕੇ ਦੇ ਲੋਕਾਂ ਉਤੇ ਪਵੇਗਾ। ਲੋਕ ਉਹਨਾਂ ਦਾ ਦਿਲੋਂ ਸਤਿਕਾਰ ਕਰਨਗੇ ਤੇ ਉਹਨਾਂ ਦੇ ਅਦਬ ਵਿਚ ਵਿਚਰਨਗੇ; ਉਹਨਾਂ ਦੇ ਤੱਪ, ਤਿਆਗ ਦਾ ਪ੍ਰਭਾਵ ਕਬੂਲਣਗੇ ਅਤੇ ਉਹਨਾਂ ਦੀ ਸੇਵਾ ਤੇ ਆਗਿਆ ਵਿਚ ਤੱਤਪਰ ਰਹਿਣਾਂ ਸੁਭਾਗ ਸਮਝਣਗੇ। ਅਜੇਹੇ ਧਰਮਸਾਲੀਆਂ ਦੇ ਨਿਰਮਲ ਭੈ ਕਾਰਣ ਲੋਕ ਸੁਤੇ-ਸਿੱਧ ਹੀ ਈਰਖਾ, ਦ੍ਵੈਖ, ਲੋਭ, ਲਾਲਚ ਆਦਿ ਔਗੁਣਾਂ ਤੋਂ ਦੂਰ ਰਹਿ ਕੇ, ਅਤੇ ਸੱਤ, ਸੰਤੋਖ ਦੇ ਜੀਵਨ ਦੇ ਧਾਰਨੀ ਹੋ ਕੇ, ਪਰਸਪਰ ਪਿਆਰ, ਹਮਦਰਦੀ ਤੇ ਸਹਿਨਸ਼ੀਲਤਾ ਆਦਿ ਭਾਵਾਂ ਨਾਲ ਭਰਪੂਰ ਹੋ ਜਾਣਗੇ।

ਅਜੇਹੀ ਵਿਵਸਥਾ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਸਿੱਖ-ਧਰਮ ਦੇ ਪਰਚਾਰ ਦੀ ਲਹਿਰ ਨੂੰ ਸਫਲ ਬਨਾਉਣ ਹਿਤ ਨਗਰਾਂ, ਸ਼ਹਿਰਾਂ ਤੇ ਇਤਿਹਾਸਿਕ ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬਾਨ ਨੂੰ ਕਿਸੇ ਮਜ਼ਬੂਤ ਲੜੀ ਵਿਚ ਪਰੋ ਕੇ ਗੁਰਮੁਖੀ ਜੀਵਨ ਦਾ ਇਕ ਨਮੂਨਾ ਬਣਾਇਆ ਜਾਵੇ, ਅਤੇ ਇਸ ਉਪਰੰਤ ਧਰਮ ਪਰਚਾਰ ਦੀ ਕਿਸੇ ਵੀ ਸਕੀਮ ਦੀ ਇਕ ਅਹਿਮ ਕੜੀ।

ਇਸ ਸਬੰਧ ਵਿਚ ਹੇਠ ਲਿਖੀਆਂ ਕੁਝ ਕੁ ਤਜਵੀਜ਼ਾਂ ਲਾਭਦਾਇਕ ਹੋ ਸਕਦੀਆਂ ਹਨ :

(੧) ਦੇਸ਼ ਭਰ ਦੇ ਸਮੂਹ ਗ੍ਰੰਥੀ ਸਿੰਘਾਂ ਦੀ ਇਕ ਕੇਂਦਰੀ ਜਥੇਬੰਦੀ ਬਣਾਈ ਜਾਵੇ। ਉਪਰੰਤ ਇਲਾਕੇ ਵਾਰ ਉਸ ਨਾਲ ਸਬੰਧਤ ਛੋਟੇ ਕੇਂਦਰ ਖੋਲ੍ਹੇ ਜਾਣ।

(੨) ਗ੍ਰੰਥੀ ਸਿੰਘਾਂ ਨੂੰ ਬਾਕਾਇਦਾ ਟਰੇਨਿੰਗ ਦੇਣ ਦਾ ਪ੍ਰਬੰਧ ਹੋਵੇ। ਟਰੇਨਿੰਗ ਦਾ ਇਹ ਕੋਰਸ ਇਕ ਸਾਲ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਸਮੇਂ ਵਿਚ ਗੁਰਬਾਣੀ ਦਾ ਪਾਠ ਸਿਖਾਇਆ ਅਤੇ ਗੁਰਮਤਿ, ਸਿੱਖ ਰਹਿਤ ਮਰਯਾਦਾ, ਸਿੱਖ-ਇਤਿਹਾਸ ਅਤੇ ਅੱਨ-ਮੱਤਾ ਦੀ ਜਾਣਕਾਰੀ ਕਰਾਈ ਜਾਵੇ। ਗੁਰਬਾਣੀ ਦੇ ਸਾਧਾਰਨ ਕੀਰਤਨ ਦੀ ਸਿਖਲਾਈ ਹੋਣੀ ਵੀ ਜ਼ਰੂਰੀ ਹੈ। ਟਰੇਨਿੰਗ ਉਤੇ ਹੋਣ ਵਾਲੇ ਖਰਚਾਂ ਦੀ ਜ਼ੁੰਮੇਵਾਰੀ ਕੋਈ ਪ੍ਰਬੰਧਕ ਸੰਸਥਾ ਲਵੇ ਅਤੇ ਪਾਸ ਹੋਣ ਦੇ ਸਰਟੀਫੀਕੇਟ ਜਾਰੀ ਕਰੇ।

(੩) ਗੁਰ ਅਸਥਾਨਾਂ ਵਿਚ ਇਸ ਸਮੇਂ ਸੇਵਾ ਕਰ ਰਹੇ ਉਨ੍ਹਾਂ ਗ੍ਰੰਥੀ ਸਿੰਘ ਤੇ ਸੇਵਾਦਾਰਾਂ ਨੂੰ ਜਿਨ੍ਹਾਂ ਨੇ ਪਹਿਲਾਂ ਬਾਕਾਇਦਾ ਟਰੇਨਿੰਗ ਨਾ ਲਈ ਹੋਵੇ, ਯੋਗ ਥਾਂ ਅਥਵਾ ਥਾਵਾਂ ਉਤੇ ਰਿਫਰੇਸ਼ਰ ਕੋਰਸਾਂ ਦਾ ਪ੍ਰਬੰਧ ਕੀਤਾ ਜਾਵੇ, ਜੋ ਘਟ ਤੋਂ ਘਟ ਛੇ ਕੁ ਹਫਤੇ ਦੇ ਕਰੀਬ ਚੱਲੇ। ਖਰਚ ਦਾ ਭਾਰ ਪ੍ਰਬੰਧਕ ਸੰਸਥਾ ਆਪਣੇ ਜ਼ੁੰਮੇ ਲਵੇ ਅਤੇ ਕੋਰਸ ਵਿਚ ਸਫਲ ਹੋਣ ਵਾਲੇ ਸਿੰਘਾਂ ਨੂੰ ਸਰਟੀਫੀਕੇਟ ਜਾਰੀ ਕਰੇ। ਅਜੇਹੇ ਕੋਰਸ ਲਈ ਹੋਰ ਸਿੱਖ ਵਿਦਵਾਨਾਂ ਤੋਂ ਛੁੱਟ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਸਟਾਫ, ਸ੍ਰੀ ਹਰਿਮੰਦਰ ਸਾਹਿਬ ਦੇ ਵਿਦਵਾਨ ਗ੍ਰੰਥੀ ਸਿੰਘਾਂ ਅਤੇ ਤਖਤਾਂ ਦੇ ਜਥੇਦਾਰ ਸਾਹਿਬਾਨ ਦੀ ਸੇਵਾ ਵੀ ਸਹਿਲੇ ਹੀ ਪ੍ਰਾਪਤ ਕੀਤੀ ਜਾ ਜਾ ਸਕਦੀ।

(੪) ਗੁਰਦੁਆਰੇ ਦੇ ਇਨ੍ਹਾਂ ਸੇਵਕਾਂ ਲਈ ਚੰਗੇ ਨਿਰਬਾਹ ਹਿਤ ਯੋਗ ਮਾਸਿਕ ਭੇਟਾ, ਸਮੇਂ ਤੇ ਅਸਥਾਨ ਅਨੁਸਾਰ, ਨਿਯਤ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਸਹਿਜ ਤੇ ਅਖੰਡ-ਪਾਠਾਂ ਦੀ ਭੇਟਾ ਵੀ ਸਮੇਂ ਸਮੇਂ ਨਿਯਤ ਕਰਨੀ ਉਚਿਤ ਹੈ।

(੫) ਸਮੂਹ ਗ੍ਰੰਥੀ ਸਾਹਿਬਾਨ ਏਕਤਾ ਤੇ ਇਕ-ਸੁਰਤਾ ਹਿਤ ਇਹ ਪ੍ਰਣ ਕਰਨ ਕਿ ਉਹ ਹਰੇਕ ਗੁਰ-ਅਸਥਾਨ ਵਿਚ ਪੰਥ ਵਲੋਂ ਪ੍ਰਕਾਸ਼ਤ ਕੀਤੀ ਸਿੱਖ ਰਹਿਤ ਮਰਯਾਦਾ ਉਤੇ ਵਰਤੋਂ ਕਰਨਗੇ। ਜੇ ਇਸ ਬਾਰੇ ਉਹ ਕਿਸੇ ਨਿਯਮ ਆਦਿ ਵਿਚ ਤਰਮੀਮ ਕਰਵਾਉਣੀ ਉਚਿਤ ਸਮਝਦੇ ਹੋਣ ਤਾਂ ਇਸ ਲਈ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਤਥਾ ਚੀਫ ਖ਼ਾਲਸਾ ਦੀਵਾਨ ਨੂੰ ਲਿਖਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸਬੰਧੀ ਆਪਣੇ ਧਾਰਮਿਕ ਸਲਾਹਕਾਰਾਂ ਅਥਵਾ ਹੋਰ ਵਿਦਵਾਨਾਂ ਦਾ ਮਿਲਵਾਂ ਫੈਸਲਾ ਲਵੇ। ਜਿਤਨਾ ਚਿਰ ਅਜਿਹਾ ਨਹੀਂ ਹੁੰਦਾ ਆਪਣੀ ਨਿਜਮੱਤ ਅਨੁਸਾਰ ਰਹੁਰੀਤ ਵਿਚ, ਵਿਲੱਖਣਤਾ ਨੂੰ ਉਤਸ਼ਾਹਿਤ ਕਰਨਾ, ਪੰਥਕ ਜਥੇਬੰਦੀ ਤੇ ਏਕਤਾ ਦੇ ਹਿਤ ਦੀ ਗੱਲ ਨਹੀਂ, ਪੰਥਕ ਯਕਜਿਹਤੀ ਨੂੰ ਖੇਰੂ ਖੇਰੂ ਕਰਨ ਤੁਲ ਹੋਵੇਗਾ।

(੬) ਗ੍ਰੰਥੀ ਸਿੰਘਾਂ ਦੀ ਕੇਂਦਰੀ ਜਥੇਬੰਦੀ ਆਪਣੇ ਲਈ 'ਚਲਣ ਤੇ ਆਮ ਵਰਤੋਂ ਵਿਹਾਰ' ਦੀ ਇਕ ਨਿਯਮਾਵਲੀ (Code of Conduct) ਤਿਆਰ ਕਰੇ। ਇਸ ਉੱਤੇ ਕਾਇਮ ਨਾ ਰਹਿ ਸਕਣ ਵਾਲਾ ਸੇਵਕ, ਜੀਵਨ ਨਿਰਬਾਹ ਲਈ ਕੋਈ ਹੋਰ ਕਿੱਤਾ ਚੁਣ ਲਵੇ। ਜਥੇਬੰਦੀ ਉਸ ਨੂੰ ਆਪਣੀ ਮੈਂਬਰੀ ਤੋਂ ਖਾਰਜ ਕਰ ਦੇਵੇ ਤਾਂ ਜੋ ਸਭਾ ਦਾ ਸਤਿਕਾਰ, ਵਕਾਰ ਤੇ ਜ਼ਬਤ ਕਾਇਮ ਰਹੇ।

(੭) ਗ੍ਰੰਥੀ ਸਿੰਘਾਂ ਲਈ ਕੋਈ ਯੋਗ ਪੁਸ਼ਾਕ ਨਿਯਤ ਹੋਵੇ। ਜੇ ਠੰਡੇ ਦੇਸ਼ਾਂ ਦੇ ਜੰਮ ਪੱਲ, ਈਸਾਈ ਪਾਦਰੀ, ਗਰਮ ਦੇਸ਼ਾਂ ਵਿਚ ਅੰਦਰਲੀ ਬਰਦੀ ਦੇ ਉੱਪਰ ਗਿੱਟਿਆਂ ਤਕ ਲੰਮੇ ਲੰਮੇ ਚੋਗੇ ਪਾ ਸਕਦੇ ਹਨ, ਤਾਂ ਸਾਡੇ ਇਹ ਧਾਰਮਿਕ ਆਗੂ ਕਿਸੇ ਨਿਯਤ ਪੁਸ਼ਾਕ ਦੇ ਧਾਰਨੀ ਕਿਉਂ ਨਹੀਂ ਹੋ ਸਕਦੇ ? ਇਹ ਨਾ-ਕੇਵਲ ਗ੍ਰੰਥੀ ਸਿੰਘਾਂ ਦੀ ਸ਼ਖਸੀਅਤ ਨੂੰ ਪ੍ਰਭਾਵਸ਼ਾਲੀ ਬਣਾਵੇਗੀ, ਸਗੋਂ ਉਨ੍ਹਾਂ ਦੇ ਮਨ ਨੂੰ ਕਈ ਅਨੁਚਿਤ ਰੁਚੀਆਂ ਵਲੋਂ ਵੀ ਹੋੜੇਗੀ। ਗ੍ਰੰਥੀਆਂ ਤੇ ਰਾਗੀਆਂ ਨੂੰ ਡਿਊਟੀ ਵੇਲੇ ਹੋਰ ਅਤੇ ਬਾਅਦ ਵਿਚ ਹੋਰ ਫੈਸ਼ਨਦਾਰ ਪੁਸ਼ਾਕ ਧਾਰਨੀ ਸ਼ੋਭਦਾਇਕ ਗੱਲ ਨਹੀਂ।

(੮) ਬਾਬਾ ਬੁੱਢਾ ਜੀ ਅਤੇ ਭਾਈ ਮਨੀ ਸਿੰਘ ਜੀ ਵਰਗੀਆਂ ਪੂਜਯ ਹਸਤੀਆਂ ਨੇ ਗੁਰਦੁਆਰੇ ਦੀ ਇਸ ਦੁਰਲਭ ਸੇਵਾ ਨੂੰ ਜਿਸ ਸ਼ਰਧਾ, ਸਿਦਕ ਤੇ ਯੋਗਤਾ ਨਾਲ ਨਿਭਾਇਆ ਅਤੇ ਲੋੜ ਪੈਣ ਉਤੇ ਪੰਥ ਦੀ ਅਤਿ ਬਿਖੜੇ ਸਮੇਂ ਜਿਵੇਂ ਅਗਵਾਈ ਕੀਤੀ, ਉਸ ਉਤੇ ਗ੍ਰੰਥੀ ਸਿੰਘਾਂ ਨੂੰ ਬ-ਜਾ ਤੌਰ ਉੱਤੇ ਮਾਣ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਉੱਚ ਤੇ ਸਤਿਕਾਰਤ ਪਦਵੀ ਉਨ੍ਹਾਂ ਤੋਂ ਪੁਕਾਰ ਪੁਕਾਰ ਕੇ ਇਹ ਮੰਗ ਕਰਦੀ ਹੈ ਕਿ ਜਿਥੇ ਜਿਥੇ ਵੀ ਉਹ ਹਨ, ਪਹਿਲਾਂ ਆਪਣੇ ਮਨ ਨੂੰ ਪ੍ਰਬੋਧਨ ਅਤੇ ਫੇਰ ਸਿੱਖੀ ਗੁਣਾਂ ਦੇ ਬਲ ਨਾਲ ਆਪਣੇ ਆਲੇ ਦੁਆਲੇ ਦੀਆਂ ਸੰਗਤਾਂ ਨੂੰ ਸਹੀ ਜੀਵਨ-ਸੇਧ ਦੇਣ। ਗੁਰੂ ਬਾਣੀ ਦੇ ਰੂਪ ਵਿਚ ਵਰਤ ਰਹੀ ਸਤਿਗੁਰੂਆਂ ਦੀ ਜੋਤਿ ਦਾ ਸੇਵਕ, ਪੁਜਾਰੀ ਤੇ ਹਜ਼ੂਰੀਆ ਹੋਰ ਸਮੂਹ ਔਹਦੇਦਾਰਾਂ ਨਾਲੋਂ ਉਚੇਰਾ ਹੈ। ਉਸ ਦਾ ਕਿਸੇ ਮਾਇਕ ਹਾਣ ਲਾਭ ਲਈ ਕਿਸੇ ਦਾ ਹਾਸ਼ੀਆ ਬਰਦਾਰ ਹੋਣਾ, ਇਸ ਮਹਾਨ ਰੁਤਬੇ ਦੀ ਤੌਹੀਨ ਹੈ, ਗੁਰਬਾਣੀ ਦੀ ਨਿਰਾਦਰੀ ਤੇ ਸਤਿਗੁਰਾਂ ਦੀ ਅਵੱਗਿਆ ਹੈ। ਵਾਹਿਗੁਰੂ ਨੂੰ ਸਭ ਦਾ ਦਾਤਾ ਮੰਨਣ ਵਾਲਾ, ਰਿਜ਼ਕ ਦੀ ਖਾਤਰ ਆਪਣੀ ਸੂਰਤ ਨੂੰ ਕਿਉਂ ਡੋਗੇ? ਉਹ ਅਣਖ-ਭਰਪੂਰ ਜ਼ਿੰਦਗੀ ਦਾ ਝੰਡਾ ਬਰਦਾਰ ਹੈ। ਉਸ ਨੇ ਆਪ ਦ੍ਰਿੜ੍ਹ ਕਰਨਾ ਤੇ ਹੋਰਨਾਂ ਨੂੰ ਕਰਾਉਣਾ ਹੈ ਕਿ—

"ਕਿਸ ਕੋ ਨਹੀਂ ਹੈ ਤਮੰਨਾਏ ਸਰਵਰੀ ? ਲੇਕਿਨ,
"ਖ਼ੁਦੀ* ਕੀ ਮੌਤ ਹੋ ਜਿਸ ਮੇਂ, ਵੁਹ ਸਰਵਰੀ† ਕਿਆ ਹੈ।"
ਸੱਚ ਹੈ, ਸਿੱਖੀ ਤਾਂ ਹੈ ਹੀ ਅਣਖ-ਭਰਪੂਰ ਜ਼ਿੰਦਗੀ ਦਾ ਦੂਸਰਾ ਨਾਮ।
ਹੋਰ ਵੇਖੋ‡—
ਐ ਤਾਇਰੀ ਲਾਹੂਤੀ ਉਸ ਰਿਜ਼ਕ ਸੇ ਮੌਤ ਅਛੀ,
ਜਿਸ ਰਿਜ਼ਕ ਸੇ ਆਤੀ ਹੋ, ਪਰਵਾਜ਼ ਮੇਂ ਕੋਤਾਹੀ।

---

*ਅਣਖ, †ਸਰਦਾਰੀ।
‡ਰੱਬ ਦੇ ਵਾਤਾਵਰਣ ਵਿਚ ਉੱਡਣ ਵਾਲਾ ਪੰਛੀ।

(੯) ਸਿੱਖ ਸੰਗਤਾਂ ਵਿਚ ਗੁਰਦੁਆਰੇ (ਧਰਮ ਸਾਲ) ਦੇ ਅਜੇਹੇ ਪੂਜਨੀਕ ਸੇਵਕ ਲਈ ਦਿਲੀ ਸਤਿਕਾਰ ਤੇ ਸ਼ਰਧਾ ਪੈਦਾ ਕਰਨ ਹਿਤ ਇਕ ਜ਼ੋਰਦਾਰ ਲਹਿਰ ਚਲਾਈ ਜਾਵੇ।

ਗੁਰਦੁਆਰੇ ਦੇ ਇਸ ਪਰਮ ਸੇਵਕ ਲਈ ਸੰਗਤਾਂ ਵਿਚ ਹਾਰਦਿਕ ਸਤਿਕਾਰ, ਪਿਆਰ ਤੇ ਸ਼ਰਧਾ ਪੈਦਾ ਹੋ ਜਾਣ ਉਤੇ ਗੁਰਦੁਆਰੇ ਤੇ ਗੁਰਬਾਣੀ ਲਈ ਸਹੀ ਭਾਵਨਾਵਾਂ ਪੈਦਾ ਹੋ ਜਾਣੀਆਂ ਕੁਦਰਤੀ ਹਨ। ਇਸ ਹਕੀਕਤ ਵਿਚ ਲੁਕਿਆ ਪਿਆ ਹੈ ਸਿੱਖੀ ਪ੍ਰਚਾਰ ਦਾ ਗੁੱਝਾ ਭੇਦ।

(੫)

ਵਿਦਵਾਨ ਐਮਰਸਨ ਦਾ ਕਥਨ ਹੈ ਕਿ ਕਿਸੇ ਕੌਮ ਦੀ ਕਿਸਮਤ ਦਾ ਨਿਰਭਰ ਕਿਸੇ ਵੀ ਮਿਥੇ ਸਮੇਂ; ਉਸ ਦੀ ਉਸ ਨਸਲ ਉਤੇ ਹੈ ਜਿਸ ਦੀ ਆਯੂ ਪੰਜ ਤੇ ਵੀਹ ਸਾਲ ਦੇ ਵਿਚਕਾਰ ਹੋਵੇ।'

ਉਪਰੋਕਤ ਵੀਚਾਰ ਵਿਚ ਦਰਸਾਈ ਸਚਾਈ ਤੋਂ ਕਿਸ ਨੂੰ ਇਨਕਾਰ ਹੋ ਸਕਦਾ ਹੈ ? ਆਯੂ ਦਾ ਇਹ ਭਾਗ ਜੀਵਨ-ਮਹੱਲ ਦੀ ਉਹ ਬੁਨਿਆਦ ਹੈ ਜਿਸ ਉਤੇ ਇਸ ਦੀ ਅਗਲੀ ਤੇ ਅਸਲੀ ਉਸਾਰੀ ਅਧਾਰਤ ਹੈ। ਬਚਪਨ ਤੇ ਉਭਰਦੀ ਜਵਾਨੀ ਦਾ ਇਹ ਹਿੱਸਾ ਆਮ ਕਰਕੇ ਵਿਦਿਅਕ ਆਸ਼ਰਮਾਂ ਵਿਚ ਲੰਘਦਾ ਹੈ ਅਤੇ ਇਹਨਾਂ ਵਿਚ ਬਣੇ ਵੀਚਾਰਾਂ ਦੀ ਟਕਸਾਲ ਉਤੇ ਜੀਵਨ-ਚਲਣ ਦੀ ਘਾੜਤ ਘੜੀ ਜਾਂਦੀ ਹੈ। ਜੋ ਸੰਸਕਾਰ ਇਸ 'ਸਮੇਂ' ਪੱਕ ਜਾਂਦੇ ਹਨ, ਉਹਨਾਂ ਦੀਆਂ ਲੀਹਾਂ ਉਤੇ ਹੀ ਬਾਕੀ ਦੀ ਉਮਰ-ਗੱਡੀ ਤੁਰੀ ਰਹਿੰਦੀ ਹੈ। ਇਹੀ ਕਾਰਨ ਹੈ ਕਿ ਵਿਦਿਆ ਪ੍ਰਾਪਤੀ ਦੀ ਉਮਰ ਦੇ ਇਸ ਹਿੱਸੇ ਨੂੰ ਮਹੱਤਵ-ਪੂਰਨ ਗਿਣਿਆ ਅਤੇ ਅਧਿਆਪਕ ਨੂੰ ਕੌਮ ਦਾ ਉਸਰੱਯਾ ਮੰਨਿਆ ਗਿਆ ਹੈ। ਸਕੂਲਾਂ ਤੇ ਕਾਲਜਾਂ ਵਿਚ ਵਿਦਿਆ ਪ੍ਰਾਪਤ ਕਰ ਰਹੀਆਂ ਇਨ੍ਹਾਂ ਛੋਟੀਆਂ ਤੇ ਮਾਸੂਮ ਜਿੰਦੜੀਆਂ ਵਿਚੋਂ ਹੀ ਸਮੇਂ ਸਿਰ ਕੌਮ ਦੇ ਸਮਾਜਕ, ਰਾਜਨੀਤਕ ਤੇ ਧਾਰਮਿਕ ਆਗੂ ਅਤੇ ਮਹਾਨ ਵਿਗਿਆਨੀ

ਤੇ ਫਿਲਾਸਫਰ ਪੈਦਾ ਹੋਣੇ ਹਨ। ਜੇ ਕੌਮ ਦੀ ਇਸ ਉਠਦੀ ਪਨੀਰੀ ਨੂੰ ਸਾਂਭ ਲਿਆ ਜਾਵੇ ਤਾਂ ਸਮਝੋ ਕੌਮ ਦੇ ਭਵਿਸ਼ ਨੂੰ ਸਾਂਭ ਲਿਆ ਗਿਆ।

ਕੁਦਰਤੀ ਤੌਰ ਉਤੇ, ਜਦ ਸਿੱਖੀ ਪ੍ਰਚਾਰ ਦੀ ਸਮੱਸਿਆ ਸਾਹਮਣੇ ਆਉਂਦੀ ਹੈ ਤਾਂ ਕੌਮ ਦੇ ਇਸ ਮਹਾਨ ਵਿਰਸੇ ਤੇ ਭਾਗ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਧਰਮ ਪ੍ਰਚਾਰ ਦੀ ਕਿਸੇ ਵੀ ਲਹਿਰ ਦੀ ਸਫਲਤਾ ਲਈ ਇਸ ਨੂੰ ਜ਼ਾਮਨ ਸਮਝਿਆ ਜਾਣਾ ਜ਼ਰੂਰੀ ਹੈ। ਲੋੜ ਹੈ ਕਿ ਵਿਦਿ-ਆਰਥੀਆਂ ਨੂੰ ਕੇਂਦਰੀ ਤੇ ਸਥਾਨਕ ਜਥੇਬੰਦੀਆਂ ਰਾਹੀਂ ਸੰਗਠਤ ਕੀਤਾ ਜਾਵੇ। ਖਾਲਸਾ ਸਕੂਲਾਂ ਤੇ ਕਾਲਜਾਂ ਵਿਚ ਨਾ ਕੇਵਲ ਯੋਗ ਧਾਰਮਿਕ ਅਧਿਆਪਕ ਹੀ ਰੱਖੇ ਜਾਣ ਸਗੋਂ ਬਾਕੀ ਸਮੂਹ ਅਧਿਆਪਕ ਤੇ ਖਾਸ ਕਰਕੇ ਆਸ਼ਰਮ ਦਾ ਮੁਖ ਅਧਿਆਪਕ ਵੀ ਇਕ ਆਦਰਸ਼ਕ ਜੀਵਨ ਦਾ ਮਾਲਿਕ ਹੋਵੇ। ਧਾਰਮਿਕ ਟੀਚਰ ਨੂੰ ਆਸ਼ਰਮ ਉਤੇ ਇਕ ਵਾਧੂ ਮਾਇਕ ਬੋਝ ਨਾ ਸਮਝਿਆ ਜਾਵੇ। ਖਾਲਸਾ ਸਕੂਲਾਂ ਤੇ ਕਾਲਜਾਂ ਦੇ ਉਦੇਸ਼ ਦੀ ਪੂਰਤੀ ਲਈ ਵਧੀਆ ਗੱਲ ਤਾਂ ਇਹ ਹੈ ਕਿ ਮੁਖ-ਅਧਿਆਪਕ ਤੇ ਸੀਨੀਅਰ ਸਟਾਫ ਧਾਰਮਿਕ ਸਿਖਸ਼ਾ ਦਾ ਕੰਮ ਆਪਣੇ ਹੱਥ ਲਵੇ। ਜਿੱਥੇ ਕਿਤੇ ਇਹ ਸੰਭਵ ਨਾ ਹੋਵੇ ਉਥੇ ਅਜੇਹੇ ਵਿਦਵਾਨ ਤੇ ਜੀਵਨ ਵਾਲੇ ਸੱਜਣ ਨੂੰ ਇਹ ਮਹਾਨ ਪ੍ਰੰਤੂ ਬਿਖਮ ਡਿਊਟੀ ਸੌਂਪੀ ਜਾਵੇ, ਜੋ ਆਲਮ ਬਾ-ਅਮਲ ਤੇ ਸਹੀ ਅਰਥਾਂ ਵਿਚ ਸਭ ਦੇ ਦਿਲੀ ਸਤਿਕਾਰ ਦਾ ਹੱਕਦਾਰ ਹੋਵੇ।

ਇਹ ਤਲਖ ਹਕੀਕਤ ਕਿਸ ਪੰਥ-ਦਰਦੀ ਪਾਸੋਂ ਗੁੱਝੀ ਛਿਪੀ ਹੈ ਕਿ ਦਾਹੜੇ ਨੂੰ ਤੱਛ-ਮੁੱਛ ਕੇ ਰੱਖਣ ਤਥਾ ਪਤਿਤ ਪੁਣੇ ਦੀ ਬਿਮਾਰੀ ਕਾਲਜਾਂ ਤੇ ਪੜ੍ਹੇ ਲਿਖੇ ਨੌਜਵਾਨਾਂ ਵਿਚ ਅਤਿ ਤੇਜ਼ੀ ਨਾਲ ਵਧ ਰਹੀ ਹੈ। ਸਿੱਖ ਵਿਦਿਅਕ ਆਸ਼ਰਮਾਂ ਦੇ ਖੋਲ੍ਹਣ ਦਾ ਵਿਸ਼ੇਸ਼ ਉੱਦੇਸ਼ ਇਹ ਸੀ ਕਿ ਇਨ੍ਹਾਂ ਰਾਹੀਂ ਸਿੱਖੀ ਚਲਣ ਵਾਲੇ ਧਰਮੀ ਨੌਜਵਾਨ ਪੈਦਾ ਕੀਤੇ ਜਾਣ, ਜੋ ਗੁਰੂ ਨਾਨਕ ਦੇਵ ਦੇ ਜਗਤ ਅਥਵਾ ਸਰਬ-ਸਾਂਝੇ ਧਰਮ ਦਾ ਝੰਡਾ ਸਮਸਤ ਸੰਸਾਰ ਉੱਤੇ ਝੁਲਾ ਦੇਣ; ਪ੍ਰੰਤੂ, ਸਿੱਖੀ ਚਲਣ ਦੀ ਗਿਰਾਵਟ ਦਾ ਜੋ ਦੁਖਦਾਇਕ ਦ੍ਰਿਸ਼ ਇਨ੍ਹਾਂ ਆਸ਼ਰਮਾਂ ਵਿਚ ਦਿਸ ਆਉਂਦਾ ਹੈ, ਉਹ ਹਰ ਪੰਥ-ਹਿਤੂ ਨੂੰ ਚਿੰਤ-ਭਵਨ

ਵਿਚ ਪਾ ਦੇਂਦਾ ਹੈ। ਦੁਖ ਦੀ ਗੱਲ ਕੇਵਲ ਇਹੀ ਨਹੀਂ ਕਿ ਕੌਮ ਦੀਆਂ ਆਸਾਂ ਉਮੀਦਾਂ—ਇਹ ਗੱਭਰੂ—ਸਿੱਖੀ ਰਹਿਤ ਬਹਿਤ ਵਿਚ ਸਪੂੰਨ ਨਹੀਂ, ਸਗੋਂ ਚਿੰਤਾ-ਜਨਕ ਬਾਤ ਇਹ ਹੈ ਕਿ ਕੁਰਾਹੇ ਪਏ ਹੋਏ ਇਹ* "ਪਿਉ ਦਾਦੇ" ਦੇ ਵਿਰਸੇ ਤੋਂ ਅਣਜਾਣ ਨੌਜਵਾਨ ਸਿੱਖੀ ਰਹਿਤ ਬਹਿਤ ਦੀ ਹੇਠੀ ਕਰਨੋਂ ਵੀ ਸੰਕੋਚ ਜਾਂ ਲੱਜਾ ਨਹੀਂ ਕਰਦੇ। ਗੁਰਮਤ ਦੇ ਜਿਨ੍ਹਾਂ ਅਮਰ ਤੇ ਸਦੀਵੀ ਸਿਧਾਂਤਾਂ ਅੱਗੇ ਅਨਮਤੀ ਵਿਦਵਾਨਾਂ ਦੇ ਸਿਰ ਆਪ ਮੁਹਾਰੇ ਝੁਕ ਜਾਂਦੇ ਹਨ, ਉਨ੍ਹਾਂ ਉਤੇ ਇਨ੍ਹਾਂ ਨੂੰ ਮਾਨ ਤੇ ਨਾਜ਼ ਕਰਨੋਂ ਲੱਜਿਆ ਆਉਂਦੀ ਹੈ। ਅਜੇਹਾ ਹੀਣਤਾ-ਭਾਵ ਅਤਿ ਮਾਰੂ ਹੈ। ਕੌਮਾਂ ਸਦਾ ਆਪਣੇ ਵਿਰਸੇ ਸੰਬੰਧੀ ਅੰਦਰ ਧੁਰ ਵਜੇਂਦੀ, ਗੌਰਵਤਾ ਦੇ ਸਹਾਰੇ ਜੀਉਂਦੀਆਂ ਹਨ, ਅਤੇ ਹੋਰ ਕਿਸ ਨੂੰ ਪ੍ਰਾਪਤ ਹੈ ਸਭ ਤੋਂ ਵਧ ਅਮਰ-ਗੁਣਾ-ਭਰਪੂਰ ਇਹ ਵਿਰਸਾ ?

ਪੰਥ ਦੇ ਦਰਦ-ਮੰਦ ਦਿਲਾਂ ਦਾ ਧਿਆਨ ਪੰਥ ਦੇ ਇਸ ਵਿਸ਼ੇਸ਼ ਅੰਗ ਵਲ ਖਿਚਣ ਲਈ ਹੇਠਾਂ ਕੁਝ ਕੁ ਸੁਝਾਅ ਦੇਣ ਦਾ ਨਿਮਾਣਾ ਜਿਹਾ ਜਤਨ ਕੀਤਾ ਜਾਂਦਾ ਹੈ :—

(੧) ਹਰੇਕ ਸਿੱਖ-ਵਿਦਿਅਕ ਆਸ਼ਰਮ ਦੀ ਪ੍ਰਬੰਧਕ ਕਮੇਟੀ ਕਿਸੇ ਪੂਰਨ ਗੁਰਸਿੱਖ ਨੂੰ ਹੀ ਵਿਦਿਅਕ ਆਸ਼ਰਮ ਦਾ ਮੁਖ-ਅਧਿਆਪਕ ਨਿਯਤ ਕਰੇ। ਉਪ੍ਰੰਤ ਉਸਦੀ ਅਗਵਾਈ ਲਈ ਆਪਣੀ ਪਾਲਿਸੀ ਉਲੀਕ ਦੇਵੇ। ਆਸ਼ਰਮ ਦਾ ਬਾਕੀ ਸਟਾਫ ਵੀ ਸਿੱਖ-ਰੁੱਚੀਆਂ ਵਾਲਾ ਹੋਵੇ । ਮੁਖ-ਅਧਿਆਪਕ ਦੇ ਸੱਚੇ ਸੁੱਚੇ ਜੀਵਨ ਦਾ ਪ੍ਰਭਾਵ ਅਤੇ ਉਸ ਨੂੰ ਪ੍ਰਾਪਤ ਅਧਿਕਾਰ ਅਵੱਸ਼ ਸਮੂਹ ਸਟਾਫ ਦੇ ਅੰਦਰ ਨਿਰਮਲ ਭਉ ਅਤੇ, ਉਚੇਰੀਆਂ, ਤੇ ਦੈਵੀ-ਰੁਚੀਆਂ ਪੈਦਾ ਕਰਨਗੇ । ਇਸ ਨਾਲ 'ਜਥਾ ਰਾਜਾ, ਤਥਾ ਪਰਜਾ" ਵਾਲੀ ਹਕੀਕਤ ਵਾਪਰੇਗੀ ਅਤੇ ਇਸ ਦੇ ਫਲ-ਸਰੂਪ ਸਾਰੇ ਵਿਦਿਆਰਥੀ, ਅਧਿਆਪਕਾਂ ਪਾਸੋਂ, ਆਮ ਵਿਦਿਆ ਪ੍ਰਾਪਤੀ ਦੇ ਨਾਲ

---

*ਹਿਟਲਰ ਨੇ ਕਿਹਾ ਸੀ ਕਿ ਉਹ ਕੌਮ ਜਿਸ ਨੂੰ ਆਪਣੇ ਵਿਰਸੇ ਦੀ ਗੌਰਵਤਾ ਉਤੇ ਮਾਨ ਨਹੀਂ, ਸੰਸਾਰ ਵਿਚ ਜੀਉਣ ਦਾ ਹੱਕ ਨਹੀਂ ਰੱਖਦੀ।

ਨਾਲ ਸੱਚੇ ਆਚਾਰ ਦੀ ਜੀਵਨ-ਕਣੀ ਵੀ ਪ੍ਰਾਪਤ ਕਰਨਗੇ। ਇਹ 'ਏਕ ਤੋਂ ਅਨੇਕ' ਵਾਲਾ ਸਿਧਾਂਤ ਆਮ ਸਿਖਸ਼ਾ ਪ੍ਰਨਾਲੀ ਦੇ ਨਾਲ ਇਸ ਖੇਤਰ ਵਿਚ ਵੀ ਅਮਲਾਉਣਾ ਕੋਈ ਘਟ ਲਾਭਦਾਇਕ ਨਹੀਂ।

(੨) ਗੁਰਪੁਰਬ ਅਤੇ ਹੋਰ ਧਾਰਮਿਕ ਤੇ ਸਿੱਖ 'ਇਤਿਹਾਸ ਨਾਲ ਸੰਬੰਧਤ ਦਿਹਾੜੇ, ਦਿਨ ਦੇ ਦਿਨ, ਜਾਂ ਇਕ ਦਿਨ ਪਹਿਲਾਂ ਆਸ਼ਰਮ ਵਿਚ ਅਵੱਸ਼ ਮਨਾਏ ਜਾਣ। ਇਸ ਸਮੇਂ ਅਧਿਆਪਕ ਤੇ ਵਿਦਿਆਰਥੀ ਵਾਕਫੀ-ਭਰਪੂਰ ਵਿਖਿਆਨ ਦੇਣ।

(੩) ਸਮੇਂ ਸਮੇਂ ਗੁਰਮਤਿ ਫਿਲਾਸਫੀ ਦੇ ਕਿਸੇ ਅੰਗ ਉਤੇ ਗੋਸ਼ਟੀਆਂ ਰੱਖੀਆਂ ਜਾਣ, ਜਿਹਨਾਂ ਵਿਚ ਗਵਾਂਢੀ ਆਸ਼ਰਮਾਂ ਦੇ ਵਿਦਿਆਰਥੀ, ਅਧਿਆਪਕ ਤੇ ਹੋਰ ਸਿਖ ਨੌਜਵਾਨ ਵੀ ਭਾਗ ਲੈਣ। ਇਸ ਸ਼ਮੇਂ ਸ਼ੰਕਾ-ਸਮਾਧਾਨ ਵੀ ਕੀਤਾ ਜਾਵੇ।

(੪) ਧਾਰਮਿਕ ਪ੍ਰੀਖਿਆ ਵਿਚ ਵਿਸ਼ੇਸ਼ ਸਫਲਤਾ ਪ੍ਰਾਪਤ ਕਰਨ ਤੇ ਵਿਸ਼ੇਸ਼ ਧਾਰਮਿਕ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਦੀ ਮਾਲੀ ਸਹਾਇਤਾ ਕੀਤੀ ਜਾਵੇ ਅਥਵਾ ਉਹਨਾਂ ਨੂੰ ਹੋਰ ਕਿਸੇ ਸੁਚੱਜੇ ਢੰਗ ਨਾਲ ਉਤਸ਼ਾਹਤ ਕੀਤਾ ਜਾਵੇ।

(੫) ਵਿਦਿਅਕ ਆਸ਼ਰਮਾਂ ਨੂੰ ਮਾਇਕ ਸਹਾਇਤਾ ਦੇਣ ਵਾਲੀਆਂ ਸਿਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਵਿਦਿਅਕ ਆਸ਼ਰਮਾਂ ਦੀ ਹੀ ਸਹਾਇਤਾ ਕਰਨ ਜੋ ਨਿਯਤ ਧਾਰਮਿਕ ਸਕੀਮ ਲਾਗੂ ਕਰਨ ਜਾਂ ਜਿਹਨਾਂ ਦਾ ਵਾਤਾਵਰਨ ਗੁਰਸਿਖੀ ਆਸ਼ੇ ਅਨੁਕੂਲ ਹੋਵੇ।

(੬) ਹਰੇਕ ਵਿਦਿਅਕ ਆਸ਼ਰਮ ਵਿਖੇ ਸਾਲ ਵਿਚ ਘੱਟੋ ਘੱਟ ਇਕ ਵੇਰ ਅੰਮ੍ਰਿਤ ਪ੍ਰਚਾਰ ਹੋਵੇ। ਇਸ ਸਮੇਂ ਹੋਰ ਅੰਮ੍ਰਿਤ ਅਭਿਲਾਖੀਆਂ ਤੋਂ ਛੁਟ ਆਸ਼ਰਮ ਦੀ ਆਖਰੀ ਕਲਾਸ ਦੇ ਵਿਦਿਆਰਥੀ ਅਵੱਸ਼ ਅੰਮ੍ਰਿਤ-ਪਾਨ ਕਰਨ।

(੭) ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਕਿਸੇ ਸਮੇਂ ਸਿਖ ਵਿਦਿਆਰਥੀਆਂ ਵਿਚ ਧਾਰਮਿਕ ਜਾਗਰਤੀ ਪੈਦਾ ਕਰਨ ਹਿਤ ਸ਼ਲਾਘਾਯੋਗ ਕੰਮ ਕੀਤਾ ਸੀ,

ਪ੍ਰੰਤੂ ਬਾਅਦ ਵਿਚ ਉਹ ਵੀ ਰਾਜਨੀਤੀ ਦੀ ਦਲ-ਦਲ ਵਿਚ ਉਲਝ ਗਈ। ਲੇਖਕ ਦੀ ਸਪਸ਼ਟ ਰਾਇ ਹੈ ਕਿ ਫੈਡਰੇਸ਼ਨ ਨੂੰ ਆਮ ਕਰ ਕੇ ਧਾਰਮਿਕ ਤੇ ਸਮਾਜਿਕ ਖੇਤਰ ਤਕ ਹੀ ਸੀਮਿਤ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਉਹ ਸਮੂਹ ਪੰਥਕ ਜਥੇਬੰਦੀਆਂ ਦਾ ਸਹਿਯੋਗ ਲੈ ਸਕੇਗੀ। ਉਹ, ਵਿਸ਼ੇਸ਼ ਕਰ ਕੇ ਸਿਖ ਵਿਦਿਆਰਥੀਆਂ ਵਿਚ ਸਿਖੀ ਸੰਚਾਰਨ ਦੀ ਸੇਵਾ ਕਰੇ, ਫੇਰ ਪੰਥਕ ਉਹ ਆਪੇ ਹੀ ਬਣ ਜਾਣਗੇ। ਇਹ ਕਿਵੇਂ ਹੋ ਸਕਦਾ ਹੈ ਕਿ ਸਿਖ ਦੇ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਪਿਰਿਟ ਅੰਗੜਾਈਆਂ ਲੈ ਰਹੀ ਹੋਵੇ ਅਤੇ ਉਹ ਖਾਮੋਸ਼ ਤੇ ਬੇਹਰਕਤਾ ਰਹੇ, ਵੇਖ ਕੇ, ਹੁੰਦਾ ਕਿਸੇ ਨਾਲ ਧੱਕਾ ਤੇ ਅਨਿਆਇ ? ਆਪਣੇ ਉਤੇ ਸਹਿਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਮੇਰੇ ਫੈਡਰੇਸ਼ਨ ਵਾਲੇ ਸੁਹਿਰਦ ਵੀਰ ਪ੍ਰਚਾਰ ਦੇ ਅਤਿ ਮਹਾਨ, ਪਰੰਤੂ, ਬਿਖਮ ਕੰਮ ਨੂੰ ਅਵੱਸ਼ ਆਪਣੇ ਹੱਥ ਵਿਚ ਲੈਣ ਉਤੇ ਠੰਢੇ ਦਿਲ ਨਾਲ ਵਿਚਾਰ ਕਰਨਗੇ।

(੮) ਆਸ਼ਰਮ ਦੀ ਲਾਇਬਰੇਰੀ ਵਿਚ ਜਗਤ ਪ੍ਰਸਿੱਧ ਤੇ ਸਰੇਸ਼ਟ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਬਾਰੇ ਲਿਖੀਆਂ ਪੁਸਤਕਾਂ ਦਾ ਖਾਸਾ ਹਿੱਸਾ ਹੋਵੇ। ਹਰੇਕ ਵਿਦਿਆਰਥੀ ਲਈ ਮਹੀਨੇ ਵਿਚ ਘਟ ਤੋਂ ਘਟ ਇਕ ਅਜਿਹੀ ਪੁਸਤਕ ਵਾਚਣੀ ਜ਼ਰੂਰੀ ਹੋਵੇ।

(੯) ਗੁਰਮਤਿ ਸਬੰਧੀ ਵਾਕਫੀ-ਭਰਪੂਰ ਪੈਮਫਲਿਟ ਅਤੇ ਗੁਰਬਾਣੀ ਵਿਚ ਆਈਆਂ ਅਮਰ ਤੇ ਅਮੋਲਕ ਸਚਾਈਆਂ ਨੂੰ ਛੋਟੇ ਟਰੈਕਟਾਂ ਦੇ ਰੂਪ ਵਿਚ ਛਾਪ ਕੇ ਫਰੀ ਜਾਂ ਲਾਗਤ-ਮਾਤਰ ਭੇਟਾ ਉਤੇ ਵਿਦਿਆਰਥੀਆਂ ਨੂੰ ਦੇਣ ਦਾ ਪ੍ਰਬੰਧ ਹੋਵੇ।

(੧੦) ਆਸ਼ਰਮ ਦੇ ਕਮਰਿਆਂ ਦੀਆਂ ਕੰਧਾਂ ਤੇ ਹੋਰ ਯੋਗ ਥਾਵਾਂ ਉਤੇ ਗੁਰਬਾਣੀ ਦੀਆਂ ਪਾਵਨ ਤੁਕਾਂ ਤੇ ਉਹਨਾਂ ਦੇ ਉਲਥੇ, ਮਾਟੋਜ਼ ਦੀ ਸ਼ਕਲ ਵਿਚ, ਮੋਟੇ ਅੱਖਰਾਂ ਵਿਚ ਲਿਖੇ ਅਥਵਾ ਲਾਏ ਜਾਣ। ਧਾਰਮਿਕ ਦੇ

ਪੀਰੜਾਂ ਵਿਚ ਇਨ੍ਹਾਂ ਦੇਵੀ ਤੇ ਅਮਰ ਸਿਧਾਂਤਾ ਦੀ ਖੁਲ੍ਹ ਕੇ ਵਿਆਖਿਆ ਕੀਤੀ ਤੇ ਫਜ਼ੀਲਤ, ਵਿਦਿਆਰਥੀਆਂ ਦੇ ਕੋਮਲ ਤੇ ਕੋਰੇ ਹਿਰਦਿਆ ਉਤੇ ਬੈਠਾਈ ਜਾਵੇ।

ਆਖ਼ਰੀ ਗੱਲ, ਉੱਤਮ ਵੀਚਾਰਾਂ ਦੀ ਸੰਗਤਿ ਹੀ ਵਿਦਿਆਰਥੀਆਂ ਨੂੰ ਸਾਦੇ, ਸਾਊ, ਸਿਦਕੀ ਤੇ ਗੁਣ-ਸ਼ੀਲ ਬਣਾਏਗੀ, ਅਤੇ ਇਹੀ ਹੈ ਇਕ ਆਦਰਸ਼ਕ ਸਿੱਖ ਅਥਵਾ ਇਨਸਾਨ ਦੀ ਲੋਚਾ ਤੇ ਉਸ ਦਾ ਉਦੇਸ਼। ਇਉਂ ਵੀਚਾਰਿਆਂ, ਸਿੱਖੀ ਪ੍ਰਚਾਰ ਦੇ ਖੇਤਰ ਵਿਚ ਸਿੱਖ ਅਧਿਆਪਕਾਂ, ਵਿਦਿਆਰਥੀਆਂ ਤੇ ਸਿੱਖ ਆਸ਼ਰਮਾਂ ਦੇ ਅਹਿਮ ਰੋਲ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

(੬)

ਸਿੱਖੀ ਪ੍ਰਚਾਰ ਬਾਰੇ ਇਤਨਾ ਕੁ ਵਾਚ ਵੀਚਾਰ ਲੈਣ ਉਪ੍ਰੰਤ ਵੀ ਪ੍ਰੈਸ ਤੇ ਸਕਰੀਨ ਦਾ ਅਹਿਮ ਰੋਲ ਵਿਚਾਰਨਾ ਅਜੇ ਬਾਕੀ ਹੈ। ਸੁੰਦਰ, ਸਸਤਾ, ਤੇ ਸ਼ੁੱਧ ਗੁਰਮਤਿ ਲਿਟਰੇਚਰ ਛਾਪਣ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਵਿਦੇਸ਼ਾਂ ਵਿਚ ਜੋ ਉਂਗਲੀਆਂ ਉਤੇ ਗਿਣੇ ਜਾਣ ਯੋਗ ਅਨ-ਮਤੀ ਸੱਜਨ ਸਿੱਖੀ ਮਾਰਗ ਦੇ ਪ੍ਰਸ਼ੰਸਕ ਤੇ ਧਾਰਨੀ ਹੋਏ ਹਨ ਤਾਂ ਇਹ ਵਧੇਰੇ ਕਰਕੇ ਨਿਰੰਕਾਰੀ ਨਾਨਕ ਦੇ ਨਿਰਾਲੇ ਪੰਥ ਦੇ ਮਨੁੱਖ ਮਾਤ੍ਰ ਲਈ ਮਿਥੇ ਅਮਰ ਸਿਧਾਂਤਾਂ ਦੇ ਵਾਚਨ, ਵੀਚਾਰਨ ਦਾ ਸਿੱਟਾ ਹੈ। ਇਹ ਸਿਧਾਂਤ ਨਾ ਕੇਵਲ ਸਰਬ-ਦੇਸ਼ੀ ਤੇ ਸਰਬ-ਕਾਲੀ ਹੀ ਹਨ ਸਗੋਂ ਅੱਜ ਕੱਲ੍ਹ ਦੇ ਵਿਗਿਆਨਕ ਤੇ ਸਪੇਸ-ਜੁਗ ਦੇ ਵੀ ਐਨ ਅਨੁਕੂਲ। ਇਨ੍ਹਾਂ ਵਿਅਕਤੀਆਂ ਵਿਚ ਐਚ. ਐਲ. ਬ੍ਰਾਡਸ਼ਾ (ਅਮਰੀਕਾ), ਮਿਸਜ਼ ਪੀ. ਐਮ. ਵਾਇਲਮ (ਸ੍ਰੀ ਮਤੀ ਮਨਜੀਤ ਕੌਰ) (ਇੰਗਲੈਂਡ), ਡਾਕਟਰ ਬੀਟਨ ਕੋਰਟ (ਚਿੱਲੀ) ਦੇ ਨਾਮ ਖ਼ਾਸ ਤੌਰ ਉਤੇ ਵਰਨਣ ਯੋਗ ਹਨ। ਅਨਸੁਖਾਵੇਂ ਵਾਤਾਵਰਣ ਵਿਚ ਡਾਕਟਰ ਬੀਟਨ ਕੋਰਟ ਦੀ ਸਿੱਖੀ ਸਿਦਕ ਤੇ ਸ਼ਰਧਾ-ਭਰਪੂਰ ਉਹ

ਲਿਖਾ ਪੜ੍ਹੀ ਵਾਚਣ ਦੀ, ਲੋੜ ਹੈ, ਜੋ ਉਨ੍ਹਾਂ ਅਤੇ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਹੋਈ ਅਤੇ ਗੁ: ਗਜ਼ਟ ਵਿਚ ਛਪੀ।

ਅੰਗਰੇਜ਼ ਬੀਬੀ ਸ੍ਰੀ ਮਤੀ ਮਨਜੀਤ ਕੌਰ (ਇੰਗਲੈਂਡ) ਦੇ ਲਿਖੇ ਤੇ **Sikh Review**, ਕਲਕੱਤਾ ਵਿਚ ਛਪੇ ਲੇਖ ਉਸ ਦੇ ਸਿਦਕ, ਲਗਨ ਤੇ ਵਿਦਵਤਾ ਦੀ ਮੂੰਹ ਬੋਲਦੀ ਤਸਵੀਰ ਹਨ।

ਵੇਖੋ, ਇਕ ਆਸਟ੍ਰੇਰੀਅਨ-ਮਿਸਟਰ ਗਰਹਾਰਡ ਬੁਚਿੰਗਰ ਵਲੋਂ ਸਕੱਤਰ, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਨੂੰ ਪੁੱਜੀ ਪੱਤ੍ਰਕਾ ਮਿਤੀ ਦੋ ਅਕਤੂਬਰ ੧੯੬੭ ਦੇ ਇਹ ਸ਼ਬਦ ਸਾਡੇ ਵਿਚ ਮਾਨ ਤੇ ਗੌਰਵਤਾ ਅਤੇ ਪ੍ਰਚਾਰ ਲਈ ਅੰਤਾਂ ਦਾ ਉਤਸ਼ਾਹ ਭਰਨ ਲਈ ਕਿਤਨੇ ਪ੍ਰੇਰਕ ਹਨ :-

Last year I travelled from the North to the South and back. I was impressed by many things but the greatest event was a meeting with Sikh people. I am a translator of foreign languages, 78 years of age and I have travelled many countries in the search for humanity and religtious truth. We, in the West, are rich in material goods, but poor in human goods.

I studied some religions profoundly. There was a lot of teaching, but what was the result of these religions ? Did they actually improve our world ? Reallay not. Sikhism seems to be the only exception......................I never found more ethical teaching than in this religion and really Sikhism has contributed to the moral growth of mankind.

One year has passed since my journey to India. During this year I thought over my impressions of India, again and agɑin. Why it should not be possible to introduce Sikhism to Europe ? People in the West are more and more interested in Eastern religions and surely they will get spiritual profit from Sikhism. I wish I could do anything for the sake of Sikhism. If possible I would like to get a religious training in this religion and to preach to my country men. Please let me know, if there is any possibility to do something in this sense."

ਐਚ. ਐਲ. ਬ੍ਰਾਡਸ਼ਾ ਦੇ ਇਕ ਪੱਤਰ ਦੇ ਸ਼ਬਦ ਇਸ ਤੋਂ ਵੀ ਵਧੇਰੇ ਸਿਦਕ ਤੇ ਪ੍ਰਬੀਨਤਾ ਦੇ ਲਖਾਇਕ ਹਨ। ਆਪ ਲਿਖਦੇ ਹਨ :

"Sikhism is a universal world faith with a message for all men. This is amply illustrated in the writings of the Gurus. Sikhs must cease to think of their Faith as just an other good religion, and must begin to think in terms of Sikhism being the religion for this new age. We must instil missionary spirit in our people. The religion preached by Nanak is the Faith of the new age..................The other religions conatin Truth, but Sikhism contains the fullness of Truth. The older faiths were good in their day, but that day is now past and we are living

in the dispensation of Guru Nanak....... The Sikh Faith is the universal religion for the present Space Age. '

The Guru Granth Sahib, of all world's religious scriptures, alone states that there are innumerable worlds and universes other than our own. The previous scriptures were all concerned only with this world and its spiritual counterpart. To imply that they spoke of other worlds, as does the Guru Granth Sahib, is to stretch their obvious meaning out of context........"

ਉਪ੍ਰੋਕਤ ਹਵਾਲਿਆਂ ਤੋਂ ਭਲੀ ਭਾਂਤ ਸਿੱਧ ਹੋ ਜਾਂਦਾ ਹੈ ਕਿ ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਨੂੰ ਸੰਸਾਰ ਦੀਆਂ ਵੱਖ ਵੱਖ ਬੋਲੀਆਂ ਵਿਚ ਛਾਪਣਾ ਤੇ ਵੰਡਣਾ ਕਿਤਨਾ ਜ਼ਰੂਰੀ ਤੇ ਲਾਭਦਾਇਕ ਹੈ। ਇਸ ਸੰਬੰਧੀ ਗੀਤਾ ਪ੍ਰੈਸ (ਗੋਰਖਪੁਰ) ਵਾਲਿਆਂ ਦਾ ਉੱਦਮ ਰੀਸ ਕਰਨ ਜੋਗ ਹੈ।

ਅਜੋਕੇ ਜੁਗ ਵਿਚ ਸਕਰੀਨ ਦੀ ਅਵਸ਼ੱਕਤਾ ਤੇ ਮਹੱਤਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਹੈ। "ਗੁਰਦੁਆਰਾ ਦਰਸ਼ਨ" ਤੇ "ਸੱਚਖੰਡ ਵਸੈ ਨਿਰੰਕਾਰ" ਆਦਿ ਡਾਕਿਊਮੈਂਟਰੀ ਫਿਲਮਾਂ ਦਾ ਬਣਨਾ ਤੇ ਸਰਬ-ਪ੍ਰਿਯ ਹੋਣਾ ਹੀ ਇਸ ਨੁਕਤੇ ਦੀ ਪ੍ਰੋੜਤਾ ਹੈ।

ਸਿੱਖੀ ਪ੍ਰਚਾਰ ਦੇ ਸੰਬੰਧ ਵਿਚ ਸਿੱਖ ਸੰਗਤਾਂ ਦੀ ਸੇਵਾ ਵਿਚ ਸੰਖੇਪ ਤੌਰ ਉਤੇ ਰੱਖੇ ਗਏ ਇਹ ਵੀਚਾਰ, ਇਸ ਬਾਰੇ, ਸਭ ਕੁਝ ਨਹੀਂ। ਇਹ ਤਾਂ

ਪੰਥ ਦਾ ਧਿਆਨ ਇਸ ਅਤਿ ਅਹਿਮ ਮਸਲੇ ਵੱਲ ਖਿੱਚਣ ਲਈ ਇਕ ਨਿਮਾਣਾ ਜਿਹਾ ਜਤਨ ਹੈ, ਇਕ ਤਰਲਾ ਹੈ। ਜੇ ਕਿਸੇ ਇਕ ਸੰਸਥਾ ਦੇ ਦਿਲ ਵਿਚ ਵੀ ਕੋਈ ਗੱਲ ਪੁੜ ਜਾਵੇ, ਜਾਂ ਕਿਸੇ ਪੰਥ-ਦਰਦੀ ਦਾ ਦਿਲ ਦਰੱਵ ਉੱਠੇ ਤੇ ਉਹ ਇਸ ਮਹਾਨ ਗੁਰ ਸੇਵਾ ਵਿਚ ਜੁੱਟ ਪਏ, ਤਾਂ ਮੈਂ ਆਪਣਾ ਇਸ ਲੇਖ ਦੁਆਰਾ ਕੀਤਾ ਇਹ ਨਿਮਾਣਾ ਜਿਹਾ ਯਤਨ ਸਫਲ ਸਮਝਾਂਗਾ।

ਮੇਰਾ ਕਿਰਦਾਰ–ਮੇਰੀ ਪੁਕਾਰ

ਕੁਲ ਕਾ ਗਰੂਰ ਹੈ ਜਿਸੇ, ਜਾਤੀ ਕਾ ਮਾਨ ਹੈ,
ਇਨਸਾਨੀਅਤ ਕੇ ਜੌਹਰ ਕਾ ਉਸ ਮੇਂ ਨਿਸ਼ਾਂ ਨਹੀਂ।
ਰਹਮਤ ਪੈ ਤੇਰੀ ਤਕੀਆ[1] ਹੈ, ਕਿਰਦਾਰ[2] ਪੈ ਨਹੀਂ,
ਕਿਰਦਾਰ ਮੇਰਾ ਕਾਬਿਲ ਜ਼ਿਕਰੋ ਬਿਆਂ ਨਹੀਂ।
ਕਰਤਾ ਹੂ ਸ਼ਬੋ[3] ਰੋਜ਼ ਮੈ ਤੋਬਾ, ਦਰੀ[4] ਚਿ: ਸ਼ੱਕ ?
ਲੇਕਨ ਮੈ ਹੂ ਵੁਹ ਤੋਬਾ[5]–ਸ਼ਿਕਨ, ਜਿਸ ਕੀ ਜ਼ੁਬਾਂ ਨਹੀਂ।
ਜਾਨਤਾ ਹੂ ਖ਼ੂਬ, ਇਕ ਦਿਨ ਹੋਗਾ ਪਰਦਾ[6] ਫ਼ਾਸ਼,
ਫਿਰ ਭੀ ਨਸੀਹਤਿ ਨੇਕ ਪਰ, ਮੁਤਲਕ ਈਮਾਂ ਨਹੀਂ।
ਖਿਜ਼ਰ[7] ਕੇ ਲਿਬਾਸ ਮੇਂ, ਫਿਰਤੇ ਹੈ ਰਾਹਜ਼ਨ,[8]
ਤਕੱਬਰ[9] ਮੇਂ ਨੇਕੋ ਬਦ ਕੀ, ਮੁਝ ਕੋ ਪਹਿਚਾਂ ਨਹੀਂ।
ਫ਼ਾਨੀ[10] ਜਹਾਂ ਸੇ ਜਾ ਰਹੇ ਹੈ ਲੋਗ ਸੁਬਹੁ ਸ਼ਾਮ,
ਲੇਕਨ ਯਹਾਂ ਸੇ ਕੂਚ ਕਾ ਮੁਝ ਕੋ ਗੁਮਾਂ ਨਹੀਂ।
ਦਿਲ ਦਰਦ ਸੇ ਖ਼ਾਲੀ, ਹੈ ਨਿਗਾਹ ਪਰਵਾਜ਼ ਸੇ ਮਹਰੂਮ,
ਫਿਰ ਇਸ ਮੇਂ ਕਿਆ ਅਜਬ ਕਿ ਮੈ ਬੇਕਾਕ ਸਾ ਨਹੀਂ[11]।

---

[1]ਆਸਰਾ, [2]ਚਲਨ, [3]ਦਿਨ ਰਾਤ, [4]ਇਸ ਵਿਚ ਕੋਈ ਸ਼ੱਕ ਨਹੀਂ, [5]ਤੋਬਾ ਕਰਕੇ ਤੋੜਨ ਵਾਲਾ, [6]ਭੇਤ ਖੁਲ੍ਹ ਜਾਵੇਗਾ, [7]ਭੁਲੇ ਭਟਕਿਆਂ ਨੂੰ ਰਾਹ ਵਿਖਾਉਣ ਵਾਲਾ ਪੈਗੰਬਰ, [8]ਡਾਕੂ ਲੁਟੇਰੇ, [9]ਹੰਕਾਰ, [10]ਨਾਸ਼ਵੰਤ, [11]ਅਨ੍ਹੇਰਾ (ਅਗਿਆਨਤਾ ਦਾ)।

ਜ਼ੁਲਮਤ[12] ਹੈ ਚਾਰ ਸੂਵ, ਠੋਕਰ ਕਦਮ ਕਦਮ,
ਮੈਂ ਕਿਆ ਕਰੂੰ ਕਿ ਰਹਨੁਮਾ ਕੋਈ ''ਆਪ'' ਸਾ ਨਹੀਂ ।
ਕਈ ਜਨਮ ਖੋ ਗਏ ਹੈਂ, ਤੁਝ ਸੇ ਜੁਦਾ ਹੂਏ,
ਵਾਏ[13] ! ਦੁਆਏ[14] ਵਸਲ ਮੇਂ, ਇਕ ਦਰਦ ਸਾ ਨਹੀਂ ।
ਨ ਅਹਿਲ ਹੂੰ, ਗੁਨਾਹਗਾਰ ਹੂੰ ਮੈਂ, ਮਗਰ ਤੇਰਾ ਨਕਸ਼ ਹੂੰ,
ਹਮ ਜਿਨਸ ਕੇ ਨਾਤੇ ਕਿਆ, ਮੁਝੇ ਹੱਕਿ ਜ਼ਿਆ[15] ਨਹੀਂ ।

(ਹਰਿਭਜਨ ਸਿੰਘ)

(ਸਮਾਪਤ)

---

[12]ਅੱਲਾਮਾ ਇਕਬਾਲ ਦੇ ਇਸ ਇਸ ਸ਼ੇਅਰ ਦੇ ਆਧਾਰ ਉੱਤੇ–
ਦਿਲ ਸੋਜ਼ ਸੇ ਖਾਲੀ ਹੈ ਨਿਗਾਹ ਪਾਕ ਨਹੀਂ ਹੈ,
ਫਿਰ ਇਸ ਪੇ ਕਿਆ ਅਜਬ ਕਿ ਤੂ ਬੇਬਾਕ ਨਹੀਂ ਹੈ ।
[13]ਅਫਸੋਸ, [14]ਮਿਲਾਪ ਦੀ ਅਰਦਾਸ, [15]ਪ੍ਰਕਾਸ਼ ਅਥਵਾ ਰੱਬੀ ਜੋਤ ਹੋਣ ਦਾ ਹੱਕ ।



ਲੇਖਕ